ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

5-11 ਅਗਸਤ 2026

ਸਾਲ 17ਵਾਂ - ਅੰਕ 32
email : info@sadelok.com
510-706-1300

## ਕਾਨਪੁਰ: ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਵਿਰੁੱਧ ਇਤਰਾਜ਼ਯੋਗ ਟਿੱਪਣੀ 'ਤੇ ਭੜਕਿਆ ਸਿੱਖ ਭਾਈਚਾਰਾ; ਫਜ਼ਲਗੰਜ ਥਾਣੇ ਬਾਹਰ ਦੇਰ ਰਾਤ ਕੀਤਾ ਜ਼ੋਰਦਾਰ ਪ੍ਰਦਰਸ਼ਨ, ਮੁਲਜ਼ਮ ਗ੍ਰਿਫ਼ਤਾਰ




(ਦੇਖੋ ਸਫ਼ਾ 28 'ਤੇ)

## ਡਾ. ਮਨਮੋਹਨ ਸਿੰਘ ਨੂੰ ਸੁਪਰੀਮ ਕੋਰਟ ਵੱਲੋਂ ਕੋਲਾ ਘੁਟਾਲੇ 'ਚ ਬਰੀ : ਕੇਸ ਮੈਰਿਟ 'ਤੇ ਰੱਦ

### ਸਾਫ਼ ਹੋਈ ਸਾਖ਼, ਸਿਆਸੀ ਬਲੀ ਦਾ ਸ਼ਿਕਾਰ ਬਣੇ ਸਨ ਸਾਬਕਾ ਪ੍ਰਧਾਨ ਮੰਤਰੀ



ਨਵੀਂ ਦਿੱਲੀ: ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ, ਬੁੱਧੀਜੀਵੀ ਅਤੇ ਵਿਸ਼ਵ ਪ੍ਰਸਿੱਧ ਅਰਥਸ਼ਾਸਤਰੀ ਸਵਰਗੀ ਡਾ. ਮਨਮੋਹਨ ਸਿੰਘ 'ਤੇ ਲੱਗੇ ਕੋਲਾ ਬਲਾਕ ਵੰਡ ਘੁਟਾਲੇ (Coal Block Allocation Scam / Coalgate) ਦੇ ਗੰਭੀਰ ਦੋਸ਼ਾਂ 'ਚ ਸੁਪਰੀਮ ਕੋਰਟ ਨੇ ਇਤਿਹਾਸਕ ਫੈਸਲਾ ਸੁਣਾਉਂਦਿਆਂ ਉਨ੍ਹਾਂ ਨੂੰ ਪੂਰੀ ਤਰ੍ਹਾਂ ਕਲੀਨ ਚਿੱਟ ਦੇ ਦਿੱਤੀ ਹੈ। ਅਦਾਲਤ ਨੇ ਸਾਬਕਾ ਪ੍ਰਧਾਨ ਮੰਤਰੀ ਅਤੇ ਹੋਰਨਾਂ ਵਿਰੁੱਧ ਸਾਲ 2015 ਵਿੱਚ ਜਾਰੀ ਕੀਤੇ ਗਏ ਸੰਮਨਾਂ ਨੂੰ ਰੱਦ ਕਰਦਿਆਂ ਕੇਂਦਰੀ ਜਾਂਚ ਬਿਊਰੋ (CBI) ਦੀ

**ਅੰਨਾ ਹਜ਼ਾਰੇ ਅੰਦੋਲਨ ਵਿਚ ਅਤੇ 2014 ਦੀਆਂ ਚੋਣਾਂ ਦੌਰਾਨ ਇਕ ਸੱਚੇ ਇਮਾਨਦਾਰ ਸਿੱਖ ਪ੍ਰਧਾਨ ਮੰਤਰੀ ਖਿਲਾਫ਼ ਰੱਜ ਕੇ ਕੁਫ਼ਰ ਤੋਲਿਆ ਗਿਆ**

(ਬਾਕੀ ਸਫ਼ਾ 27 'ਤੇ)

## ਅਮਰੀਕਾ ਵਿੱਚ ਟਰੱਕਿੰਗ ਇੰਡਸਟਰੀ 'ਤੇ ਵੱਡਾ ਫੈਡਰਲ ਐਕਸ਼ਨ

### 28,000 CDL ਰੱਦ, 9,500 ਡਰਾਈਵਿੰਗ ਸਕੂਲਾਂ 'ਤੇ ਡਿੱਗੀ ਗਾਜ਼ ਅਤੇ 26 ਰਾਜਾਂ ਨੂੰ ਨੋਟਿਸ

ਵਾਸ਼ਿੰਗਟਨ ਡੀ.ਸੀ./ਸੈਕਰਾਮੈਂਟੋ : ਅਮਰੀਕੀ ਟਰਾਂਸਪੋਰਟੇਸ਼ਨ ਵਿਭਾਗ (USDOT) ਅਤੇ Federal Motor Carrier Safety Administration (FMCSA) ਨੇ ਦੇਸ਼ ਭਰ ਵਿੱਚ ਕਮਰਸ਼ੀਅਲ ਡਰਾਈਵਿੰਗ ਲਾਇਸੈਂਸਾਂ (CDL) ਦੀ ਪ੍ਰਕਿਰਿਆ ਅਤੇ ਸੜਕੀ ਸੁਰੱਖਿਆ ਨੂੰ ਲੈ ਕੇ ਹੁਣ ਤੱਕ ਦੀ ਸਭ ਤੋਂ ਵੱਡੀ ਕਾਰਵਾਈ ਕੀਤੀ ਹੈ। ਵਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੋਲਿਨ ਲੀਵਿਟ (Karoline Leavitt) ਅਤੇ ਟਰਾਂਸਪੋਰਟੇਸ਼ਨ ਸੈਕਟਰੀ ਸੀਨ ਡਫੀ (Sean Duffy) ਵੱਲੋਂ ਜਾਰੀ ਤਾਜ਼ਾ ਆਂਕੜਿਆਂ ਅਨੁਸਾਰ, ਅਮਰੀਕੀ ਸੜਕਾਂ ਤੋਂ ਅਯੋਗ ਅਤੇ ਗੈਰ-ਕਾਨੂੰਨੀ ਢੰਗ ਨਾਲ ਲਾਇਸੈਂਸ ਹਾਸਲ ਕਰਨ ਵਾਲੇ ਹਜ਼ਾਰਾਂ ਡਰਾਈਵਰਾਂ ਨੂੰ ਹਟਾ ਦਿੱਤਾ ਗਿਆ ਹੈ। (ਦੇਖੋ ਸਫ਼ਾ 25 'ਤੇ)



ਫ਼ਾਈਲ ਫੋਟੋ : ਸਾਡੇ ਲੋਕ

## ਰਾਸ਼ਟਰਮੰਡਲ ਖੇਡਾਂ 'ਚ ਪੰਜਾਬ ਅਤੇ ਹਰਿਆਣਾ ਦੇ ਨੌਜਵਾਨਾਂ ਦਾ ਸ਼ਾਨਦਾਰ ਪ੍ਰਦਰਸ਼ਨ




ਗਲਾਸਗੋ : ਭਾਰਤੀ ਦਲ ਨੇ 2026 ਦੀਆਂ ਰਾਸ਼ਟਰਮੰਡਲ ਖੇਡਾਂ ਤੋਂ ਸ਼ਾਨਦਾਰ ਢੰਗ ਨਾਲ ਵਿਦਾਇਗੀ ਲਈ ਹੈ। ਭਾਰਤ ਇਨ੍ਹਾਂ ਖੇਡਾਂ ਵਿੱਚ ਕੁੱਲ 39 ਤਗ਼ਮੇ ਹਾਸਲ ਕਰਕੇ ਚੌਥੇ ਸਥਾਨ 'ਤੇ ਰਿਹਾ, ਭਾਵੇਂ ਕਿ ਇਸ ਵਾਰ ਖੇਡਾਂ ਦਾ ਪ੍ਰੋਗਰਾਮ ਕਾਫ਼ੀ ਸੀਮਤ ਰੱਖਿਆ ਗਿਆ

ਫੋਟੋ : ਏਐਨਆਈ

(ਦੇਖੋ ਸਫ਼ਾ 34-36 'ਤੇ)

Bondless Khalsa

## ਲਾਹੌਰ ਬੋਰਡ 'ਚ ਸਿੱਖ ਵਿਦਿਆਰਥੀ ਓਅੰਕਾਰ ਸਿੰਘ ਦਾ ਇਤਿਹਾਸਕ ਪ੍ਰਦਰਸ਼ਨ

### 1200 ਵਿੱਚੋਂ 1189 ਅੰਕ ਲੈ ਕੇ ਪਾਕਿਸਤਾਨ ਅਤੇ ਸਿੱਖ ਕੌਮ ਦਾ ਕੀਤਾ ਨਾਮ ਰੌਸ਼ਨ

ਲਾਹੌਰ (ਪਾਕਿਸਤਾਨ) : ਪਾਕਿਸਤਾਨ ਦੇ ਲਾਹੌਰ ਬੋਰਡ (BISE Lahore) ਦੀਆਂ ਇਮਤਿਹਾਨੀ ਪ੍ਰੀਖਿਆਵਾਂ ਵਿੱਚ ਸਿੱਖ ਭਾਈਚਾਰੇ ਦੇ ਹੋਣਹਾਰ ਨੌਜਵਾਨ ਓਅੰਕਾਰ ਸਿੰਘ (Onkar Singh) ਨੇ ਇਤਿਹਾਸ ਰਚਦਿਆਂ ਸ਼ਾਨਦਾਰ ਸਫ਼ਲਤਾ ਹਾਸਲ ਕੀਤੀ ਹੈ। ਪ੍ਰਸਿੱਧ ਡਾਕਟਰ ਤੇ ਪ੍ਰੋਫ਼ੈਸਰ ਡਾ. ਮਿਮਪਾਲ ਸਿੰਘ ਦੇ ਸਪੁੱਤਰ ਓਅੰਕਾਰ ਸਿੰਘ ਨੇ ਸਾਇੰਸ ਗਰੁੱਪ ਵਿੱਚ 1200 ਵਿੱਚੋਂ 1189 ਅੰਕ ਪ੍ਰਾਪਤ ਕਰਕੇ ਬੋਰਡ ਵਿੱਚ ਦੂਜੀ ਪੁਜ਼ੀਸ਼ਨ (Bnd Position) ਹਾਸਲ ਕੀਤੀ ਹੈ। ਲਾਹੌਰ ਬੋਰਡ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਜਦੋਂ ਕਿਸੇ ਸਿੱਖ ਵਿਦਿਆਰਥੀ ਨੇ ਬੋਰਡ ਪ੍ਰੀਖਿਆਵਾਂ ਵਿੱਚ ਮੋਹਰੀ ਪੁਜ਼ੀਸ਼ਨਾਂ (Top Positions) ਵਿੱਚ ਆਪਣਾ ਨਾਂ ਦਰਜ ਕਰਵਾਇਆ ਹੈ।



**ਪ੍ਰੋਫ਼ੈਸਰ ਡਾ. ਮਿਮਪਾਲ ਸਿੰਘ ਦੇ ਸਪੁੱਤਰ ਓਅੰਕਾਰ ਸਿੰਘ ਨੇ ਸਾਇੰਸ ਗਰੁੱਪ 'ਚ ਗੱਡੇ ਝੰਡੇ; ਲਾਹੌਰ ਬੋਰਡ 'ਚ ਪੁਜ਼ੀਸ਼ਨ ਹਾਸਲ ਕਰਨ ਵਾਲਾ ਬਣਿਆ ਪਹਿਲਾ ਸਿੱਖ ਵਿਦਿਆਰਥੀ**

(ਦੇਖੋ ਸਫ਼ਾ 26 'ਤੇ)

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories
of nonimmigrant visas
Other Immigration Services
Citizenship
e-Verify, 1-9 and
Other Compliance
Other service -B-1/B-2
Visitor Visasextension
and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

KW LAKE WASHINGTON SO
KELLERWILLIAMS. REALTY
CJ Singh
Realtor
License # 24012019
Real Estate Broker
CJ Singh
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
(206) 295-5993 | c.singh@kw.com | realtorcjsingh.com
bellevueareahomefinder.com
707 S Grady Way Suit 730, Renton, WA 98057

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC
Lathrop URGENT CARE
Main Street URGENT CARE
https :.//www.sanramonurgentcare.com | Email us at info@sanramonucc.com

ਪੋਲੀਟੀਕਲ ਅਸਾਈਲਮ - Political Asylum
Deportation of Defense - BIA Appeal
9 Circuit Court - Federal Court
ਗਰੀਨਕਾਰਡ - ਸਿਟੀਜਨਸ਼ਿਪ
Green Card - Citizenship
ਡਾਈਵੋਰਸ - ਸਿਵਲ ਐਂਡ ਕਰੀਮੀਨਲ ਕੇਸ
Divorce - Civil and Criminal Cases
Family Petition Immigration
Travel document - Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
All Services Under One Roof
ESQ, Abogado
369 Pine Street, Suite 420, San Francisco, CA 94104
Enyinwalaw@gmail.com
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸੰਬਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm, office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

### ਅਮਰੀਕੀ ਕੋਸਟ ਗਾਰਡ (USCG) ਦੀ 236ਵੀਂ ਵਰ੍ਹੇਗੰਢ

# ਦੇਸ਼ ਦੇ ਰੱਖਿਅਕਾਂ ਅਤੇ ਜਵਾਨਾਂ ਦੀਆਂ ਸੇਵਾਵਾਂ ਨੂੰ ਸ਼ਾਨਦਾਰ ਸਲਾਮੀ

**ਸਰਹੱਦਾਂ ਦੀ ਰਾਖੀ, ਨਸ਼ਾ ਤਸਕਰੀ 'ਤੇ ਨਕੇਲ ਅਤੇ ਲੱਖਾਂ ਜਾਨਾਂ ਬਚਾਉਣ ਵਾਲੇ ਜਵਾਨਾਂ, ਵੈਟਰਨਜ਼ ਅਤੇ ਉਨ੍ਹਾਂ ਦੇ ਪਰਿਵਾਰਾਂ ਦਾ ਕੀਤਾ ਗਿਆ ਧੰਨਵਾਦ**





ਵਾਸ਼ਿੰਗਟਨ ਡੀ.ਸੀ.: ਅਮਰੀਕਾ ਦੀਆਂ ਪ੍ਰਮੁੱਖ ਹਥਿਆਰਬੰਦ ਸੈਨਾਵਾਂ ਵਿੱਚੋਂ ਇੱਕ ਯੂਨਾਈਟਿਡ ਸਟੇਟਸ ਕੋਸਟ ਗਾਰਡ (USCG) ਦਾ 236ਵਾਂ ਸਥਾਪਨਾ ਦਿਵਸ (236th Birthday) ਪੂਰੇ ਉਤਸ਼ਾਹ ਅਤੇ ਦੇਸ਼ ਭਗਤੀ ਦੇ ਜਜ਼ਬੇ ਨਾਲ ਮਨਾਇਆ ਜਾ ਰਿਹਾ ਹੈ। ਇਸ ਖ਼ਾਸ ਮੌਕੇ 'ਤੇ ਦੇਸ਼ ਦੀਆਂ ਸਮੁੰਦਰੀ ਸਰਹੱਦਾਂ ਦੀ ਰੱਖਿਆ ਕਰਨ ਵਾਲੇ ਬਹਾਦਰ ਜਵਾਨਾਂ ਦੀਆਂ ਅਤੁਲਨੀਯ ਸੇਵਾਵਾਂ ਨੂੰ ਯਾਦ ਕਰਦਿਆਂ ਵਿਸ਼ੇਸ਼ ਸ਼ਰਧਾਂਜਲੀ ਅਤੇ ਧੰਨਵਾਦ ਸੰਦੇਸ਼ ਸਾਂਝਾ ਕੀਤਾ ਗਿਆ ਹੈ।

**ਸਰਹੱਦੀ ਸੁਰੱਖਿਆ ਅਤੇ ਜਾਨ-ਮਾਲ ਦੀ ਰਾਖੀ:** ਸੰਦੇਸ਼ ਵਿੱਚ ਯੂ.ਐੱਸ. ਕੋਸਟ ਗਾਰਡ ਦੇ ਉਨ੍ਹਾਂ ਮਰਦਾਂ ਅਤੇ ਔਰਤਾਂ (ਜਵਾਨਾਂ) ਦੇ ਸਾਹਸ ਦੀ ਸ਼ਲਾਘਾ ਕੀਤੀ ਗਈ ਹੈ ਜੋ ਦਿਨ-ਰਾਤ ਅਮਰੀਕਾ ਦੀਆਂ ਸਮੁੰਦਰੀ ਸਰਹੱਦਾਂ ਦੀ ਰਾਖੀ ਕਰਦੇ ਹਨ, ਦੇਸ਼ ਦੀ ਸੁਰੱਖਿਆ ਨੂੰ ਯਕੀਨੀ ਬਣਾਉਂਦੇ ਹਨ ਅਤੇ ਸਮੁੰਦਰੀ ਆਫ਼ਤਾਂ ਦੌਰਾਨ ਅਨਗਿਣਤ ਨਾਗਰਿਕਾਂ ਦੀਆਂ ਜਾਨਾਂ ਬਚਾਉਂਦੇ ਹਨ।

**ਨਸ਼ਾ ਤਸਕਰੀ ਵਿਰੁੱਧ ਵੱਡੀ ਸਫ਼ਲਤਾ:** ਕੋਸਟ ਗਾਰਡ ਦੁਆਰਾ ਸਮੁੰਦਰੀ ਰਸਤਿਆਂ ਰਾਹੀਂ ਹੋਣ ਵਾਲੀ ਗੈਰ-ਕਾਨੂੰਨੀ ਨਸ਼ਾ ਤਸਕਰੀ 'ਤੇ ਨਕੇਲ ਕੱਸਣ ਲਈ ਕੀਤੇ ਗਏ ਸ਼ਾਨਦਾਰ ਕਾਰਜਾਂ ਦਾ ਵਿਸ਼ੇਸ਼ ਜ਼ਿਕਰ ਕੀਤਾ ਗਿਆ। ਜ਼ਹਿਰੀਲੇ ਅਤੇ ਖ਼ਤਰਨਾਕ ਨਸ਼ਿਆਂ ਨੂੰ ਅਮਰੀਕੀ ਸ਼ਹਿਰਾਂ ਅਤੇ ਗਲੀਆਂ ਵਿੱਚ ਪਹੁੰਚਣ ਤੋਂ ਪਹਿਲਾਂ ਹੀ ਜ਼ਬਤ ਕਰਕੇ ਲੱਖਾਂ ਨਾਗਰਿਕਾਂ ਦੀਆਂ ਜ਼ਿੰਦਗੀਆਂ ਬਚਾਉਣ ਲਈ ਉਨ੍ਹਾਂ ਦੇ ਯੋਗਦਾਨ ਦੀ ਸ਼ਲਾਘਾ ਕੀਤੀ ਗਈ।

**ਸਮੁੱਚੇ ਕੋਸਟ ਗਾਰਡ ਪਰਿਵਾਰ ਦਾ ਧੰਨਵਾਦ:** ਇਸ ਇਤਿਹਾਸਕ 236ਵੀਂ ਵਰ੍ਹੇਗੰਢ 'ਤੇ ਐਕਟਿਵ ਡਿਊਟੀ (Active Duty) ਜਵਾਨਾਂ, ਰਿਜ਼ਰਵ ਬਲ, ਸਿਵਿਲੀਅਨ ਅਧਿਕਾਰੀਆਂ, ਆਕਸੀਲਰੀ (Auxiliary) ਮੈਂਬਰਾਂ, ਵੈਟਰਨਜ਼ (ਸਾਬਕਾ ਸੈਨਿਕਾਂ) ਅਤੇ ਉਨ੍ਹਾਂ ਦੇ ਪਰਿਵਾਰਾਂ ਦਾ ਮਹਾਨ ਰਾਸ਼ਟਰ ਪ੍ਰਤੀ ਨਿਸ਼ਕਾਮ ਸੇਵਾ ਲਈ ਤਹੇ-ਦਿਲੋਂ ਧੰਨਵਾਦ ਕੀਤਾ ਗਿਆ।


## ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਓਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




*Get more BENEFITS at No Cost $0 Premium*



**Rakhra Tax & Immigration**
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com





# Balsani Welders & Builders
## We Design, Manufacture & Ship Nationwide

All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences







ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।





## ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

**ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ**

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।



- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।



**S. Iqbal Singh**
844-573-3824 | 510 862 2332

433 W Scotts Ave Stockton, CA 95203
PH: (925) 487-7117

ਸਾਡੇ ਲੋਕ

# ਸਮਾਧ ਭਾਈ ਦੀ ਸੰਗਤ ਨੇ ਧੰਨ-ਧੰਨ ਬਾਬਾ ਭਾਈ ਰੂਪ ਚੰਦ ਜੀ ਦੀ ਬਰਸੀ ਫਰਿਜ਼ਨੋ ਵਿਖੇ ਸ਼ਰਧਾ ਅਤੇ ਸਤਿਕਾਰ ਨਾਲ ਮਨਾਈ

ਫਰਿਜ਼ਨੋ (ਕੈਲੀਫੋਰਨੀਆ), (ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ/ ਕੁਲਵੰਤ ਉੱਭੀ ਧਾਲੀਆਂ/ਸਾਡੇ ਲੋਕ) : ਪਿੰਡ ਸਮਾਧ ਭਾਈ (ਜ਼ਿਲ੍ਹਾ ਮੋਗਾ) ਦੀ ਸਮੂੰਹ ਸੰਗਤ ਵੱਲੋਂ ਨਿਊ ਇੰਡੀਆ ਸਵੀਟ ਐਂਡ ਸਪਾਈਸ ਦੇ ਜਸਵਿੰਦਰ ਸਿੰਘ, ਡਾ. ਮਲਕੀਤ ਸਿੰਘ ਕਿੰਗਰਾ, ਸ. ਸੁਖਦੇਵ ਸਿੰਘ (ਸ਼ਾਨੇ ਪੰਜਾਬ) ਅਤੇ ਹੋਰ ਸੇਵਾਦਾਰਾਂ ਦੇ ਸਹਿਯੋਗ ਨਾਲ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਵਰੋਸਾਏ ਧੰਨ-ਧੰਨ ਬਾਬਾ ਭਾਈ ਰੂਪ ਚੰਦ ਜੀ ਦੀ ਬਰਸੀ ਗੁਰਦੁਆਰਾ ਨਾਨਕਸਰ, ਕਰਨੀਲੀਆ ਐਵੇਨਿਊ, ਫਰਿਜ਼ਨੋ ਵਿਖੇ ਬੜੀ ਸ਼ਰਧਾ, ਉਤਸ਼ਾਹ ਅਤੇ ਧੂਮਧਾਮ ਨਾਲ ਮਨਾਈ ਗਈ।

ਸਮਾਗਮ ਦੀ ਸ਼ੁਰੂਆਤ 31 ਜੁਲਾਈ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਪ੍ਰਕਾਸ਼ ਨਾਲ ਹੋਈ, ਜਦਕਿ 2 ਅਗਸਤ 2026, ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਕੀਰਤਨ ਦਰਬਾਰ ਅਤੇ ਗੁਰਮਤਿ ਸਮਾਗਮ ਸਜਾਇਆ ਗਿਆ। ਸੰਗਤ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

ਇਸ ਮੌਕੇ ਡਾ. ਮਲਕੀਤ ਸਿੰਘ ਕਿੰਗਰਾ ਨੇ ਸਮੂੰਹ ਸੰਗਤ ਨੂੰ ਸਮਾਗਮ ਦੀ ਵਧਾਈ ਦਿੰਦਿਆਂ ਕਿਹਾ ਕਿ ਵਿਦੇਸ਼ਾਂ ਵਿੱਚ ਅਜਿਹੇ ਧਾਰਮਿਕ ਅਤੇ ਇਤਿਹਾਸਕ ਸਮਾਗਮ ਨਵੀਂ ਪੀੜ੍ਹੀ ਨੂੰ ਗੁਰਮਤਿ, ਸਿੱਖ ਇਤਿਹਾਸ ਅਤੇ ਆਪਣੇ ਪਿੰਡ ਦੀਆਂ ਮਹਾਨ ਪਰੰਪਰਾਵਾਂ ਨਾਲ ਜੋੜਨ ਦਾ ਮਹੱਤਵਪੂਰਨ ਸਾਧਨ ਹਨ। ਉਨ੍ਹਾਂ ਕਿਹਾ ਕਿ ਭਾਈ ਰੂਪ ਚੰਦ ਜੀ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਲੈ ਕੇ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਖ਼ਾਲਸਾ ਪੰਥ ਦੀ ਨਿਸ਼ਕਾਮ ਸੇਵਾ ਕਰਕੇ ਸਿੱਖ ਇਤਿਹਾਸ ਵਿੱਚ ਅਮਿੱਟ ਯੋਗਦਾਨ ਪਾਇਆ।



ਇਸ ਸਮੇਂ ਢਾਡੀ ਸੰਦੀਪ ਸਿੰਘ ਲੁਹਾਰਾ ਨੇ ਗੁਰੂ ਜਸ ਸਰਵਣ ਕਰਵਾਉਂਦਿਆਂ ਭਾਈ ਰੂਪ ਚੰਦ ਜੀ ਦੇ ਜੀਵਨ ਅਤੇ ਸੇਵਾਵਾਂ 'ਤੇ ਚਾਨਣਾ ਪਾਇਆ। ਉਹਨਾਂ ਦੇ ਜੱਥੇ ਨੇ ਲਗਾਤਾਰ ਸ਼ਨੀਵਾਰ ਤੇ ਐਤਵਾਰ ਦੇ ਦੀਵਾਨਾਂ ਵਿੱਚ ਹਾਜ਼ਰੀ ਭਰੀ। ਉਨ੍ਹਾਂ ਨੇ ਗੁਰੂ ਇਤਿਹਾਸ ਨੂੰ ਢਾਡੀ ਵਾਰਾਂ ਰਾਹੀਂ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਸੰਗਤ ਦੇ ਰੂਬਰੂ ਕੀਤਾ। ਇਸ ਦੌਰਾਨ ਉਨ੍ਹਾਂ ਦੇ ਪੁੱਤਰ ਅੰਗਦ ਸਿੰਘ ਨੇ ਵੀ ਢਾਡੀ ਵਾਰਾਂ ਪੇਸ਼ ਕਰਕੇ ਸੰਗਤ ਨੂੰ ਨਿਹਾਲ ਕੀਤਾ।

ਅਰਦਾਸ ਉਪਰੰਤ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਗਿਆ।

ਇਸ ਮੌਕੇ ਧੰਨ-ਧੰਨ ਬਾਬਾ ਭਾਈ ਰੂਪ ਚੰਦ ਜੀ ਦੇ ਜੀਵਨ ਅਤੇ ਸੇਵਾਵਾਂ ਨੂੰ ਸਮਰਪਿਤ ਇੱਕ ਯਾਦਗਾਰੀ ਸੋਵੀਨੀਅਰ ਵੀ ਜਾਰੀ ਕੀਤਾ ਗਿਆ। ਸਮਾਗਮ ਦੇ ਅੰਤ ਵਿੱਚ ਢਾਡੀ ਸੰਦੀਪ ਸਿੰਘ ਲੁਹਾਰਾ ਅਤੇ ਉਨ੍ਹਾਂ ਦੇ ਜਥੇ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

ਇਸ ਸਮਾਗਮ ਦੀ ਸਫ਼ਲਤਾ ਵਿੱਚ ਅੰਗਰੇਜ਼ ਸਿੰਘ ਸੰਧੂ (ਸਰਪੰਚ), ਬਲਵੀਰ ਸਿੰਘ ਭਿੰਡਰ, ਬਚਿੱਤਰ ਸਿੰਘ ਬੰਮਰਾ, ਜਸਵੀਰ ਸਿੰਘ, ਗੁਰਦੀਪ ਸਿੰਘ (ਪਾਲਕਾ ਬਾਜ਼ਾਰ), ਗੁਰਦੇਵ ਸਿੰਘ ਅਨੰਦਵਾਲ, ਸੁੱਖਾ ਗਿੱਲ (ਲੰਢੇ ਕੇ), ਰਾਜਦੀਪ ਸਮੇਤ ਪਿੰਡ ਸਮਾਧ ਭਾਈ ਅਤੇ ਇਲਾਕਾ ਨਿਵਾਸੀ ਬੀਬੀਆਂ, ਨੌਜਵਾਨਾਂ ਅਤੇ ਸਮੂਹ ਸੰਗਤ ਨੇ ਲੰਗਰ ਸੇਵਾ ਅਤੇ ਹੋਰ ਪ੍ਰਬੰਧਾਂ ਵਿੱਚ ਭਰਪੂਰ ਯੋਗਦਾਨ ਪਾਇਆ। ਗੁਰਦੁਆਰਾ ਨਾਨਕਸਰ ਦੇ ਸੇਵਾਦਾਰਾਂ ਅਤੇ ਪ੍ਰਬੰਧਕ ਕਮੇਟੀ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ ਗਿਆ।

ਇਸ ਤੋਂ ਇਲਾਵਾ ਅਮਰੀਕਾ ਦੇ ਵੱਖ-ਵੱਖ ਸੂਬਿਆਂ ਵਿੱਚ ਵੱਸਦੇ ਸਮਾਧ ਭਾਈ ਅਤੇ ਇਲਾਕਾ ਨਿਵਾਸੀਆਂ ਨੇ ਵੀ ਆਰਥਿਕ ਸਹਿਯੋਗ ਦੇ ਕੇ ਇਸ ਸਮਾਗਮ ਨੂੰ ਸਫ਼ਲ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਅਤੇ ਦੇਸ਼ ਪੰਜਾਬ ਰੇਡੀਓ ਵੱਲੋਂ ਕੀਤੇ ਗਏ ਲਾਈਵ ਪ੍ਰਸਾਰਣ ਰਾਹੀਂ ਸਮਾਗਮ ਦਾ ਆਨੰਦ ਮਾਣਿਆ। ਸਮਾਗਮ ਦੀ ਮੀਡੀਆ ਕਵਰੇਜ ਕੁਲਵੰਤ ਉੱਭੀ ਧਾਲੀਆਂ, ਪੱਤਰਕਾਰ ਗੁਰਿੰਦਰਜੀਤ ਸਿੰਘ 'ਨੀਟਾ ਮਾਛੀਕੇ' ਅਤੇ ਗੁਰਦੀਪ ਸ਼ੇਰਗਿੱਲ ਵੱਲੋਂ ਕੀਤੀ ਗਈ। ਅੰਤ ਅਗਲੇ ਸਾਲ ਇਸੇ ਤਰ੍ਹਾਂ ਸਮਾਗਮ ਕਰਾਉਣ ਦੇ ਵਾਅਦੇ ਨਾਲ ਬਾਬਾ ਜੀ ਨੂੰ ਯਾਦ ਕਰਦੇ ਹੋਏ, ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਇਹ ਸਮਾਗਮ ਯਾਦਗਾਰੀ ਹੋ ਨਿਬੜਿਆ।

## ਹੁਣ ਸਿਟੀਜ਼ਨਸ਼ਿਪ ਰੱਦ ਕਰਨ ਲੱਗਾ ਅਮਰੀਕਾ, ਪੰਜਾਬੀ ਸਣੇ 25 ਲੋਕਾਂ 'ਤੇ ਹੋ ਗਈ ਕਾਰਵਾਈ

ਵਾਸ਼ਿੰਗਟਨ : ਅਮਰੀਕਾ ਵਿਚ ਪਛਾਣ ਸਬੰਧੀ ਗ਼ਲਤ ਜਾਣਕਾਰੀ, ਕਤਲ ਦੀ ਕੋਸ਼ਿਸ਼ ਅਤੇ ਬੱਚਿਆਂ ਦੇ ਜਿਨਸੀ ਸ਼ੋਸ਼ਣ ਜਿਹੇ ਦੋਸ਼ਾਂ ਵਾਲੇ ਮਾਮਲਿਆਂ ਵਿਚ ਭਾਰਤੀ ਮੂਲ ਦੇ ਇੱਕ ਵਿਅਕਤੀ ਸਮੇਤ 25 ਲੋਕਾਂ ਦੀ ਨਾਗਰਿਕਤਾ ਰੱਦ ਕੀਤੀ ਜਾ ਰਹੀ ਹੈ। ਅਧਿਕਾਰੀਆਂ ਨੇ ਇਸ ਸਬੰਧੀ ਜਾਣਕਾਰੀ ਦਿੱਤੀ। ਅਮਰੀਕੀ ਨਿਆਂ ਵਿਭਾਗ ਨੇ 65 ਸਾਲਾ ਨਰਿੰਦਰ ਸਿੰਘ ਵਿਰੁੱਧ ਡੇਲਾਵੇਅਰ ਜ਼ਿਲ੍ਹਾ ਅਦਾਲਤ ਵਿੱਚ ਮੁਕੱਦਮਾ ਦਾਇਰ ਕੀਤਾ ਹੈ। ਉਸ 'ਤੇ ਅਮਰੀਕਾ ਵਿੱਚ ਪ੍ਰਵੇਸ਼ ਕਰਨ ਲਈ ਝੂਠੀ ਪਛਾਣ ਦੀ ਵਰਤੋਂ ਕਰਨ ਦਾ ਦੋਸ਼ ਹੈ। ਨਿਆਂ ਵਿਭਾਗ ਦੇ ਅਨੁਸਾਰ ਸਿੰਘ ਨੇ 1996 ਵਿੱਚ ਅਮਰੀਕਾ ਵਿੱਚ ਦਾਖਲ ਹੋਣ ਲਈ ਝੂਠੀ ਪਛਾਣ ਦੀ ਵਰਤੋਂ ਕੀਤੀ ਅਤੇ 1 ਮਈ, 2008 ਨੂੰ ਅਮਰੀਕੀ ਨਾਗਰਿਕ ਬਣ ਗਿਆ। ਸ਼ਿਕਾਇਤ ਵਿੱਚ ਗਲਤ ਜਾਣਕਾਰੀ ਅਤੇ ਗੈਰ-ਕਾਨੂੰਨੀ ਗਤੀਵਿਧੀਆਂ ਦੇ ਸੱਤ ਦੋਸ਼ ਲਗਾਏ ਗਏ ਹਨ।

ਨਾਗਰਿਕਤਾ ਰੱਦ ਕਰਨ ਦੀ ਕਾਰਵਾਈ ਦਾ ਸਾਹਮਣਾ ਕਰ ਰਹੇ 25 ਵਿਅਕਤੀਆਂ ਵਿੱਚ ਦੋ ਪਾਕਿਸਤਾਨੀ ਮੂਲ ਦੇ ਵਿਅਕਤੀ, ਜ਼ਿਆ ਮੁਰਾਦ ਭੱਟੀ ਅਤੇ ਮੁਹੰਮਦ ਵਾਸਿਫ ਵੀ ਸ਼ਾਮਲ ਹਨ, ਜਿਨ੍ਹਾਂ 'ਤੇ ਝੂਠੀ ਪਛਾਣ ਜਾਣਕਾਰੀ ਪ੍ਰਦਾਨ ਕਰਨ ਦਾ ਦੋਸ਼ ਹੈ। ਕਾਰਜਕਾਰੀ ਅਟਾਰਨੀ ਜਨਰਲ ਟੌਡ ਬਲੈਂਚ ਨੇ ਸੋਮਵਾਰ ਨੂੰ ਇੱਕ ਬਿਆਨ ਵਿੱਚ ਕਿਹਾ, 'ਸੰਯੁਕਤ ਰਾਜ ਦੀ ਨਾਗਰਿਕਤਾ ਸਾਡੇ ਦੇਸ਼ ਦੇ ਸਭ ਤੋਂ ਉੱਚੇ ਵਿਸ਼ੇਸ਼ ਅਧਿਕਾਰਾਂ ਵਿੱਚੋਂ ਇੱਕ ਹੈ ਅਤੇ ਇਸਨੂੰ ਕਾਨੂੰਨੀ ਅਤੇ ਇਮਾਨਦਾਰੀ ਨਾਲ ਪ੍ਰਾਪਤ ਕੀਤਾ ਜਾਣਾ ਚਾਹੀਦਾ ਹੈ।'

ਬਲੈਂਚ ਨੇ ਕਿਹਾ, 'ਅੱਜ ਦਾਇਰ ਕੀਤੀਆਂ ਗਈਆਂ ਸ਼ਿਕਾਇਤਾਂ ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਇਨ੍ਹਾਂ ਵਿਅਕਤੀਆਂ ਨੇ




ਧੋਖਾਧੜੀ, ਤੱਥਾਂ ਨੂੰ ਛੁਪਾਉਣ, ਜਾਂ ਗੈਰ-ਕਾਨੂੰਨੀ ਤਰੀਕਿਆਂ ਨਾਲ ਨਾਗਰਿਕਤਾ ਪ੍ਰਾਪਤ ਕੀਤੀ, ਜਿਸ ਵਿੱਚ ਹਿੰਸਕ ਅਪਰਾਧ, ਬੱਚਿਆਂ ਵਿਰੁੱਧ ਜਿਨਸੀ ਅਪਰਾਧ, ਝੂਠੀ ਪਛਾਣ ਅਤੇ ਹੋਰ ਅਯੋਗ ਕਾਰਕ ਸ਼ਾਮਲ ਹਨ।÷ ਇਹ ਸ਼ਿਕਾਇਤਾਂ 20 ਜੁਲਾਈ ਤੋਂ 3 ਅਗਸਤ ਦੇ ਵਿਚਕਾਰ ਦਾਇਰ ਕੀਤੀਆਂ ਗਈਆਂ ਸਨ। ਨਾਗਰਿਕਤਾ ਪ੍ਰਾਪਤ ਕਰਨ ਵਾਲੇ ਇਨ੍ਹਾਂ ਵਿਅਕਤੀਆਂ ਵਿੱਚ ਪਾਕਿਸਤਾਨ, ਮੋਲਡੋਵਾ, ਭਾਰਤ, ਮੈਕਸੀਕੋ, ਕੋਲੰਬੀਆ, ਨਾਈਜੀਰੀਆ, ਲਾਇਬੇਰੀਆ, ਘਾਨਾ, ਜਮੈਕਾ, ਤਾਈਵਾਨ, ਹੋਂਡੁਰਾਸ, ਕੈਮਰੂਨ, ਜੌਰਡਨ, ਕਿਊਬਾ, ਅਲ ਸਲਵਾਡੋਰ, ਹੈਤੀ ਅਤੇ ਸਵੀਡਨ ਸਮੇਤ 17 ਦੇਸ਼ਾਂ ਦੇ ਲੋਕ ਸ਼ਾਮਲ ਹਨ। ਬਲੈਂਚ ਨੇ ਕਿਹਾ,÷ਅੱਜ ਦੀ ਕਾਰਵਾਈ ਵਿਭਾਗ ਦੇ ਇਤਿਹਾਸ ਵਿੱਚ ਨਾਗਰਿਕਤਾ ਰੱਦ ਕਰਨ ਲਈ ਸਭ ਤੋਂ ਵੱਡੇ ਤਾਲਮੇਲ ਵਾਲੇ ਯਤਨਾਂ ਨੂੰ ਦਰਸਾਉਂਦੀ ਹੈ, ਪਰ ਇਹ ਸਿਰਫ਼ ਸ਼ੁਰੂਆਤ ਹੈ। ਨਿਆਂ ਵਿਭਾਗ ਨਾਗਰਿਕਤਾ ਪ੍ਰਕਿਰਿਆ ਅਤੇ ਅਮਰੀਕੀ ਲੋਕਾਂ ਦੀ ਅਖੰਡਤਾ ਦੀ ਰੱਖਿਆ ਲਈ ਹਰ ਉਪਲਬਧ ਸਾਧਨਾਂ ਦੀ ਵਰਤੋਂ ਕਰਨਾ ਜਾਰੀ ਰੱਖੇਗਾ।'

## ਵਾਸ਼ਿੰਗਟਨ 'ਚ ਅੱਗ ਦਾ ਕਹਿਰ , 500 ਤੋਂ ਵੱਧ ਇਮਾਰਤਾਂ ਤਬਾਹ ਤੇ 60 ਹਜ਼ਾਰ ਲੋਕਾਂ ਬਚਾਏ

ਨਿਊਯਾਰਕ : ਅਮਰੀਕਾ ਦੇ ਪੂਰਬੀ ਵਾਸ਼ਿੰਗਟਨ 'ਚ ਲੱਗੀਆਂ ਭਿਆਨਕ ਜੰਗਲੀ ਅੱਗਾਂ ਨੇ ਵੱਡੀ ਤਬਾਹੀ ਮਚਾ ਦਿੱਤੀ ਹੈ। ਸਪੋਕੇਨ ਸ਼ਹਿਰ ਅਤੇ ਨੇੜਲੇ ਇਲਾਕਿਆਂ 'ਚ ਘੱਟੋ-ਘੱਟ 500 ਤੋਂ ਵੱਧ ਘਰ, ਕਾਰੋਬਾਰ ਤੇ ਹੋਰ ਇਮਾਰਤਾਂ ਸੜ ਗਈਆਂ ਹਨ। ਸ਼ੁਰੂ 'ਚ ਲਗਭਗ 5 ਹਜ਼ਾਰ ਘਰ ਖਾਲੀ ਕਰਵਾਉਣ ਦੀ ਜਾਣਕਾਰੀ ਸਾਹਮਣੇ ਆਈ ਸੀ, ਪਰ ਬਾਅਦ 'ਚ ਅਧਿਕਾਰੀਆਂ ਨੇ ਦੱਸਿਆ ਕਿ ਕਰੀਬ 60 ਹਜ਼ਾਰ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਭੇਜਿਆ ਗਿਆ ਹੈ। ਸਾਬਕਾ ਫੌਜੀਆਂ ਦੇ ਹਸਪਤਾਲ 'ਚ ਦਾਖ਼ਲ ਮਰੀਜ਼ਾਂ ਨੂੰ ਵੀ ਬਾਹਰ ਕੱਢਣਾ ਪਿਆ। ਰਾਹਤ ਦੀ ਗੱਲ ਇਹ ਹੈ ਕਿ ਅਜੇ ਤੱਕ ਕਿਸੇ ਦੀ ਮੌਤ, ਜ਼ਖ਼ਮੀ ਹੋਣ ਜਾਂ ਲਾਪਤਾ ਹੋਣ ਦੀ ਪੁਸ਼ਟੀ ਨਹੀਂ ਹੋਈ। ਅਧਿਕਾਰੀਆਂ ਨੇ ਕਿਹਾ ਕਿ ਨੁਕਸਾਨ ਦੀ ਜਾਂਚ ਅਜੇ ਜਾਰੀ ਹੈ, ਇਸ ਲਈ ਅੰਕੜੇ ਹੋਰ ਵਧ ਸਕਦੇ ਹਨ। ਸਪੋਕੇਨ ਇਲਾਕੇ 'ਚ ਓਲਡ ਟਰੇਲਜ਼, ਫੇਅਰਵਿਊ ਤੇ ਮੀਡੋਵਿਊ ਨਾਮ ਦੀਆਂ ਤਿੰਨ ਵੱਡੀਆਂ ਅੱਗਾਂ ਲੱਗੀਆਂ ਹੋਈਆਂ ਹਨ। ਇਨ੍ਹਾਂ ਨੇ ਸ਼ਹਿਰ ਦੇ ਆਲੇ-ਦੁਆਲੇ ਲਗਭਗ 8 ਵਰਗ ਮੀਲ ਤੋਂ ਵੱਧ ਇਲਾਕਾ ਸਾੜ ਦਿੱਤਾ ਹੈ। ਪੂਰੇ ਵਾਸ਼ਿੰਗਟਨ ਸੂਬੇ 'ਚ ਕਰੀਬ 390 ਵਰਗ ਮੀਲ ਜ਼ਮੀਨ ਅੱਗ ਦੀ ਲਪੇਟ ਵਿਚ ਆ ਚੁੱਕੀ ਹੈ। ਕਈ ਥਾਵਾਂ 'ਤੇ ਅੱਗ ਅਜੇ ਵੀ ਕਾਬੂ ਤੋਂ ਬਾਹਰ ਹੈ ਤੇ ਇਸ ਦੇ ਲੱਗਣ ਦਾ ਕਾਰਨ ਪਤਾ ਨਹੀਂ ਲੱਗ ਸਕਿਆ। ਤੇਜ਼ ਹਵਾਵਾਂ, ਸੁੱਕਾ ਮੌਸਮ, ਪਹਾੜੀਆਂ ਤੇ ਡੂੰਘੀਆਂ ਘਾਟੀਆਂ ਕਾਰਨ ਅੱਗ ਬੁਝਾਉਣ 'ਚ ਮੁਸ਼ਕਲ ਆ ਰਹੀ ਹੈ। ਹਵਾ ਦੀ ਰਫ਼ਤਾਰ 72 ਕਿਲੋਮੀਟਰ ਪ੍ਰਤੀ ਘੰਟਾ ਤੱਕ ਪਹੁੰਚਣ ਦਾ ਖ਼ਤਰਾ ਹੈ। ਵਾਸ਼ਿੰਗਟਨ ਦੇ ਗਵਰਨਰ ਬੌਬ ਫਰਗੂਸਨ ਨੇ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਹੈ। ਬੇਘਰ ਹੋਏ ਲੋਕਾਂ ਲਈ ਸਪੋਕੇਨ ਦੇ ਮੁੱਖ ਕਨਵੈਨਸ਼ਨ ਸੈਂਟਰ 'ਚ ਰਾਹਤ ਕੈਂਪ ਬਣਾਇਆ ਗਿਆ ਹੈ, ਜਿੱਥੇ 400 ਦੇ ਕਰੀਬ ਲੋਕ ਰਹਿ ਰਹੇ ਹਨ। ਅੱਗ ਕਾਰਨ ਇਕ ਸਮੇਂ ਲਗਭਗ 30 ਹਜ਼ਾਰ ਲੋਕਾਂ ਦੀ ਬਿਜਲੀ ਚਲੀ ਗਈ ਸੀ। ਬਾਅਦ 'ਚ ਇਹ ਗਿਣਤੀ ਘਟ ਕੇ 10 ਹਜ਼ਾਰ ਰਹਿ ਗਈ, ਪਰ ਬਿਜਲੀ ਦੀਆਂ ਮੁੱਖ ਲਾਈਨਾਂ ਨੂੰ ਹੋਏ ਨੁਕਸਾਨ ਕਾਰਨ ਹੋਰ ਕਟੌਤੀਆਂ ਦਾ ਖ਼ਤਰਾ ਬਣਿਆ ਹੋਇਆ ਹੈ। ਇਸੇ ਦੌਰਾਨ ਪੱਛਮੀ ਆਇਡਾਹੋ ਤੇ ਪੂਰਬੀ ਓਰੇਗਨ ਵਿੱਚ ਲੱਗੀ ਵੱਖਰੀ ਅੱਗ ਲਗਭਗ 525 ਵਰਗ ਮੀਲ ਘਾਹ ਵਾਲਾ ਇਲਾਕਾ ਸਾੜ ਚੁੱਕੀ ਹੈ। ਅਸਮਾਨੀ ਬਿਜਲੀ ਕਾਰਨ ਲੱਗੀ ਇਸ ਅੱਗ ਤੋਂ 600 ਤੋਂ ਵੱਧ ਘਰਾਂ ਤੇ 800 ਹੋਰ ਇਮਾਰਤਾਂ ਨੂੰ ਖ਼ਤਰਾ ਹੈ। ਬੁਲਡੋਜ਼ਰਾਂ ਅਤੇ ਹੈਲੀਕਾਪਟਰਾਂ ਨਾਲ ਅੱਗ ਬੁਝਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਭਾਰੀ ਧੂੰਏਂ ਕਾਰਨ ਵਾਸ਼ਿੰਗਟਨ, ਓਰੇਗਨ, ਆਇਡਾਹੋ ਅਤੇ ਮੋਂਟਾਨਾ ਦੇ ਕਈ ਹਿੱਸਿਆਂ ਵਿੱਚ ਹਵਾ ਵੀ ਖ਼ਰਾਬ ਹੋ ਗਈ ਹੈ। ਅਧਿਕਾਰੀਆਂ ਨੇ ਲੋਕਾਂ ਨੂੰ ਚੌਕਸ ਰਹਿਣ, ਘਰ ਖਾਲੀ ਕਰਨ ਦੇ ਹੁਕਮਾਂ ਦੀ ਪਾਲਣਾ ਕਰਨ ਤੇ ਧੂੰਏਂ ਤੋਂ ਬਚਾਅ ਕਰਨ ਦੀ ਅਪੀਲ ਕੀਤੀ ਹੈ।



# ਧੀ ਦਾ ਦਿੱਤਾ ਤੋਹਫ਼ਾ ਬਣਿਆ ਜਾਨ ਬਚਾਊ ਕਵਚ, ਬੇਹੋਸ਼ ਹੋ ਕੇ ਡਿੱਗੇ ਪਿਓ ਲਈ ਐਪਲ ਵਾਚ ਨੇ ਖੁਦ ਬੁਲਾਈ ਐਂਬੂਲੈਂਸ



ਵਾਸ਼ਿੰਗਟਨ (ਗੋਗਨਾ/ਸਾਡੇ ਲੋਕ) : ਅਮਰੀਕਾ ਦੇ ਓਹੀਓ ਸਟੇਟ (ਸਿਨਸਿਨਾਟੀ) ਵਿਚ ਇਕ ਹੈਰਾਨੀਜਨਕ ਅਤੇ ਭਾਵੁਕ ਘਟਨਾ ਸਾਹਮਣੇ ਆਈ ਹੈ, ਜਿੱਥੇ ਧੀ ਵੱਲੋਂ ਦਿੱਤੀ ਗਈ ਐਪਲ ਵਾਚ ਨੇ ਆਪਣੇ ਪਿਓ ਮੁਹੰਮਦ ਇਸਲਾਮ ਦੀ ਜਾਨ ਬਚਾ ਲਈ। ਮੁਹੰਮਦ ਇਸਲਾਮ ਜਦੋਂ ਘਰ ਦੇ ਬਾਹਰ ਕੂੜਾ ਸੁੱਟਣ ਗਿਆ ਤਾਂ ਅਚਾਨਕ ਡਿੱਗ ਕੇ ਬੇਹੋਸ਼ ਹੋ ਗਿਆ। ਉਸ ਵੱਲੋਂ ਪਹਿਨੀ ਐਪਲ ਵਾਚ ਦੇ 'ਫਾਲ ਡਿਟੈਕਸ਼ਨ' ਫੀਚਰ ਨੇ ਡਿੱਗਣ ਦਾ ਤੁਰੰਤ ਪਤਾ ਲਗਾਇਆ ਅਤੇ ਕੋਈ ਰਿਸਪਾਂਸ ਨਾ ਮਿਲਣ 'ਤੇ ਆਟੋਮੈਟਿਕਲੀ ਐਮਰਜੈਂਸੀ ਸੇਵਾਵਾਂ ਨੂੰ ਕਾਲ ਕਰ ਦਿੱਤੀ। ਸਮੇਂ ਸਿਰ ਪਹੁੰਚੀ ਐਂਬੂਲੈਂਸ ਨੇ ਉਸ ਨੂੰ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਜਾਂਚ ਤੋਂ ਬਾਅਦ ਦੱਸਿਆ ਕਿ ਉਸ ਦੇ ਫੇਫੜਿਆਂ ਵਿਚ ਖ਼ੂਨ ਦੇ ਥੱਕੇ ਜਮ੍ਹਾ ਸਨ ਅਤੇ ਸਹੀ ਸਮੇਂ 'ਤੇ ਇਲਾਜ ਮਿਲਣ ਕਾਰਨ ਹੀ ਉਸ ਦੀ ਜਾਨ ਬਚ ਸਕੀ ਹੈ। ਇਸ ਘਟਨਾ ਤੋਂ ਬਾਅਦ ਪਿਓ-ਧੀ ਦੋਵੇਂ ਬਹੁਤ ਭਾਵੁਕ ਹੋ ਗਏ ਅਤੇ ਇਸ ਘਟਨਾ ਨੇ ਸਾਬਤ ਕੀਤਾ ਹੈ ਕਿ ਆਧੁਨਿਕ ਤਕਨਾਲੋਜੀ ਦੇ ਸੁਰੱਖਿਆ ਫੀਚਰ ਐਮਰਜੈਂਸੀ ਸਮੇਂ ਵਰਦਾਨ ਸਾਬਤ ਹੋ ਸਕਦੇ ਹਨ।

# ਈਰਾਨੀ ਹਮਲੇ 'ਚ ਸ਼ਹੀਦ ਹੋਈ ਭਾਰਤੀ ਮੂਲ ਦੀ ਅਮਰੀਕੀ ਸੈਨਿਕ ਨੂੰ ਨਮ ਅੱਖਾਂ ਨਾਲ ਅੰਤਿਮ ਵਿਦਾਈ

ਨਿਊਯਾਰਕ : ਜਾਰਡਨ ਦੇ ਇਕ ਫੌਜੀ ਹਵਾਈ ਅੱਡੇ 'ਤੇ ਹੋਏ ਈਰਾਨੀ ਮਿਜ਼ਾਈਲ ਹਮਲੇ 'ਚ ਸ਼ਹੀਦ ਹੋਈ 28 ਸਾਲਾ ਭਾਰਤੀ ਮੂਲ ਦੀ ਅਮਰੀਕੀ ਸੈਨਿਕ ਐਂਜਲ ਸਾਰਾ ਰਾਮਪ੍ਰਸ਼ਾਦ ਨੂੰ ਕੁਈਨਜ਼ 'ਚ ਪੂਰੇ ਫੌਜੀ ਸਨਮਾਨ ਨਾਲ ਅੰਤਿਮ ਵਿਦਾਈ ਦਿੱਤੀ ਗਈ। ਪਰਿਵਾਰਕ ਮੈਂਬਰਾਂ, ਦੋਸਤਾਂ, ਫੌਜੀ ਸਾਥੀਆਂ, ਸਰਕਾਰੀ ਆਗੂਆਂ ਅਤੇ ਆਮ ਲੋਕਾਂ ਸਮੇਤ ਹਜ਼ਾਰਾਂ ਲੋਕ ਉਨ੍ਹਾਂ ਨੂੰ ਆਖਰੀ ਸਲਾਮ ਕਰਨ ਪਹੁੰਚੇ। ਤ੍ਰਿਨੀਦਾਦ ਵਿੱਚ ਜਨਮੀ ਰਾਮਪ੍ਰਸ਼ਾਦ ਦਾ ਪਾਲਣ-ਪੋਸ਼ਣ ਕੁਈਨਜ਼ ਦੇ ਓਜ਼ੋਨ ਪਾਰਕ ਵਿਚ ਹੋਇਆ ਸੀ। ਉਨ੍ਹਾਂ ਨੇ ਜੌਨ ਜੇ ਕਾਲਜ ਤੋਂ ਪੜ੍ਹਾਈ ਕਰਨ ਮਗਰੋਂ ਆਪਣੇ ਚਾਚੇ ਤੋਂ ਪ੍ਰੇਰਿਤ ਹੋ ਕੇ ਅਮਰੀਕੀ ਫੌਜ ਵਿਚ ਭਰਤੀ ਹੋਣ ਦਾ ਫੈਸਲਾ ਕੀਤਾ। 17 ਜੁਲਾਈ ਨੂੰ ਜਾਰਡਨ 'ਚ ਹੋਏ ਮਿਜ਼ਾਈਲ ਹਮਲੇ ਦੌਰਾਨ ਉਨ੍ਹਾਂ ਦੀ ਮੌਤ ਹੋ ਗਈ ਸੀ। ਉਨ੍ਹਾਂ ਦੀ ਬਹਾਦਰੀ



ਤੇ ਸੇਵਾ ਨੂੰ ਦੇਖਦਿਆਂ ਮੌਤ ਤੋਂ ਬਾਅਦ ਉਨ੍ਹਾਂ ਨੂੰ ਤਰੱਕੀ ਦੇ ਕੇ ਸਟਾਫ ਸਾਰਜੈਂਟ ਬਣਾਇਆ ਗਿਆ। ਅੰਤਿਮ ਸਮਾਗਮ ਓਜ਼ੋਨ ਪਾਰਕ ਦੇ ਕੈਲਵਰੀ ਅਸੈਂਬਲੀ ਆਫ ਗੌਡ ਚਰਚ 'ਚ ਹੋਇਆ। ਰੈਂਪਰਸਾਡ ਦੀ ਮਾਤਾ ਕੈਰੋਲ ਐਸੇਵੇਡੋ ਨੇ ਦੁੱਖ ਦੀ ਇਸ ਘੜੀ 'ਚ ਪਰਿਵਾਰ ਦਾ ਸਾਥ ਦੇਣ ਲਈ ਪੂਰੇ ਭਾਈਚਾਰੇ ਦਾ ਧੰਨਵਾਦ ਕੀਤਾ। ਫੌਜੀ ਅਧਿਕਾਰੀਆਂ ਨੇ ਰੈਂਪਰਸਾਡ ਨੂੰ ਬਹੁਤ ਮਿਹਨਤੀ, ਬਹਾਦਰ ਅਤੇ ਆਪਣੀ ਡਿਊਟੀ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਸੈਨਿਕ ਦੱਸਿਆ।

# ਭਾਰਤੀ ਮੂਲ ਦੇ ਵਕੀਲ ਵਿਰੁੱਧ ਸ਼ਰਨ ਮਾਮਲਿਆਂ 'ਚ ਧੋਖਾਧੜੀ ਦੇ ਦੋਸ਼

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ/ਸਾਡੇ ਲੋਕ) : ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ (ਆਈ ਸੀ ਈ) ਨੇ ਭਾਰਤੀ ਮੂਲ ਦੇ ਇਕ ਇਮੀਗ੍ਰੇਸ਼ਨ ਵਕੀਲ ਉਪਰ ਦੋਸ਼ ਲਾਇਆ ਹੈ ਕਿ ਉਸ ਨੇ 54 ਇਮੀਗ੍ਰੇਸ਼ਨ ਮਾਮਲਿਆਂ ਵਿੱਚ 118 ਧੋਖਾਧੜੀ ਦਸਤਾਵੇਜ਼ ਤਿਆਰ ਕੀਤੇ ਅਤੇ ਜਮਾਂ ਕਰਵਾਏ। ਆਈ.ਸੀ.ਈ. ਨੇ ਕਾਨੂੰਨ ਦੇ ਤਹਿਤ ਵਕੀਲ ਸੂਰਜ ਰਾਜ ਸਿੰਘ ਕੋਲੋਂ ਵਧ ਤੋਂ ਵਧ ਜੁਰਮਾਨਾ ਵਸੂਲਣ ਲਈ ਨੋਟਿਸ ਜਾਰੀ ਕੀਤਾ ਹੈ। ਹੋਮਲੈਂਡ ਸਕਿਉਰਿਟੀ ਵਿਭਾਗ (ਡੀ.ਐਚ.ਐਸ.) ਅਨੁਸਾਰ ਆਈ ਸੀ ਈ ਨੇ ਅਟਾਰਨੀ ਨੂੰ ਨੋਟਿਸ ਜਾਰੀ ਕਰਕੇ 470584 ਡਾਲਰ ਜੁਰਮਾਨੇ ਦੀ ਮੰਗ ਕੀਤੀ ਹੈ। ਸੂਰਜ ਰਾਜ ਸਿੰਘ ਵੱਡੀ ਪੱਧਰ 'ਤੇ ਭਾਰਤੀ ਨਾਗਰਿਕਾਂ ਦੇ ਕੇਸ ਲੜਦੇ ਹਨ ਜੋ ਅਮਰੀਕਾ ਵਿਚ ਸ਼ਰਨ ਲੈਣਾ ਚਹੁੰਦੇ ਹਨ। ਆਈ ਸੀ ਈ ਨੇ ਕਿਹਾ ਹੈ ਕਿ ਅਟਾਰਨੀ ਵੱਲੋਂ ਸ਼ਰਨ ਲੈਣ ਸਬੰਧੀ ਸਾਰੇ ਮਾਮਲਿਆਂ 'ਚ ਅਰਜ਼ੀਆਂ ਦੇ ਸਮਰਥਨ ਵਿੱਚ ਦਾਇਰ ਕੀਤੇ ਗਏ ਬਹੁਤ ਸਾਰੇ ਮਾਮਲਿਆਂ ਵਿੱਚ ਬਿਨੈਕਾਰਾਂ ਉਪਰ ਕਥਿਤ ਅਤਿਆਚਾਰ ਦਾ ਵਰਣਨ ਕਰਨ ਵਾਲੀ ਲਗਭਗ ਇੱਕੋ ਜਿਹੀ ਭਾਸ਼ਾ, ਬਿਰਤਾਂਤ ਅਤੇ ਸਹਾਇਕ ਵੇਰਵਿਆਂ ਦੀ ਵਰਤੋਂ ਕੀਤੀ ਗਈ ਹੈ। ਇੱਕ ਬਿਆਨ ਵਿੱਚ, ਡੀ.ਐਚ.ਐਸ. ਦੇ ਵਕੀਲ ਜੇਮਜ਼ ਪਰਸੀਵਲ ਨੇ ਕਿਹਾ ਕਿ ਧੋਖਾਧੜੀ ਵਾਲੇ ਸ਼ਰਨ ਦਾਅਵੇ ਅਮਰੀਕੀ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਕਮਜ਼ੋਰ ਕਰਦੇ ਹਨ, ਗੈਰ-ਕਾਨੂੰਨੀ ਅਪਰਾਧੀ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ 'ਚ ਅੜਿਕਾ ਬਣਦੇ ਹਨ ਅਤੇ ਜਨਤਕ ਸੁਰੱਖਿਆ ਲਈ ਖ਼ਤਰਾ ਪੈਦਾ ਕਰਦੇ ਹਨ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਹੋਮਲੈਂਡ ਸਿਕਿਓਰਿਟੀ ਸੈਕਟਰੀ ਮੁਲਿਨ ਦੀ ਅਗਵਾਈ ਹੇਠ ਵਿਭਾਗ ਇਮੀਗ੍ਰੇਸ਼ਨ ਪ੍ਰਣਾਲੀ ਦੀ ਦੁਰਵਰਤੋਂ ਕਰਨ ਦੇ ਦੋਸ਼ੀ ਵਕੀਲਾਂ ਵਿਰੁੱਧ ਪੈਰਵਾਈ ਜਾਰੀ ਰੱਖੇਗਾ। ਸੂਰਜ ਸਿੰਘ ਵਿਰੁੱਧ ਕਾਰਵਾਈ ਮਈ ਵਿੱਚ ਪਰਸੀਵਲ ਦੁਆਰਾ ਜਾਰੀ ਕੀਤੇ ਗਏ ਇੱਕ ਨਿਰਦੇਸ਼ ਤੋਂ ਬਾਅਦ ਕੀਤੀ ਗਈ ਹੈ ਜਿਸ ਵਿੱਚ ਧੋਖਾਧੜੀ ਵਾਲੇ ਸ਼ਰਨ ਦੇ ਦਾਅਵਿਆਂ 'ਤੇ ਕਾਰਵਾਈ ਤੇਜ ਕਰਨ ਲਈ ਕਿਹਾ ਗਿਆ ਸੀ। ਇਸ ਸਬੰਧੀ ਪਹਿਲਾ ਮਾਮਲਾ ਜੂਨ ਵਿੱਚ ਸਾਹਮਣੇ ਆਇਆ ਸੀ ਜਦੋਂ ਆਈ ਸੀ ਈ ਨੇ ਵਕੀਲ ਵਿਨੋਦ ਡੋਡਾਮਨੀ ਦੇ ਖਿਲਾਫ ਜੁਰਮਾਨੇ ਲਈ ਪੰਜ ਨੋਟਿਸ ਜਾਰੀ ਕੀਤੇ ਸਨ, ਜਿਨ੍ਹਾਂ ਵਿੱਚ ਕੁੱਲ 255,232 ਡਾਲਰ ਜੁਰਮਾਨੇ ਦੀ ਮੰਗ ਕੀਤੀ ਗਈ ਸੀ।

# ਅਮਰੀਕਾ 'ਚ ਰਹਿ ਰਹੇ ਭਾਰਤੀਆਂ ਨੂੰ ਮਿਲੇਗਾ ਗ੍ਰੀਨ ਕਾਰਡ ! ਬਿੱਲ ਪੇਸ਼

ਵਾਸ਼ਿੰਗਟਨ : ਸੱਤ ਸਾਲ ਤੋਂ ਅਮਰੀਕਾ ਵਿੱਚ ਰਹਿ ਰਹੇ ਭਾਰਤੀਆਂ ਨੂੰ ਹੁਣ ਗ੍ਰੀਨ ਕਾਰਡ ਮਿਲਣ ਦੀ ਉਮੀਦ ਹੈ। ਅਮਰੀਕੀ ਇਮੀਗ੍ਰੇਸ਼ਨ ਸੰਬੰਧੀ ਇੱਕ ਨਵਾਂ ਪ੍ਰਸਤਾਵ ਸਾਹਮਣੇ ਆਇਆ ਹੈ। ਡੈਮੋਕ੍ਰੇਟਿਕ ਸੈਨੇਟਰ ਐਲੇਕਸ ਪੈਡਿਲਾ ਨੇ ਇੱਕ ਨਵਾਂ ਬਿੱਲ ਪੇਸ਼ ਕੀਤਾ ਹੈ। ਇਹ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਖ਼ਤ ਇਮੀਗ੍ਰੇਸ਼ਨ ਨੀਤੀ ਦੇ ਜਵਾਬ ਵਿੱਚ ਪੇਸ਼ ਕੀਤਾ ਗਿਆ ਹੈ। ਇਸ ਬਿੱਲ ਦਾ ਉਦੇਸ਼ ਉਨ੍ਹਾਂ ਭਾਰਤੀਆਂ ਨੂੰ ਗ੍ਰੀਨ ਕਾਰਡ ਦੇਣਾ ਹੈ ਜੋ ਘੱਟੋ-ਘੱਟ ਸੱਤ ਸਾਲਾਂ ਤੋਂ ਅਮਰੀਕਾ ਵਿੱਚ ਰਹਿ ਰਹੇ ਹਨ।




ਇਸ ਨਾਲ H-1B ਵੀਜ਼ਾ ਧਾਰਕਾਂ ਨੂੰ ਵਿਸ਼ੇਸ਼ ਲਾਭ ਮਿਲ ਸਕਦੇ ਹਨ। ਇਸ ਪ੍ਰਸਤਾਵ ਨਾਲ 80 ਲੱਖ ਤੋਂ ਵੱਧ ਲੋਕਾਂ ਨੂੰ ਲਾਭ ਹੋਵੇਗਾ। ਪੈਡਿਲਾ ਦੇ ਅਨੁਸਾਰ ਕਾਂਗਰਸ ਇਨ੍ਹਾਂ ਲੋਕਾਂ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੀ। ਇਸ ਕਦਮ ਨਾਲ ਅਮਰੀਕਾ ਵਿੱਚ ਰਹਿਣ ਵਾਲੇ ਭਾਰਤੀ ਭਾਈਚਾਰੇ ਨੂੰ ਕਾਫ਼ੀ ਰਾਹਤ ਮਿਲੀ ਹੈ, ਖਾਸ ਕਰਕੇ H-1B ਵੀਜ਼ਾ 'ਤੇ ਇੱਥੇ ਕੰਮ ਕਰਨ ਵਾਲੇ ਪੇਸ਼ੇਵਰਾਂ ਨੂੰ ਜੋ ਲੰਬੇ ਸਮੇਂ ਤੋਂ ਉਡੀਕੇ ਜਾ ਰਹੇ ਗ੍ਰੀਨ ਕਾਰਡ ਦੀ ਉਡੀਕ ਕਰ ਰਹੇ ਹਨ ਜੇਕਰ ਇਹ ਬਿੱਲ ਕਾਨੂੰਨ ਬਣ ਜਾਂਦਾ ਹੈ, ਤਾਂ ਇਹ ਘੱਟੋ-ਘੱਟ ਸੱਤ ਸਾਲਾਂ ਤੋਂ ਅਮਰੀਕਾ ਵਿੱਚ ਰਹਿ ਰਹੇ ਪ੍ਰਵਾਸੀਆਂ ਨੂੰ ਗ੍ਰੀਨ ਕਾਰਡ ਲਈ ਅਰਜ਼ੀ ਦੇਣ ਦੀ ਆਗਿਆ ਦੇਵੇਗਾ।

ਕੈਲੀਫੋਰਨੀਆ ਦੇ ਸੈਨੇਟਰ ਐਲੇਕਸ ਪੈਡਿਲਾ ਨੇ ਕਿਹਾ ਕਿ ਉਨ੍ਹਾਂ ਦਾ ਪ੍ਰਸਤਾਵ ਇੱਕ ਇਮੀਗ੍ਰੇਸ਼ਨ ਨਿਯਮ ਨੂੰ ਬਦਲ ਦੇਵੇਗਾ, ਜੋ 1986 ਤੋਂ ਅਪਡੇਟ ਨਹੀਂ ਕੀਤਾ ਗਿਆ ਹੈ ਅਤੇ 80 ਲੱਖ ਤੋਂ ਵੱਧ ਲੋਕਾਂ ਨੂੰ ਲਾਭ ਪਹੁੰਚਾਏਗਾ। ਪੈਡਿਲਾ ਮੁਤਾਬਕ, 'ਕਾਂਗਰਸ ਉਨ੍ਹਾਂ ਨਿਵਾਸੀਆਂ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੀ ਜੋ ਹਰ ਰੋਜ਼ ਸਾਡੀ ਆਰਥਿਕਤਾ ਅਤੇ ਭਾਈਚਾਰਿਆਂ ਵਿੱਚ ਯੋਗਦਾਨ ਪਾਉਂਦੇ ਹਨ। ਸਾਡੇ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਆਧੁਨਿਕ ਬਣਾਉਣ ਅਤੇ ਕਾਨੂੰਨੀ ਸਥਾਈ ਨਿਵਾਸ ਲਈ ਇੱਕ ਨਿਰਪੱਖ ਰਸਤਾ ਬਣਾਉਣ ਦਾ ਸਮਾਂ ਆ ਗਿਆ ਹੈ ਪਰ ਇਸ ਬਿੱਲ ਨੂੰ ਪਾਸ ਕਰਨਾ ਇਸ ਸਮੇਂ ਇੱਕ ਦੂਰ ਦਾ ਸੁਪਨਾ ਜਾਪਦਾ ਹੈ, ਕਿਉਂਕਿ ਰਿਪਬਲਿਕਨ ਉਲਟ ਦਿਸ਼ਾ ਵਿੱਚ ਕੰਮ ਕਰ ਰਹੇ ਹਨ।

ਕਾਨੂੰਨ ਕੀ ਕਹਿੰਦਾ ਹੈ ?

'1929 ਦੇ ਇਮੀਗ੍ਰੇਸ਼ਨ ਐਕਟ ਦੇ ਇਮੀਗ੍ਰੇਸ਼ਨ ਪ੍ਰੋਵਿਜ਼ਨਜ਼ ਨੂੰ ਨਵਿਆਉਣਾ' ਕਾਨੂੰਨ ਉਨ੍ਹਾਂ ਪ੍ਰਵਾਸੀਆਂ ਨੂੰ ਕਾਨੂੰਨੀ ਸਥਾਈ ਨਿਵਾਸੀ ਸਥਿਤੀ ਲਈ ਅਰਜ਼ੀ ਦੇਣ ਦੀ ਆਗਿਆ ਦੇਵੇਗਾ ਜੋ ਘੱਟੋ ਘੱਟ ਸੱਤ ਸਾਲਾਂ ਤੋਂ ਸੰਯੁਕਤ ਰਾਜ ਵਿੱਚ ਰਹਿ ਰਹੇ ਹਨ। ਬਿਨੈਕਾਰਾਂ ਦਾ ਕੋਈ ਅਪਰਾਧਿਕ ਰਿਕਾਰਡ ਨਹੀਂ ਹੋਣਾ ਚਾਹੀਦਾ ਅਤੇ ਗ੍ਰੀਨ ਕਾਰਡ ਲਈ ਸਾਰੀਆਂ ਮੌਜੂਦਾ ਜ਼ਰੂਰਤਾਂ ਨੂੰ ਪੂਰਾ ਕਰਨਾ ਚਾਹੀਦਾ ਹੈ। ਬਿੱਲ ਵਿੱਚ ਡਰੀਮਰ, ਅਸਥਾਈ ਸੁਰੱਖਿਅਤ ਸਥਿਤੀ (TPS) ਧਾਰਕ, ਜ਼ਰੂਰੀ ਸੇਵਾਵਾਂ ਵਿੱਚ ਕੰਮ ਕਰਨ ਵਾਲੇ ਲੋਕ ਅਤੇ ਲੰਬੇ ਸਮੇਂ ਦੇ ਵੀਜ਼ਾ ਧਾਰਕਾਂ ਦੇ ਬੱਚੇ ਸ਼ਾਮਲ ਹੋਣਗੇ। ਇਹ ਹੁਨਰਮੰਦ ਕਾਮਿਆਂ ਦੀ ਵੀ ਮਦਦ ਕਰ ਸਕਦਾ ਹੈ, ਜਿਸ ਵਿੱਚ H-1B ਵੀਜ਼ਾ ਧਾਰਕ ਵੀ ਸ਼ਾਮਲ ਹਨ ਜੋ ਰੁਜ਼ਗਾਰ-ਅਧਾਰਤ ਗ੍ਰੀਨ ਕਾਰਡਾਂ ਲਈ ਸਾਲਾਂ ਤੋਂ ਉਡੀਕ ਕਰ ਰਹੇ ਹਨ। ਹਾਲਾਂਕਿ ਰਿਪਬਲਿਕਨ ਇਸ ਦੇ ਵਿਰੁੱਧ ਕੰਮ ਕਰ ਰਹੇ ਹਨ, ਜਿਸ ਕਾਰਨ ਬਿੱਲ ਦਾ ਪਾਸ ਹੋਣਾ ਇਸ ਸਮੇਂ ਮੁਸ਼ਕਲ ਹੋ ਗਿਆ ਹੈ।

# ਅਮਰੀਕਾ ਵਿਚ 'ਆਈਸ' ਵਲੋਂ ਜੁਲਾਈ ਮਹੀਨੇ ਦੌਰਾਨ 46 ਹਜ਼ਾਰ ਤੋਂ ਵੱਧ ਪ੍ਰਵਾਸੀ ਹਿਰਾਸਤ 'ਚ

ਨਿਊਯਾਰਕ : ਅਮਰੀਕਾ ਵਿਚ ਗੈਰ-ਕਾਨੂੰਨੀ ਇਮੀਗ੍ਰੇਸ਼ਨ ਵਿਰੁੱਧ ਕਾਰਵਾਈ ਤੇਜ਼ ਕਰ ਦਿੱਤੀ ਗਈ ਹੈ। ਸ਼ੁਰੂਆਤੀ ਸਰਕਾਰੀ ਅੰਕੜਿਆਂ ਮੁਤਾਬਕ ਜੁਲਾਈ ਵਿਚ 46 ਹਜ਼ਾਰ ਤੋਂ ਵੱਧ ਲੋਕਾਂ ਨੂੰ 'ਆਈਸ' ਦੀ ਹਿਰਾਸਤ ਵਿਚ ਭੇਜਿਆ ਗਿਆ। ਟਰੰਪ ਦੇ ਦੂਜੇ ਕਾਰਜਕਾਲ ਦੌਰਾਨ ਇਕ ਮਹੀਨੇ ਵਿਚ ਹੋਈ ਇਹ ਸਭ ਤੋਂ ਵੱਡੀ ਕਾਰਵਾਈ ਦੱਸੀ ਜਾ ਰਹੀ ਹੈ ।ਹਿਰਾਸਤ ਵਿਚ ਲਏ ਲੋਕਾਂ ਵਿਚ ਬਿਨਾਂ ਕਾਨੂੰਨੀ ਇਜਾਜ਼ਤ ਅਮਰੀਕਾ ਆਉਣ ਵਾਲੇ ਅਤੇ ਵੀਜ਼ਾ ਖ਼ਤਮ ਹੋਣ ਤੋਂ ਬਾਅਦ ਵੀ ਦੇਸ਼ ਵਿਚ ਰਹਿ ਰਹੇ ਲੋਕ ਸ਼ਾਮਿਲ ਹਨ। ਜੁਲਾਈ ਵਿਚ ਰੋਜ਼ਾਨਾ ਔਸਤਨ 1500 ਲੋਕ ਹਿਰਾਸਤ ਵਿਚ ਪਹੁੰਚੇ, ਜਦਕਿ ਜੂਨ ਵਿਚ ਕੁੱਲ ਗਿਣਤੀ ਲਗਭਗ 43 ਹਜ਼ਾਰ ਸੀ। 'ਆਈਸ' ਹੁਣ ਹਵਾਈ ਅੱਡਿਆਂ, ਇਮੀਗ੍ਰੇਸ਼ਨ ਦਫ਼ਤਰਾਂ, ਸੜਕਾਂ ਅਤੇ ਵੱਖ-ਵੱਖ ਇਲਾਕਿਆਂ ਵਿਚ ਗ੍ਰਿਫ਼ਤਾਰੀਆਂ ਕਰ ਰਹੀ ਹੈ। ਇਸ ਵੇਲੇ ਦੇਸ਼ ਭਰ ਦੇ ਹਿਰਾਸਤੀ ਕੇਂਦਰਾਂ ਵਿਚ ਕਰੀਬ 68 ਹਜ਼ਾਰ ਲੋਕ ਰੱਖੇ ਗਏ ਹਨ। ਹਵਾਈ ਅੱਡਿਆਂ ਉਤੇ ਸਾਦੇ ਕੱਪੜਿਆਂ ਵਿਚ ਏਜੰਟਾਂ ਵਲੋਂ ਕੀਤੀਆਂ ਗ੍ਰਿਫ਼ਤਾਰੀਆਂ ਦੀਆਂ ਵੀਡੀਓਜ਼ ਸਾਹਮਣੇ ਆਉਣ ਤੋਂ ਬਾਅਦ ਆਈਸ ਦੇ ਤਰੀਕਿਆਂ ਉਤੇ ਸਵਾਲ ਉੱਠ ਰਹੇ ਹਨ। ਟੈਕਸਾਸ ਅਤੇ ਮੇਨ ਵਿਚ ਵਾਹਨ ਰੋਕਣ ਦੌਰਾਨ ਦੋ ਪ੍ਰਵਾਸੀਆਂ ਦੀ ਗੋਲੀ ਲੱਗਣ ਨਾਲ ਮੌਤ ਤੋਂ ਬਾਅਦ ਵੀ ਵਿਰੋਧ ਵਧਿਆ ਹੈ। ਦੋਵਾਂ ਘਟਨਾਵਾਂ ਦੀ ਜਾਂਚ ਚੱਲ ਰਹੀ ਹੈ।




ਗ੍ਰਹਿ ਸੁਰੱਖਿਆ ਵਿਭਾਗ ਦਾ ਦਾਅਵਾ ਹੈ ਕਿ ਟਰੰਪ ਸਰਕਾਰ ਦੀ ਸਖ਼ਤ ਨੀਤੀ ਕਾਰਨ 30 ਲੱਖ ਤੋਂ ਵੱਧ ਗੈਰ-ਕਾਨੂੰਨੀ ਪ੍ਰਵਾਸੀ ਅਮਰੀਕਾ ਛੱਡ ਚੁੱਕੇ ਹਨ। ਵਿਭਾਗ ਅਨੁਸਾਰ ਜੁਲਾਈ ਦੇ ਮੱਧ ਤੱਕ 9 ਲੱਖ 85 ਹਜ਼ਾਰ ਤੋਂ ਵੱਧ ਲੋਕਾਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਅਤੇ 10 ਲੱਖ ਤੋਂ ਵੱਧ ਲੋਕ ਗ੍ਰਿਫ਼ਤਾਰ ਕੀਤੇ ਗਏ ਹਨ। ਹਾਲਾਂਕਿ, ਇਹ ਤਾਜ਼ਾ ਅੰਕੜੇ ਅਜੇ ਸਰਕਾਰ ਵੱਲੋਂ ਰਸਮੀ ਤੌਰ 'ਤੇ ਜਨਤਕ ਨਹੀਂ ਕੀਤੇ ਗਏ।

# ਟਰੰਪ ਵਲੋਂ ਈਰਾਨ 'ਤੇ ਹਮਲੇ ਰੋਕਣ ਦਾ ਐਲਾਨ

ਵਾਸ਼ਿੰਗਟਨ/ਨਿਊਯਾਰਕ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਕਹਿਣਾ ਹੈ ਕਿ ਉਹ ਅਮਰੀਕੀ ਫ਼ੌਜ ਨੂੰ ਈਰਾਨ 'ਤੇ ਨਵੇਂ ਹਮਲੇ ਰੋਕਣ ਦਾ ਹੁਕਮ ਦੇਣਗੇ । ਉਨ੍ਹਾਂ ਦਾ ਦਾਅਵਾ ਹੈ ਕਿ ਮੱਧ ਪੂਰਬੀ ਸਹਿਯੋਗੀ ਪੰਜ ਮਹੀਨਿਆਂ ਤੋਂ ਚੱਲ ਰਹੇ ਟਕਰਾਅ ਨੂੰ ਖਤਮ ਕਰਨ ਲਈ ਇੱਕ ਸਮਝੌਤੇ ਦੀਆਂ ਸ਼ਰਤਾਂ 'ਤੇ ਸਹਿਮਤ ਹੋ ਗਏ ਹਨ । ਇੱਕ ਸੋਸ਼ਲ ਮੀਡੀਆ ਪੋਸਟ ਵਿਚ, ਟਰੰਪ ਨੇ ਲਿਖਿਆ ਕਿ ਇਸ ਸਮਝੌਤੇ ਵਿਚ "ਹੋਰਮੁਜ਼ ਜਲਡਮਰੂ ਨੂੰ ਤੁਰੰਤ ਅਤੇ ਪੂਰੀ ਤਰ੍ਹਾਂ ਖੋਲ੍ਹਣਾ ਤੇ ਈਰਾਨੀ ਪ੍ਰਮਾਣੂ ਖਤਰੇ ਨੂੰ ਖਤਮ ਕਰਨਾ ਸ਼ਾਮਿਲ ਹੋਵੇਗਾ। ਟਰੰਪ ਨੇ ਕਿਹਾ ਕਿ ਇਸ ਬੇਨਤੀ ਦੇ ਆਧਾਰ 'ਤੇ ਅਤੇ ਦੁਨੀਆ ਦੇ ਭਵਿੱਖ ਦੇ ਲਾਭ ਦੇ ਨਾਲ-ਨਾਲ ਇੱਕ ਸਫਲ ਅਤੇ ਖੁਸ਼ਹਾਲ ਈਰਾਨ ਦੀ ਹੋਂਦ ਨੂੰ ਯਕੀਨੀ ਬਣਾਉਣ ਲਈ, ਮੈਂ ਹਮਲਾ ਰੱਦ ਕਰਨ ਲਈ ਸਹਿਮਤ ਹੋ ਗਿਆ ਹਾਂ, ਬਸ਼ਰਤੇ ਜਲਦੀ ਹੀ ਇੱਕ ਸਮਝੌਤਾ ਹੋ ਸਕੇ । ਈਰਾਨ



ਦੇ ਰੱਖਿਆ ਮੰਤਰੀ ਨੇ ਐਕਸ 'ਤੇ ਕਿਹਾ ਕਿ ਟਰੰਪ ਦੇ ਐਲਾਨ ਤੋਂ ਬਾਅਦ ਦੇਸ਼ ਨਾ ਤਾਂ ਹੈਰਾਨ ਹੈ ਅਤੇ ਨਾ ਹੀ ਸਰਗਰਮ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਤੋਂ ਠੋਸ ਖਤਰਿਆਂ ਦੇ ਮੱਦੇਨਜ਼ਰ ਈਰਾਨ ਅਜੇ ਵੀ ਚੌਕਸ ਹੈ। ਵਿਚੋਲਗੀ ਦੀਆਂ ਕੋਸ਼ਿਸ਼ਾਂ ਵਿਚ ਸ਼ਾਮਿਲ ਇੱਕ ਅਧਿਕਾਰੀ ਨੇ ਕਿਹਾ ਕਿ ਟਰੰਪ ਦੁਆਰਾ ਹਫਤੇ ਦੇ ਅੰਤ ਵਿਚ ਐਲਾਨਿਆ ਗਿਆ ਪ੍ਰਸਤਾਵ, ਅਮਰੀਕਾ ਤੇ ਈਰਾਨ ਨੂੰ ਗੱਲਬਾਤ ਮੁੜ ਸ਼ੁਰੂ ਕਰਨ ਅਤੇ ਉਨ੍ਹਾਂ ਵੱਖ-ਵੱਖ ਮੁੱਦਿਆਂ ਨੂੰ ਹੱਲ ਕਰਨ ਲਈ ਕੰਮ ਕਰਨ ਦਾ ਸੱਦਾ ਦਿੰਦਾ ਹੈ, ਜੋ ਪਹਿਲਾਂ ਸਮਝੌਤਾ ਹੋਣ ਵਿਚ ਰੁਕਾਵਟ ਪਾ ਰਹੇ ਸਨ। ਅਧਿਕਾਰੀ ਨੇ ਨੋਟ ਕੀਤਾ ਕਿ ਪ੍ਰਸਤਾਵ ਵਿੱਚ ਹੋਰਮੁਜ਼ ਜਲਡਮਰੂ ਨੂੰ ਦੁਬਾਰਾ ਖੋਲ੍ਹਣ ਅਤੇ ਪੂਰੇ ਖੇਤਰ ਵਿੱਚ ਹਮਲਿਆਂ ਨੂੰ ਰੋਕਣ ਦੀ ਮੰਗ ਕੀਤੀ ਗਈ ਹੈ, ਜਿਸ ਵਿਚ ਇਰਾਕ ਵਿਚ ਈਰਾਨ-ਸਮਰਥਿਤ ਮਿਲੀਸ਼ੀਆ ਦੁਆਰਾ ਅਰਬ ਖਾੜੀ ਰਾਜਾਂ ਅਤੇ ਜਾਰਡਨ ਵਿਰੁੱਧ ਕੀਤੇ ਗਏ ਹਮਲੇ ਸ਼ਾਮਿਲ ਹਨ। ਬਦਲੇ ਵਿੱਚ ਅਮਰੀਕਾ ਈਰਾਨ 'ਤੇ ਆਪਣੀ ਜਲ ਸੈਨਾ ਦੀ ਨਾਕਾਬੰਦੀ ਹਟਾ ਦੇਵੇਗਾ ਤੇ ਤਹਿਰਾਨ ਨੂੰ ਆਪਣਾ ਤੇਲ ਨਿਰਯਾਤ ਕਰਨ ਦੀ ਆਗਿਆ ਦੇਵੇਗਾ।

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

## Manteca-Arizona- San Francisco

239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com

## All Services Under One Roof



HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



# ਅਮਰੀਕਾ: 6 ਸਾਲਾ ਮਾਸੂਮ ਕਿੰਗਸਟਨ ਦੇ ਕਾਤਲਾਂ ਦੀ ਸੂਚਨਾ ਦੇਣ ’ਤੇ FBI ਵੱਲੋਂ $30,000 ਦੇ ਇਨਾਮ ਦਾ ਐਲਾਨ

## ਵਰਜੀਨੀਆ ’ਚ ਗੈਂਗਵਾਰ ਦੀ ਗੋਲੀਬਾਰੀ ਦੌਰਾਨ ਘਰ ਅੰਦਰ ਖੇਡਦੇ ਬੱਚੇ ਦੀ ਹੋਈ ਸੀ ਮੌਤ; ਦੋਸ਼ੀਆਂ ਦੀ ਗ੍ਰਿਫ਼ਤਾਰੀ ਲਈ ਐੱਫ.ਬੀ.ਆਈ. ਵੱਲੋਂ ਜਨਤਾ ਤੋਂ ਮਦਦ ਦੀ ਅਪੀਲ







ਰਿਚਮੰਡ / ਲਿੰਚਬਰਗ (ਵਰਜੀਨੀਆ): ਅਮਰੀਕਾ ਦੀ ਕੇਂਦਰੀ ਜਾਂਚ ਏਜੰਸੀ ਐੱਫ.ਬੀ.ਆਈ. (FBI) ਦੀ ਰਿਚਮੰਡ ਫੀਲਡ ਆਫ਼ਿਸ ਅਤੇ ਲਿੰਚਬਰਗ ਪੁਲਿਸ ਵਿਭਾਗ ਨੇ 6 ਸਾਲਾ ਮਾਸੂਮ ਬੱਚੇ ਕਿੰਗਸਟਨ ਕੈਂਪਬੈਲ (Kingston Campbell) ਦੀ ਹੱਤਿਆ ਦੇ ਦੋਸ਼ੀਆਂ ਦੀ ਪਛਾਣ ਅਤੇ ਗ੍ਰਿਫ਼ਤਾਰੀ ਲਈ ਮਦਦ ਕਰਨ ਵਾਲੀ ਜਾਣਕਾਰੀ ਦੇਣ ਵਾਲੇ ਵਿਅਕਤੀ ਨੂੰ $30,000 (ਲਗਭਗ 30 ਹਜ਼ਾਰ ਅਮਰੀਕੀ ਡਾਲਰ) ਤੱਕ ਦਾ ਇਨਾਮ ਦੇਣ ਦਾ ਐਲਾਨ ਕੀਤਾ ਹੈ।

**ਘਰ ਅੰਦਰ ਬੈਠੇ ਮਾਸੂਮ ’ਤੇ ਚੱਲੀਆਂ ਸਨ ਗੋਲੀਆਂ:** 2 ਮਈ 2023 ਨੂੰ 6 ਸਾਲਾ ਕਿੰਗਸਟਨ ਕੈਂਪਬੈਲ ਵਰਜੀਨੀਆ ਦੇ ਲਿੰਚਬਰਗ ਸਥਿਤ ਆਪਣੇ ਘਰ ਦੇ ਬੈੱਡਰੂਮ ਵਿੱਚ ਮੌਜੂਦ ਸੀ, ਜਦੋਂ ਸਥਾਨਕ ਗੈਂਗਵਾਰ ਵਿੱਚ ਸ਼ਾਮਲ ਕੁਝ ਅਪਰਾਧੀਆਂ ਵੱਲੋਂ ਘਰ ’ਤੇ ਅੰਧਾਧੁੰਦ ਗੋਲੀਬਾਰੀ ਕਰ ਦਿੱਤੀ ਗਈ। ਇੱਕ ਗੋਲੀ ਲੱਗਣ ਕਾਰਨ ਮਾਸੂਮ ਕਿੰਗਸਟਨ ਦੀ ਮੌਕੇ ’ਤੇ ਹੀ ਮੌਤ ਹੋ ਗਈ ਸੀ।

**ਪਰਿਵਾਰ ਨਹੀਂ ਸੀ ਨਿਸ਼ਾਨਾ:** ਜਾਂਚਕਰਤਾਵਾਂ ਦਾ ਮੰਨਣਾ ਹੈ ਕਿ ਪੀੜਤ ਪਰਿਵਾਰ ਦਾ ਗੈਂਗਵਾਰ ਨਾਲ ਕੋਈ ਲੈਣਾ-ਦੇਣਾ ਨਹੀਂ ਸੀ ਅਤੇ ਹਮਲਾਵਰਾਂ ਦਾ ਨਿਸ਼ਾਨਾ ਕੋਈ ਹੋਰ ਸੀ। ਇਸ ਮਾਮਲੇ ਦੀ ਜਾਂਚ ਅਜੇ ਵੀ ਲਗਾਤਾਰ ਜਾਰੀ ਹੈ।







**ਸੂਚਨਾ ਦੇਣ ਲਈ ਅਪੀਲ :** ਜੇਕਰ ਕਿਸੇ ਕੋਲ ਵੀ ਇਸ ਕੇਸ, ਸ਼ੱਕੀ ਵਿਅਕਤੀਆਂ ਜਾਂ ਗੋਲੀਬਾਰੀ ਵਿੱਚ ਸ਼ਾਮਲ ਅਪਰਾਧੀਆਂ ਬਾਰੇ ਕੋਈ ਜਾਣਕਾਰੀ ਹੋਵੇ, ਤਾਂ ਉਹ ਹੇਠ ਲਿਖੇ ਜ਼ਰੀਏ ਨਾਲ ਐੱਫ.ਬੀ.ਆਈ. ਤੱਕ ਪਹੁੰਚ ਕਰ ਸਕਦਾ ਹੈ:

ਆਨਲਾਈਨ ਗੁਪਤ ਸੂਚਨਾ: tips.fbi.gov ’ਤੇ ਆਨਲਾਈਨ ਗੁਪਤ ਟਿੱਪ (Anonymous Tip) ਦਰਜ ਕਰਵਾਓ।

ਸੰਪਰਕ: ਆਪਣੇ ਨਜ਼ਦੀਕੀ FBI ਦਫ਼ਤਰ (ਰਿਚਮੰਡ ਫੀਲਡ ਆਫ਼ਿਸ) ਜਾਂ ਸਥਾਨਕ ਅਮਰੀਕੀ ਦੂਤਾਵਾਸ/ਕੌਂਸਲੇਟ ਨਾਲ ਸੰਪਰਕ ਕਰੋ।

# ਟਰੰਪ ਦਾ ਧਮਾਕਾ: ਗੈਰ-ਕਾਨੂੰਨੀ ਪ੍ਰਵਾਸੀ ਟਰੱਕ ਡਰਾਈਵਰਾਂ ਦੀ ਹੋਵੇਗੀ ਛੁੱਟੀ, ਸਾਬਕਾ ਫ਼ੌਜੀਆਂ ਲਈ ਨੌਕਰੀਆਂ ਦਾ ਐਲਾਨ

ਵਾਸ਼ਿੰਗਟਨ (ਰਾਜ ਗੋਗਨਾ/ਸਾਡੇ ਲੋਕ) : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਟਰੱਕਿੰਗ ਸੈਕਟਰ ਵਿੱਚ ਇੱਕ ਵੱਡੀ ਤਬਦੀਲੀ ਦਾ ਐਲਾਨ ਕੀਤਾ ਹੈ। ਉਨ੍ਹਾਂ ਨੇ ‘ਫਰੀਡਮ ਹੌਲਰਜ਼’ ਨਾਮਕ ਇੱਕ ਨਵੀਂ ਪਹਿਲਕਦਮੀ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ, ਜਿਸ ਦਾ ਉਦੇਸ਼ ਸੇਵਾਮੁਕਤ ਫੌਜੀ ਸਾਬਕਾ ਫ਼ੌਜੀਆਂ ਨੂੰ ਰੁਜ਼ਗਾਰ ਪ੍ਰਦਾਨ ਕਰਨਾ ਅਤੇ ਦੇਸ਼ ਵਿੱਚ ਗੈਰ-ਕਾਨੂੰਨੀ ਤੌਰ ’ਤੇ ਰਹਿ ਰਹੇ ਟਰੱਕ ਡਰਾਈਵਰਾਂ ਵਿਰੁੱਧ ਕਾਰਵਾਈ ਨੂੰ ਤੇਜ਼ ਕਰਨਾ ਹੈ।

ਟਰੰਪ ਨੇ ਕਿਹਾ ਕਿ ਇਹ ਪਹਿਲਕਦਮੀ ਨਾ ਸਿਰਫ਼ ਰੁਜ਼ਗਾਰ ਵਧਾਏਗੀ, ਬਲਕਿ ਰਾਸ਼ਟਰੀ ਸੁਰੱਖਿਆ ਨੂੰ ਵੀ ਮਜ਼ਬੂਤ ਕਰੇਗੀ ਅਤੇ ਸਾਬਕਾ ਫ਼ੌਜੀਆਂ ਨੂੰ ਤਰਜੀਹ ਦਿੱਤੀ ਜਾਵੇਗੀ। ਨਵੀਂ ਯੋਜਨਾ ਤਹਿਤ ਸੇਵਾਮੁਕਤ ਫੌਜੀ ਕਰਮਚਾਰੀਆਂ ਨੂੰ ਟਰੱਕ ਡਰਾਈਵਰਾਂ ਵਜੋਂ ਭਰਤੀ ਵਿੱਚ ਪਹਿਲ ਦਿੱਤੀ ਜਾਵੇਗੀ। ਵਪਾਰਕ ਡਰਾਈਵਿੰਗ ਲਾਇਸੈਂਸ (ਸੀ. ਡੀ. ਐੱਲ) ਪ੍ਰਾਪਤ ਕਰਨ ਦੀ ਪ੍ਰਕਿਰਿਆ ਨੂੰ ਵੀ ਸਰਲ ਅਤੇ ਤੇਜ਼ ਕੀਤਾ ਜਾਵੇਗਾ, ਜਿਸ ਨਾਲ ਉਹ ਜਲਦੀ ਤੋਂ ਜਲਦੀ ਟਰੱਕਿੰਗ ਉਦਯੋਗ ਵਿੱਚ ਸ਼ਾਮਲ ਹੋ ਸਕਣਗੇ ਅਤੇ ਅਮਰੀਕਾ ’ਚ ਗੈਰ-ਕਾਨੂੰਨੀ ਪ੍ਰਵਾਸੀ ਟਰੱਕ ਡਰਾਈਵਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਟਰਾਂਸਪੋਰਟੇਸ਼ਨ ਸਕੱਤਰ ਸੀਨ ਡਫੀ ਅਤੇ ਕਾਰਜਕਾਰੀ ਲੇਬਰ ਸਕੱਤਰ ਕੀਥ ਸੋਂਡਰਲਿੰਗ ਦੇ ਨਾਲ ਟਰੰਪ ਨੇ ਕਿਹਾ ਕਿ ਪ੍ਰਸ਼ਾਸਨ ਦਾ ਟੀਚਾ ਅਮਰੀਕੀ ਸੜਕਾਂ ਤੋਂ ਗੈਰ-ਕਾਨੂੰਨੀ ਟਰੱਕ ਡਰਾਈਵਰਾਂ ਨੂੰ ਹਟਾਉਣਾ ਹੈ ਅਤੇ ਉਨ੍ਹਾਂ ਦੀ ਥਾਂ ਯੋਗ ਅਮਰੀਕੀ ਸਾਬਕਾ ਸੈਨਿਕਾਂ ਨੂੰ ਨਿਯੁਕਤ



ਕਰਨਾ ਹੈ। ਅਮਰੀਕੀ ਆਵਾਜਾਈ ਵਿਭਾਗ ਦੇ ਅਨੁਸਾਰ, ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਦੀਆਂ ਜ਼ਰੂਰਤਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਤੋਂ ਬਾਅਦ 24,000 ਤੋਂ ਵੱਧ ਵਪਾਰਕ ਡਰਾਈਵਿੰਗ ਲਾਇਸੈਂਸ (CDL) ਰੱਦ ਕਰ ਦਿੱਤੇ ਗਏ ਹਨ। ਵਿਭਾਗ ਦਾ ਕਹਿਣਾ ਹੈ ਕਿ ਇਹ ਕਾਰਵਾਈ ਮੌਜੂਦਾ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਕੀਤੀ ਗਈ ਸੀ ਅਤੇ 28,000 ਤੋਂ ਵੱਧ ਮਾਮਲਿਆਂ ਦੀ ਜਾਂਚ ਦਾ ਖੁਲਾਸਾ ਹੋਇਆ ਹੈ। ਟਰਾਂਸਪੋਰਟ ਵਿਭਾਗ ਦਾ ਦਾਅਵਾ ਹੈ ਕਿ ਇੱਕ ਜਾਂਚ ਦੌਰਾਨ ਗੈਰ-ਕਾਨੂੰਨੀ ਵਪਾਰਕ ਡਰਾਈਵਿੰਗ ਲਾਇਸੈਂਸਾਂ ਦੇ 28,000 ਤੋਂ ਵੱਧ ਮਾਮਲੇ ਕਥਿਤ ਤੌਰ ’ਤੇ ਗੈਰ-ਨਾਗਰਿਕ ਟਰੱਕ ਡਰਾਈਵਰਾਂ ਨੂੰ ਜਾਰੀ ਕੀਤੇ ਗਏ ਸਨ। ਬਾਅਦ ਵਿੱਚ ਇਨ੍ਹਾਂ ਲਾਇਸੈਂਸਾਂ ਨੂੰ ਰੱਦ ਕਰ ਦਿੱਤਾ ਗਿਆ। ਪ੍ਰਸ਼ਾਸਨ ਦਾ ਕਹਿਣਾ ਹੈ ਕਿ ਭਵਿੱਖ ਵਿੱਚ ਟਰੱਕਿੰਗ ਸੈਕਟਰ ਵਿੱਚ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇਗਾ ਅਤੇ ਦਸਤਾਵੇਜ਼ ਤਸਦੀਕ ਕਰਕੇ ਲਾਗੂ ਕੀਤੀ ਜਾਵੇਗੀ।

# ਬਰਤਾਨੀਆ ਦੇ ਸੰਸਦ ਮੈਂਬਰਾਂ ਨੂੰ ਜ਼ਿਆਦਾ ਸ਼ਰਾਬ ਪੀਣ ਕਰਕੇ ਪੇਟ ਤੱਕ ਸਾਫ਼ ਕਰਵਾਉਣੇ ਪੈ ਰਹੇ ਹਨ : ਰਿਪੋਰਟ

ਲੰਡਨ : ਸ਼ਰਾਬ ਦਾ ਨਸ਼ਾ ਭਾਵੇਂ ਸਿਹਤ ਲਈ ਨੁਕਸਾਨਦੇਹ ਹੈ। ਪਰ ਵਿਸ਼ਵ ਭਰ ਵਿੱਚ ਸ਼ਰਾਬ ਪੀਣ ਵਾਲੇ ਲੋਕਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਲੇਕਨ ਹੈਰਾਨੀ ਇਸ ਗੱਲ ਦੀ ਹੈ ਕਿ ਜਿਹੜੇ ਲੋਕਾਂ ਨੇ ਨਸ਼ਾਬੰਦੀ ਨੂੰ ਲੈ ਕੇ ਨੀਤੀਆਂ ਬਣਾਉਣੀਆਂ ਹੁੰਦੀਆਂ ਹਨ ਜੇ ਉਹ ਹੀ ਸ਼ਰਾਬ ਦੇ ਵੱਧ ਸ਼ੌਕੀਨ ਹੋਣ ਤਾਂ ਆਮ ਲੋਕਾਂ ਨੂੰ ਕੋਈ ਕੀ ਕਹੂ। ਇੱਕ ਰਿਪੋਰਟ ਅਨੁਸਾਰ ਬ੍ਰਿਟਿਸ਼ ਸੰਸਦ ਦੇ ਕਈ ਸੰਸਦ ਮੈਂਬਰ ਇੰਨੀ ਜ਼ਿਆਦਾ ਸ਼ਰਾਬ ਪੀ ਰਹੇ ਹਨ ਕਿ ਉਨ੍ਹਾਂ ਦੇ ਪੇਟ ਤੱਕ ਸਾਫ਼ ਕਰਵਾਉਣੇ ਪਏ ਹਨ। ‘ਇੰਸਟੀਚਿਊਟ ਆਫ਼ ਅਲਕੋਹਲ ਸਟੱਡੀਜ਼’ ਦੀ ਇੱਕ ਨਵੀਂ ਰਿਪੋਰਟ ਨੇ ਇਸ ਨੂੰ ਬਹੁਤ ਹੀ ਗੰਭੀਰ ਮਾਮਲਾ ਦੱਸਦਿਆਂ ਚੇਤਾਵਨੀ ਦਿੱਤੀ ਹੈ। ਰਿਪੋਰਟ ਅਨੁਸਾਰ, ਵੈਸਟਮਿੰਸਟਰ ਦੇ ਅੰਦਰ ਦਿਨ ਭਰ ਸ਼ਰਾਬ ਆਸਾਨੀ ਨਾਲ ਮਿਲਦੀ ਹੈ ਅਤੇ ਇੱਥੇ ਸ਼ਰਾਬ ਪੀਣਾ ਇੱਕ ਆਮ ਗੱਲ ਬਣ ਚੁੱਕੀ ਹੈ। 190 ਸੰਸਦ ਮੈਂਬਰਾਂ ਅਤੇ ਉਨ੍ਹਾਂ ਦੇ ਸਟਾਫ਼ ‘ਤੇ ਕੀਤੇ ਗਏ ਸਰਵੇਖਣ ਤੋਂ ਬਾਅਦ ਖੋਜਕਰਤਾਵਾਂ ਨੇ ਚੇਤਾਵਨੀ ਦਿੱਤੀ ਕਿ ਇਹ ਪੀਣ ਦਾ ਸੱਭਿਆਚਾਰ ਨੁਕਸਾਨ ਪਹੁੰਚਾ ਰਿਹਾ ਹੈ, ਪਰ ਇਸ ਨੂੰ ਠੱਲ੍ਹ ਪਾਉਣ ਲਈ ਕੋਈ ਸਪੱਸ਼ਟ ਰਸਤਾ ਨਜ਼ਰ ਨਹੀਂ ਆ ਰਿਹਾ। ਸਰਵੇਖਣ ਵਿੱਚ ਲਗਭਗ 10 ਫ਼ੀਸਦੀ ਉੱਤਰਦਾਤਾਵਾਂ ਨੇ ਦੱਸਿਆ ਕਿ ਕੰਮ ਵਾਲੀ ਥਾਂ ‘ਤੇ ਕਿਸੇ ਹੋਰ ਵੱਲੋਂ ਸ਼ਰਾਬ ਪੀਣ ਕਾਰਨ ਉਨ੍ਹਾਂ ਨੂੰ ਮਾੜੇ ਅਨੁਭਵਾਂ ਦਾ ਸਾਹਮਣਾ ਕਰਨਾ ਪਿਆ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸ਼ਕਤੀ ਪ੍ਰਦਰਸ਼ਨ ਜਾਂ ਸ਼ਰਾਬ ਪੀਣ ਦੇ ਵਧਦੇ ਦਬਾਅ ਕਾਰਨ ਨੌਜਵਾਨ ਕਾਮਿਆਂ ਨੂੰ ਜ਼ਿਆਦਾ ਖ਼ਤਰਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। 42 ਫ਼ੀਸਦੀ ਸੰਸਦ ਮੈਂਬਰਾਂ ਅਤੇ 29 ਫ਼ੀਸਦੀ ਸਟਾਫ਼ ਨੇ ਮੰਨਿਆ ਕਿ ਉਨ੍ਹਾਂ ਨੂੰ ਹਫ਼ਤਾਵਾਰੀ ਅਧਾਰ



‘ਤੇ ਕੰਮ ਦੀਆਂ ਮੀਟਿੰਗਾਂ ਜਾਂ ਸਮਾਗਮਾਂ ਵਿੱਚ ਸ਼ਰਾਬ ਦੀ ਪੇਸ਼ਕਸ਼ ਕੀਤੀ ਜਾਂਦੀ ਹੈ। ਇੱਥੋਂ ਤੱਕ ਕਿ ਨਾਸ਼ਤੇ ਵਿੱਚ ਵੀ ਵਾਈਨ ਫੜ੍ਹਾ ਦਿੱਤੀ ਜਾਂਦੀ ਹੈ। ਲਗਭਗ 60 ਫ਼ੀਸਦੀ ਲੋਕਾਂ ਨੇ ਕਿਹਾ ਕਿ ਵੈਸਟਮਿੰਸਟਰ ਵਿੱਚ ਸ਼ਰਾਬ ਹੋਰ ਕੰਮ ਵਾਲੀਆਂ ਥਾਵਾਂ ਦੇ ਮੁਕਾਬਲੇ ਬਹੁਤ ਜ਼ਿਆਦਾ ਆਸਾਨੀ ਨਾਲ ਉਪਲਬਧ ਹੈ। ਇੱਕ ਸਟਾਫ਼ ਮੈਂਬਰ ਨੇ ਦੱਸਿਆ, “ਕਿਸੇ ਹੋਰ ਕੰਮ ਵਾਲੀ ਥਾਂ ‘ਤੇ ਆਪਣੀ ਖ਼ੁਦ ਦੀ ਵਾਈਨ ਨਹੀਂ ਬਣਦੀ, ਪਰ ਇੱਥੇ ਅਜਿਹਾ ਹੈ।” ਇੱਕ ਐਮ ਪੀ ਦੇ ਹਵਾਲੇ ਨਾਲ ਰਿਪੋਰਟ ਵਿੱਚ ਦੱਸਿਆ ਗਿਆ ਕਿ ਕੁਝ ਸਹਿਯੋਗੀਆਂ ਨੂੰ ਜ਼ਿਆਦਾ ਸ਼ਰਾਬ ਪੀਣ ਕਰਕੇ ਹਸਪਤਾਲ ਵਿੱਚ ਪੇਟ ਸਾਫ਼ ਕਰਵਾਉਣਾ ਪਿਆ ਅਤੇ ਉਹ ਅਗਲੇ ਹੀ ਦਿਨ ਫਿਰ ਵੈਸਟਮਿੰਸਟਰ ਵਿੱਚ ਕੰਮ ‘ਤੇ ਵਾਪਸ ਆ ਗਏ। ਗ੍ਰੀਨ ਪਾਰਟੀ ਦੀ ਐਮ ਪੀ ਹਾਨਾਹ ਸਪੈਂਸਰ ਨੇ ਵੈਸਟਮਿੰਸਟਰ ਦੇ ਸ਼ਰਾਬ ਦੇ ਸੱਭਿਆਚਾਰ ਦੀ ਆਲੋਚਨਾ ਕਰਦਿਆਂ ਇਸ ਨੂੰ “ਗ਼ੈਰ-ਪੇਸ਼ੇਵਰ ਅਤੇ ਚਿੰਤਾਜਨਕ” ਕਰਾਰ ਦਿੱਤਾ ਅਤੇ ਦੋਸ਼ ਲਾਇਆ ਕਿ ਕੁਝ ਐਮ ਪੀ ਵੋਟਿੰਗ ਤੋਂ ਪਹਿਲਾਂ ਵੀ ਸ਼ਰਾਬ ਪੀਂਦੇ ਹਨ। ਇੰਸਟੀਚਿਊਟ ਆਫ਼ ਅਲਕੋਹਲ ਸਟੱਡੀਜ਼ ਦੀ ਸੀ ਈ ਓ ਡਾ. ਕੈਥਰੀਨ ਸੇਵੇਰੀ ਨੇ ਸੁਝਾਅ ਦਿੱਤਾ ਕਿ ਸ਼ਰਾਬ ਦੀ ਉਪਲਬਧਤਾ ਨੂੰ ਸਿਰਫ਼ ਸ਼ਾਮ ਦੇ ਸਮਾਗਮਾਂ ਤੱਕ ਸੀਮਤ ਕੀਤਾ ਜਾਣਾ ਚਾਹੀਦਾ ਹੈ ਅਤੇ ਸ਼ਰਾਬ ਦੀ ਸਮੱਸਿਆ ਨਾਲ ਜੂਝ ਰਹੇ ਲੋਕਾਂ ਲਈ ਮਦਦ ਦੇ ਉਪਾਅ ਵਧਾਏ ਜਾਣੇ ਚਾਹੀਦੇ ਹਨ। ਯੂ ਕੇ ਸੰਸਦ ਦੇ ਬੁਲਾਰੇ ਨੇ ਸਪੱਸ਼ਟ ਕੀਤਾ ਕਿ ਸ਼ਰਾਬ ਦੀ ਉਪਲਬਧਤਾ ਵਿੱਚ ਕੋਈ ਵੀ ਬਦਲਾਅ ਕਰਨਾ ਆਖ਼ਰਕਾਰ ਮੈਂਬਰਾਂ ਦਾ ਆਪਣਾ ਫ਼ੈਸਲਾ ਹੋਵੇਗਾ। ਉਨ੍ਹਾਂ ਕਿਹਾ ਕਿ ਸੰਸਦ ਦਾ ਮਾਹੌਲ ਵੱਖਰਾ ਹੈ ਜਿੱਥੇ ਆਮ ਜਨਤਾ ਦੀ ਪਹੁੰਚ ਹੈ ਅਤੇ ਵੱਡੇ ਸਮਾਗਮ ਹੁੰਦੇ ਹਨ। ਪਰ ਸੰਸਦ, ਸਮਾਗਮਾਂ ਵਿੱਚ ਆਉਣ ਵਾਲਿਆਂ ਨੂੰ ਮੁਫ਼ਤ ਸ਼ਰਾਬ ਨਹੀਂ ਦਿੰਦੀ। ਸ਼ਰਾਬ ਜਾਂ ਤਾਂ ਸਮਾਗਮ ਪ੍ਰਬੰਧਕਾਂ ਵੱਲੋਂ ਖ਼ਰੀਦੀ ਜਾਂਦੀ ਹੈ ਜਾਂ ਪੀਣ ਵਾਲੇ ਆਪ ਖ਼ਰੀਦਦੇ ਹਨ।” ਬੁਲਾਰੇ ਨੇ ਦੱਸਿਆ ਕਿ ਸਾਰੇ ਮੈਂਬਰਾਂ ਨੂੰ ਜ਼ਿੰਮੇਵਾਰੀ ਨਾਲ ਸ਼ਰਾਬ ਪੀਣ ਦੇ ਨਿਯਮਾਂ ਦੀ ਯਾਦ ਕਰਵਾਈ ਗਈ ਹੈ, ਅਤੇ ਜੋ ਲੋਕ ਜ਼ਿਆਦਾ ਨਸ਼ੇ ਵਿੱਚ ਹੁੰਦੇ ਹਨ, ਉਨ੍ਹਾਂ ਨੂੰ ਸ਼ਰਾਬ ਵੇਚਣ ਤੋਂ ਮਨ੍ਹਾ ਕਰਨ ਦੇ ਅਧਿਕਾਰ ਵੀ ਸਟਾਫ਼ ਕੋਲ ਹਨ।

# ਨਸ਼ਾ ਤਸਕਰੀ ਦੀ ਗੰਭੀਰ ਸਮੱਸਿਆ

ਦੇਸ਼ ਵਿਚ ਨਸ਼ਿਆਂ ਅਤੇ ਨਸ਼ਾ ਤਸਕਰੀ ਨੇ ਇਕ ਵਾਰ ਫਿਰ ਕੇਂਦਰ ਤੇ ਸੂਬਾ ਸਰਕਾਰਾਂ ਨੂੰ ਹੈਰਾਨ ਕੀਤਾ ਹੈ। ਨਸ਼ੀਲੇ ਪਦਾਰਥਾਂ ਦੀ ਇਹ ਤਸਕਰੀ ਵਧੇਰੇ ਕਰਕੇ ਗੁਆਂਢੀ ਦੇਸ਼ ਪਾਕਿਸਤਾਨ ਦੇ ਰਸਤਿਓਂ ਸਰਹੱਦ ਪਾਰ ਤੋਂ ਡਰੋਨਾਂ ਰਾਹੀਂ ਕੀਤੀ ਜਾਂਦੀ ਹੈ। ਨਸ਼ੇ ਨੂੰ ਲੈ ਕੇ ਕੀਤੇ ਗਏ ਇਕ ਵੱਡੇ ਪੱਧਰ ਦੇ ਸਰਵੇਖਣ ਅਨੁਸਾਰ ਪਾਕਿਸਤਾਨ ਇਕ ਤਰ੍ਹਾਂ ਨਾਲ ਨਸ਼ੀਲੇ ਪਦਾਰਥਾਂ ਦੇ ਭੰਡਾਰ ਦਾ ਕੇਂਦਰ ਬਣ ਗਿਆ ਹੈ, ਜਿੱਥੋਂ ਇਨ੍ਹਾਂ ਪਦਾਰਥਾਂ ਦਾ ਬਹੁਤ ਵੱਡਾ ਹਿੱਸਾ ਭਾਰਤ ਦੇ ਪੰਜਾਬ ਰਾਜ ਵਿਚ ਡਰੋਨਾਂ ਰਾਹੀਂ ਭੇਜਿਆ ਜਾਂਦਾ ਹੈ। ਪਾਕਿਸਤਾਨ ਤੋਂ ਭਾਰਤ ਵਿਚ ਪੰਜਾਬ ਦੀ ਸਰਹੱਦ ਰਾਹੀਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਉਂਜ ਤਾਂ ਦਹਾਕਿਆਂ ਪਹਿਲਾਂ ਤੋਂ ਹੀ ਕੀਤੀ ਜਾਂਦੀ ਰਹੀ ਹੈ। ਕਦੇ ਕਿਸ਼ਤੀਆਂ ਰਾਹੀਂ, ਕਦੇ ਸੁਰੰਗਾਂ ਰਾਹੀਂ ਪਾਕਿਸਤਾਨ ਤੋਂ ਅਫ਼ੀਮ ਤੇ ਹੈਰੋਇਨ ਦੀ ਤਸਕਰੀ ਪੰਜਾਬ ਦੀ ਸਰਹੱਦ ਤੋਂ ਭਾਰਤ ਵਿਚ ਕੀਤੀ ਜਾਂਦੀ ਰਹੀ ਹੈ, ਪਰ ਹੁਣ ਕਿਸ਼ਤੀਆਂ ਦਾ ਕੰਮ ਡਰੋਨਾਂ ਤੋਂ ਲਿਆ ਜਾਣ ਲੱਗਾ ਹੈ ਅਤੇ ਪਾਕਿਸਤਾਨ ਤੋਂ ਭਾਰਤੀ ਪੰਜਾਬ ਵਿਚ ਨਸ਼ਾ ਤਸਕਰੀ ਆਮ ਗੱਲ ਹੋ ਗਈ ਹੈ।

ਉਂਜ ਤਾਂ ਨਸ਼ੇ ਲਈ ਅਫ਼ੀਮ, ਚਰਸ, ਕੋਕੀਨ ਆਦਿ ਬਹੁਤ ਸਾਰੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਕੀਤੀ ਜਾਂਦੀ ਹੈ, ਪਰ ਵਰਤਮਾਨ 'ਚ ਹੈਰੋਇਨ ਸਭ ਤੋਂ ਵੱਡਾ ਨਸ਼ੀਲਾ ਪਦਾਰਥ ਬਣ ਗਿਆ ਹੈ। ਥੋੜ੍ਹੇ ਸਮੇਂ ਤੋਂ ਇਕ ਹੋਰ ਵੱਡਾ ਖ਼ਤਰਨਾਕ ਨਸ਼ੀਲਾ ਪਦਾਰਥ ਆਈਸ ਵੀ ਵੱਡੀ ਚਰਚਾ 'ਚ ਆਇਆ ਹੈ। ਪਿਛਲੇ ਕਈ ਸਾਲਾਂ ਤੋਂ ਹੈਰੋਇਨ ਦੀ ਤਸਕਰੀ ਅਤੇ ਇਸ ਨੂੰ ਲੈਣ ਦੀ ਮਾਤਰਾ 'ਚ ਲਗਾਤਾਰ ਵਾਧਾ ਹੋਇਆ ਹੈ। ਇਸ ਦਾ ਵੱਡਾ ਪ੍ਰਮਾਣ ਇਸ ਇਕ ਤੱਥ ਤੋਂ ਮਿਲ ਜਾਂਦਾ ਹੈ ਕਿ ਇਨ੍ਹਾਂ ਦਿਨਾਂ 'ਚ ਸਰਹੱਦਾਂ 'ਤੇ ਵਿਸ਼ੇਸ਼ ਸੁਰੱਖਿਆ ਚੌਕਸੀ ਹੋਣ ਦੇ ਬਾਵਜੂਦ ਤਸਕਰੀ ਤੋਂ ਬਰਾਮਦ ਹੋਣ ਵਾਲੀਆਂ ਖੇਪਾਂ ਦੀ ਗਿਣਤੀ ਤੇ ਮਾਤਰਾ ਵਧ ਗਈ ਹੈ। ਇਸ ਲਈ ਤਸਕਰਾਂ ਵਲੋਂ ਨਵੀਆਂ ਤਕਨੀਕਾਂ ਦਾ ਵੀ ਇਸਤੇਮਾਲ ਕੀਤਾ ਜਾਣ ਲੱਗਾ ਹੈ। ਸੀਮਾ ਸੁਰੱਖਿਆ ਬਲ (ਬੀ.ਐਸ.ਐਫ.) ਦੀ ਲਗਾਤਾਰ ਨਿਗਰਾਨੀ ਦੇ ਬਾਵਜੂਦ ਅਜਿਹੀਆਂ ਘਟਨਾਵਾਂ ਰੁਕਣ ਦਾ ਨਾਂਅ ਨਹੀਂ ਲੈ ਰਹੀਆਂ। ਨਾਰਕੋਟਿਕਸ ਕੰਟਰੋਲ ਬਿਊਰੋ (ਐਨ.ਸੀ.ਬੀ.) ਦੀ ਰਿਪੋਰਟ ਅਨੁਸਾਰ ਸਾਲ 2021 ਵਿਚ ਪਾਕਿਸਤਾਨ ਤੋਂ ਡਰੋਨਾਂ ਜ਼ਰੀਏ ਪੰਜਾਬ ਵਿਚ ਨਸ਼ਾ ਤਸਕਰੀ ਦੀਆਂ 3 ਘਟਨਾਵਾਂ ਵਾਪਰੀਆਂ ਸਨ, ਜਿਨ੍ਹਾ ਦੀ ਗਿਣਤੀ 2025 ਵਿਚ ਵਧ ਕੇ 305 ਤੱਕ ਪਹੁੰਚ ਗਈ। ਨਸ਼ਾ ਤਸਕਰੀ ਸੰਬੰਧੀ ਸਥਿਤੀਆਂ ਦੀ ਗੰਭੀਰਤਾ ਨੂੰ ਪੰਜਾਬ-ਹਰਿਆਣਾ ਹਾਈ ਕੋਰਟ ਵਲੋਂ ਕੀਤੀ ਗਈ ਇਸ ਸਖ਼ਤ ਟਿੱਪਣੀ ਤੋਂ ਬਿਹਤਰ ਸਮਝਾਇਆ ਜਾ ਸਕਦਾ ਹੈ ਕਿ ਨਸ਼ੇ ਦਾ ਇਹ ਸਾਰਾ ਕਾਰੋਬਾਰ ਮਹਿਜ਼ ਇਕ ਅਪਰਾਧਿਕ ਕਾਰਜ ਨਹੀਂ ਰਹਿ ਗਿਆ, ਬਲਕਿ ਰਾਸ਼ਟਰ ਤੇ ਰਾਸ਼ਟਰੀ ਸੁਰੱਖਿਆ ਲਈ ਵੱਡਾ ਖ਼ਤਰਾ ਬਣ ਗਿਆ ਹੈ। ਵੈਸੇ ਤਾਂ ਨਸ਼ੇ ਦਾ ਸੇਵਨ ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੀ ਅਲਾਮਤ ਦੇਸ਼ ਦੇ ਕਈ ਸੂਬਿਆਂ 'ਚ ਹੈ। ਗੁਜਰਾਤ, ਮਹਾਰਾਸ਼ਟਰ, ਹਿਮਾਚਲ ਪ੍ਰਦੇਸ਼, ਚੰਡੀਗੜ੍ਹ, ਰਾਜਧਾਨੀ ਦਿੱਲੀ, ਹਰਿਆਣਾ ਤੇ ਰਾਜਸਥਾਨ ਵੀ ਇਸ ਤੋਂ ਅਛੂਤੇ ਨਹੀਂ ਹਨ, ਪਰ ਪੰਜਾਬ ਇਸ ਮਾਮਲੇ 'ਚ ਮੋਹਰੀ ਜਾਪ ਰਿਹਾ ਹੈ। ਸੂਬੇ ਦੇ ਨੌਜਵਾਨਾਂ 'ਚ ਨਸ਼ੇ ਦੀ ਸਮੱਸਿਆ ਇਕ ਗੰਭੀਰ ਸੰਕਟ ਦੇ ਰੂਪ ਵਿਚ ਉੱਭਰ ਰਹੀ ਹੈ। ਪੰਜਾਬ ਸਰਕਾਰ ਦੀਆਂ ਪੁਨਰਵਾਸ ਯੋਜਨਾਵਾਂ ਤਹਿਤ ਸੂਬਾ ਪੁਲਿਸ ਤੰਤਰ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਵੱਡੇ ਯਤਨ ਕਰ ਰਿਹਾ ਹੈ, ਪਰ ਇਹ ਇਕ ਅਜਿਹੀ ਸਮੱਸਿਆ ਬਣ ਚੁੱਕੀ ਹੈ ਜਿਸ 'ਤੇ ਆਸਾਨੀ ਨਾਲ ਨਕੇਲ ਨਹੀਂ ਕੱਸੀ ਜਾ ਸਕਦੀ। ਹਾਲ ਹੀ 'ਚ ਅੰਮ੍ਰਿਤਸਰ ਵਿਚ ਥਾਣਾ ਲੋਪੋਕੇ ਖੇਤਰ 'ਚ ਸਰਹੱਦ ਪਾਰੋਂ ਆਈ ਲਗਭਗ 180 ਕਰੋੜ ਰੁਪਏ ਦੀ 19 ਕਿਲੋ ਹੈਰੋਇਨ ਨਾਲ ਇਕ ਮਹਿਲਾ ਸਮੇਤ ਤਿੰਨ ਤਸਕਰਾਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਨਸ਼ਾ ਤਸਕਰੀ ਵਿਚ ਇਹ ਵੀ ਇਕ ਨਵਾਂ ਰੁਝਾਨ ਸਾਹਮਣੇ ਆਇਆ ਹੈ ਕਿ ਨਾਬਾਲਗ ਬੱਚਿਆਂ ਨੂੰ ਥੋੜ੍ਹੇ ਜਿਹੇ ਲਾਲਚ ਬਦਲੇ ਇਨ੍ਹਾਂ ਗ਼ੈਰ-ਕਾਨੂੰਨੀ ਕੰਮਾਂ ਵਿਚ ਸ਼ਾਮਿਲ ਕੀਤਾ ਜਾ ਰਿਹਾ ਹੈ। ਔਰਤਾਂ ਤੇ ਬੱਚਿਆਂ ਦੀ ਸ਼ਮੂਲੀਅਤ ਨਾਲ ਇਸ ਗ਼ੈਰ-ਕਾਨੂੰਨੀ ਧੰਦੇ ਨੂੰ ਇਕ ਨਵਾਂ ਮੋੜ ਮਿਲਿਆ ਹੈ। ਪਿਛਲੇ ਕੁਝ ਸਾਲਾਂ 'ਚ ਪੰਜਾਬ ਵਿਚ ਪੁਲਿਸ ਨੇ ਨਸ਼ਾ ਤਸਕਰੀ ਨਾਲ ਜੁੜੇ ਕਈ ਨਾਬਾਲਗਾਂ ਅਤੇ ਔਰਤਾਂ ਨੂੰ ਹਿਰਾਸਤ ਵਿਚ ਲਿਆ ਹੈ। ਰਾਜ ਸਰਕਾਰ ਨੇ ਆਪਣੇ 'ਆਪ੍ਰੇਸ਼ਨ ਪ੍ਰਹਾਰ' ਦੌਰਾਨ ਲਗਭਗ 4,000 ਨਸ਼ਾ ਤਸਕਰਾਂ ਅਤੇ ਗੈਂਗਸਟਰਾਂ ਨੂੰ ਗ੍ਰਿਫ਼ਤਾਰ ਵੀ ਕੀਤਾ ਹੈ।

ਬਿਨਾਂ ਸ਼ੱਕ ਇੰਨੇ ਵੱਡੇ ਪੱਧਰ 'ਤੇ ਤਸਕਰਾਂ ਦੀ ਗ੍ਰਿਫ਼ਤਾਰੀ ਅਤੇ ਵੱਡੀ ਮਾਤਰਾ 'ਚ ਹੈਰੋਇਨ ਦੀ ਬਰਾਮਦਗੀ ਨਾਲ ਨਸ਼ਾ ਤਸਕਰੀ 'ਤੇ ਕਾਬੂ ਪਾਏ ਜਾਣ ਦੀ ਸੰਭਾਵਨਾ ਬਣਦੀ ਹੈ, ਪਰ ਇਸ ਬਰਾਮਦਗੀ ਤੋਂ ਵੱਡੀ ਗਿਣਤੀ 'ਚ ਨੌਜਵਾਨਾਂ ਤੇ ਨਾਬਾਲਗਾਂ ਦੀ ਸ਼ਮੂਲੀਅਤ ਨਾਲ, ਇਹ ਧੰਦਾ ਇਕ ਗੰਭੀਰ ਸਮੱਸਿਆ ਬਣ ਕੇ ਉੱਭਰਿਆ ਹੈ। ਪੰਜਾਬ ਸਰਕਾਰ ਦੀਆਂ ਪ੍ਰਹਾਰ-ਮੁਹਿੰਮਾਂ ਅਤੇ ਸੂਬਾ ਪੁਲਿਸ ਤੰਤਰ ਦੀ ਸਰਗਰਮੀ ਬਿਨਾਂ ਸ਼ੱਕ ਰਾਜ ਦੇ ਲੋਕਾਂ 'ਚ ਇਕ ਨਵੀਂ ਉਮੀਦ ਤੇ ਵਿਸ਼ਵਾਸ ਦੀ ਕਿਰਨ ਜਗਾਉਂਦੀ ਦਿਖਾਈ ਦਿੰਦੀ ਹੈ, ਪਰ ਅਸੀਂ ਸਮਝਦੇ ਹਾਂ ਕਿ ਇਨ੍ਹਾਂ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਵਚਨਬੱਧਤਾ ਦੇ ਨਾਲ ਸਹੀ ਦਿਸ਼ਾ ਵਿਚ ਕੰਮ ਕੀਤਾ ਜਾਣਾ ਵੀ ਬਹੁਤ ਜ਼ਰੂਰੀ ਹੋਵੇਗਾ। ਪੁਲਿਸ ਤੰਤਰ ਦੀ ਸਰਗਰਮੀ ਸਿਰਫ਼ ਕਾਗਜ਼ਾਂ 'ਤੇ ਹੀ ਨਹੀਂ, ਸਗੋਂ ਇਹ ਜ਼ਮੀਨੀ ਪੱਧਰ 'ਤੇ ਵੀ ਦਿਖਾਈ ਦੇਣੀ ਚਾਹੀਦੀ ਹੈ। ਕਹਿੰਦੇ ਹਨ ਕਿ ਕਾਨੂੰਨ ਦੇ ਹੱਥ ਲੰਬੇ ਹੁੰਦੇ ਹਨ, ਇਸ ਲਈ ਇਹ ਅਪਰਾਧੀਆਂ ਤੇ ਤਸਕਰਾਂ ਤੱਕ ਪਹੁੰਚਣੇ ਚਾਹੀਦੇ ਹਨ। ਕੁਝ ਵੀ ਹੋਵੇ ਜਾਂ ਕੁਝ ਵੀ ਕੀਤਾ ਜਾਵੇ, ਦੇਸ਼ ਅਤੇ ਪੰਜਾਬ ਨੂੰ ਨਸ਼ਾ ਤਸਕਰੀ ਦੀ ਇਸ ਲਾਹਨਤ ਤੋਂ ਮੁਕਤੀ ਜ਼ਰੂਰ ਮਿਲਣੀ ਚਾਹੀਦੀ ਹੈ।

# ਕਿਸ ਤਰ੍ਹਾਂ ਰੁਕ ਸਕਦਾ ਹੈ ਪੰਜਾਬ ਤੋਂ ਨੌਜਵਾਨਾਂ ਦਾ ਪ੍ਰਵਾਸ ?

ਡਾ. ਸ. ਸ. ਛੀਨਾ

ਪਿਛਲੇ ਤਕਰੀਬਨ 50 ਸਾਲਾਂ 'ਚ ਪੰਜਾਬ ਤੋਂ ਵਿਦੇਸ਼ਾਂ ਵੱਲ ਪ੍ਰਵਾਸ ਲਗਾਤਾਰ ਵਧਿਆ ਹੈ, ਉਹ ਨਾ ਰੁਕਿਆ ਤੇ ਨਾ ਘਟ ਰਿਹਾ ਹੈ। ਦਰਅਸਲ 1849 ਤੋਂ ਪਹਿਲਾਂ ਭਾਰਤ ਦੇ ਹੋਰ ਪ੍ਰਾਂਤਾਂ ਤੋਂ ਬ੍ਰਿਟਿਸ਼ ਕਾਲੋਨੀਆਂ ਵੱਲ ਪ੍ਰਵਾਸ ਸ਼ੁਰੂ ਹੋ ਗਿਆ ਸੀ, ਪਰ ਪੰਜਾਬ ਤੋਂ ਬਹੁਤਾ ਨਹੀਂ ਸੀ, ਕਿਉਂਕਿ ਉਸ ਵਕਤ ਪੰਜਾਬ ਦੁਨੀਆ ਦਾ ਸਭ ਤੋਂ ਖ਼ੁਸ਼ਹਾਲ ਇਲਾਕਾ ਹੋਣ ਤੋਂ ਇਲਾਵਾ ਭਾਰਤ ਦੇ ਬਾਕੀ ਖੇਤਰਾਂ ਤੋਂ ਉਲਟ ਅੰਗਰੇਜ਼ਾਂ ਦੇ ਕਬਜ਼ੇ ਤੋਂ ਵੀ ਬਾਹਰ ਸੀ। ਭਾਵੇਂ 1849 ਤੋਂ ਬਾਅਦ ਪੰਜਾਬ ਤੋਂ ਹੌਲੀ-ਹੌਲੀ ਸ਼ੁਰੂ ਹੋਏ ਪ੍ਰਵਾਸ 'ਚ ਵਾਧਾ ਹੁੰਦਾ ਗਿਆ, ਫਿਰ ਵੀ 1960 ਤੱਕ ਇਹ ਬਹੁਤ ਹੀ ਘੱਟ ਸੀ। ਇੰਗਲੈਂਡ ਦੀ ਸਰਕਾਰ ਨੇ 1960 ਤੋਂ ਬਾਅਦ ਪ੍ਰਵਾਸ ਨੂੰ ਇਸ ਕਰ ਕੇ ਉਤਸ਼ਾਹਿਤ ਕੀਤਾ ਸੀ, ਕਿਉਂਕਿ ਉਨ੍ਹਾਂ ਨੂੰ ਤਕਨੀਕੀ ਕਾਮਿਆਂ ਦੀ ਲੋੜ ਸੀ। ਉਸ ਵਕਤ ਕੈਨੇਡਾ 'ਚ ਵੀ ਬਹੁਤ ਘੱਟ ਲੋਕ ਜਾਂਦੇ ਸਨ ਕਿਉਂਕਿ 1972 ਤੱਕ ਕੈਨੇਡਾ ਵਿਚ ਕੋਈ ਵੀ ਯਾਤਰੀ ਉੱਥੇ ਪਹੁੰਚ ਕੇ ਹੀ ਪੱਕੇ ਪ੍ਰਵਾਸ ਲਈ ਅਰਜ਼ੀ ਦੇ ਸਕਦਾ ਸੀ। ਉਸ ਨੂੰ ਪ੍ਰਵਾਸ ਦੀ ਇਜਾਜ਼ਤ ਇਸ ਕਰ ਕੇ ਮਿਲ ਜਾਂਦੀ ਸੀ ਕਿਉਂਕਿ ਉੱਥੇ ਕਿਰਤੀਆਂ ਅਤੇ ਖਾਸ ਕਰਕੇ ਤਕਨੀਕੀ ਕਿਰਤੀਆਂ ਦੀ ਘਾਟ ਸੀ। ਇਸ ਲਈ ਇੰਗਲੈਂਡ ਤੋਂ ਬਾਅਦ ਕੈਨੇਡਾ ਵੱਲ ਭਾਰਤੀ ਪ੍ਰਵਾਸੀਆਂ ਦੀ ਰੁਚੀ ਵਿਚ ਵਾਧਾ ਹੋ ਗਿਆ।



1970 ਤੋਂ ਪਹਿਲਾਂ ਅਮਰੀਕਾ ਤੇ ਅਫ਼ਰੀਕੀ ਦੇਸ਼ਾਂ-ਕੀਨੀਆ, ਯੂਗਾਂਡਾ, ਦੱਖਣੀ ਅਫ਼ਰੀਕਾ, ਅਲਜੀਰੀਆ ਆਦਿ ਵੱਲ ਵੀ ਭਾਰਤੀ ਕਿਰਤੀ ਤੇ ਤਕਨੀਕੀ ਮਾਹਿਰ ਜਾਣ ਲੱਗ ਪਏ ਸੀ। ਪਰ 1980 ਤੋਂ ਪਹਿਲਾਂ ਪ੍ਰਵਾਸੀ ਇਨ੍ਹਾਂ ਦੇਸ਼ਾਂ ਤੋਂ ਪੈਸੇ ਕਮਾ ਕੇ ਇਧਰ ਭੇਜਦੇ ਸਨ ਤੇ ਉਨ੍ਹਾਂ ਦੇ ਵਾਰਿਸ ਉਸ ਪੈਸੇ ਨਾਲ ਜ਼ਮੀਨਾਂ ਖ਼ਰੀਦਦੇ ਤੇ ਆਪਣੇ ਘਰਾਂ 'ਚ ਸੁਧਾਰ ਕਰਦੇ ਸਨ। ਸਭ ਤੋਂ ਪਹਿਲਾਂ ਪੰਜਾਬ ਦੇ ਦੁਆਬਾ ਖੇਤਰ ਤੋਂ ਕਾਫੀ ਕਿਰਤੀ ਇੰਗਲੈਂਡ, ਸਿੰਘਾਪੁਰ, ਮਲੇਸ਼ੀਆ ਤੇ ਫ਼ਿਜ਼ੀ ਜਿਹੇ ਦੇਸ਼ਾਂ 'ਚ ਗਏ। ਪਰ 1980 ਤੋਂ ਬਾਅਦ ਪ੍ਰਵਾਸੀਆਂ ਨੇ ਆਪਣੀਆਂ ਬੱਚਤਾਂ ਭੇਜਣ ਦੀ ਬਜਾਏ ਉੱਥੇ ਰਹਿਣ ਨੂੰ ਤਰਜੀਹ ਦੇਣੀ ਸ਼ੁਰੂ ਕਰ ਦਿੱਤੀ। ਅਜੇ ਤੱਕ ਕੇਰਲਾ ਭਾਰਤ ਦਾ ਪਹਿਲਾ ਪ੍ਰਾਂਤ ਹੈ ਜਿਸ ਦੇ ਜ਼ਿਆਦਾ ਲੋਕ ਵਿਦੇਸ਼ਾਂ ਵਿਚ ਹਨ ਤੇ ਉਨ੍ਹਾਂ ਦੀਆਂ ਬੱਚਤਾਂ ਫਿਰ ਵੀ ਸੂਬੇ 'ਚ ਆ ਰਹੀਆਂ ਹਨ, ਉਸ ਤੋਂ ਬਾਅਦ ਪੰਜਾਬ ਦਾ ਨੰਬਰ ਆਉਂਦਾ ਹੈ, ਜਿਸ ਦੇ ਪ੍ਰਵਾਸੀਆਂ ਦੀ ਗਿਣਤੀ ਵਧ ਰਹੀ ਹੈ ਤੇ ਉਨ੍ਹਾਂ ਦੀਆਂ ਵਾਪਸ ਆ ਰਹੀਆਂ ਬੱਚਤਾਂ ਵੀ ਵਧ ਰਹੀਆਂ ਹਨ। ਜਿਹੜੀਆਂ ਪੰਜਾਬ ਦੀ ਆਰਥਿਕਤਾ ਦਾ ਬਹੁਤ ਵੱਡਾ ਆਧਾਰ ਬਣ ਚੁੱਕੀਆਂ ਹਨ ਤੇ ਸੋਚਣ ਵਾਲੀ ਗੱਲ ਇਹ ਹੈ ਕਿ ਜੇ ਇਹ ਬੱਚਤਾਂ ਪੰਜਾਬ ਨਾ ਆਉਣ ਤਾਂ ਪੰਜਾਬ ਦੀ ਪਿਛਲੇ ਸਮਿਆਂ ਤੋਂ ਨਿਘਰਦੀ ਹਾਲਤ ਹੋਰ ਕਮਜ਼ੋਰ ਹੋ ਸਕਦੀ ਸੀ। ਭਾਵੇਂ ਕਈ ਵਿਚਾਰਵਾਨਾਂ ਦਾ ਕਹਿਣਾ ਹੈ ਕਿ ਪੰਜਾਬ ਤੋਂ ਨੌਜਵਾਨਾਂ ਦਾ ਪ੍ਰਵਾਸ ਨਹੀਂ ਹੋਣਾ ਚਾਹੀਦਾ, ਪਰ ਇਸ ਪ੍ਰਚਾਰ ਦਾ ਕੋਈ ਅਸਰ ਨਹੀਂ ਹੋ ਰਿਹਾ, ਕਿਉਂਕਿ ਕੁੱਲੀ, ਗੁੱਲੀ ਤੇ ਜੁੱਲੀ ਦੀਆਂ ਜੀਵਨ ਲੋੜਾਂ ਨੂੰ ਪ੍ਰਾਪਤ ਕਰਨ ਲਈ ਪ੍ਰਵਾਸ ਉਨ੍ਹਾਂ ਨੂੰ ਉਤਸ਼ਾਹਿਤ ਕਰਦਾ ਹੈ।

ਇਕ ਅੰਕੜੇ ਅਨੁਸਾਰ ਹੁਣ ਤੱਕ 15 ਲੱਖ ਪੰਜਾਬੀ ਵਿਦਿਆਰਥੀ ਪੜ੍ਹਨ ਦੇ ਉਦੇਸ਼ ਨਾਲ ਕੈਨੇਡਾ, ਆਸਟ ?ਰੇਲੀਆ, ਅਫ਼ਰੀਕਾ, ਨਿਊਜ਼ੀਲੈਂਡ, ਜਰਮਨੀ ਆਦਿ ਦੇਸ਼ਾਂ 'ਚ ਗਏ ਤੇ ਹੁਣ ਉੱਥੋਂ ਦੇ ਪੱਕੇ ਵਸਨੀਕ ਬਣ ਚੁੱਕੇ ਹਨ। ਕੈਨੇਡਾ ਦੀ ਆਬਾਦੀ ਉਸ ਦੇ ਖੇਤਰਫਲ ਅਨੁਸਾਰ ਬਹੁਤ ਘੱਟ 4 ਕਰੋੜ ਦੇ ਕਰੀਬ ਹੈ, ਕੈਨੇਡਾ ਦੀ ਪ੍ਰਤੀ ਕਿਲੋਮੀਟਰ ਆਬਾਦੀ ਘਣਤਾ ਸਿਰਫ਼ 4 ਜੀਅ ਹੈ ਜਦੋਂ ਕਿ ਪੰਜਾਬ ਦੀ ਆਬਾਦੀ ਘਣਤਾ 497 ਜੀਅ ਪ੍ਰਤੀ ਕਿਲੋਮੀਟਰ ਹੈ। ਕੈਨੇਡਾ ਦੀ ਵਸੋਂ ਹਰ ਸਾਲ ਇਕ ਫ਼ੀਸਦੀ ਦੀ ਰਫ਼ਤਾਰ ਨਾਲ ਘਟ ਰਹੀ ਹੈ, ਜਿਸ ਦਾ ਅਰਥ ਹੈ ਕਿ ਉਸ ਨੂੰ ਹਰ ਸਾਲ 4 ਲੱਖ ਨਵੇਂ ਕਿਰਤੀਆਂ ਦੀ ਲੋੜ ਹੈ, ਇਸ ਲਈ ਕੈਨੇਡਾ ਸਰਕਾਰ ਵਲੋਂ ਏਸ਼ੀਅਨ ਪ੍ਰਵਾਸੀਆਂ ਨੂੰ ਦਿੱਤੀਆਂ ਕਈ ਰਿਆਇਤਾਂ ਨੂੰ ਪੰਜਾਬੀ ਆਸਾਨੀ ਨਾਲ ਪ੍ਰਾਪਤ ਕਰ ਲੈਂਦੇ ਹਨ। ਅੱਜ-ਕੱਲ੍ਹ ਪੰਜਾਬੀਆਂ ਦਾ ਪ੍ਰਵਾਸ ਦੁਨੀਆ ਦੇ ਸਾਰੇ ਵਿਕਸਿਤ ਦੇਸ਼ਾਂ ਵੱਲ ਵਧ ਰਿਹਾ ਹੈ, ਉਹ ਜਿਹੜੇ ਮਰਜ਼ੀ ਦੇਸ਼ ਚਲੇ ਜਾਣ ਪਰ ਉਹ ਹਰ ਹਾਲ ਕੈਨੇਡਾ ਪਹੁੰਚਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ। ਮੈਂ 2018 ਵਿਚ ਜਦੋਂ ਯੂਨਾਨ (ਗ੍ਰੀਸ) ਗਿਆ ਤਾਂ ਇਕ ਐਤਵਾਰ ਏਥਨਜ਼ ਦੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਗਿਆ। ਮੈਂ ਉੱਥੇ ਜਿੰਨੇ ਵੀ ਲੋਕਾਂ ਨੂੰ ਮਿਲਿਆ, ਉਹ ਸਭ ਯੂਨਾਨ 'ਚ ਚੰਗੀ ਕਮਾਈ ਕਰ ਰਹੇ ਸਨ, ਪਰ ਉਨ੍ਹਾਂ 'ਚੋਂ ਬਹੁਤਿਆਂ ਨੇ ਕੈਨੇਡਾ ਲਈ ਅਰਜ਼ੀਆਂ ਲਾਈਆਂ ਹੋਈਆਂ ਸਨ। ਆਸਟ੍ਰੇਲੀਆ ਪੰਜਾਬੀ ਪ੍ਰਵਾਸੀਆਂ ਦੀ ਦੂਸਰੀ ਮੰਜ਼ਿਲ ਹੈ, ਪਰ ਆਸਟ੍ਰੇਲੀਆ ਦੀ ਸਰਕਾਰ ਪ੍ਰਵਾਸੀਆਂ 'ਤੇ ਪੂਰੀ ਨਜ਼ਰ ਰੱਖਦੀ ਹੈ ਤੇ ਸਿਰਫ਼ ਯੋਗ ਤੇ ਹੁਨਰਮੰਦ ਪ੍ਰਵਾਸੀਆਂ ਨੂੰ ਹੀ ਆਪਣੀ ਲੋੜ ਅਨੁਸਾਰ ਪੱਕੇ ਰਹਿਣ ਦੀ ਇਜਾਜ਼ਤ ਦਿੰਦੀ ਹੈ, ਹਾਲਾਂਕਿ ਇਸ ਦੇਸ਼ ਦੀ ਵਸੋਂ ਸਿਰਫ਼ 3 ਕਰੋੜ ਹੈ ਤੇ ਕੈਨੇਡਾ ਤੋਂ ਵੀ ਘੱਟ ਹੈ।

ਭਾਰਤ ਵਸੋਂ ਦੇ ਹਿਸਾਬ ਨਾਲ ਦੁਨੀਆ 'ਚ ਪਹਿਲੇ ਨੰਬਰ 'ਤੇ ਹੈ ਅਤੇ ਇਸ ਦੀ ਵਸੋਂ ਘਣਤਾ 382 ਜੀਅ ਪ੍ਰਤੀ ਕਿਲੋਮੀਟਰ ਹੈ। ਹਾਲਾਂਕਿ ਦੁਨੀਆ ਦੇ 10 ਦੇਸ਼ਾਂ ਦੀ ਵਸੋਂ ਘਣਤਾ ਭਾਰਤ ਤੋਂ ਕਿਤੇ ਜ਼ਿਆਦਾ ਵੱਧ ਹੈ, ਜਿਵੇਂ ਸਿੰਗਾਪੁਰ 8200, ਬਹਿਰੀਨ 2000, ਮਾਲਟਾ 1600 ਤੇ ਬੰਗਲਾਦੇਸ਼ ਦੀ 1333 ਹੈ। 1975 ਤੋਂ ਪਹਿਲਾਂ ਜਰਮਨੀ, ਇੰਗਲੈਂਡ ਤੇ ਜਪਾਨ ਦੀ ਵਸੋਂ ਘਣਤਾ ਵੀ ਭਾਰਤ ਤੋਂ ਜ਼ਿਆਦਾ ਸੀ, ਜੋ ਦੁਨੀਆ ਦੇ ਪਹਿਲੇ 8 ਵਿਕਸਿਤ ਦੇਸ਼ਾਂ 'ਚ ਸ਼ਾਮਿਲ ਸਨ। ਵਸੋਂ ਦੇ ਜ਼ਿਆਦਾ ਭਾਰ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ, ਪਰ ਰਹਿਣ-ਸਹਿਣ ਦਾ ਮਿਆਰ ਦੇਸ਼ ਦੇ ਵਿਕਸਿਤ ਹੋਣ 'ਤੇ ਨਿਰਭਰ ਕਰਦਾ ਹੈ। ਪੰਜਾਬ ਦੀ ਖੇਤੀ ਦੁਨੀਆ ਦੇ ਵਿਕਸਿਤ ਦੇਸ਼ਾਂ ਦਾ ਮੁਕਾਬਲਾ ਕਰਦੀ ਹੈ, ਪਰ ਸੂਬਾ ਉਦਯੋਗਿਕ ਤੌਰ 'ਤੇ ਬਹੁਤ ਪਿੱਛੇ ਹੈ। ਦੁਨੀਆ ਦਾ ਕੋਈ ਵੀ ਦੇਸ਼ ਉਦਯੋਗ ਬਿਨਾਂ ਵਿਕਸਿਤ ਨਹੀਂ ਹੋ ਸਕਦਾ, ਕਿਉਂਕਿ ਉਦਯੋਗਿਕ ਵਸਤੂਆਂ ਦੀ ਮੰਗ ਖੇਤੀ ਵਸਤੂਆਂ ਦੀ ਮੰਗ ਨਾਲੋਂ ਕਿਤੇ ਵੱਧ ਲਚਕਦਾਰ ਹੁੰਦੀ ਹੈ। ਫਿਰ ਉਹ ਕਿਹੜੇ ਤੱਤ ਹਨ, ਜੋ ਪੰਜਾਬ ਤੋਂ ਨੌਜਵਾਨਾਂ ਦਾ ਪ੍ਰਵਾਸ ਨਹੀਂ ਰੋਕ ਸਕੇ ? ਪ੍ਰਵਾਸ ਨੂੰ ਆਕਰਸ਼ਿਤ ਕਰਨ ਵਾਲੇ ਤੱਤ- ਪਹਿਲਾ ਆਰਥਿਕ ਤੇ ਦੂਸਰਾ ਸਮਾਜਿਕ ਹੈ।

**ਆਰਥਿਕ ਤੱਤ :** ਪੰਜਾਬ 'ਚ ਬੇਰੁਜ਼ਗਾਰੀ ਹੋਣ ਕਰਕੇ ਇਥੋਂ ਦੇ ਨੌਜਵਾਨ ਵਿਕਸਿਤ ਦੇਸ਼ਾਂ 'ਚ ਜਾ ਕੇ ਵੱਡੀ ਕਮਾਈ ਕਰਦੇ ਹਨ। ਜਦੋਂ ਅਮਰੀਕਾ ਦਾ ਡਾਲਰ ਭਾਰਤ 'ਚ 96 ਰੁਪਏ, ਯੂਰਪੀਨ ਦੇਸ਼ਾਂ ਦਾ ਯੂਰੋ 109 ਰੁਪਏ, ਇੰਗਲੈਂਡ ਦਾ ਪੌਂਡ 129 ਰੁਪਏ ਤੇ ਕੈਨੇਡਾ ਦਾ ਡਾਲਰ 65 ਰੁਪਏ 'ਚ ਬਦਲਦਾ ਹੈ ਤਾਂ ਵਿਦੇਸ਼ਾਂ 'ਚ ਗਏ ਭਾਰਤੀਆਂ ਦੀ ਕਮਾਈ 'ਤੇ ਨਿਰਭਰ ਉਨ੍ਹਾਂ ਦੇ ਪਰਿਵਾਰ ਖ਼ੁਸ਼ ਹੋ ਜਾਂਦੇ ਹਨ। ਜੇਕਰ ਪ੍ਰਵਾਸੀ ਵਿਦੇਸ਼ 'ਚ ਮਿਆਰੀ ਜੀਵਨ ਜਿਊਂਦੇ ਹਨ ਤਾਂ ਉਨ੍ਹਾਂ 'ਤੇ ਨਿਰਭਰ ਭਾਰਤੀ ਪਰਿਵਾਰ ਵੀ ਵਿਦੇਸ਼ੀ ਕਮਾਈ ਨਾਲ ਇੱਥੇ ਚੰਗਾ ਮਿਆਰ ਅਪਣਾ ਲੈਂਦੇ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀ ਰਿਪੋਰਟ 'ਚ ਪੰਜਾਬ ਦੇ ਪ੍ਰਤੀ ਖੇਤੀ ਘਰ ਦੀ ਸਾਲਾਨਾ ਆਮਦਨ ਸਿਰਫ਼ 26,000 ਰੁਪਏ ਦੱਸੀ ਗਈ ਸੀ, ਮਤਲਬ 5 ਮੈਂਬਰਾਂ ਦੇ ਪਰਿਵਾਰ 'ਚ ਹਰੇਕ ਮੈਂਬਰ ਦੇ ਹਿੱਸੇ 5,200 ਰੁਪਏ ਆਉਂਦੇ ਹਨ, ਜਦਕਿ ਭਾਰਤ 'ਚ ਪ੍ਰਤੀ ਵਿਅਕਤੀ ਆਮਦਨ ਹੁਣ 2 ਲੱਖ ਰੁਪਏ ਸਾਲਾਨਾ ਦੇ ਕਰੀਬ ਪਹੁੰਚ ਗਈ ਹੈ। ਪੰਜਾਬ 'ਚ ਖੇਤੀ ਪਰਿਵਾਰਾਂ ਦੀ ਬਹੁਗਿਣਤੀ ਹੋਣ ਕਰਕੇ ਉਨ੍ਹਾਂ ਦੇ ਬੱਚੇ ਜ਼ਮੀਨ ਵੇਚ ਕੇ ਵੀ ਬਾਹਰ ਜਾਣ ਨੂੰ ਤਰਜੀਹ ਦਿੰਦੇ ਹਨ। ਜਿੰਨਾ ਚਿਰ ਉਦਯੋਗ ਵਿਕਸਿਤ ਕਰਕੇ ਪ੍ਰਵਾਸੀਆਂ ਦੇ ਬਰਾਬਰ ਜਾਂ ਉਨ੍ਹਾਂ ਤੋਂ ਵੱਧ ਕਮਾਈ ਇੱਥੇ ਨਹੀਂ ਮਿਲੇਗੀ ਤਾਂ ਬਾਹਰ ਜਾਣ ਦੀ ਖਿੱਚ ਜਾਰੀ ਰਹੇਗੀ।

ਸਮਾਜਿਕ ਤੱਤ: ਵਿਕਸਿਤ ਦੇਸ਼ਾਂ ਦੀ ਸਮਾਜਿਕ ਸੁਰੱਖਿਆ ਤੇ ਮਨੁੱਖੀ ਅਧਿਕਾਰਾਂ ਤੋਂ ਬਜ਼ੁਰਗ ਵੀ ਪ੍ਰਭਾਵਿਤ ਹੁੰਦੇ ਹਨ। ਵਿਕਸਿਤ ਦੇਸ਼ਾਂ 'ਚ ਉੱਥੋਂ ਦੀਆਂ ਸਰਕਾਰਾਂ ਆਪਣੇ ਨਾਗਰਿਕਾਂ ਦੇ ਰੁਜ਼ਗਾਰ ਲਈ ਜ਼ਿੰਮੇਵਾਰ ਹਨ, ਬੇਰੁਜ਼ਗਾਰਾਂ ਨੂੰ ਬੇਰੁਜ਼ਗਾਰੀ ਭੱਤਾ ਮਿਲਦਾ ਹੈ। ਬਿਮਾਰ ਹੋਣ 'ਤੇ ਇਲਾਜ ਕਰਵਾਉਣਾ ਸਰਕਾਰ ਜਾਂ ਬੀਮਾ ਕੰਪਨੀ ਦੀ ਜ਼ਿੰਮੇਵਾਰੀ ਹੈ। 12ਵੀਂ ਤੱਕ ਹਰ ਬੱਚੇ ਦੀ ਪੜ੍ਹਾਈ ਮੁਫ਼ਤ ਹੈ। ਬੱਸ 'ਚ ਟਿਕਟ ਕੱਟੀ ਜਾਣ 'ਤੇ ਸੀਟ ਦੇਣਾ ਬੱਸ ਕੰਪਨੀ ਦੀ ਜ਼ਿੰਮੇਵਾਰੀ ਹੈ। ਕਿਸੇ ਨੂੰ ਨਾਜਾਇਜ਼ ਪ੍ਰੇਸ਼ਾਨ ਕਰਨਾ, ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਹੈ। ਪੰਜਾਬ ਤੋਂ ਨੌਜਵਾਨਾਂ ਦਾ ਪ੍ਰਵਾਸ ਪ੍ਰਚਾਰ ਨਾਲ ਨਹੀਂ, ਸਗੋਂ ਉਪਰੋਕਤ ਆਰਥਿਕ ਤੇ ਸਮਾਜਿਕ ਮਾਹੌਲ ਬਣਾਏ ਬਗੈਰ ਨਹੀਂ ਰੁਕ ਸਕਦਾ।

ਸਾਡੇ ਲੋਕ
SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300

1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਕੈਨੇਡਾ ਨੇ ਆਲਮੀ ਬਾਜ਼ਾਰਾਂ ਵਿੱਚ ਬਰਾਮਦ ਵਧਾਉਣ ਲਈ ਬਣਾਇਆ 'ਸਟ੍ਰੈਟੇਜਿਕ ਐਕਸਪੋਰਟਸ ਆਫ਼ਿਸ'

## 2035 ਤੱਕ ਅਮਰੀਕਾ ਤੋਂ ਬਾਹਰਲੇ ਦੇਸ਼ਾਂ ਵਿੱਚ ਬਰਾਮਦ ਦੁੱਗਣੀ ਕਰਨ ਦੀ ਯੋਜਨਾ



ਵਿੰਨੀਪੈੱਗ : ਕੈਨੇਡਾ ਸਰਕਾਰ ਨੇ ਦੇਸ਼ ਦੇ ਬਰਾਮਦ (Export) ਖੇਤਰ ਨੂੰ ਮਜ਼ਬੂਤ ਕਰਨ ਅਤੇ ਅਮਰੀਕਾ ਤੋਂ ਇਲਾਵਾ ਹੋਰ ਕੌਮਾਂਤਰੀ ਬਾਜ਼ਾਰਾਂ ਵਿੱਚ ਵਪਾਰਕ ਮੌਕਿਆਂ ਦਾ ਵਿਸਥਾਰ ਕਰਨ ਲਈ 'ਸਟ੍ਰੈਟੇਜਿਕ ਐਕਸਪੋਰਟਸ ਆਫ਼ਿਸ' (Strategic Exports Office) ਸਥਾਪਤ ਕੀਤਾ ਹੈ। ਕੌਮਾਂਤਰੀ ਵਪਾਰ ਮੰਤਰੀ ਮਨਿੰਦਰ ਸਿੱਧੂ ਨੇ ਬਰੈਂਪਟਨ ਵਿੱਚ ਇਸ ਪਹਿਲਕਦਮੀ ਦਾ ਐਲਾਨ ਕਰਦਿਆਂ ਕਿਹਾ ਕਿ ਨਵਾਂ ਦਫ਼ਤਰ ਕੈਨੇਡੀਅਨ ਕੰਪਨੀਆਂ ਨੂੰ ਆਲਮੀ ਪੱਧਰ 'ਤੇ ਮੁਕਾਬਲੇ ਯੋਗ ਬਣਾਉਣ ਵਿੱਚ ਮਦਦ ਕਰੇਗਾ। ਸਰਕਾਰ ਅਨੁਸਾਰ, ਸਟ੍ਰੈਟੇਜਿਕ ਐਕਸਪੋਰਟਸ ਆਫ਼ਿਸ ਦਾ ਮੁੱਖ ਉਦੇਸ਼ ਕੈਨੇਡੀਅਨ ਕਾਰੋਬਾਰਾਂ ਨੂੰ ਨਵੇਂ ਵਿਦੇਸ਼ੀ ਬਾਜ਼ਾਰਾਂ ਤੱਕ ਪਹੁੰਚ ਬਣਾਉਣ, ਵਪਾਰਕ ਮੌਕੇ ਪਛਾਣਨ ਅਤੇ ਉਪਲਬਧ ਸਰਕਾਰੀ ਸਹਾਇਤਾ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਵਰਤਣ ਵਿੱਚ ਸਹਾਇਤਾ ਦੇਣਾ ਹੈ। ਇਹ ਦਫ਼ਤਰ ਖ਼ਾਸ ਤੌਰ 'ਤੇ ਉਨ੍ਹਾਂ ਖੇਤਰਾਂ 'ਤੇ ਧਿਆਨ ਕੇਂਦਰਿਤ ਕਰੇਗਾ ਜਿੱਥੇ ਕੈਨੇਡਾ ਕੋਲ ਮਜ਼ਬੂਤ ਸਮਰੱਥਾ ਹੈ, ਜਿਵੇਂ ਕਿ ਏਅਰੋਸਪੇਸ, ਰੱਖਿਆ, ਊਰਜਾ, ਬੁਨਿਆਦੀ ਢਾਂਚਾ ਅਤੇ ਤਕਨਾਲੋਜੀ ਆਦਿ।

ਮੰਤਰੀ ਮਨਿੰਦਰ ਸਿੱਧੂ ਨੇ ਕਿਹਾ ਕਿ ਕੈਨੇਡਾ ਦੀ ਆਰਥਿਕਤਾ ਨੂੰ ਲੰਮੇ ਸਮੇਂ ਲਈ ਮਜ਼ਬੂਤ ਬਣਾਉਣ ਵਾਸਤੇ ਵਪਾਰਕ ਸਬੰਧਾਂ ਨੂੰ ਹੋਰ ਦੇਸ਼ਾਂ ਤੱਕ ਫੈਲਾਉਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀ ਬਰਾਮਦ ਰਣਨੀਤੀ ਦਾ ਟੀਚਾ ਸਿਰਫ਼ ਇੱਕ ਹੀ ਬਾਜ਼ਾਰ 'ਤੇ ਨਿਰਭਰ ਰਹਿਣ ਦੀ ਬਜਾਏ ਵੱਖ-ਵੱਖ ਖੇਤਰਾਂ ਵਿੱਚ ਮੌਕੇ ਪੈਦਾ ਕਰਨਾ ਹੈ।

ਇਸ ਦੇ ਨਾਲ ਹੀ ਸਰਕਾਰ ਨੇ 'ਸਟ੍ਰੈਟੇਜਿਕ ਐਕਸਪੋਰਟਸ ਐਡਵਾਈਜ਼ਰੀ ਕੌਂਸਲ' ਦਾ ਗਠਨ ਵੀ ਕੀਤਾ ਹੈ। ਇਹ ਕੌਂਸਲ ਸਰਕਾਰ ਅਤੇ ਨਿੱਜੀ ਖੇਤਰ ਵਿਚਕਾਰ ਸਲਾਹ-ਮਸ਼ਵਰੇ ਲਈ ਇੱਕ ਅਹਿਮ ਮੰਚ ਵਜੋਂ ਕੰਮ ਕਰੇਗੀ। ਕੌਂਸਲ ਦੇ ਮੈਂਬਰ ਕੌਮਾਂਤਰੀ ਵਪਾਰ ਨਾਲ ਜੁੜੀਆਂ ਚੁਣੌਤੀਆਂ, ਮੌਕਿਆਂ ਅਤੇ ਬਰਾਮਦਕਾਰਾਂ ਦੀਆਂ ਲੋੜਾਂ ਬਾਰੇ ਸਰਕਾਰ ਨੂੰ ਸਿੱਧੀ ਜਾਣਕਾਰੀ ਦੇਣਗੇ।

ਵਪਾਰ ਮਾਹਿਰਾਂ ਦਾ ਕਹਿਣਾ ਹੈ ਕਿ ਆਲਮੀ ਵਪਾਰ ਵਿੱਚ ਵਧ ਰਹੀ ਅਸਥਿਰਤਾ, ਸਪਲਾਈ ਚੇਨ ਦੀਆਂ ਚੁਣੌਤੀਆਂ ਅਤੇ ਬਦਲਦੇ ਭੂ-ਰਾਜਨੀਤਿਕ ਹਾਲਾਤਾਂ ਦੇ ਮੱਦੇਨਜ਼ਰ ਕੈਨੇਡਾ ਲਈ ਨਵੇਂ ਬਾਜ਼ਾਰਾਂ ਦੀ ਭਾਲ ਕਰਨਾ ਬਹੁਤ ਮਹੱਤਵਪੂਰਨ ਹੈ। ਇਹ ਪਹਿਲ ਛੋਟੇ ਅਤੇ ਦਰਮਿਆਨੇ ਕਾਰੋਬਾਰਾਂ ਨੂੰ ਵੀ ਵਿਦੇਸ਼ੀ ਗਾਹਕਾਂ ਤੱਕ ਪਹੁੰਚ ਬਣਾਉਣ ਵਿੱਚ ਮਦਦ ਕਰ ਸਕਦੀ ਹੈ। ਪੰਜਾਬੀ ਭਾਈਚਾਰੇ ਲਈ ਵੀ ਇਹ ਕਦਮ ਅਹਿਮ ਮੰਨਿਆ ਜਾ ਰਿਹਾ ਹੈ। ਕੈਨੇਡਾ ਵਿੱਚ ਪੰਜਾਬੀ ਉਦਯੋਗਪਤੀ, ਖੇਤੀਬਾੜੀ ਨਾਲ ਜੁੜੇ ਕਾਰੋਬਾਰ ਅਤੇ ਤਕਨਾਲੋਜੀ ਖੇਤਰ ਦੀਆਂ ਕੰਪਨੀਆਂ ਆਲਮੀ ਪੱਧਰ 'ਤੇ ਆਪਣਾ ਵਪਾਰ ਵਧਾਉਣ ਦੀਆਂ ਕੋਸ਼ਿਸ਼ਾਂ ਕਰ ਰਹੀਆਂ ਹਨ। ਨਵੀਂ ਬਰਾਮਦ ਰਣਨੀਤੀ ਉਨ੍ਹਾਂ ਲਈ ਵੀ ਨਵੇਂ ਮੌਕੇ ਪੈਦਾ ਕਰ ਸਕਦੀ ਹੈ।

ਕੈਨੇਡਾ ਸਰਕਾਰ ਨੇ ਟੀਚਾ ਰੱਖਿਆ ਹੈ ਕਿ 2035 ਤੱਕ ਅਮਰੀਕਾ ਤੋਂ ਬਾਹਰਲੇ ਬਾਜ਼ਾਰਾਂ ਵਿੱਚ ਦੇਸ਼ ਦੀ ਬਰਾਮਦ ਨੂੰ ਦੁੱਗਣਾ ਕੀਤਾ ਜਾਵੇ।

# ਅਮਰੀਕਾ 'ਚ 30 ਭਾਰਤੀ ਟਰੱਕ ਡਰਾਈਵਰ ਗ੍ਰਿਫ਼ਤਾਰ



ਅਮਰੀਕਾ ਵਿਚ ਢਾਈ ਮਹੀਨੇ ਪਹਿਲਾਂ ਗ੍ਰਿਫ਼ਤਾਰ 30 ਤੋਂ ਵੱਧ ਭਾਰਤੀ-ਪੰਜਾਬੀ ਟਰੱਕ ਡਰਾਈਵਰਾਂ ਦੀ ਕੋਈ ਉਘ-ਸੁੱਘ ਨਹੀਂ ਮਿਲ ਰਹੀ ਅਤੇ ਭਾਰਤ ਸਰਕਾਰ ਨੂੰ ਹੁਣ ਤੱਕ ਉਨ੍ਹਾਂ ਦੀ ਸ਼ਨਾਖ਼ਤ ਬਾਰੇ ਕੋਈ ਪੱਕੀ ਜਾਣਕਾਰੀ ਨਹੀਂ ਮਿਲ ਸਕੀ ਹੈ। ਦੂਜੇ ਪਾਸੇ ਤਿੰਨ ਹੋਰ ਭਾਰਤੀ ਟਰੱਕ ਡਰਾਈਵਰਾਂ ਦੇ ਟੈਕਸਾਸ ਅਤੇ ਫਲੋਰੀਡਾ ਵਿਚ ਗ੍ਰਿਫ਼ਤਾਰ ਹੋਣ ਦੀ ਰਿਪੋਰਟ ਸਾਹਮਣੇ ਆਈ ਹੈ ਜਿਨ੍ਹਾਂ ਦੀ ਸ਼ਨਾਖ਼ਤ, ਮੁਕੇਸ਼ ਮਣੀ, ਰਾਹੁਲ ਅਤੇ ਵਰਿੰਦਰ ਵਜੋਂ ਕੀਤੀ ਗਈ। ਭਾਰਤ ਦੇ ਵਿਦੇਸ਼ ਮੰਤਰਾਲੇ ਦਾ ਕਹਿਣਾ ਹੈ ਕਿ ਵਾਸ਼ਿੰਗਟਨ ਸਥਿਤ ਇੰਡੀਅਨ ਅੰਬੈਸੀ ਰਾਹੀਂ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਵਾਲਿਆਂ ਤੋਂ ਟਰੱਕ ਡਰਾਈਵਰਾਂ ਦੇ ਵੇਰਵੇ ਮੰਗੇ ਗਏ ਪਰ ਕੋਈ ਹੁੰਗਾਰਾ ਨਹੀਂ ਆਇਆ।

ਦੱਸ ਦੇਈਏ ਕਿ ਅਮਰੀਕਾ ਦੇ ਐਰੀਜ਼ੋਨਾ ਸੂਬੇ ਵਿਚ 11 ਤੋਂ 15 ਮਈ ਦੇ ਵਿਚਕਾਰ ਚਲਾਏ 'ਅਪ੍ਰੇਸ਼ਨ ਚੈਕਮੇਟ' ਦੌਰਾਨ 52 ਗੈਰਕਾਨੂੰਨੀ ਪ੍ਰਵਾਸੀਆਂ ਨੂੰ ਕਾਬੂ ਕਰਨ ਦਾ ਦਾਅਵਾ ਕੀਤਾ ਗਿਆ, ਜਿਨ੍ਹਾਂ ਵਿਚੋਂ 36 ਟਰੱਕ ਡਰਾਈਵਰ ਸਨ ਅਤੇ ਇਨ੍ਹਾਂ ਵਿਚੋਂ 30 ਭਾਰਤ ਨਾਲ ਸਬੰਧਤ ਦੱਸੇ ਗਏ। ਹਿਰਾਸਤ ਵਿੱਚ ਲਏ ਗਏ 30 ਡਰਾਈਵਰਾਂ ਵਿੱਚੋਂ ਕਈ ਪੰਜਾਬ ਮੂਲ ਦੇ ਹਨ। ਇਨ੍ਹਾਂ ਸਾਰਿਆਂ 'ਤੇ ਸੰਘੀ ਇਮੀਗ੍ਰੇਸ਼ਨ ਕਾਨੂੰਨਾਂ ਅਧੀਨ ਕਾਰਵਾਈ ਕੀਤੀ ਗਈ ਅਤੇ ਉਨ੍ਹਾਂ ਨੂੰ ਦੇਸ਼ ਨਿਕਾਲਾ ਦਿੱਤਾ ਜਾ ਸਕਦਾ ਹੈ।

ਕਸਟਮਜ਼ ਐਂਡ ਬਾਰਡਰ ਪੈਟਰੋਲ ਮੁਤਾਬਕ 29 ਟਰੱਕ ਡਰਾਈਵਰਾਂ ਕੋਲ ਕੈਲੇਫੋਰਨੀਆ, ਨਿਊਯਾਰਕ, ਵਾਸ਼ਿੰਗਟਨ ਅਤੇ ਵਰਜੀਨੀਆ ਰਾਜਾਂ ਤੋਂ ਜਾਰੀ ਕਮਰਸ਼ੀਅਲ ਡਰਾਈਵਰਜ਼ ਲਾਇਸੰਸ ਮੌਜੂਦ ਸਨ, ਜਦਕਿ ਇਕ ਜਣਾ ਬਗੈਰ ਲਾਇਸੰਸ ਤੋਂ ਹੀ ਟਰੱਕ ਚਲਾ ਰਿਹਾ ਸੀ। ਭਾਰਤ ਸਰਕਾਰ ਦੀ ਦਲੀਲ ਹੈ ਕਿ ਅਪ੍ਰੇਸ਼ਨ ਚੈਕਮੇਟ ਬਾਰੇ ਕੋਈ ਅਗਾਊਂ ਜਾਣਕਾਰੀ ਨਹੀਂ ਦਿੱਤੀ ਗਈ ਅਤੇ ਅਮਰੀਕਾ ਦੀ ਲਾਅ ਐਨਫ਼ੋਰਸਮੈਂਟ ਏਜੰਸੀ ਨੇ ਆਪਣੇ ਪੱਧਰ 'ਤੇ ਕਾਰਵਾਈ ਕੀਤੀ। ਜਿਉਂ ਹੀ ਭਾਰਤੀ ਨਾਗਰਿਕਾਂ ਦੀ ਗ੍ਰਿਫ਼ਤਾਰੀ ਜਾਂ ਇਮੀਗ੍ਰੇਸ਼ਨ ਹਿਰਾਸਤ ਵਿਚ ਲਏ ਜਾਣ ਦੀਆਂ ਰਿਪੋਰਟਾਂ ਉਭਰੀਆਂ ਤਾਂ ਵਿਦੇਸ਼ ਮੰਤਰਾਲੇ ਨੇ ਵਾਸ਼ਿੰਗਟਨ ਸਥਿਤ ਅੰਬੈਸੀ ਨੂੰ ਵੇਰਵੇ ਹਾਸਲ ਕਰਨ ਦੀ ਹਦਾਇਤ ਦਿਤੀ। ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਰਾਜ ਸਭਾ ਵਿਚ ਇਕ ਸਵਾਲ ਦਾ ਲਿਖਤੀ ਜਵਾਬ ਦਿੰਦਿਆਂ ਕਿਹਾ ਕਿ ਭਾਰਤ ਸਰਕਾਰ ਹੁਣ ਤੱਕ ਅਮਰੀਕਾ ਦੇ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਤੋਂ ਵਿਸਤਾਰਤ ਜਾਣਕਾਰੀ ਆਉਣ ਦੀ ਉਡੀਕ ਕਰ ਰਹੀ ਹੈ।

ਕੇਂਦਰ ਸਰਕਾਰ ਦੇ ਤਾਜ਼ਾ ਜਵਾਬ ਮਗਰੋਂ ਮਾਮਲਾ ਉਲਝਦਾ ਨਜ਼ਰ ਆ ਰਿਹਾ ਹੈ ਅਤੇ ਨਵਾਂ ਸਵਾਲ ਇਹ ਉਠ ਰਿਹਾ ਹੈ ਕਿ ਆਖਰਕਾਰ 30 ਭਾਰਤੀ ਨਾਗਰਿਕ ਕਿੱਥੇ ਹਨ। ਭਾਰਤੀ ਟਰੱਕ ਡਰਾਈਵਰਾਂ ਦੇ ਜੱਦੀ ਸੂਬੇ, ਜ਼ਿਲ੍ਹੇ ਜਾਂ ਪਰਿਵਾਰਾਂ ਬਾਰੇ ਜਾਣਕਾਰੀ ਹਾਸਲ ਕਰਨ ਹਿਤ ਕਈ ਐਮ.ਪੀਜ਼ ਨੇ ਸਵਾਲ ਦਾਇਰ ਕੀਤੇ ਪਰ ਤਸੱਲੀਬਖਸ਼ ਜਾਣਕਾਰੀ ਹਾਸਲ ਕਰਨ ਵਿਚ ਨਾਕਾਮ ਰਹੇ। ਇਸੇ ਦੌਰਾਨ ਅਮਰੀਕਾ ਦੇ ਟੈਕਸਾਸ ਸੂਬੇ ਵਿਚ 32 ਹਜ਼ਾਰ ਪੌਂਡ ਵਜ਼ਨੀ ਮਹਿੰਗੀ ਧਾਤ ਚੋਰੀ ਕਰਨ ਦੇ ਮਾਮਲੇ ਤਹਿਤ ਸੀਲੀ ਪੁਲਿਸ ਵੱਲੋਂ ਦੋ ਸ਼ੱਕੀਆਂ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਿਸ ਨੇ ਦੱਸਿਆ ਕਿ 2 ਲੱਖ 72 ਹਜ਼ਾਰ ਡਾਲਰ ਮੁੱਲ ਦੀ ਧਾਤ ਚੋਰੀ ਹੋਣ ਬਾਰੇ ਸ਼ਿਕਾਇਤ ਮਿਲਣ 'ਤੇ ਪੜਤਾਲ ਆਰੰਭੀ ਗਈ ਅਤੇ ਇਕ ਨਾਕੇ ਦੌਰਾਨ ਰੋਕੇ ਟਰੱਕ ਵਿਚੋਂ ਚੋਰੀਸ਼ੁਦਾ ਧਾਤ ਬਰਾਮਦ ਕਰਨ ਵਿਚ ਸਫ਼ਲਤਾ ਮਿਲੀ।

ਟਰੱਕ ਵਿਚ ਸਵਾਰ ਸ਼ੱਕੀਆਂ ਦੀ ਸ਼ਨਾਖ਼ਤ 25 ਸਾਲਾ ਰਾਹੁਲ ਅਤੇ 36 ਸਾਲਾ ਵਰਿੰਦਰ ਵਜੋਂ ਕੀਤੀ ਗਈ ਹੈ। ਜਾਂਚਕਰਤਾਵਾਂ ਦਾ ਮੰਨਣਾ ਹੈ ਕਿ ਦੋਹਾਂ ਸ਼ੱਕੀਆਂ ਨੇ ਜੁਲਾਈ ਮਹੀਨੇ ਦੇ ਆਰੰਭ ਵਿਚ ਵੀ ਚੋਰੀ ਦੀ ਇਕ ਵਾਰਦਾਤ ਕੀਤੀ। ਸੀਲੀ ਪੁਲਿਸ ਮੁਤਾਬਕ ਆਟੋਮੇਟਡ ਲਾਇਸੰਸ ਪਲੇਟ ਰੀਡਰ ਤਕਨੀਕ ਰਾਹੀਂ ਕਾਰਗੋ ਚੋਰੀ ਦਾ ਮਸਲਾ ਸੁਲਝਾਉਣ ਵਿਚ ਮਦਦ ਮਿਲੀ। ਉਧਰ ਫ਼ਲੋਰੀਡਾ ਦੇ ਐਗਰੀਕਲਚਰਲ ਲਾਅ ਐਨਫ਼ੋਰਸਮੈਂਟ ਦਫ਼ਤਰ ਵੱਲੋਂ ਕੈਲੇਫੋਰਨੀਆ ਦੇ ਟਰੱਕ ਡਰਾਈਵਰ ਮੁਕੇਸ਼ ਮਣੀ ਨੂੰ ਕਾਬੂ ਕੀਤਾ ਗਿਆ ਹੈ ਜਿਸ ਦੇ ਟਰੱਕ ਦੀ ਰਜਿਸਟ ?ੇਸ਼ਨ 2021 ਵਿਚ ਐਕਸਪਾਇਰ ਹੋ ਚੁੱਕੀ ਸੀ। ਮਾਮਲਾ ਸ਼ੱਕੀ ਮਹਿਸੂਸ ਹੋਣ 'ਤੇ ਸਨਿਫ਼ਰ ਡੌਗਜ਼ ਲਿਆਂਦੇ ਗਏ ਅਤੇ ਟਰੱਕ ਵਿਚੋਂ ਚਿੱਟਾ ਪਾਊਡਰ ਵੀ ਬਰਾਮਦ ਹੋਇਆ। ਲੈਬ ਟੈਸਟ ਦੌਰਾਨ ਪਾਊਡਰ ਦੇ ਕੋਕੀਨ ਹੋਣ ਬਾਰੇ ਤਸਦੀਕ ਹੋ ਗਈ ਅਤੇ ਮੁਕੇਸ਼ ਮਣੀ ਨੂੰ ਗ੍ਰਿਫ਼ਤਾਰ ਕਰ ਕੇ ਐਸਕੈਂਬੀਆ ਕਾਊਂਟੀ ਜੇਲ ਭੇਜ ਦਿੱਤਾ ਗਿਆ ਹੈ।

# ਵੈਨਕੂਵਰ ਸਿਟੀ ਕੌਂਸਲ ਵੱਲੋਂ 28 ਜੁਲਾਈ ਨੂੰ 'ਸੁੱਚਾ ਸਿੰਘ ਕਲੇਰ ਦਿਵਸ' ਐਲਾਨਿਆ



ਵੈਨਕੂਵਰ : ਵੈਨਕੂਵਰ ਦੀ ਇਤਿਹਾਸਕ ਪੰਜਾਬੀ ਮਾਰਕੀਟ ਦੀ ਸਥਾਪਨਾ ਵਿੱਚ ਪਾਏ ਯੋਗਦਾਨ ਲਈ ਉੱਘੇ ਲੇਖਕ, ਸਮਾਜ ਸੇਵੀ ਅਤੇ ਕਾਰੋਬਾਰੀ ਸੁੱਚਾ ਸਿੰਘ ਕਲੇਰ ਨੂੰ ਵੈਨਕੂਵਰ ਸਿਟੀ ਹਾਲ ਵੱਲੋਂ ਵਿਸ਼ੇਸ਼ ਸਨਮਾਨ ਦਿੱਤਾ ਗਿਆ ਹੈ । ਵੈਨਕੂਵਰ ਦੇ ਮੇਅਰ ਕੇਨ ਸਿਮ ਨੇ ਸਿਟੀ ਕੌਂਸਲ ਦੀ ਤਰਫ਼ੋਂ 28 ਜੁਲਾਈ ਨੂੰ ਅਧਿਕਾਰਤ ਤੌਰ 'ਤੇ 'ਸੁੱਚਾ ਸਿੰਘ ਕਲੇਰ ਦਿਵਸ' ਵਜੋਂ ਮਨਾਉਣ ਦਾ ਐਲਾਨ ਕੀਤਾ ਹੈ। ਵਰਨਣਯੋਗ ਹੈ ਕਿ ਸੁੱਚਾ ਸਿੰਘ ਕਲੇਰ 1969 ਵਿੱਚ ਕੈਨੇਡਾ ਆਏ ਅਤੇ ਉਨਾਂ ਨੇ 1970 ਵਿੱਚ ਵੈਨਕੂਵਰ ਦੀ ਮੇਨ ਸਟਰੀਟ 'ਤੇ 'ਸ਼ਾਨ ਸਾੜੀਜ਼ ਐਂਡ ਡ੍ਰੇਪਰੀ' ਦੀ ਸਥਾਪਨਾ ਕੀਤੀ। ਉਨ੍ਹਾਂ ਨੇ ਉਸ ਸਮੇਂ ਪੰਜਾਬੀ ਭਾਈਚਾਰੇ ਨੂੰ ਇਕੱਠਾ ਕਰਕੇ ਇਸ ਇਲਾਕੇ ਦੀ ਪਛਾਣ ਨੂੰ ਮਜ਼ਬੂਤ ਕਰਨ ਲਈ ਯਤਨ ਕੀਤੇ, ਜਿਸ ਦੇ ਸਿੱਟੇ ਵਜੋਂ ਇਹ ਖੇਤਰ 'ਵੈਨਕੂਵਰਜ਼ ਹਿਸਟੌਰਿਕ ਪੰਜਾਬੀ ਮਾਰਕੀਟ' ਵਜੋਂ ਜਾਣਿਆ ਜਾਣ ਲੱਗਾ। ਕਾਰੋਬਾਰ ਦੇ ਨਾਲ-ਨਾਲ ਉਹ ਸਾਹਿਤ ਅਤੇ ਪੱਤਰਕਾਰੀ ਦੇ ਖੇਤਰ ਵਿੱਚ ਵੀ ਸਰਗਰਮ ਰਹੇ ਹਨ। ਉਨ੍ਹਾਂ ਨੇ ਅੱਧੀ ਦਰਜਨ ਤੋਂ ਵੱਧ ਪੁਸਤਕਾਂ ਲਿਖੀਆਂ ਅਤੇ ਹਫ਼ਤਾਵਾਰੀ ਅਖ਼ਬਾਰ ਇੰਡੋ-ਕੈਨੇਡੀਅਨ ਟਾਈਮਜ਼ ਲਈ ਲੰਬੇ ਸਮੇਂ ਤੱਕ ਨਿਯਮਤ ਲੇਖ ਲਿਖੇ। ਇਸ ਤੋਂ ਇਲਾਵਾ ਉਹ ਕੈਨੇਡੀਅਨ ਕੈਂਸਰ ਸੁਸਾਇਟੀ ਦੇ ਡਾਇਰੈਕਟਰ, ਪੰਜਾਬੀ ਮਾਰਕੀਟ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਸਨਸੈੱਟ ਇੰਡੋ-ਕੈਨੇਡੀਅਨ ਸੀਨੀਅਰਜ਼ ਸੁਸਾਇਟੀ ਦੇ ਪ੍ਰਧਾਨ ਵਜੋਂ ਵੀ ਸੇਵਾਵਾਂ ਨਿਭਾ ਚੁੱਕੇ ਹਨ। ਵੈਨਕੂਵਰ ਸਿਟੀ ਹਾਲ ਵਿੱਚ ਕਰਵਾਏ ਗਏ ਸਮਾਗਮ ਵਿੱਚ ਸੁੱਚਾ ਸਿੰਘ ਕਲੇਰ ਅਤੇ ਉਹਨਾਂ ਦੇ ਪਰਿਵਾਰਕ ਮੈਂਬਰਾਂ ਨੇ ਵਿਸ਼ੇਸ਼ ਤੌਰ ਤੇ ਹਾਜਰੀ ਭਰੀ। ਸਮਾਗਮ ਦੇ ਅੰਤ ਵਿੱਚ ਸੁੱਚਾ ਸਿੰਘ ਕਲੇਰ ਅਤੇ ਉਨ੍ਹਾਂ ਦੇ ਪੁੱਤਰ ਮਨਜੀਤ ਸਿੰਘ ਨੇ ਮੇਅਰ ਕੇਨ ਸਿਮ ਅਤੇ ਵੈਨਕੂਵਰ ਸਿਟੀ ਕੌਂਸਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਸਨਮਾਨ ਸਿਰਫ਼ ਉਨ੍ਹਾਂ ਲਈ ਨਹੀਂ, ਸਗੋਂ ਸਮੁੱਚੇ ਪੰਜਾਬੀ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ।

# ਭਾਰਤੀ ਮੂਲ ਦੇ ਗੰਗਾਧਰ ਨੇ ਬਾਬਾ ਬਣ ਟੋਰਾਂਟੋ 'ਚ ਮਾਰੀ ਠੱਗੀ, ਪੁਲਿਸ ਭਾਲ 'ਚ

## ਭਵਿੱਖ ਦੱਸਣ ਵਾਲੇ ਅਤੇ ਅਧਿਆਤਮਿਕ ਹੀਲਰ ਵਜੋਂ ਪੇਸ਼ ਹੋਏ ਗੰਗਾਧਰ ਬਾਬੂ ਨੇ ਲੱਖਾਂ ਡਾਲਰ ਠੱਗੇ

ਵਿਨੀਪੈੱਗ : ਟੋਰਾਂਟੋ ਪੁਲਿਸ ਸਰਵਿਸ ਨੇ ਆਪਣੇ ਆਪ ਨੂੰ ਜੋਤਸ਼ੀ, ਤਾਂਤਰਿਕ ਅਤੇ ਅਧਿਆਤਮਿਕ ਹੀਲਰ ਦੱਸ ਕੇ ਇੱਕ ਮਹਿਲਾ ਨਾਲ 8 ਲੱਖ ਕੈਨੇਡੀਅਨ ਡਾਲਰ ਤੋਂ ਵੱਧ ਦੀ ਕਥਿਤ ਠੱਗੀ ਕਰਨ ਦੇ ਦੋਸ਼ ਹੇਠ ਭਾਰਤੀ ਮੂਲ ਦੇ 29 ਸਾਲਾ ਗੰਗਾਧਰ ਬਾਬੂ ਖ਼ਿਲਾਫ਼ ਕੈਨੇਡਾ-ਵਿਆਪੀ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ ਹੈ। ਪੁਲੀਸ ਦਾ ਕਹਿਣਾ ਹੈ ਕਿ ਮੁਲਜ਼ਮ ਵਾਰਦਾਤ ਤੋਂ ਬਾਅਦ ਕੈਨੇਡਾ ਛੱਡ ਕੇ ਭਾਰਤ ਚਲਾ ਗਿਆ ਹੋ ਸਕਦਾ ਹੈ। ਜਾਂਚ ਅਧਿਕਾਰੀਆਂ ਨੂੰ ਸ਼ੱਕ ਹੈ ਕਿ ਇਸੇ ਢੰਗ ਨਾਲ ਹੋਰ ਲੋਕ ਵੀ ਉਸ ਦੀ ਕਥਿਤ ਠੱਗੀ ਦਾ ਸ਼ਿਕਾਰ ਹੋਏ ਹੋ ਸਕਦੇ ਹਨ।




ਪੁਲਿਸ ਵੱਲੋਂ ਜਾਰੀ ਜਾਣਕਾਰੀ ਅਨੁਸਾਰ ਗੰਗਾਧਰ ਬਾਬੂ ਨੇ ਅਪਰੈਲ 2024 ਤੋਂ ਸਤੰਬਰ 2025 ਤੱਕ "Indian Psychic and Spiritual Healer" ਦੇ ਨਾਮ ਹੇਠ ਕੰਮ ਕੀਤਾ। ਇਸ ਦੌਰਾਨ ਉਹ ਆਪਣੇ ਆਪ ਨੂੰ ਸ਼ਕਤੀਸ਼ਾਲੀ ਜੋਤਸ਼ੀ, ਭਵਿੱਖ ਦੱਸਣ ਵਾਲਾ ਅਤੇ ਅਧਿਆਤਮਿਕ ਮਾਹਿਰ ਵਜੋਂ ਪੇਸ਼ ਕਰਦਾ ਸੀ। ਉਹ ਦਾਅਵਾ ਕਰਦਾ ਸੀ ਕਿ ਉਸ ਕੋਲ ਅਜਿਹੀਆਂ ਅਲੌਕਿਕ ਸ਼ਕਤੀਆਂ ਹਨ, ਜਿਨ੍ਹਾਂ ਰਾਹੀਂ ਉਹ ਲੋਕਾਂ ਦੀਆਂ ਨਿੱਜੀ, ਪਰਿਵਾਰਕ ਅਤੇ ਆਰਥਿਕ ਸਮੱਸਿਆਵਾਂ ਦੂਰ ਕਰ ਸਕਦਾ ਹੈ ਅਤੇ ਉਨ੍ਹਾਂ ਨੂੰ ਬੁਰੀਆਂ ਸ਼ਕਤੀਆਂ ਤੋਂ ਬਚਾ ਸਕਦਾ ਹੈ।

ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਮੁਲਜ਼ਮ ਨੇ ਪੀੜਤਾ ਦੇ ਅੰਧਵਿਸ਼ਵਾਸ ਅਤੇ ਮਨੋਵਿਗਿਆਨਕ ਡਰ ਦਾ ਫ਼ਾਇਦਾ ਉਠਾਇਆ। ਉਸ ਨੇ ਪੀੜਤਾ ਨੂੰ ਯਕੀਨ ਦਿਵਾਇਆ ਕਿ ਉਸ ਅਤੇ ਉਸ ਦੇ ਪਰਿਵਾਰ ਉੱਤੇ ਗੰਭੀਰ ਸੰਕਟ ਮੰਡਰਾ ਰਿਹਾ ਹੈ ਅਤੇ ਜੇ ਉਸ ਨੇ ਵਿਸ਼ੇਸ਼ ਪੂਜਾ-ਪਾਠ, ਤਾਂਤਰਿਕ ਰਸਮਾਂ ਅਤੇ ਕਥਿਤ ਅਧਿਆਤਮਿਕ ਕਰਮਕਾਂਡ ਨਾ ਕਰਵਾਏ ਗਏ ਤਾਂ ਪਰਿਵਾਰ ਵਿੱਚ ਕਿਸੇ ਦੀ ਮੌਤ ਜਾਂ ਹੋਰ ਵੱਡੀ ਅਣਹੋਣੀ ਹੋ ਸਕਦੀ ਹੈ। ਇਨ੍ਹਾਂ ਦਾਅਵਿਆਂ ਕਾਰਨ ਪੀੜਤਾ ਡਰ ਅਤੇ ਦਬਾਅ ਵਿੱਚ ਆ ਗਈ ਅਤੇ ਕਥਿਤ 'ਅਧਿਆਤਮਿਕ ਸੁਰੱਖਿਆ' ਦੇ ਨਾਂ 'ਤੇ ਮੁਲਜ਼ਮ ਨੂੰ ਵਾਰ-ਵਾਰ ਵੱਡੀਆਂ ਰਕਮਾਂ ਦਿੰਦੀ ਰਹੀ।

ਪੁਲਿਸ ਮੁਤਾਬਕ ਇਸ ਕਥਿਤ ਠੱਗੀ ਦੀ ਕੁੱਲ ਰਕਮ 8 ਲੱਖ ਕੈਨੇਡੀਅਨ ਡਾਲਰ ਤੋਂ ਵੱਧ ਹੈ। ਮਾਮਲੇ ਦੀ ਜਾਂਚ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਮੁਲਜ਼ਮ ਕੈਨੇਡਾ ਛੱਡ ਕੇ ਭਾਰਤ ਚਲਾ ਗਿਆ ਹੈ। ਇਸ ਤੋਂ ਬਾਅਦ ਉਸ ਖ਼ਿਲਾਫ਼ ਕੈਨੇਡਾ-ਵਿਆਪੀ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ ਗਿਆ।

ਗੰਗਾਧਰ ਬਾਬੂ ਖ਼ਿਲਾਫ਼ 5,000 ਡਾਲਰ ਤੋਂ ਵੱਧ ਦੀ ਧੋਖਾਧੜੀ, ਅਪਰਾਧ ਰਾਹੀਂ ਹਾਸਲ ਕੀਤੀ ਸੰਪਤੀ ਆਪਣੇ ਕਬਜ਼ੇ ਵਿੱਚ ਰੱਖਣ ਅਤੇ ਅਪਰਾਧਿਕ ਕਮਾਈ ਨੂੰ ਜਾਇਜ਼ ਦਿਖਾਉਣ (ਮਨੀ ਲਾਂਡਰਿੰਗ) ਦੇ ਦੋਸ਼ ਦਰਜ ਕੀਤੇ ਗਏ ਹਨ। ਪੁਲਿਸ ਨੇ ਜਾਰੀ ਕੀਤੇ ਵੇਰਵਿਆਂ ਵਿੱਚ ਦੱਸਿਆ ਹੈ ਕਿ ਮੁਲਜ਼ਮ ਦੀ ਲੰਬਾਈ ਕਰੀਬ 5 ਫੁੱਟ 6 ਇੰਚ ਹੈ। ਉਸ ਦਾ ਸਰੀਰ ਪਤਲਾ, ਵਾਲ ਕਾਲੇ ਅਤੇ ਘੁੰਗਰਾਲੇ, ਅੱਖਾਂ ਗੂੜ੍ਹੀਆਂ ਭੂਰੀਆਂ ਅਤੇ ਦਾੜ੍ਹੀ ਕੱਟੀ ਹੋਈ ਹੈ। ਉਸ ਦੀ ਖ਼ਾਸ ਪਛਾਣ ਅੱਗੇ ਦੇ ਦੋ ਦੰਦਾਂ ਵਿਚਕਾਰ ਸਪਸ਼ਟ ਫ਼ਾਸਲਾ ਹੈ।

ਜਾਂਚ ਅਧਿਕਾਰੀਆਂ ਦਾ ਮੰਨਣਾ ਹੈ ਕਿ ਮੁਲਜ਼ਮ ਨੇ ਇਸੇ ਤਰੀਕੇ ਨਾਲ ਹੋਰ ਲੋਕਾਂ ਨੂੰ ਵੀ ਆਪਣਾ ਨਿਸ਼ਾਨਾ ਬਣਾਇਆ ਹੋ ਸਕਦਾ ਹੈ। ਇਸ ਲਈ ਟੋਰਾਂਟੋ ਪੁਲਿਸ ਨੇ ਅਪੀਲ ਕੀਤੀ ਹੈ ਕਿ ਜਿਨ੍ਹਾਂ ਵਿਅਕਤੀਆਂ ਨੇ ਗੰਗਾਧਰ ਬਾਬੂ ਨਾਲ ਸੰਪਰਕ ਕੀਤਾ ਹੋਵੇ ਜਾਂ ਕਥਿਤ ਜੋਤਿਸ਼, ਤਾਂਤਰਿਕ ਰਸਮਾਂ, ਅਧਿਆਤਮਿਕ ਇਲਾਜ ਜਾਂ ਪੂਜਾ-ਪਾਠ ਦੇ ਨਾਂ 'ਤੇ ਉਸ ਨੂੰ ਪੈਸੇ ਦਿੱਤੇ ਹੋਣ, ਉਹ ਬਿਨਾਂ ਕਿਸੇ ਡਰ ਦੇ ਪੁਲੀਸ ਨਾਲ ਸੰਪਰਕ ਕਰਨ। ਲੋਕਾਂ ਨੂੰ ਅਜਿਹੇ ਸਵੈ-ਘੋਸ਼ਿਤ ਜੋਤਸ਼ੀਆਂ, ਤਾਂਤਰਿਕਾਂ ਅਤੇ ਅਧਿਆਤਮਿਕ ਚਮਤਕਾਰਾਂ ਦੇ ਦਾਅਵੇ ਕਰਨ ਵਾਲੇ ਵਿਅਕਤੀਆਂ ਤੋਂ ਸੁਚੇਤ ਰਹਿਣ ਦੀ ਸਲਾਹ ਦਿੱਤੀ ਗਈ ਹੈ।



ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

(ੲ) ਸਿੱਖ ਦਾ ਵਿਆਹ 'ਅਨੰਦ' ਰੀਤੀ ਨਾਲ ਕਰਨਾ ਚਾਹੀਏ।

(ਸ) ਲੜਕੀ ਲੜਕੇ ਦਾ ਵਿਆਹ ਬਚਪਨ ਵਿਚ ਕਰਨਾ ਵਿਵਰਜਿਤ ਹੈ।

(ਹ) ਜਦ ਲੜਕੀ ਸਰੀਰ, ਮਨ ਤੇ ਆਚਾਰ ਕਰਕੇ ਵਿਆਹ ਕਰਨ ਦੇ ਯੋਗ ਹੋ ਜਾਵੇ, ਤਾਂ ਕਿਸੇ ਯੋਗ ਸਿੱਖ ਨਾਲ 'ਅਨੰਦ' ਪੜ੍ਹਾਇਆ ਜਾਵੇ।

(ਕ) ਅਨੰਦ ਤੋਂ ਪਹਿਲਾਂ ਕੁੜਮਾਈ ਦੀ ਰਸਮ ਜ਼ਰੂਰੀ ਨਹੀਂ; ਪਰ ਜੇ ਕਰਨੀ ਹੋਵੇ, ਤਾਂ ਲੜਕੀ ਵਾਲੇ ਕਿਸੇ ਦਿਨ ਸੰਗਤ ਜੋੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਅਰਦਾਸਾ ਸੋਧਕੇ ਇਕ ਕ੍ਰਿਪਾਨ, ਕੜਾ ਤੇ ਕੁਝ ਮਿਠਾ ਲੜਕੇ ਦੇ ਪੱਲੇ ਪਾ ਦੇਣ।

(ਖ) ਅਨੰਦ ਦਾ ਦਿਨ ਮੁਕਰਰ ਕਰਨ ਲੱਗਿਆਂ ਕੋਈ ਥਿਤਿ ਵਾਰ ਚੰਗੇ ਮੰਦੇ ਦਿਨ ਦੀ ਖੋਜ ਕਰਨ ਲਈ ਪੱਤਰੀ ਵਾਚਣਾ ਮਨਮਤ ਹੈ। ਕੋਈ ਦਿਨ, ਜੋ ਦੋਹਾਂ ਧਿਰਾਂ ਨੂੰ ਆਪਸ ਵਿਚ ਸਲਾਹ ਕਰਕੇ ਚੰਗਾ ਦਿਸੇ, ਨੀਅਤ ਕਰ ਲੈਣਾ ਚਾਹੀਏ।

(ਗ) ਸਿਹਰਾ, ਮੁਕਟ ਜਾਂ ਗਾਨਾ ਬੰਨ੍ਹਣਾ, ਪਿੱਤਰ ਪੂਜਣੇ, ਕੱਚੀ ਲੱਸੀ ਵਿਚ ਪੈਰ ਪਾਉਣਾ, ਬੇਰੀ ਜਾਂ ਜੰਡੀ ਵੱਢਣੀ, ਘੜੋਲੀ ਭਰਨੀ, ਰੁਸ ਕੇ ਾਣਾ, 'ਛੰਦ' ਪੜ੍ਹਨੇ, ਹਵਨ ਕਰਨਾ, ਵੇਦੀ ਗੱਡਣੀ, ਵੇਸਵਾ ਦਾ ਨਾਚ, ਸ਼ਰਾਬ ਆਦਿ ਮਨਮਤ ਹੈ।

(ਘ) ਜਿਤਨੈ ਥੋੜ੍ਹੇ ਆਦਮੀ ਲੜਕੀ ਵਾਲਾ ਮੰਗਾਵੇ, ਉਤਨੇ ਨਾਲ ਲੈ ਕੇ ਲੜਕਾ ਸਹੁਰੇ ਘਰ ਜਾਵੇ। ਦੋਹੀਂ ਪਾਸੀਂ ਗੁਰਬਾਣੀ ਦੇ ਸ਼ਬਦ ਗਾਏ ਜਾਣ ਤੇ ਫਤਹਿ ਗਜਾਈ ਜਾਵੇ।

(ਙ) ਵਿਆਹ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਦੀਵਾਨ ਲੱਗੇ, ਰਾਗੀ ਜਾਂ ਸੰਗਤਿ ਕੀਰਤਨ ਕਰੇ। ਫਿਰ ਲੜਕੀ ਤੇ ਲੜਕਾ ਸ੍ਰੀ ਗੁਰੁ ਗ੍ਰੰਥ ਸਾਹਿਬ ਦੇ ਹਜ਼ੂਰ ਬਿਠਾਏ ਜਾਣ। ਲੜਕੀ ਲੜਕੇ ਦੇ ਖੱਬੇ ਪਾਸੇ ਬੈਠੇ। ਸੰਗਤ ਦੀ ਆਗਿਆ ਲੈ ਕੇ ਅਨੰਦ ਪੜ੍ਹਾਉਣ ਵਾਲਾ ਸਿੱਖ (ਮਰਦ ਜਾਂ ਇਸਤ੍ਰੀ) ਲੜਕੇ ਲੜਕੀ ਤੇ ਉਨ੍ਹਾਂ ਦਿਆਂ ਮਾਪਿਆਂ ਜਾਂ ਸਰਬਰਾਹਾਂ ਨੂੰ ਖੜ੍ਹਾ ਕਰਕੇ ਅਨੰਦ ਦੇ ਆਰੰਭ ਦਾ ਅਰਦਾਸਾ ਸੋਧੇ।

ਫਿਰ ਉਹ ਲੜਕੇ ਲੜਕੀ ਨੂੰ ਗੁਰਮਤ ਅਨੁਸਾਰ ਗ੍ਰਿਹਸਤ ਧਰਮ ਦੇ ਫਰਜ਼ਾਂ ਦਾ ਉਪਦੇਸ਼ ਕਰੇ :

ਪਹਿਲੇ ਦੋਹਾਂ ਨੂੰ ਸਾਂਝਾ ਉਪਦੇਸ਼ ਕਰੇ।

ਇਸ ਵਿਚ ਸੂਈ ਰਾਗ ਦੀਆਂ ਲਾਵਾਂ ਦੇ ਭਾਵ ਅਨੁਸਾਰ ਪਤੀ ਪਤਨੀ ਦੇ ਸਬੰਧ ਨੂੰ ਜੀਵ ਤੇ ਪਰਮਾਤਮਾ ਦੇ ਪਿਆਰ ਦੇ ਨਮੂਨੇ ਉਤੇ ਢਾਲਣ ਦੀ ਵਿਧੀ ਦੱਸੇ।

ਆਪਸ ਵਿਚ ਪ੍ਰੇਮ ਦੁਆਰਾ 'ਏਕ ਜੋਤਿ ਦੁਇ ਮੂਰਤੀ' ਹੋਣਾ ਦੱਸੇ ਅਤੇ ਇਕੁਰ ਗ੍ਰਿਹਸਤ ਧਰਮ ਨਿਬਾਹੁੰਦੇ ਹੋਏ ਆਪਣੇ ਸਾਂਝੇ ਭਰਤਾ ਅਕਾਲ ਪੁਰਖ ਨਾਲ ਇਕਮਿਕ ਹੋਣਾ ਦ੍ਰਿੜਾਵੇ। ਦੋਹਾਂ ਨੇ ਇਸ ਸੰਜੋਗ ਨੂੰ ਮਨੁੱਖਾ ਜਨਮ ਦੀ ਯਾਤ੍ਰਾ ਨੂੰ ਸਫ਼ਲਤਾ ਨਾਲ ਨਿਬਾਹੁਣ ਦਾ ਸਾਧਨ ਬਣਾਉਣਾ ਹੈ। ਦੋਹਾਂ ਨੇ ਇਸ ਸੰਜੋਗ ਦੇ ਰਾਹੀਂ ਪਵਿੱਤਰ ਤੇ ਗੁਰਮੁਖੀ ਜੀਵਨ ਬਿਤਾਉਣਾ ਹੈ।

ਫਿਰ ਲੜਕੇ ਤੇ ਲੜਕੀ ਨੂੰ ਆਪੋ ਆਪਣੇ ਵੱਖੋ-ਵੱਖਰੇ ਗ੍ਰਿਹਸਤ ਧਰਮ ਦੇ ਫਰਜ਼ ਦੱਸੇ ਜਾਣ।

ਵਰ ਨੂੰ ਦੱਸਿਆ ਜਾਵੇ ਕਿ ਲੜਕੀ ਵਾਲਿਆਂ ਨੇ ਤੁਹਾਨੂੰ ਸਭ ਤੋਂ ਵਧੀਕ ਯੋਗ ਜਾਣ ਕੇ ਵਰ ਚੁਣਿਆ ਹੈ। ਆਪ ਨੇ ਆਪਣੀ ਪਤਨੀ ਨੂੰ ਅਰਧੰਗੀ ਜਾਣ ਕੇ ਸਾਰੀਆਂ ਅਵਸਥਾਂ




ਵਿਚ ਇਕੋ ਜਿਹਾ ਪਿਆਰ ਕਰਨਾ ਹੈ ਤੇ ਵੰਡ ਛਕਣਾ ਹੈ। ਇਸ ਦੇ ਸਰੀਰ ਤੇ ਇੱਜ਼ਤ ਦੇ ਰਾਖੇ ਤੁਸੀਂ ਹੋ। ਇਸਤ੍ਰੀ-ਬ੍ਰਤ ਧਰਮ ਵਿਚ ਪੱਕੇ ਰਹਿਣਾ। ਇਸ ਦੇ ਮਾਤਾ ਪਿਤਾ ਤੇ ਸਰਬੰਧੀਆਂ ਨੂੰ ਆਪਣੇ ਮਾਤਾ ਪਿਤਾ ਦੇ ਸਰਬੰਧੀਆਂ ਤੁਲ ਆਦਰ ਦੇਣਾ।

ਕੰਠਿਆਂ ਨੂੰ ਦੱਸਿਆ ਜਾਵੇ ਕਿ ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸੰਗਤ ਦੇ ਹਜ਼ੂਰ ਇਸ ਸੱਜਣ ਦੇ ਲੜ ਲਾਇਆ ਜਾਂਦਾ ਹੈ। ਆਪ ਇਨ੍ਹਾਂ ਦੇ 'ਨਿਰਮਲ ਭਉ' ਵਿਚ ਰਹਿੰਦੇ ਹੋਏ ਇਨ੍ਹਾਂ ਨੂੰ ਹੀ ਆਪਣੇ ਸਾਰੇ ਪ੍ਰੇਮ ਤੇ ਸ਼ਰਧਾ ਦਾ ਮਾਲਕ ਸਮਝਣਾ, ਦੁੱਖ ਸੁੱਖ, ਦੇਸ ਪ੍ਰਦੇਸ ਵਿਚ ਆਪਣੇ ਪਤੀ-ਬ੍ਰਤ ਧਰਮ ਵਿਚ ਪੱਕੇ ਰਹਿਣਾ, ਸੇਵਾ ਕਰਨੀ। ਇਹਦੇ ਮਾਤਾ ਪਿਤਾ ਤੇ ਸਬੰਧੀਆਂ ਨੂੰ ਆਪਣੇ ਮਾਤਾ ਪਿਤਾ ਤੇ ਸਬੰਧੀਆਂ ਵਾਂਗ ਜਾਣਨਾ।

ਉਪਦੇਸ਼ ਦੀਆਂ ਗੱਲਾਂ ਪ੍ਰਵਾਨ ਕਰਦੇ ਹੋਏ ਵਰ ਤੇ ਕੰਨਿਆਂ ਦੋਵੇਂ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਣ। ਫਿਰ ਲੜਕੀ ਦਾ ਪਿਤਾ ਜਾਂ ਮੁਖੀ ਸਰਬੰਧੀ ਲੜਕੇ ਦਾ ਪੱਲਾ ਲੜਕੀ ਦੇ ਹੱਥ ਫੜਾਵੇ ਤੇ ਤਾਬਿਆ ਬੈਠਾ ਸੱਜਣ ਸੂਹੀ ਮਹਲਾ ੪ ਵਿਚ ਦਿੱਤੀਆਂ ਲਾਵਾਂ ਦਾ ਪਾਠ ਸੁਣਾਵੇ। ਇਕ ਇਕ ਲਾਂਵ ਦਾ ਪਾਠ ਹੋਣ ਮਗਰੋਂ ਅੱਗੇ ਵਰ ਤੇ ਪਿਛੇ ਕੰਨਿਆਂ ਵਰ ਦਾ ਪੱਲਾ ਫੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚਾਰ ਪਰਿਕਰਮਾਂ ਕਰਨਾ। ਪਰਿਕਰਮਾਂ ਕਰਨ ਸਮੇਂ ਰਾਗ ਜਾਂ ਸੰਗਤ ਲਾਵਾਂ ਨੂੰ ਕ੍ਰਮ ਅਨੁਸਾਰ ਸੁਰ ਨਾਲ ਗਾਈ ਅਤੇ ਵਰ ਕੰਨਿਆਂ ਹਰ ਇਕ ਲਾਂਵ ਮਗਰੋਂ ਮੱਥਾ ਟੇਕ ਕੇ ਅਗਲੀ ਲਾਂਵ ਸੁਣਨ ਲਈ ਖੜ੍ਹੇ ਹੋ ਜਾਣ। ਉਪਰੰਤ ਓਹ ਮੱਥਾ ਟੇਕ ਕੇ ਆਪਣੀ ਥਾਂ ਤੇ ਬੈਠ ਜਾਣ ਤੇ ਰਾਗੀ ਸਿੰਘ ਜਾਂ ਅਨੰਦ ਕਰਾਉਣ ਵਾਲਾ ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ ਦਾ ਪਾਠ ਕਰੇ। ਫਿਰ ਅਨੰਦ ਦੀ ਸਮਾਪਤੀ ਦਾ ਅਰਦਾਸਾ ਸੋਧਿਆ ਜਾ ਕੇ ਕੜਾਹ ਪ੍ਰਸਾਦ ਵਰਤਾਇਆ ਜਾਵੇ।

(ਚ) ਅਨ-ਮਤ ਵਾਲਿਆਂ ਦਾ ਵਿਆਹ ਅਨੰਦ ਰੀਤੀ ਨਾਲ ਨਹੀਂ ਹੋ ਸਕਦਾ।

(ਛ) ਲੜਕੇ ਜਾਂ ਲੜਕੀ ਦਾ ਸੰਜੋਗ ਪੈਸਾ ਲੈ ਕੇ ਨਾ ਕਰੇ।

**(ਚਲਦਾ)**

# ਐਫ ਬੀ ਆਈ ਨੇ ਭਾਰਤੀ ਨਾਗਰਿਕ ਦੀ ਗ੍ਰਿਫਤਾਰੀ ਲਈ ਆਮ ਲੋਕਾਂ ਤੋਂ ਮਦਦ ਮੰਗੀ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ/ਸਾਡੇ ਲੋਕ) : ਐਫ ਬੀ ਆਈ ਨੇ ਅਮਰੀਕਾ, ਕੈਨੇਡਾ ਅਤੇ ਮੈਕਸੀਕੋ ਵਿਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਚ ਸ਼ਾਮਿਲ ਅੰਤਰਰਾਸ਼ਟਰੀ ਅਪਰਾਧਿਕ ਸੰਗਠਨ ਨਾਲ ਜੁੜੇ ਇੱਕ ਭਾਰਤੀ ਨਾਗਰਿਕ ਨੂੰ ਲੱਭਣ ਲਈ ਆਮ ਜਨਤਾ ਤੋਂ ਮੱਦਦ ਦੀ ਮੰਗ ਕੀਤੀ ਹੈ। ਐਫ ਬੀ ਆਈ ਦੇ ਅਨੁਸਾਰ 30 ਸਾਲਾ ਅੰਮ੍ਰਿਤਪਾਲ ਸਿੰਘ ਨਸ਼ੀਲੇ ਪਦਾਰਥਾਂ ਦੀ ਨਿਰਯਾਤ ਕਰਨ ਦੀ ਸਾਜ਼ਿਸ਼ ਵਿੱਚ ਸ਼ਾਮਲ ਹੈ। ਜਾਂਚਕਰਤਾਵਾਂ ਦਾ ਦੋਸ਼ ਹੈ ਕਿ ਅੰਮ੍ਰਿਤਪਾਲ ਸਿੰਘ ਰਵਿੰਦਰ ਢਾਂਡਾ ਸੰਗਠਿਤ ਅਪਰਾਧ ਸਮੂਹ ਦਾ ਹਿੱਸਾ ਹੈ ਜੋ ਕਿ ਵੈਨਕੂਵਰ, ਕੈਨੇਡਾ ਵਿਚ ਸਰਗਰਮ ਹੈ ਅਤੇ ਜਿਸ 'ਤੇ ਅਮਰੀਕਾ, ਕੈਨੇਡਾ ਅਤੇ ਮੈਕਸੀਕੋ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਸੰਗਠਨਾਂ ਨੂੰ ਵੱਡੀ ਮਾਤਰਾ ਵਿੱਚ ਕੋਕੀਨ ਅਤੇ ਮੇਥਾਮਫੇਟਾਮਾਈਨ ਸਪਲਾਈ ਕਰਨ ਦਾ ਦੋਸ਼ ਹੈ। ਐਫ ਬੀ ਆਈ ਨੇ ਕਿਹਾ ਹੈ



ਕਿ ਉਸ ਵਿਰੁੱਧ ਗ੍ਰਿਫਤਾਰੀ ਵਾਰੰਟ ਲਾਸ ਏਂਜਲਸ ਵਿੱਚ ਅਮਰੀਕੀ ਜ਼ਿਲਾ ਅਦਾਲਤ ਦੁਆਰਾ ਜਾਰੀ ਕੀਤਾ ਗਿਆ ਹੈ। ਐਫ ਬੀ ਆਈ ਅਨੁਸਾਰ ਅੰਮ੍ਰਿਤਪਾਲ ਦੀ ਉਮਰ 30 ਸਾਲ ਤੋਂ ਉਪਰ ਹੈ। ਮਾਮਲੇ ਦੀ ਐਫ ਬੀ ਆਈ ਦਾ ਲਾਸ ਏਂਜਲਸ ਫੀਲਡ ਦਫਤਰ ਜਾਂਚ ਕਰ ਰਿਹਾ ਹੈ ਅਤੇ ਉਸ ਨੇ ਆਮ ਲੋਕਾਂ ਨੂੰ ਕਿਹਾ ਹੈ ਕਿ ਜੇਕਰ ਕਿਸੇ ਨੂੰ ਵੀ ਅੰਮ੍ਰਿਤਪਾਲ ਦੇ ਟਿਕਾਣੇ ਬਾਰੇ ਜਾਣਕਾਰੀ ਮਿਲੇ ਤਾਂ ਉਹ ਸਥਾਨਕ ਐਫ ਬੀ ਆਈ ਦਫਤਰ, ਨਜ਼ਦੀਕੀ ਅਮਰੀਕੀ ਦੂਤਾਵਾਸ ਜਾਂ ਕੌਂਸਲੇਟ ਨਾਲ ਸੰਪਰਕ ਕਰ ਸਕਦਾ ਹੈ।

# ਦੋ ਅਮਰੀਕੀ ਸੰਸਦ ਮੈਂਬਰਾਂ ਨੇ ਪਾਕਿਸਤਾਨ ਦੇ ਫੌਜ ਮੁਖੀ ਨਾਲ ਕੀਤੀ ਮੁਲਾਕਾਤ

ਇਸਲਾਮਾਬਾਦ : ਦੋ ਅਮਰੀਕੀ ਸੰਸਦ ਮੈਂਬਰਾਂ ਨੇ ਰਾਵਲਪਿੰਡੀ ਵਿੱਚ ਪਾਕਿਸਤਾਨ ਦੇ ਫੌਜ ਮੁਖੀ ਅਸੀਮ ਮੁਨੀਰ ਨਾਲ ਮੁਲਾਕਾਤ ਕੀਤੀ। ਇਹ ਮੁਲਾਕਾਤ ਅਜਿਹੇ ਸਮੇਂ ਹੋਈ ਹੈ ਜਦੋਂ ਦੋਵੇਂ ਦੇਸ਼ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਫੌਜ ਦੇ ਮੀਡੀਆ ਵਿੰਗ, ਇੰਟਰ-ਸਰਵਿਸਿਜ਼ ਪਬਲਿਕ ਰਿਲੇਸ਼ਨਜ਼ (ਆਈਐਸਪੀਆਰ) ਨੇ ਇੱਕ ਬਿਆਨ ਵਿੱਚ ਕਿਹਾ ਕਿ ਇਹ ਮੁਲਾਕਾਤ ਸੋਮਵਾਰ ਨੂੰ ਰਾਵਲਪਿੰਡੀ ਵਿੱਚ ਫੌਜ ਹੈੱਡਕੁਆਰਟਰ ਵਿਖੇ ਹੋਈ।



ਬਿਆਨ ਦੇ ਅਨੁਸਾਰ ਫੀਲਡ ਮਾਰਸ਼ਲ ਮੁਨੀਰ ਨਾਲ ਆਪਣੀ ਮੁਲਾਕਾਤ ਦੌਰਾਨ ਮੋਂਟਾਨਾ ਤੋਂ ਰਿਆਨ ਜ਼ਿੰਕੇ ਅਤੇ ਵਾਸ਼ਿੰਗਟਨ ਤੋਂ ਮਾਈਕਲ ਬਾਮਗਾਰਟਨਰ, ਅਮਰੀਕੀ ਪ੍ਰਤੀਨਿਧੀ ਸਭਾ (ਸੰਸਦ) ਦੇ ਮੈਂਬਰਾਂ ਨੇ ਆਪਸੀ ਹਿੱਤਾਂ, ਖੇਤਰੀ ਸੁਰੱਖਿਆ, ਦੁਵੱਲੇ ਰੱਖਿਆ ਸਹਿਯੋਗ ਅਤੇ ਆਰਥਿਕ ਸਹਿਯੋਗ ਨੂੰ ਵਧਾਉਣ ਦੇ ਤਰੀਕਿਆਂ 'ਤੇ ਚਰਚਾ ਕੀਤੀ। ਸੱਤਾਧਾਰੀ ਰਿਪਬਲਿਕਨ ਪਾਰਟੀ ਆਫ ਅਮਰੀਕਾ ਦੇ ਦੋਵਾਂ ਸੰਸਦ ਮੈਂਬਰਾਂ ਦਾ ਪਾਕਿਸਤਾਨ ਦੌਰਾ ਦੋਵਾਂ ਦੇਸ਼ਾਂ ਦੇ ਸਬੰਧਾਂ ਵਿੱਚ ਨਵੀਂ ਗਰਮਜੋਸ਼ੀ ਦੇ ਸਮੇਂ ਹੋਇਆ ਹੈ।

ਪਿਛਲੇ ਸਾਲ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੁਬਾਰਾ ਚੁਣੇ ਜਾਣ ਤੋਂ ਬਾਅਦ, ਦੋਵਾਂ ਧਿਰਾਂ ਨੇ ਉੱਚ-ਪੱਧਰੀ ਰਾਜਨੀਤਿਕ, ਰੱਖਿਆ ਅਤੇ ਆਰਥਿਕ ਸੰਪਰਕ ਵਧਾਏ ਹਨ। ਦੋਵੇਂ ਅਮਰੀਕੀ ਸੰਸਦ ਮੈਂਬਰ ਪਿਛਲੇ ਹਫ਼ਤੇ ਪਾਕਿਸਤਾਨ ਪਹੁੰਚੇ ਸਨ। ਉਨ੍ਹਾਂ ਨੇ ਲਾਹੌਰ ਦੀ ਆਪਣੀ ਫੇਰੀ ਦੌਰਾਨ ਪੰਜਾਬ ਦੇ ਰਾਜਪਾਲ ਸਰਦਾਰ ਸਲੀਮ ਹੈਦਰ ਖਾਨ ਨਾਲ ਵੀ ਮੁਲਾਕਾਤ ਕੀਤੀ। ਪਾਕਿਸਤਾਨ ਦੇ ਸਰਕਾਰੀ ਟੈਲੀਵਿਜ਼ਨ ਚੈਨਲ ਨਾਲ ਗੱਲ ਕਰਦੇ ਹੋਏ, ਬਾਮਗਾਰਟਨਰ ਨੇ ਕਿਹਾ ਕਿ ਦੋਵਾਂ ਦੇਸ਼ਾਂ ਵਿਚਕਾਰ ਦੁਵੱਲੇ ਸਬੰਧ 'ਮਜ਼ਬੂਤ ਹੋਣ ਜਾ ਰਹੇ ਹਨ।' ਜ਼ਿੰਕੇ ਨੇ ਕਿਹਾ, 'ਸਬੰਧ ਕਦੇ ਵੀ ਇੰਨੇ ਵਧੀਆ ਨਹੀਂ ਰਹੇ।'

# BASRA
## Heating & Air Conditioning

### ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

## ਤੁਹਾਡੇ ਢੇਰ ਸਾਰੇ ਪੈਸੇ

Reasonable price first class work ਅਤੇ

100% ਗਰੰਟੀ




**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

# ਸ. ਰਜਿੰਦਰ ਸਿੰਘ ਬਸਰਾ (209) 834-6188

# Address: 231 Portico Ln, Tracy, CA 95377



ਸੰਤ ਸੇਵਾ ਸਿਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੁਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖ਼ੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖ਼ਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। – ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਦੁਲਭ ਦੇਹ ਸਵਾਰਿ ॥ ਜਾਹਿ ਨ ਦਰਗਹ ਹਾਰਿ ॥

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਤੀਸਰੇ ਗੁਰਦੇਵ ਜੀ ਦਾ ਹੁਕਮ ਹੈ ਕਿ ਹੇ ਪਿਆਰੇ ਸੱਜਣੋ ! ਤੁਸੀਂ ਮਾਲਕ ਪ੍ਰਭੂ ਦੀ ਭਗਤੀ ਕਰੋ ਕਿਉਂਕਿ ਮਾਲਕ ਜੀ ਨੂੰ ਭਗਤੀ ਕਰਨੀ ਹੀ ਚੰਗੀ ਲੱਗਦੀ ਹੈ। ਪ੍ਰੇਮਾ-ਭਗਤੀ ਦੀ ਦਾਤ ਭੀ ਗੁਰੂ ਜੀ ਪਾਸੋਂ ਹੀ ਪ੍ਰਾਪਤ ਹੁੰਦੀ ਹੈ।

ਸਾਜਨ ਮੇਰੇ ਪ੍ਰੀਤਮਹੁ ਤੁਮ ਸਹ ਕੀ ਭਗਤਿ ਕਰੇਹੋ ॥
ਗੁਰੁ ਸੇਵਹੁ ਸਦਾ ਆਪਣਾ ਨਾਮੁ ਪਦਾਰਥੁ ਲੇਹੋ ॥
(ਆਸਾ ਮ: ੩, ਅੰਗ ੪੪੦)

ਗੁਰੂ ਤੋਂ ਬਿਨਾਂ ਭਗਤੀ ਦੀ ਦਾਤ ਪ੍ਰਾਪਤ ਨਹੀਂ ਹੋ ਸਕਦੀ ਜਿਵੇਂ ਕਿ ਕੋਰੇ ਕੱਪੜੇ ਤੇ ਰੰਗ ਨਹੀਂ ਚੜ੍ਹਦਾ, ਪਹਿਲੋਂ ਉਸ ਦੀ ਪਾਣ ਲਾਹੁਣੀ ਪੈਂਦੀ ਹੈ।

ਗਿਆਨੀ ਗੁਰ ਬਿਨੁ ਭਗਤਿ ਨ ਹੋਈ ॥
ਕੋਰੈ ਰੰਗੁ ਕਦੇ ਨ ਚੜੈ ਜੇ ਲੋਚੈ ਸਭੁ ਕੋਈ ॥੧॥ ਰਹਾਉ ॥ (ਸੂਹੀ ਮ: ੪, ਅੰਗ ੭੩੨)

ਇਸੇ ਤਰ੍ਹਾਂ ਮਨ ਰੂਪੀ ਕੋਰੇ ਕੱਪੜੇ 'ਚੋਂ ਮਾਇਆ ਦੀ ਪਾਣ ਕੱਢਣ ਵਾਸਤੇ ਗੁਰੂ ਦਾ ਨਿਰਮਲ ਭੈ ਹੀ ਕੰਮ ਦਿੰਦਾ ਹੈ ਕਿਉਂਕਿ

ਭੈ ਬਿਨੁ ਭਗਤਿ ਨ ਹੋਈ ਕਬ ਹੀ
ਭੈ ਭਾਇ ਭਗਤਿ ਸਵਾਰੀ ॥੬॥
(ਰਾਮਕਲੀ ਮ: ੩, ਅੰਗ ੯੧੧)

ਤੀਸਰੇ ਗੁਰਦੇਵ ਜੀ ਫ਼ੈਸਲਾ ਦਿੰਦੇ ਹਨ ਕਿ ਜੋ ਪੁਰਖ ਗੁਰੂ ਜੀ ਦੀ ਸ਼ਰਨ ਆਏ ਤੋਂ ਬਿਨਾਂ ਮਨ ਦੀ ਮਰਜ਼ੀ ਅਨੁਸਾਰ ਭਗਤੀ ਕਰਨ ਦਾ ਯਤਨ ਕਰਦੇ ਹਨ, ਉਹਨਾਂ ਦੀ ਕੀਤੀ ਹੋਈ ਭਗਤੀ ਪ੍ਰਭੂ-ਦਰ ਪ੍ਰਵਾਨ ਨਹੀਂ ਹੁੰਦੀ।

ਮਨਮੁਖ੧ ਭਗਤਿ ਕਰਹਿ ਬਿਨੁ ਸਤਿਗੁਰ
ਵਿਣੁ ਸਤਿਗੁਰ ਭਗਤਿ ਨ ਹੋਈ ਰਾਮ ॥
(ਰਾਗੁ ਸੂਹੀ ਮ: ੩, ਅੰਗ ੭੬੮)

ਗੁਰੂ ਅਮਰਦਾਸ ਸਾਹਿਬ ਜੀ ਉਨ੍ਹਾਂ ਜੀਵਾਂ ਪ੍ਰਤੀ, ਜੋ ਮਨ ਦੀ ਮਤਿ ਪਿੱਛੇ ਲੱਗ ਕੇ ਟੁਰਦੇ ਨੇ, ਫ਼ੁਰਮਾਨ ਕਰਦੇ ਹਨ ਕਿ ਐਸੇ ਜੀਵ ਰਾਮ-ਰਾਮ ਆਖ ਕੇ ਥੱਕ ਜਾਂਦੇ ਹਨ ਪਰ ਫਿਰ ਵੀ ਹਉਮੈ ਦੀ ਮੈਲ ਉਨ੍ਹਾਂ ਪਾਸੋਂ ਧੋਤੀ ਨਹੀਂ ਜਾਂਦੀ, ਇਸ ਲਈ ਹੇ ਮੇਰੇ ਮਨ ! ਜਦੋਂ ਮਨੁੱਖ ਗੁਰੂ ਦੀ ਸ਼ਰਨ ਵਿੱਚ ਆਉਂਦਾ ਹੈ ਤਦ ਹੀ ਪਵਿੱਤ੍ਰ ਹੁੰਦਾ ਹੈ :

ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥
(ਸਿਰੀ ਰਾਗੁ ਮ: ੩, ਅੰਗ ੩੯)

ਅਤੇ ਰਸਨਾ ਨਾਲ ਤਾਂ ਰਾਮ-ਰਾਮ ਸਭ ਕੋਈ ਕਹਿ ਰਿਹਾ ਹੈ, ਇੰਝ ਕਹਿਣ ਨਾਲ ਰਾਮ ਦੀ ਪ੍ਰਾਪਤੀ ਨਹੀਂ ਹੋਣੀ। ਇਹ ਤਾਂ ਗੁਰੂ ਜੀ ਦੀ ਕ੍ਰਿਪਾ ਨਾਲ ਜਦੋਂ ਰਾਮ ਦਾ ਨਾਮ ਹਿਰਦੇ ਵਿੱਚ ਵੱਸ ਜਾਂਦਾ ਹੈ ਤਾਂ ਹੀ ਕੋਈ ਗਿਆਨ-ਰੂਪੀ ਫਲ ਪ੍ਰਾਪਤ ਕਰਦਾ ਹੈ :

ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥
ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥੧॥
(ਗੂਜਰੀ ਮ: ੩, ਅੰਗ ੪੯੧)

ਤਾਂ ਤੇ ਜਿੰਨਾ ਚਿਰ ਮਨੁੱਖ ਨੂੰ 'ਗੁਰਪ੍ਰਸਾਦਿ' (ਗੁਰੂ ਦੀ ਕ੍ਰਿਪਾ) ਪ੍ਰਾਪਤ ਨਹੀਂ ਹੁੰਦੀ, ਓਨਾਂ ਚਿਰ ਹਿਰਦੇ ਵਿੱਚ 'ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ' ਨਹੀਂ ਵਸਣਾ। ਗੁਰੂ ਦੀ ਕ੍ਰਿਪਾ ਆਪਾਂ ਨੂੰ ਕਿਵੇਂ ਪ੍ਰਾਪਤ ਹੋਵੇ ? ਸੰਸਾਰਕ ਉਦਾਹਰਣ ਹੈ ਕਿ ਜੇ ਕਿਸੇ ਨੇ ਮਾਂ-ਬਾਪ ਦੀ ਕ੍ਰਿਪਾ ਦਾ ਪਾਤਰ ਬਣਨਾ ਹੋਵੇ ਜਾਂ ਕਿਸੇ ਮਿੱਤਰ-ਦੋਸਤ ਦੀ ਪ੍ਰਸੰਨਤਾ ਲੈਣੀ ਹੋਵੇ ਤਦ ਉਸ ਨੂੰ ਮਾਂ-ਬਾਪ ਜਾਂ ਉਸ ਦੋਸਤ ਦੀ ਮਰਜ਼ੀ ਅਨੁਸਾਰ ਚੱਲਣਾ ਪਵੇਗਾ ਤੇ ਹੁਕਮ ਅਨੁਕੂਲ ਤੁਰਨਾ ਪਵੇਗਾ। ਇਸੇ ਤਰ੍ਹਾਂ ਜੇਕਰ ਅਸੀਂ 'ਗੁਰਪ੍ਰਸਾਦਿ' ਦੀ ਪ੍ਰਾਪਤੀ ਲੋੜਦੇ ਹਾਂ ਤਾਂ :

ਇਤੁ ਮਾਰਗਿ ਚਲੇ ਭਾਈਅੜੇ ਗੁਰੁ ਕਹੈ ਸੁ ਕਾਰ ਕਮਾਇ ਜੀਉ ॥
ਤਿਆਗੇਂ ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ ॥
ਇਉ ਪਾਵਹਿ ਹਰਿ ਦਰਸਾਵੜਾ ਨਹ ਲਗੈ ਤਤੀ ਵਾਉ ਜੀਉ ॥
ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥
(ਸੂਹੀ ਮ: ੩, ਅੰਗ ੭੬੩)



ੴ ਸਤਿਗੁਰ ਪ੍ਰਸਾਦਿ ॥

ਸੇ ਕਿਨੇਹਿਆ ?

ਜੀਵਨ-ਗਾਥਾ
ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ
(ਗੁਰਦੁਆਰਾ ਰਾਮਪੁਰ ਖੇੜਾ ਸਾਹਿਬ ਵਾਲੇ)

ਲੇਖਕ ਅਤੇ ਪ੍ਰਕਾਸ਼ਕ
ਸੰਤ ਸੇਵਾ ਸਿੰਘ

ਗੁਰਦੁਆਰਾ ਰਾਮਪੁਰ ਖੇੜਾ ਸਾਹਿਬ
ਡਾ : ਗੜ੍ਹਦੀਵਾਲਾ, ਜ਼ਿਲਾ ਹੁਸ਼ਿਆਰਪੁਰ, ਪੰਜਾਬ (ਇੰਡੀਆ-144207)
ਫੋਨ ਨੰ: +91-1886-260334, 98767-60334
Website : www.RamPurKhera.com | Email : RamPurKhera@yahoo.ca

3

ਅਨੁਸਾਰ 'ਗੁਰੂ ਹੁਕਮ' ਵਿੱਚ ਤੁਰਨ ਦੀ ਕਾਰ ਕਰਨੀ ਪਵੇਗੀ। ਜਿਵੇਂ ਸਤਿਗੁਰੂ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਆਸਾ ਦੀ ਵਾਰ ਵਿੱਚ ਹੁਕਮ ਹੈ ਕਿ ਜੋ ਗੁਰੂ ਜੀ ਦਾ ਹੁਕਮ ਮੰਨਦਾ ਹੈ ਉਸ ਉੱਪਰ ਗੁਰੂ ਕੀ ਖ਼ੁਸ਼ੀ ਹੁੰਦੀ ਹੈ ਅਤੇ ਉਹ ਜਗਿਆਸੂ ਖਸਮ (ਮਾਲਕ) ਦੇ ਦਰ ਪ੍ਰਵਾਨ ਹੋ ਕੇ ਨਿਜ-ਸਰੂਪ ਵਿੱਚ ਸਦੀਵ ਕਾਲ ਲਈ ਅਭੇਦ ਹੋ ਜਾਂਦਾ ਹੈ :

ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥
(ਵਾਰ ਆਸਾ, ਅੰਗ ੪੭੧)

ਸਾਡੇ ਸਤਿਗੁਰੂ ਜੀ ਦਾ ਹੁਕਮ ਕੀ ਹੈ ? ਜਦੋਂ ਸਤਿਗੁਰੂ ਜੀ ਸਰੀਰ ਵਿੱਚ ਸਨ ਤਦ ਕੋਈ ਵੀ ਜਗਿਆਸੂ ਜਦ ਸਤਿਗੁਰਾਂ ਦੇ ਚਰਨਾਂ ਵਿੱਚ ਆ ਕੇ ਆਪਣੀ ਕਲਿਆਣ ਵਾਸਤੇ ਬੇਨਤੀ ਕਰਦਾ ਤਦ ਗੁਰਦੇਵ ਜੀ ਅਧਿਕਾਰੀ ਜਾਣ ਕੇ ਉਸ ਨੂੰ ਆਪਣੇ ਸੱਜੇ ਪੈਰ ਦਾ ਅੰਗੂਠਾ ਜਲ ਵਿੱਚ ਪਾ ਕੇ 'ਚਰਨਾਮ੍ਰਿਤ' ਦੀ ਦਾਤ ਬਖ਼ਸ਼ ਕੇ ਉਸ ਨੂੰ ਮੂਲ ਮੰਤ੍ਰ ਅਤੇ ਗੁਰਮੰਤ੍ਰ ਦੀ ਦਾਤ ਬਖ਼ਸ਼ਿਸ਼ ਕਰ ਦਿੰਦੇ। ਜਿਸ ਦੀ ਕਮਾਈ ਕਰਕੇ ਜਗਿਆਸੂ ਆਪਣੇ ਲੋਕ ਸੁਖੀ, ਪ੍ਰਲੋਕ ਸੁਹੇਲੇ ਕਰਦੇ। ਜਿਵੇਂ ਭਾਈ ਗੁਰਦਾਸ ਜੀ ਨੇ ਵਾਰਾਂ ਵਿੱਚ ਲਿਖਣਾ ਕੀਤਾ ਹੈ :

ਚਰਨ ਧੋਇ ਰਹਿਰਾਸ ਕਰਿ ਚਰਣਾਮ੍ਰਿਤ ਸਿਖਾਂ ਪੀਲਾਇਆ।
(ਵਾਰ ੧, ਪਉੜੀ ੨੩)

ਜਿਸ ਆਸ਼ੇ ਨੂੰ ਲੈ ਕੇ ਸਤਿਗੁਰੂ ਸ੍ਰੀ ਗੁਰੂ ਨਾਨਕ ਸਾਹਿਬ ਜੀ (ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ) ਆਏ ਸਨ, ਥੋੜ੍ਹੇ ਸਮੇਂ ਵਿੱਚ ਹੀ ਪਰਮੇਸ਼ਰ ਵੱਲੋਂ ਦੱਸੇ ਹੋਏ ਮਾਰਗ (ਪੰਥ) ਉੱਪਰ ਲੋਕਾਈ ਨੂੰ ਤੋਰਨ ਅਤੇ ਲੋਕਾਈ ਦਾ ਉਧਾਰ ਕਰਨ ਵਾਸਤੇ ਆਪਣਾ ਪੰਥ ਜੁਦਾ ਕਰ ਲਿਆ

ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਯਾ ॥
(ਭਾ. ਗੁਰਦਾਸ ਜੀ ਵਾਰ ੧, ਪਉੜੀ ੪੫)
ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਅਪਨਾ ਪੰਥੁ ਨਿਰਾਲਾ ॥
(ਭਾ. ਗੁਰਦਾਸ ਜੀ ਵਾਰ ੧, ਪਉੜੀ ੩੧)

ਅਤੇ ਇਸੇ ਪੰਥ ਨੂੰ ਅਗਾਂਹ ਪ੍ਰਚਾਰਨ ਹਿਤ ਗੁਰੂ ਨਾਨਕ ਦੇਵ ਜੀ ਨੇ ਬਾਬਾ ਲਹਿਣਾ ਜੀ (ਸ੍ਰੀ ਗੁਰੂ ਅੰਗਦ ਦੇਵ ਜੀ) ਦੀ ਡਿਊਟੀ ਲਗਾਈ ਅਤੇ ਉਨ੍ਹਾਂ ਤੋਂ ਅਗਾਂਹ ਇਸ ਪੰਥ ਦੀ ਸੇਵਾ ਸ੍ਰੀ ਗੁਰੂ ਅਮਰਦਾਸ ਜੀ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਹਿੱਸੇ ਆਈ :

ਲਹਣੈ ਪੰਥੁ ਧਰਮ ਕਾ ਕੀਆ ॥
ਅਮਰਦਾਸ ਭਲੇ ਕਉ ਦੀਆ ॥
ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰ ਥਪੵਉ ॥
(ਅੰਗ ੧੪੦੧)

ਇਸੇ ਤਰ੍ਹਾਂ ਇਸ ਨਿਰਮਲ ਪੰਥ ਨੂੰ ਪ੍ਰਫੁੱਲਤ ਕਰਨ ਲਈ ਬਾਕੀ ਸਤਿਗੁਰਾਂ ਨੇ ਆਪਣੀ ਡਿਊਟੀ ਨਿਭਾਈ, ਜਿਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਚਿੱਤ੍ਰ ਨਾਟਕ ਵਿੱਚ ਲਿਖਿਆ ਹੈ ਕਿ:

ਮੈਂ ਅਪੁਨਾ ਸੁਤ ਤੋਹਿ ਨਿਵਾਜਾ੨ ॥
ਪੰਥ ਪ੍ਰਚੁਰ੩ ਕਰਬੇ ਕਉ ਸਾਜਾ ॥
ਜਹਾ ਕਹਾ ਤੈ ਧਰਮੁ ਚਲਾਇ ॥
ਕੁਬੁਧਿ੪ ਕਰਨ ਤੇ ਲੋਕ ਹਟਾਇ ॥੨੯॥
(ਬਚਿੱਤ੍ਰ ਨਾਟਕ, ਪਾ. ੧੦)

ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੇਹਧਾਰੀ ਗੁਰੂ ਦੀ ਪਰੰਪਰਾ ਸਦਾ ਲਈ ਸਮੇਟ ਕੇ ਜਗਿਆਸੂਆਂ ਨੂੰ ਸ਼ਬਦ-ਗੁਰੂ ਦੇ ਲੜ ਲਾ ਕੇ ਸੰਪੂਰਨਤਾ ਕਰਨੀ ਸੀ। ਸੋ ਇਸੇ ਆਸ਼ੇ ਨੂੰ ਲੈ ਕੇ ਆਪ ਜੀ ਅਨੇਕ ਪ੍ਰਕਾਰ ਦੇ ਕੌਤਕ ਕਰਦੇ ਨਾਂਦੇੜ (ਸ੍ਰੀ ਹਜ਼ੂਰ ਸਾਹਿਬ) ਦੇ ਅਸਥਾਨ ਤੇ ਪੁੱਜੇ। ਸਾਰੀ ਸੰਗਤ ਨੂੰ ਇਕੱਤ੍ਰ ਕਰਕੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਵਾ ਕੇ ਪੰਜ ਪੈਸੇ ਤੇ ਨਾਰੀਅਲ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਧਰਿਆ ਤੇ ਆਪ ਮੱਥਾ ਟੇਕ ਕੇ ਆਪਣੀ ਜੋਤ, ਸ਼ਬਦ-ਗੁਰੂ ਵਿੱਚ ਧਰ ਦਿੱਤੀ ਅਤੇ ਖ਼ਾਲਸੇ ਪ੍ਰਤੀ ਹੁਕਮ ਕੀਤਾ ਕਿ :

(ਚਲਦਾ)

## ਅਮਰੀਕਾ 'ਚ ਵਾਪਰਿਆ ਭਿਆਨਕ ਸੜਕ ਹਾਦਸਾ, ਤੇਲੰਗਾਨਾ ਦੀ ਭਾਰਤੀ ਮਹਿਲਾ ਸਾਫਟਵੇਅਰ ਇੰਜੀਨੀਅਰ ਦੀ ਮੌਤ

ਨਿਊਜਰਸੀ (ਰਾਜ ਗੋਗਨਾ/ਸਾਡੇ ਲੋਕ) : ਤੇਲੰਗਾਨਾ ਦੀ ਰਹਿਣ ਵਾਲੀ ਇਕ 44 ਸਾਲਾ ਭਾਰਤੀ ਸਾਫਟਵੇਅਰ ਇੰਜੀਨੀਅਰ ਸ਼੍ਰੀਪਤੀ ਦੀਪਾ ਰੈੱਡੀ ਦੀ ਕਾਰ ਸੜਕ ਹਾਦਸੇ 'ਚ ਮੌਤ ਹੋ ਗਈ। ਨਿਊਜਰਸੀ ਵਿੱਚ ਇਕ ਤੇਜ਼ ਰਫ਼ਤਾਰ ਵਾਹਨ ਨਾਲ ਉਸ ਦੀ ਕਾਰ ਟਕਰਾਉਣ ਤੋਂ ਬਾਅਦ ਉਹ ਮੌਕੇ 'ਤੇ ਹੀ ਉਸਦੀ ਮੌਤ ਹੋ ਗਈ। ਦੱਸਿਆ ਜਾਂਦਾ ਹੈ ਕਿ ਕੁਝ ਦਿਨ ਪਹਿਲਾਂ ਉਹ ਭਾਰਤ ਵਾਪਸ ਘਰ ਜਾਣ ਵਾਲੀ ਸੀ। ਉਸ ਦੇ ਪਰਿਵਾਰ ਨੇ ਉਸ ਦੇ ਅੰਗ ਦਾਨ ਕਰਨ ਦਾ ਫੈਸਲਾ ਕੀਤਾ ਹੈ। ਮ੍ਰਿਤਕਾ ਤੇਲੰਗਾਨਾ ਦੇ ਰੰਗਾ ਰੈੱਡੀ ਜ਼ਿਲ੍ਹੇ ਦੇ ਮਡਗੁਲਾ ਮੰਡਲ ਦੀ ਰਹਿਣ ਵਾਲੀ ਸੀ ਅਤੇ ਉਹ ਆਪਣੇ ਪਤੀ ਅਤੇ ਬੱਚਿਆਂ ਨਾਲ ਲਗਭਗ ਦੋ ਦਹਾਕਿਆਂ ਤੋਂ ਅਮਰੀਕਾ ਵਿੱਚ ਰਹਿ ਰਹੀ ਸੀ। ਅਧਿਕਾਰੀਆਂ ਨੇ ਟੱਕਰ ਦੇ ਸਹੀ ਹਾਲਾਤਾਂ ਦਾ ਪਤਾ ਲਗਾਉਣ ਲਈ ਜਾਂਚ ਸ਼ੁਰੂ ਕਰ ਦਿੱਤੀ ਹੈ। ਦੂਜੇ ਵਾਹਨ ਜਾਂ ਸੰਭਾਵਿਤ ਦੋਸ਼ਾਂ ਬਾਰੇ ਅਜੇ ਤੱਕ ਕੋਈ ਹੋਰ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਹੈ। ਮ੍ਰਿਤਕਾ ਦੀਪਾ ਰੈੱਡੀ, ਰਾਮਕ੍ਰਿਸ਼ਨ ਰੈੱਡੀ ਨਾਲ ਵਿਆਹ ਕਰਨ ਤੋਂ ਬਾਅਦ ਸੰਯੁਕਤ ਰਾਜ ਅਮਰੀਕਾ ਚਲੀ ਗਈ ਸੀ ਅਤੇ ਇਹ ਜੋੜਾ ਨਿਊਜਰਸੀ ਵਿੱਚ ਸੈਟਲ ਹੋ ਗਿਆ ਸੀ, ਜਿੱਥੇ ਦੋਵੇਂ ਸੂਚਨਾ ਤਕਨਾਲੋਜੀ ਖੇਤਰ ਵਿੱਚ ਕੰਮ ਕਰਦੇ ਸਨ। ਦੀਪਾ ਰੈੱਡੀ ਦੇ ਪਰਿਵਾਰ ਨੇ ਸੰਯੁਕਤ ਰਾਜ ਅਮਰੀਕਾ ਵਿੱਚ ਹੀ ਉਸ ਦੇ ਅੰਗ ਦਾਨ ਕਰਨ ਦਾ ਫੈਸਲਾ ਕੀਤਾ ਹੈ।



## ਅਮਰੀਕਾ ਨੇ 43 ਹੋਰ ਚੀਨੀ ਕੰਪਨੀਆਂ 'ਤੇ ਲਗਾਈ ਪਾਬੰਦੀ, ਸੂਚੀ 'ਚ 187 ਹੋਈਆਂ ਸੰਸਥਾਵਾਂ

ਵਾਸ਼ਿੰਗਟਨ: ਅਮਰੀਕਾ ਨੇ ਉਈਗਰ ਅਤੇ ਹੋਰ ਘੱਟ-ਗਿਣਤੀ ਭਾਈਚਾਰਿਆਂ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਦੋਸ਼ਾਂ ਤਹਿਤ 43 ਚੀਨੀ ਕੰਪਨੀਆਂ ਤੋਂ ਦਰਾਮਦ 'ਤੇ ਪਾਬੰਦੀ ਲਗਾ ਦਿੱਤੀ ਹੈ। ਇਸ ਸੂਚੀ 'ਚ ਚੀਨ ਦੀਆਂ ਸਭ ਤੋਂ ਵੱਡੀਆਂ ਕੈਪੇਸੀਟਰ ਨਿਰਮਾਤਾ ਕੰਪਨੀਆਂ 'ਚੋਂ ਇੱਕ ਹੁਨਾਨ ਆਈਹੁਆ ਗਰੁੱਪ (603989.SS) ਵੀ ਸ਼ਾਮਲ ਹੈ। ਇਹ ਜਾਣਕਾਰੀ ਸਰਕਾਰੀ ਨੋਟੀਫਿਕੇਸ਼ਨ 'ਚ ਦਿੱਤੀ ਗਈ ਹੈ। ਇਨ੍ਹਾਂ ਕੰਪਨੀਆਂ ਨੂੰ ÷ਉਈਗਰ ਫੋਰਸਡ ਲੇਬਰ ਪ੍ਰੀਵੈਂਸ਼ਨ ਐਕਟ ਐਂਟੀਟੀ ਲਿਸਟ÷ 'ਚ ਸ਼ਾਮਲ ਕੀਤਾ ਗਿਆ ਹੈ। ਇਸ ਕਾਨੂੰਨ ਤਹਿਤ ਉਨ੍ਹਾਂ ਵਸਤੂਆਂ ਦੀ ਅਮਰੀਕਾ 'ਚ ਦਰਾਮਦ 'ਤੇ ਪਾਬੰਦੀ ਹੈ ਜਿਨ੍ਹਾਂ ਦਾ ਸਬੰਧ ਅਮਰੀਕਾ ਵੱਲੋਂ ਨਿਰਧਾਰਤ ਚੀਨ ਦੇ ਸ਼ਿਨਜਿਆਂਗ ਖੇਤਰ 'ਚ ਹੋ ਰਹੇ ਮਨੁੱਖੀ ਅਧਿਕਾਰਾਂ ਦੇ ਉਲੰਘਣਾ ਅਤੇ ਚੱਲ ਰਹੇ ਨਸਲਕੁਸ਼ੀ ਨਾਲ ਜੁੜਿਆ ਹੋਇਆ ਹੈ।

ਹਾਲ ਹੀ 'ਚ ਸ਼ਾਮਲ ਕੀਤੀਆਂ ਗਈਆਂ ਕੰਪਨੀਆਂ ਵਿੱਚ ਫਾਰਮਾਸਿਊਟੀਕਲ, ਧਾਤ, ਕਪਾਹ, ਭੋਜਨ ਅਤੇ ਲਿਥੀਅਮ ਉਤਪਾਦਨ ਖੇਤਰਾਂ ਨਾਲ ਸਬੰਧਤ ਕੰਪਨੀਆਂ ਸ਼ਾਮਲ ਹਨ।



ਇਹ ਨੋਟੀਫਿਕੇਸ਼ਨ ਟਰੰਪ ਪ੍ਰਸ਼ਾਸਨ ਅਧੀਨ ਪਹਿਲੀ ਵਾਰ ਹੈ ਜਦੋਂ ਕਿਸੇ ਕੰਪਨੀ ਨੂੰ ਇਸ ਸੂਚੀ 'ਚ ਸ਼ਾਮਲ ਕੀਤਾ ਗਿਆ ਹੈ। ਇਸ ਨਾਲ ਸੂਚੀ 'ਚ ਸ਼ਾਮਲ ਸੰਸਥਾਵਾਂ ਦੀ ਗਿਣਤੀ 144 ਤੋਂ ਵਧ ਕੇ 187 ਹੋ ਗਈ ਹੈ। ਦਸੰਬਰ 2021 'ਚ ਇਹ ਕਾਨੂੰਨ ਲਾਗੂ ਹੋਣ ਤੋਂ ਬਾਅਦ ਇਹ ਇਕ ਵਾਰ 'ਚ ਸਭ ਤੋਂ ਵੱਧ ਸੰਸਥਾਵਾਂ ਨੂੰ ਸ਼ਾਮਲ ਕਰਨ ਦਾ ਮਾਮਲਾ ਹੈ। ਸੂਚੀ 'ਚ ਸ਼ਾਮਲ ਕੰਪਨੀਆਂ ਸ਼ਿਨਜਿਆਂਗ ਖੇਤਰ ਤੋਂ ਕੱਚਾ ਮਾਲ ਲੈਂਦੀਆਂ ਹਨ ਜਾਂ ਉੱਥੋਂ ਦੀ ਸਰਕਾਰ ਨਾਲ ਮਿਲ ਕੇ ਉਈਗਰਾਂ ਅਤੇ ਹੋਰ ਸਮੂਹਾਂ ਦੀ ਭਰਤੀ ਅਤੇ ਇਲਾਕੇ ਤੋਂ ਬਾਹਰ ਆਵਾਜਾਈ ਕਰਵਾਉਣ ਦਾ ਕੰਮ ਕਰਦੀਆਂ ਹਨ।

ਅਮਰੀਕੀ ਹਾਊਸ ਆਫ ਰਿਪ੍ਰੈਜ਼ੈਂਟੇਟਿਵਜ਼ ਦੀ ਚੀਨ ਸਬੰਧੀ ਸਿਲੈਕਟ ਕਮੇਟੀ ਦੇ ਚੇਅਰਮੈਨ ਕਾਂਗਰਸਮੈਨ ਜੌਨ ਮੂਲੇਨਾਰ ਨੇ ਇੱਕ ਬਿਆਨ 'ਚ ਕਿਹਾ ਕਿ ÷ਟਰੰਪ ਪ੍ਰਸ਼ਾਸਨ ਵੱਲੋਂ ਅੱਜ ਲਿਆ ਗਿਆ ਇਹ ਕਦਮ ਗੁਲਾਮੀ ਵਾਲੇ ਮਜ਼ਦੂਰਾਂ ਤੋਂ ਬਣੇ ਉਤਪਾਦਾਂ ਖਿਲਾਫ ਅਮਰੀਕਾ ਦੀ ਆਰਥਿਕਤਾ ਨੂੰ ਮਜ਼ਬੂਤ ਕਰਦਾ ਹੈ। ਅਤੇ ਚੀਨੀ ਕਮਿਊਨਿਸਟ ਪਾਰਟੀ ਨੂੰ ਇਹ ਸੁਨੇਹਾ ਦਿੰਦਾ ਹੈ ਕਿ ਅਸੀਂ ਉਨ੍ਹਾਂ ਦੇ ਨਸਲਕੁਸ਼ੀ ਅਤੇ ਮਨੁੱਖੀ ਅਧਿਕਾਰਾਂ ਦੇ ਉਲੰਘਣਾ ਨੂੰ ਨਜ਼ਰਅੰਦਾਜ਼ ਨਹੀਂ ਕਰਾਂਗੇ।'

# ਸੈਨ ਫਰਾਂਸਿਸਕੋ ਮੈਰਾਥਨ ਦੇ EK ਡਬਲ ਚੈਲੈਂਜ 'ਚ ਪੰਜਾਬੀਆਂ ਦੀ ਸ਼ਾਨਦਾਰ ਭਾਗੀਦਾਰੀ




ਸੈਨ ਫਰਾਂਸਿਸਕੋ (ਕੈਲੀਫੋਰਨੀਆ) (ਗੁਰਿੰਦਰਜੀਤ ਨੀਟਾ ਮਾਛੀਕੇ/ਸਾਡੇ ਲੋਕ) : ਸੈਨ ਫਰਾਂਸਿਸਕੋ ਵਿਖੇ ਕਰਵਾਈ ਗਈ 49ਵੀਂ ਸੈਨ ਫਰਾਂਸਿਸਕੋ ਮੈਰਾਥਨ ਦੇ EK ਡਬਲ ਚੈਲੈਂਜ ਵਿੱਚ ਪੰਜਾਬੀ ਭਾਈਚਾਰੇ ਦੇ ਕਈ ਮੈਂਬਰਾਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਭਾਈਚਾਰੇ ਦਾ ਮਾਣ ਵਧਾਇਆ। ਇਹ ਡਬਲ ਚੈਲੈਂਜ ਸ਼ਨੀਵਾਰ ਅਤੇ ਐਤਵਾਰ ਲਗਾਤਾਰ ਦੋ ਦਿਨ ਆਯੋਜਿਤ ਕੀਤਾ ਗਿਆ, ਜਿਸ ਵਿੱਚ ਦੁਨੀਆ ਭਰ ਤੋਂ ਲਗਭਗ 45 ਹਜ਼ਾਰ ਦੌੜਾਕਾਂ ਨੇ ਭਾਗ ਲਿਆ।

74 ਸਾਲਾ ਸਤਿਕਾਰਯੋਗ ਸ਼ਮਸ਼ੇਰ ਸਿੰਘ ਨੇ ਆਪਣੀ ਦ੍ਰਿੜ੍ਹ ਇੱਛਾ-ਸ਼ਕਤੀ ਅਤੇ ਜੋਸ਼ ਨਾਲ ਇਹ ਸਾਬਤ ਕਰ ਦਿੱਤਾ ਕਿ ਉਮਰ ਨਹੀਂ, ਸਗੋਂ ਹੌਸਲਾ ਇਨਸਾਨ ਦੀ ਅਸਲ ਤਾਕਤ ਹੁੰਦਾ ਹੈ। ਉਨ੍ਹਾਂ ਦੀ ਭਾਗੀਦਾਰੀ ਨੇ ਨੌਜਵਾਨਾਂ ਨੂੰ ਵੀ ਤੰਦਰੁਸਤ ਜੀਵਨ ਅਪਣਾਉਣ ਲਈ ਪ੍ਰੇਰਿਤ ਕੀਤਾ। ਇਸੇ ਦੌਰਾਨ ਭਾਈ ਦਰਸ਼ਨ ਸਿੰਘ ਮੈਨਟੀਕਾ ਨੇ 5 ਕਿਲੋਮੀਟਰ ਦੌੜ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਦੂਜਾ ਸਥਾਨ ਹਾਸਲ ਕੀਤਾ, ਜਦਕਿ ਕਮਲਜੀਤ ਸਿੰਘ ਬੈਨੀਪਾਲ ਨੇ ਵੀ EK ਡਬਲ ਚੈਲੈਂਜ ਨੂੰ ਸਫਲਤਾਪੂਰਵਕ ਪੂਰਾ ਕਰਕੇ ਸ਼ਲਾਘਾਯੋਗ ਪ੍ਰਾਪਤੀ ਕੀਤੀ।

ਇਸ ਯਾਦਗਾਰ ਰੇਸ ਵਿੱਚ ਮੈਨਟੀਕਾ ਦੀ ਬਹੁਪੱਖੀ ਸ਼ਖ਼ਸੀਅਤ ਸ. ਰਜਿੰਦਰ ਸਿੰਘ ਸੇਖੋਂ ਨੇ ਵੀ ਭਾਗ ਲੈ ਕੇ ਇਸ ਚੈਲੈਂਜ ਨੂੰ ਸਫਲਤਾਪੂਰਵਕ ਪੂਰਾ ਕੀਤਾ ਅਤੇ ਇਸ ਨੂੰ ਆਪਣੀ ਜ਼ਿੰਦਗੀ ਦਾ ਇੱਕ ਯਾਦਗਾਰ ਅਨੁਭਵ ਦੱਸਿਆ। ਭਾਗੀਦਾਰਾਂ ਨੇ ਕਿਹਾ ਕਿ ਤੰਦਰੁਸਤੀ ਮਨੁੱਖ ਦੀ ਸਭ ਤੋਂ ਵੱਡੀ ਦੌਲਤ ਹੈ ਅਤੇ ਹਰ ਵਿਅਕਤੀ ਨੂੰ ਨਿਯਮਿਤ ਕਸਰਤ ਅਤੇ ਸਿਹਤਮੰਦ ਜੀਵਨ-ਸ਼ੈਲੀ ਅਪਣਾਉਣੀ ਚਾਹੀਦੀ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਅਜਿਹੇ ਖੇਡ ਸਮਾਗਮ ਹੋਰਨਾਂ ਲਈ ਵੀ ਪ੍ਰੇਰਣਾ ਦਾ ਸਰੋਤ ਬਣਨਗੇ।

# ਸ਼ਿਕਾਗੋ ਵਿਖੇ ਪੰਜਾਬੀ ਮਾਂ ਬੋਲੀ ਦਿਹਾੜੇ ਨੂੰ ਸਮਰਪਿਤ ਸਮਾਗਮ ਸ਼ਾਨਦਾਰ ਹੋ ਨਿੱਬੜਿਆ




ਸ਼ਿਕਾਗੋ : ਉੱਘੇ ਸ਼ਾਇਰ ਰਾਜ ਲਾਲੀ ਬਟਾਲਾ, ਡਾ. ਹਰਜਿੰਦਰ ਸਿੰਘ ਖਹਿਰਾ, ਕਮਲੇਸ਼ ਕਪੂਰ ਤੇ ਉੱਘੇ ਕਾਰੋਬਾਰੀ ਤੇ ਪ੍ਰਵਾਸੀ ਭਾਰਤੀ ਸਨਮਾਨ ਜੇਤੂ ਦਰਸ਼ਨ ਸਿੰਘ ਧਾਲੀਵਾਲ ਦੇ ਸਹਿਯੋਗ ਨਾਲ ਇੱਥੇ ਮਾਂ ਬੋਲੀ ਦਿਹਾੜਾ ਸ਼ਾਨਦਾਰ ਢੰਗ ਨਾਲ ਮਨਾਇਆ ਗਿਆ। ਪ੍ਰੋਗਰਾਮ ਦਾ ਆਗਾਜ਼ ਕਨਵੀਨਰ ਰਾਜ ਲਾਲੀ ਬਟਾਲਾ ਨੇ ਜੀ ਆਇਆਂ ਆਖ ਕੇ ਕੀਤਾ। ਡਾ. ਹਰਜਿੰਦਰ ਸਿੰਘ ਖਹਿਰਾ ਨੇ ਇਸ ਪ੍ਰੋਗਰਾਮ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤਕ ਦੇ ਸਫ਼ਰ ਬਾਰੇ ਗੱਲ ਕਰਦਿਆਂ ਅਗਲੇ ਵਰ੍ਹੇ ਤੋਂ ਦਰਸ਼ਨ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਇਸ ਦਾ ਦਾਇਰਾ ਹੋਰ ਵਧਾਉਂਦਿਆਂ ਇਸ ਨੂੰ ਆਲਮੀ ਕਾਨਫ਼ਰੰਸ ਦੇ ਰੂਪ ਵਿਚ ਮਨਾਉਣ ਦਾ ਐਲਾਨ ਕੀਤਾ। ਸ਼ੁਰੂਆਤ ਵਿਚ ਅਸ਼ਕੇ ਭੰਗੜਾ ਕਲੱਬ ਦੀ ਟੀਮ ਨੇ 'ਮੈਂ ਪੰਜਾਬੀ ਬੋਲੀ ਆਂ' 'ਤੇ ਖ਼ੂਬਸੂਰਤ ਭੰਗੜੇ ਦੀ ਪੇਸ਼ਕਾਰੀ ਕੀਤੀ। ਪ੍ਰਧਾਨਗੀ ਮੰਡਲ ਵਿਚ ਡਾ. ਆਤਮਜੀਤ, ਦਸਮੇਸ਼ ਗਿੱਲ ਫ਼ਿਰੋਜ਼, ਰਵਿੰਦਰ ਸਿੰਘ ਸਹਿਰਾਅ, ਕਸ਼ਿਸ਼ ਹੁਸ਼ਿਆਰਪੁਰੀ ,ਆਬਿਦ ਰਸੀਦ, ਗ਼ੁਲਾਮ ਮੁਸਤਫ਼ਾ ਅੰਜੁਮ ਸਨ੍ਹ ਬੱਚਿਆਂ ਵਲੋਂ ਇਸ ਮੌਕੇ ਵੱਖ ਵੱਖ ਪ੍ਰੋਗਰਾਮ ਪੇਸ਼ ਕਰਕੇ ਚਾਰ ਚੰਨ ਲਗਾਏ ਗਏ। ਇਸ ਮੌਕੇ ਹੋਏ ਸ਼ਾਨਦਾਰ ਕਵੀ ਦਰਬਾਰ ਵਿਚ ਹਾਜ਼ਰ ਲੇਖਕਾਂ ਨੇ ਰਚਨਾਵਾਂ ਪੇਸ਼ ਕਰਕੇ ਚੰਗਾ ਰੰਗ ਬੰਨ੍ਹਿਆ। ਇਸ ਮੌਕੇ ਡਾ. ਆਤਮਜੀਤ ਨੇ ਵਿਦੇਸ਼ੀ ਧਰਤੀ 'ਤੇ ਪੰਜਾਬੀ ਭਾਸ਼ਾ ਨੂੰ ਦਰਪੇਸ਼ ਸਮੱਸਿਆਵਾਂ 'ਤੇ ਚਾਨਣਾ ਪਾਇਆ। ਇਸ ਮੌਕੇ ਪਰਮਿੰਦਰ ਸਿੰਘ ਗੋਲਡੀ, ਰਵਿੰਦ ਕੌਰ, ਗੁਰਬਖ਼ਸ਼ ਸਿੰਘ ਰੰਧਾਵਾ, ਕਮਲੇਸ਼ ਕਪੂਰ, ਠਾਕੁਰ ਸਿੰਘ ਬਸਾਤੀ, ਰਾਜਿੰਦਰ ਸਿੰਘ ਮਾਗੋ, ਹੈਪੀ ਹੀਰ, ਗੁਰਲੀਨ ਕੌਰ, ਗੁਲਜ਼ਾਰ ਸਿੰਘ ਮੁਲਤਾਨੀ, ਭੁਪਿੰਦਰ ਸਿੰਘ ਧਾਲੀਵਾਲ, ਲੱਕੀ ਸਹੋਤਾ, ਪਰਵਿੰਦਰ ਸਿੰਘ ਨੰਨੂਆਂ, ਡਾ. ਵਿਕਰਮ ਗਿੱਲ, ਹਰਵਿੰਦਰਪਾਲ ਸਿੰਘ, ਜੈ ਦੇਵ ਸਿੰਘ ਭੱਠਲ, ਪਰਮਿੰਦਰ ਸਿੰਘ ਵਾਲੀਆ, ਪੀ.ਐੱਸ. ਮਾਨ, ਇੰਦਰਮੋਹਨ ਛਾਬੜਾ, ਹਰਜਿੰਦਰ ਸਿੰਘ, ਅੰਮ੍ਰਿਤ ਕੌਰ, ਕਮਲ ਬੈਂਸ ਤੇ ਹੋਰ ਹਾਜ਼ਰ ਸਨ। ਇਸ ਮੌਕੇ ਸਾਹਿਤਕਾਰਾਂ ਤੇ ਪਤਵੰਤੇ ਵਿਅਕਤੀਆਂ ਨੂੰ ਸਨਮਾਨਿਤ ਕੀਤਾ ਗਿਆ।

# ਅਮਰੀਕਾ 'ਚ ਪੜ੍ਹਾਈ ਮਗਰੋਂ ਨੌਕਰੀ ਕਰਨਾ ਹੋਵੇਗਾ ਮਹਿੰਗਾ

## ਟਰੰਪ ਦੇ ਨਵੇਂ ਪ੍ਰਸਤਾਵ ਨਾਲ ਭਾਰਤੀ ਹੋਣਗੇ ਪ੍ਰਭਾਵਿਤ

ਵਾਸ਼ਿੰਗਟਨ : ਅਮਰੀਕਾ ਵਿੱਚ ਪੜ੍ਹ ਰਹੇ ਵਿਦੇਸ਼ੀ ਵਿਦਿਆਰਥੀਆਂ ਲਈ ਭਵਿੱਖ ਵਿੱਚ ਨੌਕਰੀ ਕਰਨਾ ਕਾਫ਼ੀ ਮਹਿੰਗਾ ਹੋ ਸਕਦਾ ਹੈ। ਮੀਡੀਆ ਰਿਪੋਰਟਾਂ ਮੁਤਾਬਕ ਟਰੰਪ ਪ੍ਰਸ਼ਾਸਨ ਵਿਕਲਪਿਕ ਪ੍ਰੈਕਟੀਕਲ ਟਰੇਨਿੰਗ (OPT) ਪ੍ਰੋਗਰਾਮ ਮਤਲਬ ਅਮਰੀਕੀ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ ਤੋਂ ਬਾਅਦ ਅਮਰੀਕਾ ਵਿੱਚ ਕੰਮ ਕਰਨ ਲਈ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਜਾਰੀ ਕੀਤੇ ਗਏ ਵੀਜ਼ਿਆਂ 'ਤੇ 1,00,000 ਡਾਲਰ (ਲਗਭਗ 87 ਲੱਖ ਰੁਪਏ) ਦੀ ਫੀਸ ਲਗਾਉਣ ਦੀ ਯੋਜਨਾ ਬਣਾ ਰਿਹਾ ਹੈ।



ਦਿ ਵਾਲ ਸਟਰੀਟ ਜਰਨਲ ਦੀ ਇੱਕ ਰਿਪੋਰਟ ਦੇ ਅਨੁਸਾਰ ਇਹ ਪ੍ਰਸਤਾਵ ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (DHS) ਵਿੱਚ ਵਿਚਾਰ ਅਧੀਨ ਹੈ। ਹਾਲਾਂਕਿ, ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਕੋਈ ਅੰਤਿਮ ਫੈਸਲਾ ਨਹੀਂ ਲਿਆ ਗਿਆ ਹੈ। ਵਿਭਾਗ ਦਾ ਕਹਿਣਾ ਹੈ ਕਿ ਜਦੋਂ ਤੱਕ ਕੋਈ ਨੀਤੀ ਅਧਿਕਾਰਤ ਤੌਰ 'ਤੇ ਐਲਾਨ ਨਹੀਂ ਕੀਤੀ ਜਾਂਦੀ, ਇਸਨੂੰ ਅੰਤਿਮ ਨਹੀਂ ਮੰਨਿਆ ਜਾਣਾ ਚਾਹੀਦਾ। ਟਰੰਪ ਪ੍ਰਸ਼ਾਸਨ ਦਾ ਇਹ ਕਦਮ ਇੱਕ ਅਮਰੀਕੀ ਅਦਾਲਤ ਵੱਲੋਂ H1-B ਵੀਜ਼ਿਆਂ 'ਤੇ 1,00,000 ਡਾਲਰ ਦੀ ਫੀਸ ਲਗਾਉਣ ਦੇ ਪ੍ਰਸਤਾਵ ਨੂੰ ਰੱਦ ਕਰਨ ਤੋਂ ਬਾਅਦ ਆਇਆ ਹੈ।

ਵਿਕਲਪਿਕ ਪ੍ਰੈਕਟੀਕਲ ਟ ?ਰੇਨਿੰਗ ਪ੍ਰੋਗਰਾਮ ਵਿਦੇਸ਼ੀ ਵਿਦਿਆਰਥੀਆਂ ਨੂੰ ਅਮਰੀਕਾ ਵਿੱਚ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਇੱਕ ਤੋਂ ਤਿੰਨ ਸਾਲਾਂ ਲਈ ਆਪਣੇ ਵਿਸ਼ੇ ਨਾਲ ਸਬੰਧਤ ਖੇਤਰ ਵਿੱਚ ਕੰਮ ਕਰਨ ਦੀ ਆਗਿਆ ਦਿੰਦਾ ਹੈ। ਇਹ ਸਹੂਲਤ ਵੱਡੀ ਗਿਣਤੀ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਸੰਯੁਕਤ ਰਾਜ ਵਿੱਚ ਪੜ੍ਹਨ ਲਈ ਆਕਰਸ਼ਿਤ ਕਰਦੀ ਹੈ। 2024 ਵਿੱਚ, ਲਗਭਗ 419,000 ਵਿਦੇਸ਼ੀ ਵਿਦਿਆਰਥੀ ਵਿਕਲਪਿਕ ਪ੍ਰੈਕਟੀਕਲ ਟਰੇਨਿੰਗ ਦੇ ਤਹਿਤ ਸੰਯੁਕਤ ਰਾਜ ਵਿੱਚ ਕੰਮ ਕਰ ਰਹੇ ਸਨ। ਰਿਪੋਰਟ ਦੇ ਅਨੁਸਾਰ, ਟਰੰਪ ਪ੍ਰਸ਼ਾਸਨ ਨੇ ਪਹਿਲਾਂ H-1B ਵੀਜ਼ਾ 'ਤੇ 100,000 ਡਾਲਰ ਫੀਸ ਲਗਾਉਣ ਦੀ ਯੋਜਨਾ ਬਣਾਈ ਸੀ, ਪਰ ਇੱਕ ਅਮਰੀਕੀ ਅਦਾਲਤ ਨੇ ਉਸ ਪ੍ਰਸਤਾਵ ਨੂੰ ਰੱਦ ਕਰ ਦਿੱਤਾ। ਇਸ ਤੋਂ ਬਾਅਦ, ਹੁਣ ਵਿਕਲਪਿਕ ਪ੍ਰੈਕਟੀਕਲ ਟਰੇਨਿੰਗ (OPT) 'ਤੇ ਇੰਨੀ ਉੱਚ ਫੀਸ ਲਗਾਉਣ ਦੀ ਸੰਭਾਵਨਾ 'ਤੇ ਵਿਚਾਰ ਕੀਤਾ ਜਾ ਰਿਹਾ ਹੈ।

ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਅਮਰੀਕੀ ਵਿਦੇਸ਼ ਵਿਭਾਗ ਵਿਦੇਸ਼ੀ ਗ੍ਰੀਨ ਕਾਰਡ ਬਿਨੈਕਾਰਾਂ 'ਤੇ 100,000 ਡਾਲਰ ਦਾ ਬਾਂਡ ਲਗਾਉਣ 'ਤੇ ਵਿਚਾਰ ਕਰ ਰਿਹਾ ਹੈ। ਇਹ ਰਕਮ ਬਿਨੈਕਾਰ ਦੇ ਅਮਰੀਕਾ ਵਾਪਸ ਆਉਣ ਅਤੇ ਨਾਗਰਿਕਤਾ ਪ੍ਰਾਪਤ ਕਰਨ ਤੋਂ ਬਾਅਦ ਵਾਪਸ ਕੀਤੀ ਜਾ ਸਕਦੀ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ OPT 'ਤੇ ਇੰਨੀ ਉੱਚ ਫੀਸ ਲਗਾਈ ਜਾਂਦੀ ਹੈ, ਤਾਂ ਇਹ ਹਜ਼ਾਰਾਂ ਵਿਦੇਸ਼ੀ ਵਿਦਿਆਰਥੀਆਂ, ਖਾਸ ਕਰਕੇ ਭਾਰਤੀ ਵਿਦਿਆਰਥੀਆਂ, ਜੋ ਅਮਰੀਕਾ ਵਿੱਚ ਪੜ੍ਹਾਈ ਕਰਨ ਦੀ ਯੋਜਨਾ ਬਣਾ ਰਹੇ ਹਨ, 'ਤੇ ਕਾਫ਼ੀ ਪ੍ਰਭਾਵ ਪਾ ਸਕਦੀ ਹੈ। ਇਸ ਨਾਲ ਅਮਰੀਕੀ ਕੰਪਨੀਆਂ ਲਈ ਵਿਦੇਸ਼ੀ ਪ੍ਰਤਿਭਾ ਨੂੰ ਭਰਤੀ ਕਰਨਾ ਵੀ ਮੁਸ਼ਕਲ ਹੋ ਸਕਦਾ ਹੈ। ਇਸ ਪ੍ਰਸਤਾਵ 'ਤੇ ਅਜੇ ਤੱਕ ਅੰਤਿਮ ਫੈਸਲਾ ਨਹੀਂ ਲਿਆ ਗਿਆ ਹੈ।



CALL US: 209-637-0210 | 612-578-8078
925-495-0207

SAN RAMON
Lathrop & Main Street Manteca
URGENT CARE & CLINIC

# CITIZENSHIP ELIGIBILITY AND GREEN CARD APPLICATION

VISIT US NOW!

DR. RAJESH MAHESHWARI, MD

SAN RAMON
San Ramon
URGENT CARE & CLINIC

9140 Alcosta Boulevard Ste D
San Ramon, CA 94583
(925) 361-5959

LATHROP
Lathrop
URGENT CARE

15810 Harlan Road #A
Lathrop, CA 95330
(209) 983-9000

MAIN STREET
Main Street
URGENT CARE

1040 North Main Street
Manteca, CA 95336
(209) 825-5155

https://www.sanramonurgentcare.com/

Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਂਕਰੀ ਮਿਲ ਗਈ ਅਤੇ 40 ਸਾਲ ਨੌਂਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਂਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

(ਪਿਛਲੇ ਅੰਕ ਦੀ ਬਾਕੀ)

**ਗਾਂਧੀ ਦੇ ਮਰਨ ਵਰਤ ਸੰਬੰਧੀ**

ਇਨ੍ਹਾਂ ਦਿਨਾਂ ਵਿਚ ਹੀ ਸ੍ਰੀ ਗਾਂਧੀ ਦੇ ਮਰਨ ਵਰਤ ਧਾਰ ਕੇ ਸਰਕਾਰ ਉੱਤੇ ਇਹ ਦਬਾਓ ਦਿੱਤਾ ਸੀ ਕਿ ਉਹ ਅਛੂਤ ਜਾਤੀਆਂ ਨੂੰ ਪਛੜੀਆਂ ਹੋਈਆਂ ਹਿੰਦੂ ਸ਼੍ਰੇਣੀਆਂ ਕਰਾਰ ਦੇ ਕੇ ਉਨ੍ਹਾਂ ਵਾਸਤੇ ਵਿਸ਼ੇਸ਼ ਰਿਆਇਤਾਂ ਦੇ ਐਲਾਨ ਕਰੇ। ਉਸ ਦੇ ਮਨ ਅੰਦਰ ਇਹ ਭੈ ਸੀ ਕਿ ਜੇ ਅੱਠ ਕਰੋੜ ਅਛੂਤ ਸਿੱਖ ਬਣ ਜਾਂਦੇ ਹਨ ਤਾਂ ਦੇਸ਼ ਅੰਦਰ ਇਕ ਹੋਰ ਵੱਡੀ ਅਕਲੀਅਤ (ਘੱਟ ਗਿਣਤੀ ਕੌਮ) ਖੜੀ ਹੋ ਜਾਵੇਗੀ (ਇਕ ਤਾਂ ਮੁਸਲਮਾਨ ਸਨ ਹੀ) ਅਤੇ ਇਸ ਨਾਲ ਹਿੰਦੂ ਗਿਣਤੀ ਘਟ ਜਾਣ ਦਾ ਹਿੰਦੂਆਂ ਤੇ ਸਮੁੱਚੇ ਤੌਰ ਬਹੁਤ ਮੰਦਾ ਅਸਰ ਪਵੇਗਾ।

**ਪੰਡਤ ਮਦਨ ਮੋਹਨ ਮਾਲਵੀਆ ਦਾ ਰੋਲ**

ਉਸ ਸਮੇਂ ਪੰਡਤ ਮਦਨ ਮੋਹਨ ਮਾਲਵੀਆ, ਵਾਇਸਰਾਏ ਹਿੰਦ ਦੀ ਐਗਜ਼ੈਕਟਿਵ ਕੌਂਸਲ ਦਾ ਮੈਂਬਰ ਸੀ, ਉਸ ਦੇ ਜ਼ੋਰ ਦੇਣ ਤੇ ਸਰਕਾਰ ਵੱਲੋਂ ਅਛੂਤਾਂ ਦੇ ਹਿੰਦੂ ਪਛੜੀਆਂ ਸ਼੍ਰੇਣੀਆਂ ਹੋਣ ਦੇ ਨਾਤੇ ਉਨ੍ਹਾਂ ਨੂੰ ਵਿਸ਼ੇਸ਼ ਰਿਆਇਤਾਂ ਦਿੱਤੇ ਜਾਣ ਦਾ ਐਲਾਨ ਕੀਤਾ ਗਿਆ, ਜਿਸ ਤੇ ਇੱਕੀ ਦਿਨ ਭੁੱਖੇ ਰਹਿਣ ਪਿੱਛੋਂ ਗਾਂਧੀ ਜੀ ਨੇ ਆਪਣਾ ਵਰਤ ਖ਼ਤਮ ਕੀਤਾ।

ਇਹ ਗਾਂਧੀ ਦੇ ਵਰਤ ਅਤੇ ਅਛੂਤਾਂ ਪਰਥਾਏ ਸਰਕਾਰ ਵੱਲੋਂ ਜਾਰੀ ਕੀਤੇ ਐਲਾਨ ਦਾ ਹੀ ਪ੍ਰਭਾਵ ਸੀ ਜਿਸ ਨੇ ਅਛੂਤ ਲੀਡਰਾਂ ਨੂੰ ਅਤੇ ਉਨ੍ਹਾਂ ਵੀ ਅਛੂਤ ਜਨਤਾ ਨੂੰ ਧਰਮ ਬਦਲੀ ਨਾ ਕਰਨ ਦੀ ਪ੍ਰੇਰਨਾ ਦਿੱਤੀ, ਕਿਉਂਕਿ ਅਛੂਤਾਂ ਪ੍ਰਤੀ ਐਲਾਨ ਹੋਈਆਂ ਰਿਆਇਤਾਂ ਦਾ ਲਾਭ ਉਹ ਹਿੰਦੂ ਰਹਿ ਕੇ ਹੀ ਲੈ ਸਕਦੇ ਸਨ। ਇਹ ਗਲ ਡਾ. ਅੰਬੇਡਕਰ ਦੇ ਮਨ ਨੂੰ ਭੀ ਪ੍ਰਭਾਵਿਤ ਕਰਦੀ ਸੀ। ਸਿੱਖ ਬਣਨ ਵਾਲੀ ਪਕੜ ਹੁਣ ਉਸ ਦੇ ਹਿਰਦੇ ਭੀ ਨਹੀਂ ਰਹੀ ਸੀ। ਇਹ ਸੀ ਸਹੀ ਕਾਰਨ ਸਾਡੇ ਨਾਲ ਜਜ਼ੀਰੇ ਅੰਦਰ ਡਾਕਟਰ ਦੀ ਹੋਈ ਗਲ ਸਮੇਂ ਡਾਕਟਰ ਦੇ ਵਤੀਰੇ ਦਾ।

ਇਸ ਦੇ ਨਾਲ ਹੀ ਡਾਕਟਰ ਦਾ ਸਾਡੇ ਪ੍ਰਤੀ ਅਤੇ ਖ਼ਾਲਸਾ ਕਾਲਜ ਪ੍ਰਤੀ ਵਰਤਾਓ ਭੀ ਬਦਲ ਚੁਕਾ ਸੀ।

**ਬੰਬਈ ਖ਼ਾਲਸਾ ਕਾਲਜ ਦੇ ਕਾਰਜ ਨੂੰ ਸਿਰੇ ਚਾੜ੍ਹਨਾ ਸਿੱਖ ਲੀਡਰਾਂ ਲਈ ਵੱਕਾਰ ਦਾ ਸਵਾਲ**

ਇਸ ਤਰ੍ਹਾਂ ਬੰਬਈ ਅੰਦਰ ਖ਼ਾਲਸਾ ਕਾਲਜ ਖੋਲ੍ਹਣ ਵਾਲੀ ਕਹਾਣੀ ਦਾ ਵੈਸੇ ਤਾਂ ਭੋਗ ਪੈ ਚੁੱਕਾ ਸੀ, ਪ੍ਰੰਤੂ ਜਿਸ ਸਥਿਤੀ ਤੇ ਅਸੀਂ ਪਹੁੰਚ ਚੁੱਕੇ ਸਾਂ, ਉਸ ਅੰਦਰ ਕਾਲਜ ਦਾ ਨਾ ਖੋਲ੍ਹਣਾ ਸਿੱਖ ਕੌਮ ਲਈ ਨਮੋਸ਼ੀ ਦਾ ਕਾਰਨ ਬਣ ਸਕਦਾ ਸੀ, ਸੋ ਉੱਥੇ ਹਾਜ਼ਰ ਸੱਜਣਾਂ, ਸਿੰਘ ਸਭਾ ਬੰਬਈ ਅਤੇ ਪ੍ਰਧਾਨ ਸ਼੍ਰੋਮਣੀ ਕਮੇਟੀ ਜਿਨ੍ਹਾਂ ਨਾਲ ਟੈਲੀਫ਼ੋਨ ਤੇ ਸਾਰੀ ਗੱਲਬਾਤ ਕਰ ਲਈ ਗਈ ਸੀ ਵਿਚਾਲੇ ਵਿਚਾਰ ਵਟਾਂਦਰਾ ਹੋਣ ਉਪਰੰਤ ਜੂਨ ਤੋਂ ਕਾਲਜ ਚਾਲੂ ਕਰਨ ਦਾ ਫ਼ੈਸਲਾ ਹੋਇਆ ਅਤੇ ਇਮਾਰਤ ਦੇ ਰਹਿੰਦੇ ਕੰਮ ਨੂੰ ਦਸ ਪੰਦਰਾਂ ਦਿਨਾਂ ਵਿਚ ਮੁਕੰਮਲ ਕਰ ਲਿਆ ਗਿਆ। ਪ੍ਰਿੰ. ਕਸ਼ਮੀਰਾ ਸਿੰਘ,




ਜਿਨ੍ਹਾਂ ਦੀ ਬਤੌਰ ਪ੍ਰਿੰਸੀਪਲ ਨਿਯੁਕਤੀ ਇਸ ਤੋਂ ਪਹਿਲੋਂ ਹੋ ਚੁੱਕੀ ਸੀ ਉੱਥੇ ਹੀ ਠਹਿਰ ਗਏ ਅਤੇ ਕਾਲਜ ਦੇ ਦਾਖ਼ਲਿਆਂ ਸੰਬੰਧੀ ਲੁੜੀਂਦੀ ਕਾਰਵਾਈ ਸ਼ੁਰੂ ਕਰ ਦਿੱਤੀ। ਚੂੰਕਿ ਮੇਰਾ ਉੱਥੇ ਦਾ ਕੰਮ ਲਗਭਗ ਖ਼ਤਮ ਹੋ ਚੁਕਾ ਸੀ ਇਸ ਲਈ ਮੈਂ ਭੀ ਬਾਬੂ ਆਤਮਾ ਸਿੰਘ ਨੂੰ ਉੱਥੇ ਛੱਡ (1937 ਨੂੰ) ਜੂਨ ਦੇ ਪਹਿਲੇ ਹਫ਼ਤੇ ਪੰਜਾਬ ਵਾਪਸ ਆ ਗਿਆ।

ਕਾਲਜ ਸੰਬੰਧੀ ਇਹ ਗੱਲ ਦੱਸਣ ਦੀ ਮੈਨੂੰ ਵੱਡੀ ਖ਼ੁਸ਼ੀ ਪ੍ਰਤੀਤ ਹੁੰਦੀ ਹੈ ਕਿ ਮੇਰੇ ਨਾਲ ਕੰਮ ਕਰਨ ਵਾਲੇ ਸ੍ਰ. ਸੰਤੋਖ ਸਿੰਘ, ਬਾਬੂ ਆਤਮਾ ਸਿੰਘ ਤੇ ਸੰਤ ਸੂਰਤ ਸਿੰਘ ਵੱਲੋਂ ਮਨ ਮਾਰ ਕੇ ਕੀਤੀ ਮਿਹਨਤ ਅਤੇ ਦਰਸਾਈ ਇਮਾਨਦਾਰੀ ਦਾ ਹੀ ਫਲ ਸੀ ਕਿ ਕਾਲਜ ਦੀ ਸਾਰੀ ਇਮਾਰਤ ਅਤੇ ਮੇਰੇ ਪੰਜਾਬ ਮੁੜਨ ਤੋਂ ਪਹਿਲੋਂ ਤਿਆਰ ਕੀਤੇ ਫ਼ਰਨੀਚਰ ਤੇ ਖ਼ਰੀਦੇ ਸਾਇੰਸ ਦੇ ਸਮਾਨ ਅਤੇ ਲਾਇਬ੍ਰੇਰੀ ਦੀਆਂ ਕਿਤਾਬਾਂ ਦੇ ਖ਼ਰਚਾਂ ਸਮੇਤ ਅਸਾਂ ਕਾਲਜ ਤੇ ਕੇਵਲ ਚਾਰ ਲੱਖ ਸਤਾਰਾਂ ਹਜ਼ਾਰ ਰੁਪਿਆ (4,17000) ਖ਼ਰਚ ਕੀਤਾ ਸੀ ਅਤੇ ਕੋਈ ਬਿਲ ਬਕਾਇਆ ਨਹੀਂ ਸੀ, ਜਦੋਂ ਕਿ ਇਕੱਲੀ ਇਮਾਰਤ ਦਾ ਐਸਟੀਮੇਟ ਜੋ ਇਮਾਰਤ ਬਣਨੀ ਸ਼ੁਰੂ ਹੋਣ ਤੋਂ ਪਹਿਲੇ 'ਸਰਬ-ਹਿੰਦ ਸਿੱਖ ਮਿਸ਼ਨ' ਨੂੰ ਦਿੱਤਾ ਗਿਆ ਸੀ ਦਸ ਲੱਖ ਰੁਪਏ ਦਾ ਸੀ।

**ਸ. ਨਰੈਣ ਸਿੰਘ ਜੀ ਦਾ ਬੰਬੇ ਤੋਂ ਪੰਜਾਬ ਵਾਪਸ ਨਨਕਾਣਾ ਸਾਹਿਬ ਕਮੇਟੀ ਦਾ ਪ੍ਰਬੰਧ ਸੰਭਾਲਣਾ**

ਬੰਬਈ ਤੋਂ ਵਾਪਸੀ ਉਪਰੰਤ 11 ਜੂਨ ਨੂੰ ਮੈਂ ਆਪਣੀਆਂ ਨਨਕਾਣਾ ਸਾਹਿਬ ਦੀਆਂ ਜ਼ਿੰਮੇਵਾਰੀਆਂ ਸੰਭਾਲ ਲਈਆਂ। ਹਾੜੀ ਦੀ ਫ਼ਸਲ ਦੀ ਸਾਂਭ ਸੰਭਾਲ ਵੀ ਮਈ ਜੂਨ ਵਿਚ ਹੀ ਹੋ ਰਹੀ ਸੀ, ਸੋ ਮੈਂ ਉੱਧਰ ਵਿਸ਼ੇਸ਼ ਧਿਆਨ ਦਿੱਤਾ। 10 ਜੂਨ 1937 ਤੱਕ ਗੁਰਦੁਆਰੇ ਦੇ ਸਤ ਸਟੋਰ ਕਣਕ ਨਾਲ ਭਰ ਚੁੱਕੇ ਸਨ ਅਤੇ ਅੱਠਵੇਂ ਵਿਚ ਜਿਨਸ ਪਾਈ ਜਾ ਰਹੀ ਸੀ ਅਤੇ ਇਸ ਵੇਲੇ ਬਰਦਾਸ਼ਤ ਹੋਣ ਯੋਗ ਟਾਂਵੇਂ ਟਾਂਵੇਂ ਬੋਹਲ ਹੀ ਬਾਹਰ ਸਨ। ਜਿਨਸ ਦੇ ਗੁਦਾਮਾਂ ਦੀ ਸੰਭਾਲ ਲਈ ਮੇਰੀ ਗ਼ੈਰਹਾਜ਼ਰੀ ਵਿਚ ਇਕ ਨਵਾਂ ਸਟੋਰ ਕੀਪਰ ਲਗਾਇਆ ਹੋਇਆ ਸੀ ਜਿਸ ਪਾਸ ਗੁਦਾਮਾਂ ਦੀਆਂ ਚਾਬੀਆਂ ਰਹਿੰਦੀਆਂ ਸਨ।

ਮੇਰੀ ਨਿੱਜੀ ਇੰਟੈਲੀਜੈਂਸ ਰਾਹੀਂ ਮੈਨੂੰ ਸੋ ਪਈ ਕਿ ਸਟੋਰ ਰਜਿਸਟਰ ਵਿਚ ਦਰਜ ਆਮਦ ਨਾਲੋਂ ਗੁਦਾਮਾਂ ਵਿਚ ਜਮਾਂ ਜਿਨਸ ਜ਼ਿਆਦਾ ਸੀ, ਜੋ ਕਿਸੇ ਸਮੇਂ ਭੀ ਕੱਢੀ ਜਾ ਸਕਦੀ ਸੀ। ਸੋ ਮੈਂ ਸਾਰੇ ਗੁਦਾਮਾਂ ਨੂੰ ਡਬਲ ਲਾਕ ਲਗਵਾ ਦਿੱਤੇ ਜਿਨ੍ਹਾਂ ਵਿਚੋਂ ਇਕ ਇਕ ਤਾਲੇ ਦੀ ਚਾਬੀ ਮੈਂ ਪੱਕੇ ਤੌਰ ਆਪਣੇ ਪਾਸ ਰੱਖ ਲਈ। ਦੂਜੇ ਦੀ ਸਟੋਰ ਕੀਪਰ ਪਾਸ ਰਹਿਣ ਦਿੱਤੀ। ਇਸੇ ਤਰ੍ਹਾਂ ਗੁਰਦੁਆਰੇ ਦੇ ਖ਼ਜ਼ਾਨੇ ਵਿਚੋਂ ਕੁਝ ਰੁਪਿਆ ਪ੍ਰਾਈਵੇਟ ਕਾਰਜਾਂ ਲਈ ਵਰਤ ਲਿਆ ਗਿਆ ਹੋਇਆ ਸੀ ਜਿਸ ਕਾਰਨ ਮੈਂ ਰੋਜ਼ਾਨਾ ਕੈਸ਼ ਬੁੱਕ ਤੇ ਦਸਤਖ਼ਤ ਕਰਨ ਤੋਂ ਇਨਕਾਰ ਕੀਤਾ ਪਰ ਜਦ 27 ਜੂਨ ਨੂੰ ਕੰਮ ਪੂਰਾ ਕਰ ਦਿੱਤਾ ਗਿਆ ਤਾਂ ਮੈਂ ਦਸਤਖ਼ਤ ਕਰ ਦਿੱਤੇ।

(ਚਲਦਾ)

# ਨਿਊਯਾਰਕ ਵਿੱਚ 'ਚੱਲ ਮੇਲੇ ਨੂੰ ਚੱਲੀਏ' ਯਾਦਗਾਰੀ ਹੋ ਨਿਬੜਿਆ

**• ਪੰਜਾਬੀ ਗਾਇਕਾਂ ਦੀਆਂ ਪੇਸ਼ਕਾਰੀਆਂ ਨੇ ਬੰਨਿਆ ਰੰਗ • ਨਿਊਯਾਰਕ 'ਚ ਸਿਰਜਿਆ ਪੰਜਾਬ ਦੇ ਮੇਲੇ ਵਰਗਾ ਮਾਹੌਲ • ਹਜ਼ਾਰਾਂ ਦਰਸ਼ਕਾਂ ਨੇ ਮਾਣੀਆਂ ਪੰਜਾਬੀ ਰੌਣਕਾਂ**





ਨਿਊਯਾਰਕ : ਪੰਜਾਬੀ ਸੱਭਿਆਚਾਰ, ਵਿਰਸੇ ਅਤੇ ਸੰਗੀਤ ਦੀਆਂ ਰੌਣਕਾਂ ਨੂੰ ਸਮਰਪਿਤ ਫਤਿਹ ਇੰਟਰਟੇਨਮੈਂਟ ਵੱਲੋਂ ਨਿਊਯਾਰਕ ਵਿੱਚ ਕਰਵਾਇਆ ਗਿਆ ਵਿਸ਼ਾਲ ਮੇਲਾ 'ਚੱਲ ਮੇਲੇ ਨੂੰ ਚੱਲੀਏ' ਸ਼ਾਨਦਾਰ ਸਫਲਤਾ ਨਾਲ ਸੰਪੰਨ ਹੋਇਆ। ਮੇਲੇ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਪੰਜਾਬੀ ਭਾਈਚਾਰੇ ਦੇ ਲੋਕਾਂ ਨੇ ਪਰਿਵਾਰਾਂ ਸਮੇਤ ਸ਼ਿਰਕਤ ਕੀਤੀ। ਦਰਸ਼ਕਾਂ ਦੇ ਭਾਰੀ ਇਕੱਠ, ਨਾਮਵਰ ਕਲਾਕਾਰਾਂ ਦੀਆਂ ਦਮਦਾਰ ਪੇਸ਼ਕਾਰੀਆਂ, ਖਾਣ ਪੀਣ ਅਤੇ ਖਰੀਦਦਾਰੀ ਦੇ ਸਟਾਲਾਂ ਨੇ ਨਿਊਯਾਰਕ ਦੀ ਧਰਤੀ ਤੇ ਪੰਜਾਬ ਦੇ ਕਿਸੇ ਵੱਡੇ ਮੇਲੇ ਵਰਗਾ ਮਾਹੌਲ ਸਿਰਜ ਦਿੱਤਾ। ਇਸ ਮੇਲੇ ਨੂੰ ਸਫਲ ਬਣਾਉਣ ਪਿੱਛੇ ਫਤਿਹ ਇੰਟਰਟੇਨਮੈਂਟ ਦੀ ਸਮੁੱਚੀ ਟੀਮ ਦੀ ਲੰਬੇ ਸਮੇਂ ਦੀ ਮਿਹਨਤ ਅਤੇ ਸੁਚੱਜੀ ਵਿਉਂਤਬੰਦੀ ਰਹੀ। ਟੋਨੀ ਮੁਲਤਾਨੀ, ਰਣਧੀਰ ਬਰਾੜ, ਕਾਲਾ ਜੰਡੀ, ਗਿੱਲ ਪ੍ਰਦੀਪ, ਪ੍ਰੀਤ ਨਿਊਯਾਰਕ ਅਤੇ ਨੀਟਾ ਮਨਿਆਣੀ ਸਮੇਤ ਟੀਮ ਦੇ ਹੋਰ ਸਾਥੀਆਂ ਅਤੇ ਸਪੋਟਰਾਂ ਨੇ ਮਿਲ ਕੇ ਪ੍ਰੋਗਰਾਮ ਦੀਆਂ ਤਿਆਰੀਆਂ ਤੋਂ ਲੈ ਕੇ ਮੇਲੇ ਦੇ ਅਖੀਰ ਤੱਕ ਆਪਣੀ ਜਿੰਮੇਵਾਰੀ ਨਿਭਾਈ। ਮੇਲੇ ਦਾ ਸਭ ਤੋਂ ਵੱਡਾ ਆਕਰਸ਼ਣ ਪੰਜਾਬੀ ਗਾਇਕੀ ਦੇ ਨਾਮਵਰ ਅਤੇ ਉਭਰ ਦੇ ਕਲਾਕਾਰਾਂ ਦੀਆਂ ਲਾਈਵ ਪੇਸ਼ਕਾਰੀਆਂ ਰਹੀਆਂ। ਨੌਜਵਾਨ ਦਿਲਾਂ ਦੀ ਧੜਕਨ ਕੁਲਵਿੰਦਰ ਬਿੱਲਾ, ਪਰਿਵਾਰਿਕ ਅਤੇ ਸੱਭਿਆਚਾਰ ਗਾਇਕੀ ਲਈ ਜਾਣੇ ਜਾਂਦੇ ਹਰਜੀਤ ਹਰਮਨ, ਪੰਜਾਬੀ ਗਾਇਕੀ ਵਿੱਚ ਆਪਣੀ ਵੱਖਰੀ ਪਹਿਚਾਣ ਬਣਾਉਣ ਵਾਲੇ ਯਾਸਿਰ ਹੁਸੈਨ, ਵਾਈਸ ਆਫ ਪੰਜਾਬ ਨਾਲ ਪਹਿਚਾਣ ਬਣਾਉਣ ਵਾਲੀ ਗਾਇਕਾ ਹਰਮਨਪ੍ਰੀਤ ਕੌਰ ਅਤੇ ਨਵੀਂ ਆਵਾਜ਼ ਉੱਚਾ ਲੰਮਾ ਗੱਭਰੂ ਪਰਮ ਪਾਬਲਾ ਨੇ ਆਪਣੀਆਂ ਪੇਸ਼ਕਾਰੀਆਂ ਨਾਲ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ। ਇੱਕ ਤੋਂ ਬਾਅਦ ਇੱਕ ਕਲਾਕਾਰ ਜਦੋਂ ਸਟੇਜ ਤੇ ਪਹੁੰਚੇ ਤਾਂ ਦਰਸ਼ਕਾਂ ਦਾ ਉਤਸ਼ਾਹ ਵੀ ਵੱਧਦਾ ਗਿਆ। ਪੰਜਾਬੀ ਸੱਭਿਆਚਾਰ ਅਤੇ ਵਿਰਸੇ ਦੀ ਮਹਿਕ ਨਾਲ ਭਰਪੂਰ ਗੀਤਾਂ ਨੇ ਪਰਦੇਸ਼ ਦੀ ਧਰਤੀ ਤੇ ਪੰਜਾਬ ਦੀ ਯਾਦ ਤਾਜ਼ਾ ਕਰਵਾ ਦਿੱਤੀ। ਦਰਸ਼ਕਾਂ ਨੇ ਗੀਤਾਂ ਤੇ ਨੱਚ ਕੇ ਅਤੇ ਤਾੜੀਆਂ ਨਾਲ ਕਲਾਕਾਰਾਂ ਦਾ ਹੌਸਲਾ ਵਧਾਇਆ। ਸਟੇਜ ਜੀ ਪ੍ਰੋਗਰਾਮ ਦੀ ਵਿਉਂਤਬੰਦੀ ਵੀ ਮੇਲੇ ਦੀ ਖਾਸੀਅਤ ਰਹੀ। ਸ਼ੁਰੂਆਤ ਤੋਂ ਅੰਤ ਤੱਕ ਪ੍ਰੋਗਰਾਮ ਲਗਾਤਾਰ ਰੌਣਕਾਂ ਭਰਿਆ ਰਿਹਾ ਅਤੇ ਵੱਖ-ਵੱਖ ਕਲਾਕਾਰਾਂ ਨੇ ਆਪਣੀ ਗਾਇਕੀ ਦੇ ਵੱਖਰੇ ਰੰਗ ਪੇਸ਼ ਕੀਤੇ। ਖਾਸ ਤੌਰ ਤੇ ਕਲਾਕਾਰਾਂ ਦੀਆਂ ਲਾਈਵ ਪੇਸ਼ਕਾਰੀਆਂ ਇਸ ਮੇਲੇ ਦੀਆਂ ਉਹ ਯਾਦਾਂ ਬਣੀਆਂ, ਜਿਨ੍ਹਾਂ ਦੀ ਚਰਚਾ ਦਰਸ਼ਕ ਲੰਮੇ ਸਮੇਂ ਤੱਕ ਕਰਦੇ ਰਹਿਣਗੇ। ਚੱਲ ਮੇਲੇ ਨੂੰ ਚੱਲੀਏ ਸਿਰਫ ਇੱਕ ਸੰਗੀਤਕ ਪ੍ਰੋਗਰਾਮ ਤੱਕ ਸੀਮਤ ਨਹੀਂ ਰਿਹਾ, ਸਗੋਂ ਇਸ ਨੇ ਇੱਕ ਪੂਰੇ ਪੰਜਾਬੀ ਮੇਲੇ ਦਾ ਰੂਪ ਧਾਰਿਆ। ਮੇਲਾ ਮੈਦਾਨ ਵਿੱਚ ਵੱਖ-ਵੱਖ ਤਰ੍ਹਾਂ ਦੇ ਖਾਣ ਪੀਣ ਦੇ ਸਟਾਲ, ਕਾਰੋਬਾਰੀ ਅਤੇ ਖਰੀਦੋ ਫਰੋਖਤ ਦੇ ਸਟਾਲ ਲੱਗੇ ਹੋਏ ਸਨ। ਪਰਿਵਾਰਾਂ ਸਮੇਤ ਪਹੁੰਚੇ ਲੋਕਾਂ ਨੇ ਜਿੱਥੇ ਪੰਜਾਬੀ ਸੰਗੀਤ ਦਾ ਆਨੰਦ ਮਾਣਿਆ, ਉੱਥੇ ਮੇਲੇ ਦੀਆਂ ਹੋਰ ਰੌਣਕਾਂ ਦਾ ਵੀ ਖੂਬ ਲੁਤਫ ਉਠਾਇਆ। ਮੇਲੇ ਦੀ ਸਫਲਤਾ ਵਿੱਚ ਸਹਿਯੋਗ ਦੇਣ ਵਾਲੇ ਸਮੂਹ ਸਪਾਂਸਰਾ, ਸਪੋਟਰਾਂ, ਵਲੰਟੀਅਰਾਂ ਅਤੇ ਦਰਸ਼ਕਾਂ ਦਾ ਫਤਿਹ ਇੰਟਰਟੇਨਮੈਂਟ ਵੱਲੋਂ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਕੁੱਲ ਮਿਲਾ ਕੇ ਨਿਊਯਾਰਕ ਵਿੱਚ ਹੋਇਆ 'ਚੱਲ ਮੇਲੇ ਨੂੰ ਚੱਲੀਏ' ਪੰਜਾਬੀ ਸੰਗੀਤ ਅਤੇ ਸੱਭਿਆਚਾਰ ਦੀਆਂ ਯਾਦਗਾਰੀ ਰੌਣਕਾਂ ਛੱਡ ਗਿਆ। ਹਜ਼ਾਰਾਂ ਦਰਸ਼ਕਾਂ ਦੀ ਹਾਜ਼ਰੀ, ਕਲਾਕਾਰਾਂ ਦੀਆਂ ਸ਼ਾਨਦਾਰ ਪੇਸ਼ਕਾਰੀਆਂ, ਪੰਜਾਬੀ ਖਾਣ ਪੀਣ ਅਤੇ ਮੇਲੇ ਵਰਗੇ ਮਾਹੌਲ ਨੇ ਇਸ ਸਮਾਗਮ ਨੂੰ ਖਾਸ ਬਣਾ ਦਿੱਤਾ। ਪ੍ਰਦੇਸ਼ ਦੀ ਧਰਤੀ ਤੇ ਪੰਜਾਬੀਅਤ ਦੇ ਰੰਗ ਬਖੇਰ ਦਾ ਇਹ ਮੇਲਾ ਆਏ ਹੋਏ ਦਰਸ਼ਕਾਂ ਦੀਆਂ ਯਾਦਾਂ ਵਿੱਚ ਚਿਰਾਂ ਤੱਕ ਵਸਿਆ ਰਹੇਗਾ ਅਤੇ ਭਵਿੱਖ ਵਿੱਚ ਵੀ ਅਜਿਹੇ ਸੱਭਿਆਚਾਰਕ ਉਪਰਾਲਿਆਂ ਲਈ ਇੱਕ ਉਤਸ਼ਾਹ ਬਣੇਗਾ।



ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।

**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਰੋਕਥਾਮ/ਬਚਾਅ :**

1. ਕਿਸਮ-1 ਸ਼ੂਗਰ ਰੋਗ ਤੋਂ ਬਚਣ ਦਾ ਕੋਈ ਉਪਾਅ ਨਹੀਂ ਹੈ।
2. ਕਿਸਮ-2 ਸ਼ੂਗਰ ਰੋਗ ਦਾ ਬਚਾਅ, ਰੋਜ਼ਾਨਾ ਕਸਰਤ ਕਰ ਕੇ ਅਤੇ ਭਾਰ ਨੂੰ ਕਾਬੂ ਵਿੱਚ ਰੱਖ ਕੇ ਕੀਤਾ ਜਾ ਸਕਦਾ ਹੈ।
3. ਸ਼ਰਾਬ ਨਾ ਪੀਓ।
4. ਸਿਗਰਟ ਪੀਣਾ ਛੱਡੋ।

**ਘਰੇਲੂ ਇਲਾਜ :**

1. ਜੇਕਰ ਤੁਸੀਂ ਸ਼ੂਗਰ ਰੋਗ ਦੀ ਦਵਾਈ ਲੈ ਰਹੇ ਹੋ ਤਾਂ, ਡਾਕਟਰ ਦੀ ਸਲਾਹ ਤੋਂ ਬਗ਼ੈਰ ਦਵਾਈ ਲੈਣੀ ਨਾ ਛੱਡੋ।
2. ਸੰਤੁਲਿਤ ਖਾਣਾ ਖਾਓ।
3. ਰੋਜ਼ਾਨਾ ਕਸਰਤ ਕਰੋ।
4. ਆਪਣੀ ਸ਼ੂਗਰ ਦੀ ਜਾਂਚ ਹਰ ਰੋਜ਼ ਕਰੋ ਅਤੇ ਇਸਦਾ ਰਿਕਾਰਡ ਬਣਾ ਕੇ ਰੱਖੋ। ਇਹ ਰਿਕਾਰਡ ਆਪਣੇ ਡਾਕਟਰ ਨੂੰ ਦਿਖਾਓ।
5. ਹਰ 2 ਸਾਲ ਬਾਅਦ ਆਪਣੀਆਂ ਅੱਖਾਂ ਦੀ ਜਾਂਚ ਕਰਵਾਓ (ਸ਼ੂਗਰ ਰੋਗ ਹੌਲੀ ਹੌਲੀ ਅੱਖਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ)।
6. ਆਪਣੇ ਪੈਰਾਂ ਦੀ ਚੰਗੀ ਤਰ੍ਹਾਂ ਨਾਲ ਸਾਂਭ-ਸੰਭਾਲ ਕਰੋ (ਸ਼ੂਗਰ ਰੋਗ ਦੇ ਕਾਰਨ ਪੈਰਾਂ ਵਿੱਚ ਖ਼ੂਨ ਦਾ ਵਹਾਅ ਘੱਟ ਜਾਂਦਾ ਹੈ ਅਤੇ ਜਿਸ ਕਾਰਨ ਇਹ ਸੁੰਨ ਹੋ ਜਾਂਦੇ ਹਨ, ਜਿਸ ਕਾਰਨ ਪੈਰਾਂ ਦੇ ਜ਼ਖ਼ਮੀ ਹੋਣ ਦਾ ਬਹੁਤ ਜ਼ਿਆਦਾ ਖ਼ਤਰਾ ਹੁੰਦਾ ਹੈ)।
7. ਆਪਣੇ ਕੋਲ ਚੀਨੀ ਜਾਂ ਸੰਤਰੇ ਦਾ ਰਸ (ਜੂਸ) ਰੱਖੋ, ਜੇਕਰ ਤੁਹਾਡੇ ਖ਼ੂਨ ਦੀ ਸ਼ੂਗਰ ਘੱਟ ਹੈ ਤਾਂ ਇਸਦੀ ਵਰਤੋਂ ਕਰੋ।




**ਡਾਕਟਰ ਨੂੰ ਕਦੋਂ ਦਿਖਾਈਏ :**

1. ਜਦੋਂ ਤੁਹਾਨੂੰ ਸ਼ੂਗਰ ਰੋਗ ਦੇ ਲੱਛਣ ਹੋਣ, ਜਿਵੇਂ ਵੀ ਸੰਭਵ ਹੋਵੇ ਉੱਚਿਤ ਜਾਂਚ ਲਈ ਜਲਦ ਤੋਂ ਜਲਦ ਡਾਕਟਰ ਨੂੰ ਦਿਖਾਓ।
2. ਜੇਕਰ ਤੁਹਾਨੂੰ ਬਲੱਡ ਸ਼ੂਗਰ ਹੈ, ਤਾਂ ਆਪਣੇ ਡਾਕਟਰ ਨੂੰ ਨਿਯਮਤ ਕਰਵਾਓ ਤਾਂ ਜੋ ਸ਼ੂਗਰ ਰੋਗ ਨੂੰ ਕਾਬੂ ਵਿੱਚ ਰੱਖਿਆ ਜਾ ਸਕੇ।
3. ਧੁੰਦਲਾ ਦਿਖਾਈ ਦੇਣਾ।
4. ਜੇਕਰ ਚਮੜੀ ਦਾ ਕੋਈ ਜ਼ਖ਼ਮ ਠੀਕ ਨਹੀਂ ਹੋ ਰਿਹਾ।
5. ਜੇਕਰ ਬਿਨਾਂ ਕਿਸੇ ਕਾਰਨ ਤੋਂ ਭਾਰ ਘੱਟੇ।

**ਸ਼ੂਗਰ ਦੇ ਰੋਗੀਆਂ ਲਈ ਖਾਣ ਦੇ ਨੁਕਤੇ :**

1. ਖਾਣੇ ਦਾ ਸਮਾਂ ਮੁਕਰਰ ਕਰੋ ਅਤੇ ਹਰ ਰੋਜ਼ ਉਸੇ ਸਮੇਂ ਖਾਓ।
2. ਘੱਟ ਖਾਓ ਪਰ ਦਿਨ ਵਿੱਚ ਜ਼ਿਆਦਾ ਵਾਰ ਖਾਓ।
3. ਸ਼ਰਾਬ ਨਾ ਪੀਓ।
4. ਸੰਤੁਲਿਤ ਖਾਣਾ ਖਾਓ ਜਿਸ ਵਿੱਚ ਕਾਰਬੋਹਾਈਡ੍ਰੇਟ, ਪ੍ਰੋਟੀਨ ਅਤੇ ਫੈਟ ਲੋੜੀਂਦੀ ਮਾਤਰਾ ਵਿਚ ਹੋਵੇ।
5. ਚਾਵਲ ਅਤੇ ਕਣਕ ਦੀਆਂ ਰੋਟੀਆਂ ਸ਼ੂਗਰ ਨੂੰ ਵਧਾਉਂਦੀਆਂ ਹਨ, ਇਸ ਕਰਕੇ ਘੱਟ ਅਤੇ ਲੋੜੀਂਦੀ ਮਾਤਰਾ ਵਿਚ ਹੀ ਖਾਓ।

**ਸ਼ੂਗਰ ਦਾ ਘਟਣਾ**

ਸ਼ੂਗਰ ਦਾ ਘਟਨਾ, ਸ਼ੂਗਰ ਦੇ ਵਧਣ ਨਾਲੋਂ ਵੀ ਜ਼ਿਆਦਾ ਖਤਰਨਾਕ ਹੋ ਸਕਦਾ ਹੈ। ਸ਼ੂਗਰ ਦੇ ਹਰ ਰੋਗੀ ਨੂੰ ਖ਼ੂਨ ਵਿਚ ਸ਼ੂਗਰ ਬਾਰੇ ਜਾਣਕਾਰ ਹੋਣਾ ਬਹੁਤ ਜ਼ਰੂਰੀ ਹੈ।

**ਕਾਰਨ :**

1. ਜਦੋਂ ਤੁਸੀਂ ਲੋੜ ਤੋਂ ਵੱਧ ਸ਼ੂਗਰ ਦੀ ਦਵਾਈ ਲੈਂਦੇ ਹੋ।
2. ਜਦੋਂ ਤੁਸੀਂ ਬਹੁਤ ਜ਼ਿਆਦਾ ਸਮਾਂ ਭੁੱਖੇ ਰਹਿੰਦੇ ਹੋ।
੩. ਜ਼ਿਆਦਾ ਸਰੀਰਕ ਕੰਮ ਜਾਂ ਕਸਤਰ ਤੋਂ ਬਾਅਦ।

**ਲੱਛਣ :**

ਜੇਕਰ ਤੁਹਾਨੂੰ ਹੇਠ ਲਿਖੇ ਲੱਛਣ ਹਨ ਤਾਂ ਖ਼ੂਨ ਵਿੱਚ ਸ਼ੂਗਰ ਦੀ ਮਾਤਰਾ ਘੱਟ ਹੋ ਸਕਦੀ ਹੈ :

1. ਥਕਾਵਟ ਅਤੇ ਕਮਜ਼ੋਰੀ।
2. ਪਸੀਨਾ ਆਉਣਾ।
3. ਪੇਟ ਵਿਚ ਭੁੱਖ ਕਾਰਨ ਖੋਹ ਪੈਣੀ।
4. ਦਿਲ ਦੀ ਧੜਕਣ ਦਾ ਵਧਣਾ।
5. ਧੁੰਦਲਾ ਦਿਖਾਈ ਦੇਣਾ।
6. ਦਿਮਾਗ਼ ਦੀ ਉਲਝਣ (ਕਨਫ਼ਿਉਜ਼ਨ)।

**ਘਰੇਲੂ ਇਲਾਜ :**

ਸੰਤਰੇ ਦਾ ਜੂਸ ਪੀਓ, ਕੋਈ ਵੀ ਮਿੱਠੀਆਂ ਗੋਲੀਆਂ, ਚੀਨੀ ਜਾਂ ਕੁਝ ਵੀ ਹੋਰ ਭੋਜਨ ਜਲਦੀ ਤੋਂ ਜਲਦੀ ਖਾਓ। ਬਲੱਡ ਸ਼ੂਗਰ ਦਾ ਟੈਸਟ ਲਗਾਤਾਰ ਥੋੜ੍ਹੀ ਥੋੜ੍ਹੀ ਦੇਰ ਬਾਅਦ ਕਰਦੇ ਰਹੋ ਅਤੇ ਦਵਾਈ ਦੀ ਮਾਤਰਾ ਠੀਕ ਕਰਨ ਲਈ ਡਾਕਟਰ ਦੀ ਸਲਾਹ ਲਵੋ।

**ਡਾਕਟਰ ਨੂੰ ਕਦੋਂ ਦਿਖਾਈਏ :**

ਜੇਕਰ ਤੁਹਾਨੂੰ ਵਾਰ ਵਾਰ ਸ਼ੂਗਰ ਦੇ ਘਟਣ ਦੀ ਸ਼ਿਕਾਇਤ ਰਹਿੰਦੀ ਹੈ ਤਾਂ ਦਵਾਈ ਦੀ ਮਾਤਰਾ ਠੀਕ ਕਰਨ ਲਈ ਆਪਣੇ ਡਾਕਟਰ ਦੀ ਸਲਾਹ ਲਓ।

**ਡਾਇਬੀਟੀਜ਼ (ਸ਼ੂਗਰ) ਅਤੇ ਪੈਰਾਂ ਦੀ ਸੰਭਾਲ**

ਡਾਇਬੀਟੀਜ਼ (ਸ਼ੂਗਰ) ਦੇ ਮਰੀਜ਼ਾਂ ਲਈ ਪੈਰਾਂ ਦੀ ਖ਼ਾਸ ਸਾਂਭ-ਸੰਭਾਲ ਕਰਨਾ ਬਹੁਤ ਜ਼ਰੂਰੀ ਹੈ, ਕਿਉਂਕਿ :

1. ਇਹ ਬਿਮਾਰੀ ਨਸਾਂ 'ਤੇ ਪ੍ਰਭਾਵ ਪਾਉਂਦੀ ਹੈ, ਇਸ ਕਰਕੇ ਪੈਰ ਸੁੰਨ ਹੋ ਜਾਂਦੇ ਹਨ। ਸੁੰਨ ਹੋਏ ਪੈਰਾਂ ਵਿੱਚ ਸੱਟ ਜਾਂ ਹੋਰ ਜ਼ਖ਼ਮ ਹੋਣ ਬਾਰੇ ਮਹਿਸੂਸ ਨਹੀਂ ਹੁੰਦਾ।
2. ਸ਼ੂਗਰ ਦੇ ਮਰੀਜ਼ ਸੱਟ ਜਾਂ ਇਨਫ਼ੈਕਸ਼ਨ ਤੋਂ ਠੀਕ ਹੋਣ ਲਈ ਆਮ ਨਾਲੋਂ ਕਾਫ਼ੀ ਵੱਧ ਸਮਾਂ ਲੈਂਦੇ ਹਨ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

HEALING HERBS & MASSAGE

ANY TYPE OF LADIES & GENTS PROBLEM

Healing Herbs & Healing Massage

ਕੀ ਤੁਸੀਂ ਸਰੀਰਕ ਦੁੱਖਾਂ ਦਰਦਾਂ ਤੋਂ ਪ੍ਰੇਸ਼ਾਨ ਹੋ ?

Cure with Homeopathy or Ayurved Best Natural Way of treatment with no side effects.

ਜੜੀ-ਬੂਟੀਆਂ ਅਤੇ ਮਾਲਿਸ਼ ਰਾਹੀਂ ਕੁਦਰਤੀ ਇਲਾਜ !

ਸਰੀਰ ਦੀ ਕਾਇਆ ਕਲਪ ਕਰੋ ! ਤਣਾਅ ਅਤੇ ਦਰਦ ਤੋਂ ਮੁਕਤੀ ਪਾਉਣ ਲਈ ਅੱਜ ਹੀ ਪਹੁੰਚੋ।



ਅਸੀਂ ਲੈ ਕੇ ਆਏ ਹਾਂ ਤੁਹਾਡੀ ਸਿਹਤ ਲਈ ਕੁਦਰਤੀ ਖਜ਼ਾਨਾ। ਸਾਡੇ ਕੋਲ ਦੇਸੀ ਜੜੀ-ਬੂਟੀਆਂ, ਦੇਸੀ ਦਵਾਈਆਂ ਅਤੇ ਮਾਹਿਰਾਂ ਦੁਆਰਾ ਮਾਲਿਸ਼ ਦੀ ਸਹੂਲਤ ਉਪਲਬਧ ਹੈ।

ਸਾਡਾ ਸਮਾਂ:
ਸੋਮਵਾਰ ਤੋਂ ਸ਼ੁੱਕਰਵਾਰ: ਸ਼ਾਮ 4 ਵਜੇ ਤੋਂ ਰਾਤ 8 ਵਜੇ ਤੱਕ
ਸ਼ਨੀਵਾਰ ਤੇ ਐਤਵਾਰ: ਸਵੇਰੇ 11 ਵਜੇ ਤੋਂ ਸ਼ਾਮ 6 ਵਜੇ ਤੱਕ

ਇਥੇ ਸ਼ੂਗਰ ਦੀ ਬਿਮਾਰੀ ਦਾ ਇਲਾਜ ਦੇਸੀ ਦਵਾਈਆਂ ਅਤੇ ਕੁਦਰਤੀ ਤਰੀਕੇ ਨਾਲ ਕੀਤਾ ਜਾਂਦਾ ਹੈ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ 510-200-1110

ਪਤਾ: 3038 Castro Valley Blvd, Castro Valley, CA 94546

# ਅਮਰੀਕਾ ਦੇ ਗੈਰ-ਕਾਨੂੰਨੀ ਹਮਲਿਆਂ ਖ਼ਿਲਾਫ਼ ਸਵੈ-ਰੱਖਿਆ ਦੇ ਸਾਰੇ ਰਾਹ ਖੁੱਲ੍ਹੇ : ਈਰਾਨ ਦਾ ਵੱਡਾ ਬਿਆਨ



ਤਹਿਰਾਨ : ਈਰਾਨ ਨੇ ਕਿਹਾ ਹੈ ਕਿ ਉਹ ਅਮਰੀਕਾ ਦੀਆਂ ਧਮਕੀਆਂ, ਕਥਿਤ ਗੈਰ-ਕਾਨੂੰਨੀ ਫੌਜੀ ਹਮਲਿਆਂ ਅਤੇ ਸਮੁੰਦਰੀ ਦਬਾਅ ਦਾ ਦ੍ਰਿੜਤਾ ਨਾਲ ਸਾਹਮਣਾ ਕਰਨਾ ਜਾਰੀ ਰੱਖੇਗਾ ਅਤੇ ਸਵੈ-ਰੱਖਿਆ ਲਈ ਸਾਰੇ ਉਪਲਬਧ ਵਿਕਲਪਾਂ ਦੀ ਵਰਤੋਂ ਕਰੇਗਾ। ਇੱਕ ਬਿਆਨ ਵਿੱਚ ਵਿਦੇਸ਼ ਮੰਤਰਾਲੇ ਨੇ ਦੋਸ਼ ਲਗਾਇਆ ਕਿ ਅਮਰੀਕਾ ਨੇ, ਟਕਰਾਅ ਨੂੰ ਖਤਮ ਕਰਨ ਲਈ 18 ਜੂਨ ਦੇ ਸਮਝੌਤਾ ਪੱਤਰ (ਐਮਓਯੂ) ਦੀ ਉਲੰਘਣਾ ਕਰਦੇ ਹੋਏ, ਈਰਾਨੀ ਬੰਦਰਗਾਹਾਂ ਅਤੇ ਵਪਾਰਕ ਜਹਾਜ਼ਾਂ 'ਤੇ ਹਮਲਾ ਕਰਨਾ ਜਾਰੀ ਰੱਖਿਆ ਹੈ, ਜਲ ਸੈਨਾ ਦੀ ਨਾਕਾਬੰਦੀ ਲਾਗੂ ਰੱਖੀ ਹੈ, ਆਰਥਿਕ ਦਬਾਅ ਵਧਾਇਆ ਹੈ ਅਤੇ ਗੈਰ-ਕਾਨੂੰਨੀ ਧਮਕੀਆਂ ਦਿੱਤੀਆਂ ਹਨ।

ਮੰਤਰਾਲੇ ਨੇ ਕਿਹਾ ਕਿ ਚੱਲ ਰਹੀ ਜਲ ਸੈਨਾ ਦੀ ਨਾਕਾਬੰਦੀ 'ਹਮਲਾਵਰ ਕਾਰਵਾਈ' ਦੀ ਇੱਕ ਸਪੱਸ਼ਟ ਉਦਾਹਰਣ ਹੈ। ਬਿਆਨ ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਫੌਜੀ ਅਤੇ ਗੈਰ-ਫੌਜੀ ਟੀਚਿਆਂ, ਨਾਗਰਿਕ ਬੁਨਿਆਦੀ ਢਾਂਚੇ ਅਤੇ ਈਰਾਨੀ ਨਾਗਰਿਕਾਂ 'ਤੇ ਅਮਰੀਕੀ ਹਮਲੇ ਸੰਯੁਕਤ ਰਾਸ਼ਟਰ ਚਾਰਟਰ ਦੀ ਧਾਰਾ 2(4) ਦੀ ਉਲੰਘਣਾ ਕਰਦੇ ਹਨ। ਈਰਾਨ ਨੇ ਖੇਤਰੀ ਦੇਸ਼ਾਂ ਨੂੰ ਕਿਹਾ ਕਿ ਅਮਰੀਕਾ ਦੇ ਕਥਿਤ ਗੈਰ-ਕਾਨੂੰਨੀ ਹਮਲਿਆਂ ਦੇ ਜਵਾਬ ਵਿੱਚ ਉਸਦੀਆਂ ਰੱਖਿਆਤਮਕ ਕਾਰਵਾਈਆਂ ਨੂੰ ਕਿਸੇ ਵੀ ਹਾਲਤ ਵਿੱਚ ਉਨ੍ਹਾਂ ਦੇਸ਼ਾਂ ਵਿਰੁੱਧ ਹਮਲਾ ਨਹੀਂ ਮੰਨਿਆ ਜਾਣਾ ਚਾਹੀਦਾ। ਬਿਆਨ ਵਿੱਚ ਕਿਹਾ ਗਿਆ ਹੈ, 'ਅਮਰੀਕਾ ਅਤੇ ਇਸਦੇ ਕੁਝ ਖੇਤਰੀ ਭਾਈਵਾਲਾਂ ਦਾ ਜਹਾਜ਼ਾਂ ਨੂੰ ਅਸੁਰੱਖਿਅਤ ਅਤੇ ਅਣਅਧਿਕਾਰਤ ਦੱਖਣੀ ਰਸਤੇ ਤੋਂ ਲੰਘਣ ਦੀ ਆਗਿਆ ਦੇਣ 'ਤੇ ਜ਼ੋਰ ਨਾ ਸਿਰਫ਼ ਸਹਿਮਤੀ ਪੱਤਰ ਦੀ ਧਾਰਾ 5 ਨੂੰ ਰੱਦ ਕਰਨ ਅਤੇ ਈਰਾਨ ਨੂੰ ਆਪਣੀਆਂ ਜ਼ਿੰਮੇਵਾਰੀਆਂ ਪੂਰੀਆਂ ਕਰਨ ਤੋਂ ਰੋਕਣ ਲਈ ਸੀ, ਸਗੋਂ ਫੌਜੀ ਗਤੀਵਿਧੀਆਂ ਅਤੇ ਗਤੀਵਿਧੀਆਂ ਨੂੰ ਛੁਪਾਉਣ ਦੇ ਸਾਧਨ ਵਜੋਂ ਵੀ ਸੀ।' ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਈਰਾਨ ਆਪਣੀ ਰਾਸ਼ਟਰੀ ਆਜ਼ਾਦੀ, ਮਾਣ ਅਤੇ ਪ੍ਰਭੂਸੱਤਾ ਦੀ ਰੱਖਿਆ ਲਈ ਅਮਰੀਕਾ-ਇਜ਼ਰਾਈਲੀ ਗੱਠਜੋੜ ਦੇ ਵਿਰੁੱਧ ਮਜ਼ਬੂਤੀ ਨਾਲ ਆਪਣਾ ਬਚਾਅ ਕਰਦਾ ਰਹੇਗਾ।

# ਪਾਕਿ ਦੇ ਸੰਘੀ ਯੋਜਨਾ ਵਿਕਾਸ ਮੰਤਰੀ ਵਲੋਂ ਕਰਤਾਰਪੁਰ ਲਾਂਘੇ ਦਾ ਦੌਰਾ




ਅੰਮ੍ਰਿਤਸਰ : ਪਾਕਿਸਤਾਨ ਦੇ ਯੋਜਨਾ ਵਿਕਾਸ ਅਤੇ ਵਿਸ਼ੇਸ਼ ਪਹਿਲਕਦਮੀਆਂ ਲਈ ਸੰਘੀ ਮੰਤਰੀ ਅਹਿਸਾਨ ਇਕਬਾਲ ਚੌਧਰੀ ਨੇ ਜ਼ਿਲ੍ਹਾ ਨਾਰੋਵਾਲ ਸਥਿਤ ਕਰਤਾਰਪੁਰ ਲਾਂਘੇ ਦਾ ਦੌਰਾ ਕੀਤਾ। ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਪਹੁੰਚਣ 'ਤੇ ਮੰਤਰੀ ਚੌਧਰੀ ਦਾ ਸਵਾਗਤ ਪ੍ਰਾਜੈਕਟ ਮੈਨੇਜਮੈਂਟ ਯੂਨਿਟ (ਪੀ. ਐਮ. ਯੂ.) ਕਰਤਾਰਪੁਰ ਦੇ ਪ੍ਰਬੰਧਨ ਅਫ਼ਸਰ ਰਾਜਾ ਕਾਮਰਾਨ ਅਸਲਮ ਨੇ ਕੀਤਾ। ਇਸ ਮੌਕੇ ਹੈੱਡ ਗ੍ਰੰਥੀ ਭਾਈ ਗੋਬਿੰਦ ਸਿੰਘ, ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ ਇੰਦਰਜੀਤ ਸਿੰਘ ਵੀ ਮੌਜੂਦ ਸਨ। ਇੰਦਰਜੀਤ ਸਿੰਘ ਨੇ 'ਅਜੀਤ' ਨਾਲ ਇਹ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਸੰਘੀ ਮੰਤਰੀ ਅਤੇ ਉਨ੍ਹਾਂ ਦੇ ਨਾਲ ਆਏ ਅਮਲੇ ਨੇ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਿਆ, ਦੀਵਾਨ ਅਸਥਾਨ, ਸਰੋਵਰ ਅਤੇ ਗੈਲਰੀਆਂ ਦਾ ਦੌਰਾ ਕੀਤਾ ਅਤੇ ਲੰਗਰ ਵੀ ਛਕਿਆ। ਉਨ੍ਹਾਂ ਕਰਤਾਰਪੁਰ ਲਾਂਘੇ ਦੇ ਜ਼ੀਰੋ ਪੁਆਇੰਟ ਦਾ ਵੀ ਦੌਰਾ ਕੀਤਾ। ਅਹਿਸਾਨ ਇਕਬਾਲ ਚੌਧਰੀ ਨੇ ਕਿਹਾ ਕਿ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਸ਼ਵ 'ਚ ਸ਼ਾਂਤੀ, ਪਿਆਰ ਅਤੇ ਅੰਤਰ-ਧਰਮ ਸਦਭਾਵਨਾ ਦੀ ਸਭ ਤੋਂ ਉੱਤਮ ਮਿਸਾਲ ਹੈ।

# 'ਬਰਬਾਦੀ ਤੋਂ ਪਹਿਲਾਂ' ਇਹ ਆਖਰੀ ਮੌਕਾ! ਟਰੰਪ ਨੇ ਈਰਾਨ ਨੂੰ ਦਿੱਤੀ ਚੇਤਾਵਨੀ



ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਈਰਾਨ ਕੋਲ ਪ੍ਰਮਾਣੂ ਸਮਝੌਤੇ ਨੂੰ ਸਵੀਕਾਰ ਕਰਨ ਦਾ ਇਹ 'ਆਖਰੀ ਮੌਕਾ' ਹੈ ਨਹੀਂ ਤਾਂ ਉਸ ਨੂੰ 'ਬਰਬਾਦੀ' ਦਾ ਸਾਹਮਣਾ ਕਰਨਾ ਪੈ ਸਕਦਾ ਹੈ । ਟਰੰਪ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਕੂਟਨੀਤੀ ਨੂੰ ਇੱਕ ਆਖਰੀ ਮੌਕਾ ਦੇਣ ਲਈ 'ਦੂਜੇ ਵਿਸ਼ਵ ਯੁੱਧ ਤੋਂ ਬਾਅਦ ਸਭ ਤੋਂ ਵੱਡੇ ਹਮਲੇ' ਨੂੰ ਰੋਕਿਆ ਹੈ। ਵ੍ਹਾਈਟ ਹਾਊਸ ਵਿੱਚ ਬੋਲਦੇ ਹੋਏ ਟਰੰਪ ਨੇ ਕਿਹਾ ਕਿ ਖੇਤਰੀ ਸ਼ਕਤੀਆਂ ਦੀ ਬੇਨਤੀ 'ਤੇ ਤਹਿਰਾਨ ਨਾਲ ਗੱਲਬਾਤ ਜਾਰੀ ਹੈ, ਜਦੋਂ ਕਿ ਈਰਾਨ ਨੇ ਵਾਸ਼ਿੰਗਟਨ ਨਾਲ ਕਿਸੇ ਵੀ ਗੱਲਬਾਤ ਤੋਂ ਸਪੱਸ਼ਟ ਤੌਰ 'ਤੇ ਇਨਕਾਰ ਕਰ ਦਿੱਤਾ ਹੈ। ਇਸ ਨਾਲ ਅਮਰੀਕਾ-ਈਰਾਨ ਕੂਟਨੀਤੀ ਦੀ ਸਥਿਤੀ ਬਾਰੇ ਡੂੰਘੀ ਅਨਿਸ਼ਚਿਤਤਾ ਪੈਦਾ ਹੋ ਗਈ ਹੈ ਅਤੇ ਇਸ ਬਾਰੇ ਨਵੇਂ ਸਵਾਲ ਖੜ੍ਹੇ ਹੋਏ ਹਨ ਕਿ ਕੀ ਕੋਈ ਹੱਲ ਨਿਕਲੇਗਾ ਜਾਂ ਫੌਜੀ ਟਕਰਾਅ ਹੋਵੇਗਾ।

ਟਰੰਪ ਨੇ ਕਿਹਾ ਕਿ ਉਨ੍ਹਾਂ ਨੇ ਖੇਤਰੀ ਸਹਿਯੋਗੀਆਂ ਤੋਂ ਕੂਟਨੀਤਕ ਪ੍ਰਗਤੀ ਦੇ ਸੰਕੇਤਾਂ ਅਤੇ ਅਪੀਲਾਂ ਤੋਂ ਬਾਅਦ ਈਰਾਨ ਵਿਰੁੱਧ ਇੱਕ ਵੱਡੀ ਅਮਰੀਕੀ ਫੌਜੀ ਕਾਰਵਾਈ ਨੂੰ ਰੋਕ ਦਿੱਤਾ ਹੈ, ਪਰ ਚੇਤਾਵਨੀ ਦਿੱਤੀ ਕਿ ਸਮਝੌਤੇ ਦਾ ਮੌਕਾ ਤੇਜ਼ੀ ਨਾਲ ਖਤਮ ਹੁੰਦਾ ਜਾ ਰਿਹਾ ਹੈ। ਟਰੰਪ ਨੇ ਕਿਹਾ, 'ਮੈਨੂੰ ਲੱਗਦਾ ਹੈ ਕਿ ਅਸੀਂ ਕੁਝ ਕਰ ਸਕਦੇ ਹਾਂ, ਪਰ ਮੈਂ ਉਨ੍ਹਾਂ ਨੂੰ ਬਰਬਾਦ ਹੋਣ ਤੋਂ ਪਹਿਲਾਂ ਹਰ ਆਖਰੀ ਮੌਕਾ ਦੇਣਾ ਚਾਹੁੰਦਾ ਹਾਂ।' 'ਇਹ ਈਰਾਨ ਦਾ ਇੱਕ ਚੰਗੇ ਸਮਝੌਤੇ 'ਤੇ ਦਸਤਖਤ ਕਰਨ ਦਾ ਆਖਰੀ ਮੌਕਾ ਹੈ।' ਟਰੰਪ ਨੇ ਜ਼ੋਰ ਦੇ ਕੇ ਕਿਹਾ ਕਿ ਸੰਯੁਕਤ ਰਾਜ ਅਮਰੀਕਾ ਅਤੇ ਈਰਾਨ ਵਿਚਕਾਰ ਗੱਲਬਾਤ 'ਮੌਜੂਦਾ ਸਮੇਂ ਵਿੱਚ ਚੱਲ ਰਹੀ ਹੈ' ਅਤੇ ਇਹ ਗੱਲਬਾਤ ਈਰਾਨ ਦੇ ਨਾਲ ਸਾਊਦੀ ਅਰਬ, ਸੰਯੁਕਤ ਅਰਬ ਅਮੀਰਾਤ ਅਤੇ ਕਤਰ ਦੇ ਇਸ਼ਾਰੇ 'ਤੇ ਹੋ ਰਹੀ ਹੈ। ਉਸਨੇ ਇਹ ਵੀ ਦਾਅਵਾ ਕੀਤਾ ਕਿ ਉਸਨੇ ਉਨ੍ਹਾਂ ਹਮਲਿਆਂ ਨੂੰ ਰੋਕਿਆ ਹੈ ਜੋ 'ਦੂਜੇ ਵਿਸ਼ਵ ਯੁੱਧ ਤੋਂ ਬਾਅਦ ਸਭ ਤੋਂ ਵੱਡਾ ਹਮਲਾ' ਹੋ ਸਕਦੇ ਸਨ, ਕਿਉਂਕਿ ਕੂਟਨੀਤਕ ਹੱਲ ਦੀਆਂ ਉਮੀਦਾਂ ਵਧ ਰਹੀਆਂ ਸਨ।

ਦੂਜੇ ਪਾਸੇ ਈਰਾਨ ਦੇ ਵਿਦੇਸ਼ ਮੰਤਰਾਲੇ ਨੇ ਸੋਮਵਾਰ ਨੂੰ ਰਾਸ਼ਟਰਪਤੀ ਦੇ ਦਾਅਵੇ ਦਾ ਖੰਡਨ ਕਰਦੇ ਹੋਏ ਕਿਹਾ ਕਿ ਵਾਸ਼ਿੰਗਟਨ ਨਾਲ ਕੋਈ ਸਿੱਧੀ ਗੱਲਬਾਤ ਨਹੀਂ ਹੋਈ। ਮੰਤਰਾਲੇ ਨੇ ਕਿਹਾ ਕਿ ਗੱਲਬਾਤ ਇਸ ਸਮੇਂ ਸਿਰਫ ਓਮਾਨ ਨਾਲ ਹੈ, ਜੋ ਕਿ ਹੋਰਮੁਜ਼ ਜਲਡਮਰੂ ਵਿੱਚ ਅਸਥਾਈ ਸਮੁੰਦਰੀ ਸੁਰੱਖਿਆ ਪ੍ਰਬੰਧਾਂ ਬਾਰੇ ਹੈ। ਇਸ ਜਨਤਕ ਇਨਕਾਰ ਨੇ ਟਰੰਪ ਦੇ ਹਾਲੀਆ ਕੂਟਨੀਤਕ ਯਤਨਾਂ ਦੇ ਆਲੇ ਦੁਆਲੇ ਡੂੰਘੀ ਅਨਿਸ਼ਚਿਤਤਾ ਨੂੰ ਉਜਾਗਰ ਕੀਤਾ। ਜਦੋਂ ਕਿ ਵਾਸ਼ਿੰਗਟਨ ਨੇ ਦਾਅਵਾ ਕੀਤਾ ਕਿ ਗੱਲਬਾਤ ਚੱਲ ਰਹੀ ਹੈ, ਤਹਿਰਾਨ ਨੇ ਅਜਿਹੀ ਕੋਈ ਵੀ ਗੱਲਬਾਤ ਹੋਣ ਤੋਂ ਇਨਕਾਰ ਕੀਤਾ। ਈਰਾਨ ਦੇ ਦਾਅਵਿਆਂ ਦਾ ਜਵਾਬ ਦਿੰਦੇ ਹੋਏ ਟਰੰਪ ਨੇ ਈਰਾਨ ਦੀ ਲੀਡਰਸ਼ਿਪ 'ਤੇ 'ਪੂਰੀ ਤਰ੍ਹਾਂ ਦੋਗਲੀ' ਦਾ ਦੋਸ਼ ਲਗਾਇਆ ਅਤੇ ਹੋਰਮੁਜ਼ ਜਲਡਮਰੂ ਬਾਰੇ ਉਨ੍ਹਾਂ ਦੇ ਬਿਆਨਾਂ ਨੂੰ 'ਆਮ ਤੌਰ 'ਤੇ ਬਕਵਾਸ' ਕਰਾਰ ਦਿੱਤਾ। ਹਾਲੀਆ ਗੱਲਬਾਤ ਦਰਸਾਉਂਦੀ ਹੈ ਕਿ ਟਰੰਪ ਤਹਿਰਾਨ ਨਾਲ ਪ੍ਰਮਾਣੂ ਸਮਝੌਤੇ ਨੂੰ ਮੁੜ ਸੁਰਜੀਤ ਕਰਨ ਦੀ ਕੋਸ਼ਿਸ਼ ਵਿੱਚ ਫੌਜੀ ਦਬਾਅ ਅਤੇ ਕੂਟਨੀਤਕ ਯਤਨਾਂ ਨੂੰ ਜੋੜਨ ਦੀ ਰਣਨੀਤੀ ਵਰਤ ਰਹੇ ਹਨ। ਅਮਰੀਕੀ ਰਾਸ਼ਟਰਪਤੀ ਨੇ ਵਾਰ-ਵਾਰ ਸਮਾਂ-ਸੀਮਾਵਾਂ ਨਿਰਧਾਰਤ ਕੀਤੀਆਂ ਹਨ ਅਤੇ ਫੌਜੀ ਨਤੀਜਿਆਂ ਦੀ ਧਮਕੀ ਦਿੱਤੀ ਹੈ, ਪਰ ਪਾਬੰਦੀਆਂ ਵਿੱਚ ਢਿੱਲ, ਯੂਰੇਨੀਅਮ ਸੰਸ਼ੋਧਨ ਅਤੇ ਵਿਆਪਕ ਖੇਤਰੀ ਸੁਰੱਖਿਆ ਮੁੱਦਿਆਂ 'ਤੇ ਗੱਲਬਾਤ ਦੇ ਪਿਛਲੇ ਦੌਰ ਰੁਕ ਗਏ ਹਨ। ਇਸ ਗਤੀਰੋਧ ਦੇ ਕੇਂਦਰ ਵਿੱਚ ਹੋਰਮੁਜ਼ ਦੀ ਜਲਡਮਰੂ ਹੈ। ਇਹ ਤੰਗ ਜਲਮਾਰਗ ਵਿਸ਼ਵਵਿਆਪੀ ਤੇਲ ਸ਼ਿਪਮੈਂਟ ਦੇ ਲਗਭਗ ਪੰਜਵੇਂ ਹਿੱਸੇ ਨੂੰ ਸੰਭਾਲਦਾ ਹੈ, ਇਸ ਲਈ ਇਸਦੀ ਸੁਰੱਖਿਆ ਲਈ ਕੋਈ ਵੀ ਖ਼ਤਰਾ ਊਰਜਾ ਬਾਜ਼ਾਰਾਂ ਅਤੇ ਭੂ-ਰਾਜਨੀਤਿਕ ਸਥਿਰਤਾ ਲਈ ਮਹੱਤਵਪੂਰਨ ਜੋਖਮ ਪੈਦਾ ਕਰਦਾ ਹੈ।

# 150 ਦਿਨਾਂ ਤੋਂ ਅੰਡਰਗ੍ਰਾਊਂਡ ਨੇ ਈਰਾਨੀ ਸੁਪਰੀਮ ਲੀਡਰ !



ਇਜ਼ਰਾਈਲੀ ਅਤੇ ਅਮਰੀਕੀ ਖੁਫੀਆ ਏਜੰਸੀਆਂ ਈਰਾਨ ਦੇ ਸੁਪਰੀਮ ਲੀਡਰ, ਮੋਜਤਬਾ ਖਮੇਨੀ ਦੀ ਭਾਲ ਵਿੱਚ ਪੂਰੀ ਤਰ੍ਹਾਂ ਰੁੱਝੀਆਂ ਹੋਈਆਂ ਹਨ। ਬ੍ਰਿਟਿਸ਼ ਅਖ਼ਬਾਰ ਦ ਟਾਈਮਜ਼ ਨੇ ਰਿਪੋਰਟ ਦਿੱਤੀ ਹੈ ਕਿ ਇਜ਼ਰਾਈਲ ਦੀ ਮੋਸਾਦ ਅਤੇ ਅਮਰੀਕੀ ਸੀਆਈਏ ਈਰਾਨ ਦੇ ਨਵੇਂ ਸੁਪਰੀਮ ਲੀਡਰ ਦਾ ਪਤਾ ਲਗਾਉਣ ਲਈ ਮਿਲ ਕੇ ਕੰਮ ਕਰ ਰਹੀਆਂ ਹਨ। ਫਰਵਰੀ ਦੇ ਅਖੀਰ ਵਿੱਚ ਆਪਣੇ ਪਿਤਾ, ਉਸ ਸਮੇਂ ਦੇ ਸੁਪਰੀਮ ਲੀਡਰ ਅਲੀ ਖਮੇਨੀ ਦੀ ਹੱਤਿਆ ਤੋਂ ਬਾਅਦ ਮੋਜਤਬਾ ਨੂੰ ਨਹੀਂ ਦੇਖਿਆ ਗਿਆ ਹੈ। ਉਹ ਖੁਦ ਉਸ ਹਮਲੇ ਵਿੱਚ ਗੰਭੀਰ ਜ਼ਖਮੀ ਹੋ ਗਏ ਸਨ।

ਰਿਪੋਰਟਾਂ ਤੋਂ ਪਤਾ ਚੱਲਦਾ ਹੈ ਕਿ ਮੋਜਤਬਾ ਖਮੇਨੀ ਦੀ ਸਿਹਤ ਖਰਾਬ ਹੈ। ਉਨ੍ਹਾਂ ਦੀਆਂ ਸੱਟਾਂ ਬਾਰੇ ਵੱਖ-ਵੱਖ ਦਾਅਵੇ ਸਾਹਮਣੇ ਆਏ ਹਨ, ਜਿਨ੍ਹਾਂ ਵਿੱਚ ਗੰਭੀਰ ਸੱਟਾਂ ਤੋਂ ਲੈ ਕੇ ਸਰੀਰਕ ਵਿਗਾੜ ਤੱਕ ਸ਼ਾਮਲ ਹਨ। ਉਨ੍ਹਾਂ ਨੂੰ ਬੋਲਣ ਵਿੱਚ ਵੀ ਮੁਸ਼ਕਲ ਹੋਣ ਬਾਰੇ ਵੀ ਕਿਹਾ ਜਾਂਦਾ ਹੈ। ਇਸੇ ਕਰਕੇ ਉਨ੍ਹਾਂ ਨੇ ਕੋਈ ਜਨਤਕ ਸੰਬੋਧਨ ਨਹੀਂ ਕੀਤਾ ਹੈ ਅਤੇ ਸਾਰੇ ਬਿਆਨ ਲਿਖਤੀ ਰੂਪ ਵਿੱਚ ਜਾਰੀ ਕੀਤੇ ਜਾਂਦੇ ਹਨ। ਮੋਜਤਬਾ ਖਮੇਨੀ ਦੀ ਚੁੱਪੀ ਮੋਸਾਦ ਅਤੇ ਸੀਆਈਏ ਲਈ ਉਨ੍ਹਾਂ ਨੂੰ ਲੱਭਣ ਦੀਆਂ ਕੋਸ਼ਿਸ਼ਾਂ ਵਿੱਚ ਸਭ ਤੋਂ ਵੱਡੀ ਚੁਣੌਤੀ ਹੈ। ਅਖ਼ਬਾਰ ਦਾ ਦਾਅਵਾ ਹੈ ਕਿ ਮੋਜਤਬਾ ਖਮੇਨੀ ਨੇ 150 ਦਿਨਾਂ ਤੋਂ ਵੱਧ ਸਮੇਂ ਤੋਂ ਕਿਸੇ ਨਾਲ ਫੋਨ 'ਤੇ ਗੱਲ ਨਹੀਂ ਕੀਤੀ ਹੈ ਅਤੇ ਨਾ ਹੀ ਆਪਣਾ ਲੈਪਟਾਪ ਖੋਲ੍ਹਿਆ ਹੈ। ਉਹ ਕਿਸੇ ਅਣਦੱਸੀ ਜਗ੍ਹਾ 'ਤੇ ਇੱਕ ਭੂਮੀਗਤ ਬੰਕਰ ਵਿੱਚ ਰਹਿ ਰਿਹਾ ਹੈ।

ਰਿਪੋਰਟ ਦੇ ਅਨੁਸਾਰ ਮੋਜਤਬਾ ਖਮੇਨੀ ਦਿਨ ਦੀ ਰੌਸ਼ਨੀ ਵਿੱਚ ਬੰਕਰ ਤੋਂ ਬਾਹਰ ਨਹੀਂ ਆਉਂਦਾ। ਉਹਨਾਂ ਨੂੰ ਡਰ ਹੈ ਕਿ ਅਮਰੀਕੀ ਜਾਸੂਸੀ ਸੈਟੇਲਾਈਟ ਉਸਨੂੰ ਲੱਭ ਸਕਦੇ ਹਨ। ਇਸੇ ਕਰਕੇ ਇਜ਼ਰਾਈਲ ਅਤੇ ਅਮਰੀਕਾ ਨੂੰ ਮੋਜਤਬਾ ਨੂੰ ਲੱਭਣ ਲਈ ਈਰਾਨ ਦੇ ਅੰਦਰ ਜਾਸੂਸਾਂ 'ਤੇ ਭਰੋਸਾ ਕਰਨਾ ਪੈਂਦਾ ਹੈ। ਇਸ ਦੌਰਾਨ ਖੁਫੀਆ ਭਾਈਚਾਰੇ ਦੇ ਅੰਦਰ ਇਹ ਵੀ ਚਰਚਾ ਹੈ ਕਿ ਮੋਜਤਬਾ ਜਾਂ ਤਾਂ 28 ਫਰਵਰੀ ਨੂੰ ਮਰ ਗਿਆ ਸੀ ਜਾਂ ਬਾਅਦ ਵਿੱਚ ਆਪਣੀ ਸੱਟਾਂ ਨਾਲ ਮਰ ਗਿਆ, ਅਤੇ IRGC ਅਧਿਕਾਰੀ ਉਸਦੀ ਹੋਂਦ ਬਾਰੇ ਝੂਠ ਬੋਲ ਰਹੇ ਹਨ।

ਟਾਈਮਜ਼ ਦਾ ਦਾਅਵਾ ਹੈ ਕਿ ਮੋਜਤਬਾ ਦੇ ਬਚਾਅ ਅਤੇ ਠਿਕਾਣੇ ਦਾ ਪਤਾ ਲਗਾਉਣ ਲਈ ਮੋਜਤਬਾ ਈਰਾਨ ਵਿੱਚ ਆਪਣੇ ਏਜੰਟਾਂ ਰਾਹੀਂ ਕੰਮ ਕਰ ਰਿਹਾ ਹੈ। ਮੋਜਾਦ ਦੇ ਇੱਕ ਸਾਬਕਾ ਅਧਿਕਾਰੀ ਨੇ ਕਿਹਾ ਕਿ ਮੋਜਤਬਾ ਸ਼ਾਇਦ ਫ਼ੋਨ ਦੀ ਵਰਤੋਂ ਨਹੀਂ ਕਰ ਰਿਹਾ ਹੋਵੇਗਾ, ਪਰ ਜੇਕਰ ਉਹ ਜ਼ਿੰਦਾ ਹੈ, ਤਾਂ ਉਹ ਸੰਚਾਰ ਦੇ ਕਿਸੇ ਹੋਰ ਢੰਗ ਦੀ ਵਰਤੋਂ ਕਰ ਰਿਹਾ ਹੋਵੇਗਾ, ਜਿਵੇਂ ਕਿ ਕਾਗਜ਼ ਦੇ ਟੁਕੜਿਆਂ 'ਤੇ ਸੁਨੇਹੇ ਭੇਜਣਾ। ਇਸ ਲਈ ਮੋਜ਼ਾਦ ਦੇ ਮੋਜਤਬਾ ਨੂੰ ਲੱਭਣ ਦੇ ਸਾਧਨ ਮਨੁੱਖੀ ਹੋਣੇ ਚਾਹੀਦੇ ਹਨ। ਅਖ਼ਬਾਰ ਨੇ ਦਾਅਵਾ ਕੀਤਾ ਕਿ CIA ਨੇ ਓਸਾਮਾ ਬਿਨ ਲਾਦੇਨ ਨੂੰ ਇਸੇ ਤਰ੍ਹਾਂ ਟਰੈਕ ਕੀਤਾ ਸੀ। ਬਿਨ ਲਾਦੇਨ ਨੂੰ ਇੱਕ ਕੋਰੀਅਰ ਰਾਹੀਂ ਟਰੈਕ ਕੀਤਾ ਗਿਆ ਸੀ ਜੋ ਉਸਨੂੰ ਸੁਨੇਹੇ ਪਹੁੰਚਾਉਂਦਾ ਸੀ। ਮੋਸਾਦ ਦੇ ਇੱਕ ਹੋਰ ਸਾਬਕਾ ਅਧਿਕਾਰੀ ਨੇ ਦਾਅਵਾ ਕੀਤਾ ਕਿ ਨੌਜਵਾਨ ਖਮੇਨੀ ਪੂਰੀ ਤਰ੍ਹਾਂ ਅਲੱਗ-ਥਲੱਗ ਰਹਿੰਦਾ ਹੈ। ਇਸ ਤੋਂ ਇਲਾਵਾ ਆਈਆਰਜੀਸੀ ਆਪਣੇ ਟਿਕਾਣੇ ਨੂੰ ਛੁਪਾਉਣ ਲਈ ਹਮਸ਼ਕਲਾਂ ਦੀ ਵਰਤੋਂ ਵੀ ਕਰ ਰਿਹਾ ਹੈ।

# ਫਰਿਜ਼ਨੋ 'ਚ ਗੂੰਜੇਗੀ ਮਨੁੱਖੀ ਅਧਿਕਾਰਾਂ ਦੀ ਆਵਾਜ਼, 19 ਸਤੰਬਰ ਨੂੰ ਜਸਵੰਤ ਸਿੰਘ ਖਾਲੜਾ ਦੀ ਯਾਦ 'ਚ ਹੋਵੇਗਾ ਸਮਾਗਮ



ਫਰਿਜ਼ਨੋ, ਕੈਲੀਫੋਰਨੀਆ (ਗੁਰਿੰਦਰਜੀਤ ਸਿੰਘ 'ਨੀਟਾ ਮਾਛੀਕੇ') : ਫਰਿਜ਼ਨੋ ਦੇ ਖਾਲੜਾ ਪਾਰਕ ਵਿਖੇ ਖਾਲੜਾ ਪਾਰਕ ਵਾਲੇ ਬਾਬਿਆਂ ਦੀ ਕਮੇਟੀ ਅਤੇ ਇੰਡੋ ਯੂ.ਐੱਸ. ਹੈਰੀਟੇਜ ਦੀ ਇੱਕ ਅਹਿਮ ਮੀਟਿੰਗ ਹੋਈ, ਜਿਸ ਵਿੱਚ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਸ਼ਹੀਦ ਜਸਵੰਤ ਸਿੰਘ ਖਾਲੜਾ ਜੀ ਦੀ ਪਾਵਨ ਯਾਦ ਨੂੰ ਸਮਰਪਿਤ ਸਲਾਨਾ ਮਨੁੱਖੀ ਅਧਿਕਾਰ ਦਿਹਾੜਾ ਸ਼ਨੀਵਾਰ, 19 ਸਤੰਬਰ, 2026 ਨੂੰ ਸਵੇਰੇ 9:00 ਵਜੇ ਤੋਂ ਸ਼ਾਮ 6:00 ਵਜੇ ਤੱਕ ਫਰਿਜ਼ਨੋ ਦੇ ਖਾਲੜਾ ਪਾਰਕ ਵਿਖੇ ਮਨਾਇਆ ਜਾਵੇਗਾ। ਪ੍ਰੋਗਰਾਮ ਦੀ ਆਰੰਭਤਾ ਸੁਖਮਨੀ ਸਹਿਬ ਦੇ ਪਾਠ ਅਤੇ ਢਾਡੀ ਵਾਰਾਂ ਨਾਲ ਹੋਵੇਗੀ। ਚਾਹ ਪਕੌੜਿਆਂ ਦਾ ਲੰਗਰ ਅਤੁੱਟ ਵਰਤੇਗਾ। ਇਹ ਸਮਾਗਮ ਖਾਲੜਾ ਪਾਰਕ ਵਾਲੇ ਬਾਬਿਆਂ ਦੀ ਕਮੇਟੀ ਅਤੇ ਇੰਡੋ ਯੂ.ਐੱਸ. ਹੈਰੀਟੇਜ ਦੇ ਸਾਂਝੇ ਉਪਰਾਲੇ ਤਹਿਤ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਪੰਜਾਬੀ ਭਾਈਚਾਰੇ ਨੂੰ ਸ਼ਮੂਲੀਅਤ ਦਾ ਸੱਦਾ ਦਿੱਤਾ ਗਿਆ ਹੈ।

ਪ੍ਰਬੰਧਕਾਂ ਨੇ ਦੱਸਿਆ ਕਿ ਇਸ ਮੌਕੇ ਮਨੁੱਖੀ ਅਧਿਕਾਰਾਂ, ਸੱਚ, ਸਮਾਜਿਕ ਨਿਆਂ ਅਤੇ ਸ਼ਹੀਦ ਜਸਵੰਤ ਸਿੰਘ ਖਾਲੜਾ ਜੀ ਦੇ ਅਦੁੱਤੀ ਯੋਗਦਾਨ ਬਾਰੇ ਪ੍ਰਸਿੱਧ ਬੁੱਧੀਜੀਵੀ, ਚਿੰਤਕ, ਸਮਾਜ ਸੇਵੀ ਅਤੇ ਉੱਘੇ ਬੁਲਾਰੇ ਆਪਣੇ ਵਿਚਾਰ ਸਾਂਝੇ ਕਰਨਗੇ। ਮੀਟਿੰਗ ਦੌਰਾਨ ਕਮੇਟੀ ਮੈਂਬਰਾਂ ਨੇ ਕਿਹਾ ਕਿ ਇਹ ਸਮਾਗਮ ਸਿਰਫ਼ ਇੱਕ ਸਾਲਾਨਾ ਇਕੱਠ ਨਹੀਂ, ਸਗੋਂ ਦੁਨੀਆਂ ਪੱਧਰ ਤੇ ਹੋ ਰਹੇ ਮਨੁੱਖੀ ਅਧਿਕਾਰਾਂ ਦੇ ਘਾਣ ਅਤੇ ਸੱਚ ਤੇ ਇਨਸਾਫ਼ ਪ੍ਰਤੀ ਆਪਣੀ ਵਚਨਬੱਧਤਾ ਦਾ ਪ੍ਰਤੀਕ ਹੈ। ਉਨ੍ਹਾਂ ਸਮੂਹ ਸੰਗਤਾਂ ਅਤੇ ਇਲਾਕੇ ਦੇ ਵਸਨੀਕਾਂ ਨੂੰ ਅਪੀਲ ਕੀਤੀ ਕਿ ਉਹ ਵੱਡੀ ਗਿਣਤੀ ਵਿੱਚ ਪਹੁੰਚ ਕੇ ਇਸ ਸਮਾਗਮ ਦੀ ਸ਼ਾਨ ਵਧਾਉਣ। ਵਧੇਰੇ ਜਾਣਕਾਰੀ ਲਈ ਹਰਦੇਵ ਸਿੰਘ ਰਸੂਲਪੁਰ: (559) 705-7651 ਅਤੇ ਨਿਰਮਲ ਸਿੰਘ ਧਨੌਲਾ: (559) 270-9880 ਦੇ ਫੋਨ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਗੁਰਬਾਣੀ ਪ੍ਰਸਾਰਣ ਸਬੰਧੀ ਬਿਆਨਬਾਜ਼ੀ ਕਰਕੇ ਸੰਗਤ ਨੂੰ ਗੁੰਮਰਾਹ ਨਾ ਕੀਤਾ ਜਾਵੇ : ਮੰਨਣ

ਅੰਮ੍ਰਿਤਸਰ : ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਕਰਨੈਲ ਸਿੰਘ ਪੀਰਮੁਹੰਮਦ ਅਤੇ ਵਿਧਾਨ ਸਭਾ ਵਿਚ ਇਕ ਵਿਧਾਇਕ ਵਲੋਂ ਸ੍ਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਪ੍ਰਸਾਰਣ ਦੇ ਸਬੰਧ ਵਿਚ ਲਗਾਏ ਦੋਸ਼ਾਂ ਨੂੰ ਬੇਬੁਨਿਆਦ ਅਤੇ ਅਧਾਰਹੀਣ ਦੱਸਦਿਆਂ ਰੱਦ ਕੀਤਾ ਹੈ। ਸ. ਮੰਨਣ ਨੇ ਜਾਰੀ ਬਿਆਨ ਵਿਚ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਪ੍ਰਸਾਰਣ ਦਾ ਨਿੱਜੀ ਚੈਨਲ ਨਾਲ ਕੀਤਾ ਇਕਰਾਰਨਾਮਾ ਜੁਲਾਈ 2023 ਵਿਚ ਸਮਾਪਤ ਹੋ ਚੁੱਕਾ ਹੈ, ਜਿਸ ਅਨੁਸਾਰ ਉਨ੍ਹਾਂ ਵੱਲ ਹੁਣ ਸਾਲਾਨਾ ਲੈਣਦਾਰੀ ਨਹੀਂ ਹੈ।



ਉਨ੍ਹਾਂ ਕਿਹਾ ਕਿ ਸ. ਪੀਰ ਮੁਹੰਮਦ ਨੂੰ ਆਪਣੇ ਬਿਆਨ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਪਾਸੋਂ ਜਾਣਕਾਰੀ ਪ੍ਰਾਪਤ ਕਰ ਲੈਣੀ ਚਾਹੀਦੀ ਸੀ। ਸ. ਮੰਨਣ ਨੇ ਕਿਹਾ ਕਿ ਗੁਰਬਾਣੀ ਪ੍ਰਸਾਰਣ ਦੇ ਮਾਮਲੇ ਵਿਚ ਇਕ ਨਿੱਜੀ ਚੈਨਲ ਵੱਲ ਸ਼੍ਰੋਮਣੀ ਕਮੇਟੀ ਦਾ ਬਕਾਇਆ ਹੋਣ ਬਾਰੇ ਗ਼ਲਤ ਪ੍ਰਚਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼ ?ਰੋਮਣੀ ਕਮੇਟੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਅਨੁਸਾਰ 2023 ਵਿਚ ਆਪਣਾ ਯੂ-ਟਿਊਬ ਚੈਨਲ ਸ਼ੁਰੂ ਕਰਕੇ ਗੁਰਬਾਣੀ ਦਾ ਸਿੱਧਾ ਪ੍ਰਸਾਰਣ ਆਰੰਭ ਦਿੱਤਾ ਸੀ। ਇਸ ਨਾਲ ਪਹਿਲਾਂ ਪ੍ਰਸਾਰਣ ਕਰ ਰਹੇ ਚੈਨਲ ਨਾਲ ਇਕਰਾਰਨਾਮਾ ਖ਼ਤਮ ਹੋ ਗਿਆ ਸੀ।

ਉਨ੍ਹਾਂ ਆਖਿਆ ਕਿ ਪਹਿਲਾਂ ਨਿੱਜੀ ਚੈਨਲ ਨਾਲ ਇਕਰਾਰਨਾਮੇ ਤਹਿਤ ਸੈਟੇਲਾਈਟ ਚੈਨਲ ਦੇ ਨਾਲ-ਨਾਲ ਇੰਟਰਨੈੱਟ ਮਾਧਿਅਮ ਦੁਆਰਾ ਗੁਰਬਾਣੀ ਪ੍ਰਸਾਰਣ ਦੇ ਹੱਕ ਵੀ ਉਨ੍ਹਾਂ ਨੂੰ ਦਿੱਤੇ ਗਏ ਸਨ, ਜਦਕਿ 2023 ਵਿਚ ਇਹ ਸਾਰੇ ਹੱਕ-ਹਕੂਕ ਸ਼੍ਰੋਮਣੀ ਕਮੇਟੀ ਪਾਸ ਰਾਖਵੇਂ ਕਰ ਦਿੱਤੇ ਗਏ। ਜਦੋਂ ਇਹ ਪ੍ਰਸਾਰਣ ਵੈੱਬ ਰਾਹੀਂ ਸ਼ ?ਰੋਮਣੀ ਕਮੇਟੀ ਵਲੋਂ ਆਪ ਸ਼ੁਰੂ ਕੀਤਾ ਗਿਆ, ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਦੇ ਪੱਤਰ ਦੀ ਰੌਸ਼ਨੀ ਵਿਚ ਸੰਗਤਾਂ ਦੀ ਮੰਗ ਅਤੇ ਭਾਵਨਾਵਾਂ ਅਨੁਸਾਰ ਨਿੱਜੀ ਸੈਟੇਲਾਈਟ ਚੈਨਲ 'ਤੇ ਗੁਰਬਾਣੀ ਪ੍ਰਸਾਰਣ ਜਾਰੀ ਰੱਖਣ ਦਾ ਫੈਸਲਾ ਹੋਇਆ ਸੀ।

ਉਨ੍ਹਾਂ ਸਪੱਸ਼ਟ ਕੀਤਾ ਕਿ 2023 ਵਿਚ ਸ਼ ?ਰੋਮਣੀ ਕਮੇਟੀ ਵਲੋਂ ਆਪਣਾ ਵੈੱਬ ਚੈਨਲ ਚਲਾਉਣ ਲਈ ਸੈਟਅੱਪ ਲਗਾਉਣ ਵਾਸਤੇ ਵੱਖ-ਵੱਖ ਕੰਪਨੀਆਂ ਨਾਲ ਚਰਚਾ ਹੋਈ ਸੀ, ਜਿਸ 'ਚ ਮਹੀਨਾਵਾਰ ਵੱਡੀ ਰਾਸ਼ੀ ਦਾ ਖ਼ਰਚ ਮੰਗਿਆ ਗਿਆ ਸੀ। ਇਕ ਚੈਨਲ ਵਲੋਂ ਆਪਣਾ ਸੈਟਅੱਪ ਲਗਾ ਕੇ ਸ਼੍ਰੋਮਣੀ ਕਮੇਟੀ ਦਾ ਵੈੱਬ ਚੈਨਲ ਬਿਨਾਂ ਕਿਸੇ ਖਰਚੇ ਦੇ ਚਲਾਉਣ ਦੀ ਪੇਸ਼ਕਸ਼ ਬਾਅਦ ਇਸ ਨੂੰ ਕੇਵਲ ਸੈਟੇਲਾਈਟ ਚੈਨਲ ਦੀਆਂ ਸੇਵਾਵਾਂ ਮਨਜ਼ੂਰ ਕੀਤੀਆਂ ਗਈਆਂ, ਜਦਕਿ ਸਾਰੇ ਹੱਕ-ਹਕੂਕ ਅਤੇ ਅਧਿਕਾਰ ਕਮੇਟੀ ਪਾਸ ਰਾਖਵੇਂ ਕੀਤੇ ਗਏ ਸਨ। 2023 ਤੋਂ ਪਹਿਲਾਂ ਦੇ ਇਕਰਾਰਨਾਮੇ ਅਨੁਸਾਰ ਨਿੱਜੀ ਚੈਨਲ ਵਲੋਂ ਸਾਰੀ ਰਾਸ਼ੀ ਜਮ੍ਹਾਂ ਹੈ ਅਤੇ ਕੋਈ ਬਕਾਇਆ ਨਹੀਂ ਬਚਦਾ, ਸਗੋਂ ਹੁਣ ਸੈਟਅੱਪ ਦੇ ਸਾਰੇ ਮਹੀਨਾਵਾਰ ਖਰਚੇ ਉਹ ਚੈਨਲ ਖ਼ਰਚ ਰਿਹਾ ਹੈ।

# ਐਸਜੀਪੀਸੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅਗਲੇ ਹੁਕਮਾਂ ਤੱਕ ਪਾਵਨ ਸਰੂਪ ਵਿਦੇਸ਼ ਨਾ ਭੇਜਣ ਦਾ ਫ਼ੈਸਲਾ

ਅੰਮ੍ਰਿਤਸਰ : ਪਾਵਨ ਬੀੜਾਂ ਕੈਨੇਡਾ ਭੇਜਣ ਤੋਂ ਬਾਅਦ ਪੈਦਾ ਹੋਏ ਵਿਵਾਦ ਦੇ ਚਲਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਅਕਾਲ ਤਖ਼ਤ ਦੇ ਅਗਲੇ ਹੁਕਮਾਂ ਤੱਕ ਪਾਵਨ ਸਰੂਪ ਵਿਦੇਸ਼ ਨਾ ਭੇਜਣ ਦਾ ਫੈਸਲਾ ਕੀਤਾ ਹੈ। ਇਸ ਦੌਰਾਨ ਕੁੱਝ ਸਿੱਖਾਂ ਨੇ ਕੈਨੇਡਾ ਦੇ ਵੈਨਕੂਵਰ ਅਤੇ ਲੋਅਰ ਮੇਨਲੈਂਡ ਦੀ ਸਿੱਖ ਸੰਗਤ ਵੱਲੋਂ ਭੇਜਿਆ ਇੱਕ ਸੁਝਾਅ ਪੱਤਰ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਸੌਂਪਿਆ ਗਿਆ ਹੈ।




ਜਿਸ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਾਵਨ ਬੀੜਾਂ ਵਿਦੇਸ਼ ਭੇਜਣ ਸਬੰਧੀ ਸੁਝਾਅ ਪੱਤਰ ਭੇਜੇ ਹਨ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਜਨਰਲ ਮੈਨੇਜਰ ਮੇਜਰ ਸਿੰਘ ਅਤੇ ਸਕੱਤਰੇਤ ਇੰਚਾਰਜ ਬਗੀਚਾ ਸਿੰਘ ਨੇ ਪੱਤਰ ਪ੍ਰਾਪਤ ਕੀਤਾ।

ਪੱਤਰ ਸੌਂਪਣ ਆਏ ਸਿੱਖਾਂ ਨੂੰ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਨੇ ਦੱਸਿਆ ਕਿ ਬੀਤੇ ਦਿਨੀਂ ਸ਼੍ਰੋਮਣੀ ਕਮੇਟੀ ਵੱਲੋਂ ਜੋ ਸਰੂਪ ਕੈਨੇਡਾ ਭੇਜੇ ਗਏ ਹਨ ,ਉਹ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 2009 ਵਿੱਚ ਬਣੇ ਵਿਧਾਨ ਅਤੇ ਅਤਰਿੰਗ ਕਮੇਟੀ ਦੇ ਮਤੇ ਅਨੁਸਾਰ ਉੱਥੋਂ ਦੀ ਸੰਗਤ ਦੀ ਮੰਗ ਤੋਂ ਬਾਅਦ ਭੇਜੇ ਗਏ ਹਨ, ਜਿਸ ਵਿੱਚ ਕੋਈ ਬੇਅਦਬੀ ਜਾਂ ਕੁਤਾਹੀ ਨਹੀਂ ਹੋਈ।

ਉਨ੍ਹਾਂ ਕਿਹਾ ਕਿ ਅੱਜ ਸਿੱਖ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿੱਚ ਵੱਸਦੇ ਹਨ, ਜਿੱਥੋਂ ਸੰਗਤ ਵੱਲੋਂ ਪਾਵਨ ਸਰੂਪ ਭੇਜਣ ਦੀ ਮੰਗ ਸ਼੍ਰੋਮਣੀ ਕਮੇਟੀ ਨੂੰ ਆਉਂਦੀ ਰਹਿੰਦੀ ਹੈ ਅਤੇ ਸਿੱਖੀ ਪ੍ਰਚਾਰ ਪ੍ਰਸਾਰ ਦੇ ਮੱਦੇਨਜ਼ਰ ਸਮੇਂ-ਸਮੇਂ ਪਾਵਨ ਸਰੂਪ ਵਿਦੇਸ਼ਾਂ ਵਿੱਚ ਭੇਜੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਪਾਵਨ ਸਰੂਪ ਵਿਦੇਸ਼ ਵਿੱਚ ਭੇਜਣ ਸਬੰਧੀ ਮੌਜੂਦਾ ਵਿਧਾਨ ਬਾਰੇ ਸੰਗਤ ਦੇ ਕੁਝ ਸੁਝਾਅ ਪੁੱਜ ਹਨ ਤਾਂ ਇਹ ਮਾਮਲਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸੇ ਭਾਵਨਾ ਤਹਿਤ ਹੀ ਅੱਜ ਆਏ ਸਿੱਖਾਂ ਵੱਲੋਂ ਸੁਝਾਅ ਪੱਤਰ ਪ੍ਰਾਪਤ ਕੀਤਾ ਗਿਆ ਹੈ। ਜਿਸ ਨੂੰ ਵਧੇਰੇ ਵਿਚਾਰ ਲਈ ਜਥੇਦਾਰ ਕੋਲ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨ ਇਸ ਉੱਤੇ ਵਿਚਾਰ ਕਰਕੇ ਅਗਲੇ ਦਿਸ਼ਾ ਨਿਰਦੇਸ਼ ਦੇਣਗੇ ਤਾਂ ਉਸ ਅਨੁਸਾਰ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ ਅਤੇ ਫਿਲਹਾਲ ਪਾਵਨ ਬੀੜਾਂ ਵਿਦੇਸ਼ ਨਹੀਂ ਭੇਜੀਆਂ ਜਾ ਰਹੀਆਂ।

ਸਕੱਤਰ ਨੇ ਕਿਹਾ ਕਿ ਕੁਝ ਸਿੱਖਾ ਵੱਲੋਂ ਇਹ ਗੱਲ ਪ੍ਰਚਾਰੀ ਜਾ ਰਹੀ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਕੈਨੇਡਾ ਵਿਖੇ ਪਾਵਨ ਸਰੂਪ ਕੰਟੇਨਰ 'ਤੇ ਖਸਤਾ ਹਾਲਤ ਬੱਸ ਰਾਹੀਂ ਭੇਜੇ ਗਏ ਹਨ ਅਤੇ ਉਹ ਪਾਵਨ ਸਰੂਪ ਸਲ੍ਹਾਬੇ ਹਨ, ਇਹ ਬਿਲਕੁਲ ਗਲਤ ਗੱਲ ਹੈ।

ਉਨ੍ਹਾਂ ਕਿਹਾ ਕਿ ਪਾਵਨ ਸਰੂਪ ਬਿਲਕੁਲ ਨਵੀਂ ਤੇ ਵਿਸ਼ੇਸ਼ ਪਾਲਕੀ ਰੂਪੀ ਬੱਸ ਵਿੱਚ ਪੂਰਨ ਸਤਿਕਾਰ, ਨਿਯਮਾਂ ਤੇ ਮਰਯਾਦਾ ਅਨੁਸਾਰ ਸੁਖਆਸਨ ਰੂਪ ਵਿੱਚ ਸੁਸ਼ੋਭਿਤ ਕਰਕੇ ਭੇਜੇ ਗਏ ਹਨ, ਜਿਨ੍ਹਾਂ ਨੂੰ ਕੈਨੇਡਾ ਦੀ ਸੰਗਤ ਵੱਲੋਂ ਪੂਰੇ ਅਦਬ ਅਤੇ ਸਤਿਕਾਰ ਨਾਲ ਪੰਜ ਸਿੰਘਾਂ ਦੀ ਹਾਜ਼ਰੀ ਵਿੱਚ ਪ੍ਰਾਪਤ ਕਰਨ ਉਪਰੰਤ ਗੁਰੂ ਘਰ ਵਿਖੇ ਬਿਰਾਜਮਾਨ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਜਿਸ ਗੁਰੂ ਘਰ ਵਿਖੇ ਸਰੂਪ ਭੇਜੇ ਗਏ ਹਨ ਉੱਥੋਂ ਦਾ ਸਮੁੱਚਾ ਪ੍ਰਬੰਧ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ ਸਰੂਪ ਪਹੁੰਚਣ ਤੋਂ ਪਹਿਲਾਂ ਆਪ ਦੇਖ ਕੇ ਆਏ ਸਨ। ਉਨ੍ਹਾਂ ਕਿਹਾ ਕਿ ਪਾਵਨ ਸਰੂਪ ਕੈਨੇਡਾ ਪਹੁੰਚਣ ਤੋਂ ਬਾਅਦ ਗੁਰੂ ਘਰ ਪ੍ਰਬੰਧਕਾਂ ਨੇ ਸ਼ੁਕਰਾਨੇ ਵਜੋਂ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਪਾ ਕੇ ਸਮਾਗਮ ਕੀਤਾ, ਜਿਸ ਦੌਰਾਨ ਸ਼ ?ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਮੈਂਬਰ ਬੀਬੀ ਹਰਜਿੰਦਰ ਕੌਰ ਉੱਥੇ ਗਏ ਅਤੇ ਉਨ੍ਹਾਂ ਨੇ ਵੀ ਸਮੁੱਚਾ ਪ੍ਰਬੰਧ ਸੰਤੁਸ਼ਟੀਜਨਕ ਪਾਇਆ।

ਸ੍ਰੀ ਕਾਹਲਵਾਂ ਨੇ ਕਿਹਾ ਕਿ ਸੱਚਾਈ ਇਹ ਹੈ ਕਿ ਪਾਵਨ ਬੀੜਾਂ ਦੀ ਕੋਈ ਬੇਅਦਬੀ ਨਹੀਂ ਹੋਈ ਅਤੇ ਨਾ ਹੀ ਕਿਸੇ ਸਰੂਪ ਨੂੰ ਸਲ੍ਹਾਬ ਆਈ ਹੈ। ਪਾਵਨ ਸਰੂਪ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਕੈਨੇਡਾ ਵਿਖੇ ਬਿਲਕੁਲ ਸੁਰੱਖਿਅਤ ਪੁੱਜੇ ਹਨ। ਸੰਗਤਾਂ ਵੱਲੋਂ ਇਸ ਲਈ ਧੰਨਵਾਦ ਪੱਤਰ ਵੀ ਸ਼੍ਰੋਮਣੀ ਕਮੇਟੀ ਨੂੰ ਭੇਜੇ ਗਏ ਹਨ। ਉਨ੍ਹਾਂ ਕਿਹਾ ਕਿ ਉੱਥੋਂ ਦੇ ਪ੍ਰਬੰਧਕਾਂ ਨੂੰ ਸ਼੍ਰੋਮਣੀ ਕਮੇਟੀ ਦੀਆਂ ਹਦਾਇਤਾਂ ਭੇਜੀਆਂ ਗਈਆਂ ਹਨ ਅਤੇ ਉਹ ਅਗਾਂਹ ਪਾਵਨ ਬੀੜਾਂ ਜਿਸ ਨੂੰ ਵੀ ਸੌਂਪ ਰਹੇ ਹਨ, ਉਸਦਾ ਮੁਕੰਮਲ ਰਿਕਾਰਡ ਸ਼੍ਰੋਮਣੀ ਕਮੇਟੀ ਕੋਲ ਭੇਜਿਆ ਜਾਵੇ।

ਉਨ੍ਹਾਂ ਸੰਗਤ ਨੂੰ ਵਿਸ਼ੇਸ਼ ਅਪੀਲ ਕੀਤੀ ਕਿ ਇਸ ਮਾਮਲੇ ਉੱਤੇ ਜਦੋਂ ਤੱਕ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਤਰਫ਼ੋਂ ਕੋਈ ਫ਼ੈਸਲਾ ਨਹੀਂ ਆ ਜਾਂਦਾ ਉਦੋਂ ਤੱਕ ਕਿਸੇ ਵੀ ਤਰ੍ਹਾਂ ਦੀ ਫੈਲਾਈ ਜਾ ਰਹੀ ਗਲਤ ਤੇ ਗੁਮਰਾਹਕੁੰਨ ਜਾਣਕਾਰੀ ਤੋਂ ਪੂਰੀ ਤਰ੍ਹਾਂ ਸੁਚੇਤ ਰਿਹਾ ਜਾਵੇ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਜਸਵਿੰਦਰ ਸਿੰਘ ਜੱਸੀ, ਸ੍ਰੀ ਦਰਬਾਰ ਸਾਹਿਬ ਦੇ ਵਧੀਕ ਮੈਨੇਜਰ ਗੁਰਵਿੰਦਰ ਸਿੰਘ ਦੇਵੀਦਾਸਪੁਰਾ ਵੀ ਹਾਜ਼ਰ ਰਹੇ।

# ਡੀ.ਐੱਮ.ਕੇ. ਆਗੂ ਉਧਯਨਿਧੀ ਸਟਾਲਿਨ ਚੇਨਈ ਏਅਰਪੋਰਟ ਪਹੁੰਚੇ; ਸਮਰਥਕਾਂ ਅਤੇ ਮੀਡੀਆ ਵੱਲੋਂ ਕੀਤਾ ਗਿਆ ਸਵਾਗਤ

## ਏਅਰਪੋਰਟ 'ਤੇ ਪੱਤਰਕਾਰਾਂ ਅਤੇ ਪ੍ਰਸ਼ੰਸਕਾਂ ਦੀ ਲੱਗੀ ਭੀੜ; ਅਚਾਨਕ ਆਮਦ ਦੌਰਾਨ ਗਹਿਰਾ-ਗਹਿਰੀ ਦਾ ਮਾਹੌਲ



ਚੇਨਈ (ਤਾਮਿਲਨਾਡੂ): ਤਾਮਿਲਨਾਡੂ ਦੀ ਰਾਜਧਾਨੀ ਚੇਨਈ ਦੇ ਹਵਾਈ ਅੱਡੇ (Chennai Airport) 'ਤੇ ਡਰਾਵਿਡ ਮੁਨੇਤਰ ਕੜਗਮ (DMK) ਦੇ ਸੀਨੀਅਰ ਆਗੂ ਅਤੇ ਵਿਧਾਇਕ ਉਧਯਨਿਧੀ ਸਟਾਲਿਨ (Udhayanidhi Stalin) ਦੇ ਪਹੁੰਚਣ 'ਤੇ ਗਹਿਰਾ-ਗਹਿਰੀ ਦਾ ਮਾਹੌਲ ਦੇਖਣ ਨੂੰ ਮਿਲਿਆ।

ਏਅਰਪੋਰਟ 'ਤੇ ਉੱਤਰਦਿਆਂ ਹੀ ਸਮਰਥਕਾਂ, ਪਾਰਟੀ ਵਰਕਰਾਂ ਅਤੇ ਮੀਡੀਆ ਕਰਮੀਆਂ ਵੱਲੋਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ। ਇਸ ਦੌਰਾਨ ਏਅਰਪੋਰਟ ਪਰਿਸਰ ਵਿੱਚ ਮੌਜੂਦ ਲੋਕਾਂ ਅਤੇ ਪੱਤਰਕਾਰਾਂ ਵਿੱਚ ਉਨ੍ਹਾਂ ਨਾਲ ਗੱਲਬਾਤ ਕਰਨ ਅਤੇ ਤਸਵੀਰਾਂ ਲੈਂਡ ਲਈ ਭਾਰੀ ਉਤਸ਼ਾਹ ਦੇਖਿਆ ਗਿਆ।

**ਏਅਰਪੋਰਟ 'ਤੇ ਆਮਦ:** ਡੀ.ਐੱਮ.ਕੇ. ਆਗੂ ਉਧਯਨਿਧੀ ਸਟਾਲਿਨ ਜਿਵੇਂ ਹੀ ਚੇਨਈ ਏਅਰਪੋਰਟ ਤੋਂ ਬਾਹਰ ਨਿਕਲੇ, ਓਥੇ ਮੌਜੂਦ ਪਾਰਟੀ ਸਮਰਥਕਾਂ ਨੇ ਉਨ੍ਹਾਂ ਦੇ ਪੱਖ 'ਚ ਨਾਅਰੇਬਾਜ਼ੀ ਕੀਤੀ।

**ਮੀਡੀਆ ਨਾਲ ਰੂ-ਬ-ਰੂ:** ਏਅਰਪੋਰਟ ਤੋਂ ਬਾਹਰ ਆਉਂਦਿਆਂ ਹੀ ਮੀਡੀਆ ਟੀਮਾਂ ਅਤੇ ਕੈਮਰਾਮੈਨਾਂ ਵੱਲੋਂ ਉਨ੍ਹਾਂ ਨੂੰ ਘੇਰ ਲਿਆ ਗਿਆ। ਇਸ ਦੌਰਾਨ ਬੁਲਾਰੇ ਅਤੇ ਮੀਡੀਆ ਕਰਮੀਆਂ ਵਿਚਕਾਰ ਗੱਲਬਾਤ ਅਤੇ ਆਪਸੀ ਖਿੱਚੋਤਾਣ ਵਾਲੀਆਂ ਹਲਕੀਆਂ-ਫੁਲਕੀਆਂ ਚਰਚਾਵਾਂ ਵੀ ਦੇਖਣ ਨੂੰ ਮਿਲੀਆਂ।

**ਸੁਰੱਖਿਆ ਦੇ ਪੁਖ਼ਤਾ ਇੰਤਜ਼ਾਮ:** ਆਗੂ ਦੀ ਆਮਦ ਅਤੇ ਸ਼ੁਰੂ ਹੋਈ ਭੀੜ ਨੂੰ ਦੇਖਦੇ ਹੋਏ ਏਅਰਪੋਰਟ ਸੁਰੱਖਿਆ ਕਰਮਚਾਰੀਆਂ ਅਤੇ ਸਥਾਨਕ ਪੁਲਿਸ ਵੱਲੋਂ ਤੁਰੰਤ ਸਥਿਤੀ ਨੂੰ ਸੰਭਾਲਿਆ ਗਿਆ ਅਤੇ ਉਨ੍ਹਾਂ ਨੂੰ ਸੁਰੱਖਿਅਤ ਵਾਹਨ ਤੱਕ ਪਹੁੰਚਾਇਆ ਗਿਆ।

# ਨਸ਼ੇ ਸਿਰਫ਼ ਪੰਜਾਬ ਦੀ ਨਹੀਂ, ਪੂਰੇ ਦੇਸ਼ ਦੀ ਸਮੱਸਿਆ: ਕਟਾਰੀਆ

## 'ਯੁੱਧ ਨਸ਼ਿਆਂ ਵਿਰੁੱਧ-ਨਸ਼ਾ ਮੁਕਤ ਪੰਜਾਬ ਵੱਲ' ਵਿਸ਼ੇ 'ਤੇ ਕੌਮੀ ਕਾਨਫਰੰਸ

ਪਟਿਆਲਾ : ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਲੜਾਈ ਕੇਵਲ ਸਰਕਾਰ ਜਾਂ ਪੁਲੀਸ ਦੀ ਨਹੀਂ, ਸਗੋਂ ਸਮੁੱਚੇ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਹੈ। ਨਸ਼ੇ ਸਿਰਫ਼ ਪੰਜਾਬ ਦੀ ਹੀ ਨਹੀਂ, ਪੂਰੇ ਦੇਸ਼ ਦੀ ਗੰਭੀਰ ਸਮੱਸਿਆ ਹੈ। ਦੇਸ਼ ਵਿਰੋਧੀ ਤਾਕਤਾਂ ਨੌਜਵਾਨਾਂ ਨੂੰ ਨਸ਼ਿਆਂ ਦੇ ਜਾਲ ਵਿੱਚ ਫਸਾ ਕੇ ਦੇਸ਼ ਨੂੰ ਕਮਜ਼ੋਰ ਕਰਨ ਦੀ ਸਾਜ਼ਿਸ਼ ਰਚ ਰਹੀਆਂ ਹਨ।



ਰਾਜਪਾਲ ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ਼ ਲਾਅ ਵਿੱਚ 'ਯੁੱਧ ਨਸ਼ਿਆਂ ਵਿਰੁੱਧ-ਨਸ਼ਾ ਮੁਕਤ ਪੰਜਾਬ ਵੱਲ' ਵਿਸ਼ੇ 'ਤੇ ਕੌਮੀ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ ਉਨ੍ਹਾਂ ਦੇ ਨਾਲ ਹਰਿਆਣਾ ਦੇ ਰਾਜਪਾਲ ਪ੍ਰੋ. ਅਸੀਮ ਕੁਮਾਰ ਘੋਸ਼ ਵੀ ਮੌਜੂਦ ਸਨ, ਜਿਨ੍ਹਾਂ ਸਮੇਤ ਪੰਜਾਬ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰਾਂ ਨੇ ਨਸ਼ਿਆਂ ਦੀ ਸਮੱਸਿਆ ਦੇ ਹੱਲ ਲਈ ਇੱਕਜੁੱਟਤਾ ਦਾ ਪ੍ਰਗਟਾਵਾ ਕੀਤਾ। ਸ੍ਰੀ ਕਟਾਰੀਆ ਨੇ ਭਰੋਸਾ ਜਤਾਇਆ ਕਿ ਸਰਕਾਰ, ਪ੍ਰਸ਼ਾਸਨ, ਵਿੱਦਿਅਕ ਸੰਸਥਾਵਾਂ, ਸਮਾਜਿਕ ਅਤੇ ਧਾਰਮਿਕ ਜਥੇਬੰਦੀਆਂ ਅਤੇ ਆਮ ਲੋਕਾਂ ਦੇ ਸਾਂਝੇ ਯਤਨਾਂ ਨਾਲ ਨਸ਼ਿਆਂ ਦੀ ਇਸ ਬੁਰਾਈ ਨੂੰ ਜੜ੍ਹੋਂ ਖ਼ਤਮ ਕੀਤਾ ਜਾ ਸਕਦਾ ਹੈ। ਉਨ੍ਹਾਂ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਸਮੂਹਿਕ ਜਨ ਅੰਦੋਲਨ ਦਾ ਸੱਦਾ ਦਿੱਤਾ। ਰਾਜਪਾਲ ਨੇ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੀ ਸਫ਼ਲਤਾ ਬਾਰੇ ਵੀ ਗੱਲ ਕੀਤੀ। ਉਨ੍ਹਾਂ ਨੇ ਸਾਰੇ ਵਾਈਸ ਚਾਂਸਲਰਾਂ ਤੇ ਹੋਰ ਸਿੱਖਿਆ ਸ਼ਾਸਤਰੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਕੈਂਪਸ ਸੰਭਾਲਣ ਅਤੇ ਨਸ਼ਿਆਂ 'ਚ ਗ੍ਰਸਤ ਵਿਦਿਆਰਥੀਆਂ ਨਾਲ ਰਾਬਤਾ ਕਰ ਕੇ ਉਨ੍ਹਾਂ ਦੀ ਨਸ਼ਾ ਮੁਕਤੀ 'ਚ ਮਦਦ ਕਰਨ। ਰਾਜਪਾਲ ਪ੍ਰੋ. ਅਸੀਮ ਕੁਮਾਰ ਘੋਸ਼ ਨੇ ਨਸ਼ਿਆਂ ਦੀ ਸਮੱਸਿਆ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਉਨ੍ਹਾਂ ਨਾਲ ਹਰਿਆਣਾ ਦੀ ਪ੍ਰਥਮ ਮਹਿਲਾ ਮਿੱਤਰਾ ਘੋਸ਼ ਵੀ ਮੌਜੂਦ ਸਨ। ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ ਲਾਅ ਦੇ ਵਾਈਸ ਚਾਂਸਲਰ ਪ੍ਰੋ. ਜੈ ਸ਼ੰਕਰ ਸਿੰਘ ਨੇ ਮਹਿਮਾਨਾਂ ਦਾ ਸਵਾਗਤ ਕੀਤਾ। ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ, ਪਟਿਆਲਾ ਦੇ ਵਾਈਸ ਚਾਂਸਲਰ ਪ੍ਰੋ. (ਡਾ.) ਪੁਸ਼ਪਿੰਦਰ ਸਿੰਘ ਗਿੱਲ ਨੇ ਨਸ਼ਿਆਂ ਦੀ ਸਮਾਜਿਕ ਸਮੱਸਿਆ ਦੇ ਪ੍ਰਭਾਵਸ਼ਾਲੀ ਹੱਲਾਂ ਬਾਰੇ ਵਿਚਾਰ ਸਾਂਝੇ ਕੀਤੇ। ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਜਗਦੀਪ ਸਿੰਘ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਨੇ ਸੰਬੋਧਨ ਕੀਤਾ। ਕਾਨਫਰੰਸ ਦੇ ਪ੍ਰਬੰਧਕੀ ਸਕੱਤਰ ਡਾ. ਜਸਲੀਨ ਕੇਵਲਾਨੀ ਨੇ ਕਾਨਫ਼ਰੰਸ ਦੇ ਉਦੇਸ਼ ਬਾਰੇ ਜਾਣਕਾਰੀ ਦਿੱਤੀ। ਕਾਨਫਰੰਸ ਦੇ ਅੰਤ ਵਿੱਚ ਲਾਅ ਯੂਨੀਵਰਸਿਟੀ ਦੇ ਰਜਿਸਟਰਾਰ ਪ੍ਰੋ. ਇਵਨੀਤ ਵਾਲੀਆ ਨੇ ਧੰਨਵਾਦ ਕੀਤਾ। ਇਸ ਮੌਕੇ ਵੱਖ-ਵੱਖ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ ਪ੍ਰੋ. ਸਤਿਬੀਰ ਸਿੰਘ ਗੋਸਲ, ਪ੍ਰੋ. ਅਜੇ ਰੰਗਾ, ਡੀਨ ਅਕਾਦਮਿਕ ਡਾ. ਨਰੇਸ਼ ਕੁਮਾਰ ਵਤਸ, ਡੀਨ (ਖੋਜ) ਡਾ. ਕਮਲਜੀਤ ਕੌਰ, ਐੱਸ ਐੱਸ ਪੀ ਵਰੁਣ ਸ਼ਰਮਾ, ਐੱਸ ਪੀ ਵੈਭਵ ਚੌਧਰੀ ਪ੍ਰਬੰਧਕੀ ਕਮੇਟੀ ਤੇ ਫੈਕਲਟੀ ਮੈਂਬਰ, ਖੋਜ-ਕਰਤਾ ਅਤੇ ਵਿਦਿਆਰਥੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਸਮਾਗਮ ਵਿੱਚ ਪ੍ਰੋ. (ਡਾ.) ਜੈ ਸ਼ੰਕਰ ਸਿੰਘ ਤੇ ਡਾ. ਜਸਵਿੰਦਰ ਕੌਰ ਦੀਆਂ ਕਿਤਾਬਾਂ ਸਮੇਤ ਡਾ. ਬੀਰੇਂਦਰ ਸਿੰਘ ਵੱਲੋਂ ਲਿਖੀ ਤੇ ਡਾ. ਜਸਲੀਨ ਕੇਵਲਾਨੀ ਵੱਲੋਂ ਸੰਪਾਦਿਕ ਕਿਤਾਬ ਜਾਰੀ ਕੀਤੀ ਗਈ।


COMPLETE SOLAR & BATTERY
STARTING AT $23,000
For a standard 5kW Solar & 14kWh Battery system
Price is for installation on code-compliant homes.
Electrical panel or roof upgrades are extra.
TSP
ROOFING & SOLAR
Permits and Utility Approvals Included
Main Panel Upgrade Bundle from $3,000
CALL OR TEXT HARRY FOR A QUOTE | (925) 537-2732
TSP SOLAR SALES AND SERVICES (DBA TSP ROOFING AND SOLAR) | CSLB Contractor License #1096233 (C-10 Electrical, C-39 Roofing, B-General Building) Represented by: Harkaran Singh (HIS Registration #167489 SP) | Pricing & offer details vary by location & applicant.

# 'ਸਿੱਖ ਫੈਡਰੇਸ਼ਨ ਆਫ਼ ਅਮੈਰਿਕਾ' ਅਤੇ 'ਸਿੱਖ ਯੂਥ ਆਫ਼ ਅਮੈਰਿਕਾ' ਦੇ ਸੱਦੇ 'ਤੇ

# ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਵਿਖੇ ਸਿੱਖ ਸਿਧਾਂਤਾਂ 'ਤੇ ਮੰਥਨ: ਮੌਜੂਦਾ ਦੌਰ ਦੇ ਸ਼ਹੀਦਾਂ ਦੀਆਂ ਕੁਰਬਾਨੀਆਂ, ਇਨਕਲਾਬੀ ਰੋਡਮੈਪ ਅਤੇ 'ਖਾਲਸਾਈ ਸਰਕਾਰ' ਦੇ ਰਾਜਨੀਤਕ ਸੰਕਲਪ ਉਪਰ ਵਿਚਾਰਾਂ

## ਅਮਰੀਕਾ ਦੇ ਉਘੇ ਸਿੱਖ ਆਗੂਆਂ ਅਤੇ ਨੌਜਵਾਨਾਂ ਨੇ ਸੰਗਤਾਂ ਨਾਲ ਕੀਤੇ ਵਿਚਾਰ ਸਾਂਝੇ


ਡਾ. ਪ੍ਰਿਤਪਾਲ ਸਿੰਘ (ਏ.ਜੀ.ਪੀ.ਸੀ.)


ਭਾਈ ਜਸਦੇਵ ਸਿੰਘ


ਕਥਾਵਾਚਕ ਭਾਈ ਗੁਰਸੇਵਕ ਸਿੰਘ


ਬੀਬੀ ਮਹਿਤਾਬ ਕੌਰ


ਭਾਈ ਰਣਜੀਤ ਸਿੰਘ ਗਤਕਾ ਮਾਸਟਰ


ਸਕੱਤਰ ਹਰਮੋਹਿੰਦਰ ਸਿੰਘ


ਭਾਈ ਦਵਿੰਦਰ ਸਿੰਘ ਬੱਬਰ



ਸਟਾਕਟਨ, ਕੈਲੀਫ਼ੋਰਨੀਆ, (ਸਾਡੇ ਲੋਕ) ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ (1930 Sikh Temple St, Stockton CA) ਵਿਖੇ 'ਸਿੱਖ ਯੂਥ ਆਫ਼ ਅਮੈਰਿਕਾ' (Sikh Youth of America) ਅਤੇ 'ਸਿੱਖ ਫੈਡਰੇਸ਼ਨ ਆਫ਼ ਅਮੈਰਿਕਾ' (Sikh Federation of America) ਦੇ ਸਹਿਯੋਗ ਨਾਲ ਖਾਲਿਸਤਾਨ ਦੀ ਜੰਗ-ਏ-ਆਜ਼ਾਦੀ ਲਈ ਜੂਝਦਿਆਂ ਸ਼ਹੀਦ ਹੋਏ ਸ਼ਹੀਦ ਜਥੇਦਾਰ ਅਵਤਾਰ ਸਿੰਘ ਬ੍ਰਹਮਾ ਅਤੇ ਸ਼ਹੀਦ ਜਥੇਦਾਰ ਗੁਰਜੰਟ ਸਿੰਘ ਬੁੱਧਸਿੰਘਵਾਲਾ ਤੋਂ ਇਲਾਵਾ ਜੁਲਾਈ ਮਹੀਨੇ ਦੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਵਿਸ਼ੇਸ਼ ਸ਼ਹੀਦੀ ਸਮਾਗਮ ਬੜੀ ਸ਼ਰਧਾ ਤੇ ਪੰਥਕ ਉਤਸ਼ਾਹ ਨਾਲ ਕਰਵਾਇਆ ਗਿਆ। ਇਸ ਮੌਕੇ 31 ਜੁਲਾਈ 2026 ਨੂੰ ਆਰੰਭ ਕਰਵਾਏ ਗਏ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ 2 ਅਗਸਤ 2026 ਨੂੰ ਪਾਏ ਗਏ, ਜਿਸ ਤੋਂ ਬਾਅਦ ਵਿਸ਼ੇਸ਼ ਦੀਵਾਨ ਸਜਾਏ ਗਏ ਜਿਨ੍ਹਾਂ ਵਿੱਚ ਪੰਥਕ ਵਕਤਿਆਂ, ਖਾੜਕੂ ਆਗੂਆਂ ਅਤੇ ਸ਼ਹੀਦ ਪਰਿਵਾਰਾਂ ਨੇ ਸ਼ਿਰਕਤ ਕੀਤੀ।

ਸੰਗਤਾਂ ਨੂੰ ਸੰਬੋਧਨ ਕਰਦਿਆਂ ਜੁਝਾਰੂ ਲਹਿਰ ਦੇ ਸਿਰਮੌਰ ਆਗੂ ਭਾਈ ਦਵਿੰਦਰ ਸਿੰਘ ਬੱਬਰ ਨੇ ਮਹਾਨ ਕੌਮੀ ਯੋਧਿਆ ਨੂੰ ਸ਼ਰਧਾਜਲੀ ਦਿੱਤੀ ਅਤੇ ਉਨ੍ਹਾਂ ਦੇ ਮਹਾਨ ਜੀਵਨ ਅਤੇ ਸੰਘਰਸ਼ ਵਾਰੇ ਚਾਨਣਾਂ ਪਾਇਆ।

**ਉਨ੍ਹਾਂ ਮਾਸਟਰ ਬਲਵਿੰਦਰ ਸਿੰਘ ਦਾ ਆਫੀਸ਼ੀਅਲ ਸ਼ਹੀਦੀ ਦਿਹਾੜਾ ਮਨਾਉਣ ਦਾ ਫੈਸਲਾ:** ਬਠਿੰਡਾ ਜ਼ਿਲ੍ਹੇ ਨਾਲ ਸਬੰਧਤ, 'ਤਖਤ ਖਾਲਸਾ' ਜਥੇ ਦੇ ਮਾਸਟਰ ਬਲਵਿੰਦਰ ਸਿੰਘ, ਜਿਨ੍ਹਾਂ ਦਾ ਸੰਗਠਿਤ ਮੂਵਮੈਂਟ ਨੂੰ ਖੜ੍ਹਾ ਕਰਨ ਵਿੱਚ ਵੱਡਾ ਯੋਗਦਾਨ ਸੀ, ਦੇ ਸ਼ਹੀਦੀ ਦਿਨ ਬਾਰੇ ਜਥੇਬੰਦਕ ਤੌਰ 'ਤੇ ਇੱਕ ਵੱਡਾ ਫੈਸਲਾ ਲਿਆ ਗਿਆ ਹੈ। ਉਹ ਕੈਂਪ ਤੋਂ ਆਉਣ ਤੋਂ ਬਾਅਦ ਕਿਵੇਂ ਅਤੇ ਕਿੱਥੇ ਸ਼ਹੀਦ ਹੋਏ, ਇਸ ਬਾਰੇ ਸਹੀ ਜਾਣਕਾਰੀ ਨਾ ਹੋਣ ਕਾਰਨ, ਹੁਣ ਉਨ੍ਹਾਂ ਦੇ ਆਖਰੀ ਦਿਨਾਂ ਦੀ ਥਾਂ ਅਤੇ ਤਾਰੀਖ਼ ਦਾ ਪਤਾ ਲਗਾ ਕੇ ਇੱਕ ਦਿਨ ਫਿਕਸ ਕੀਤਾ ਜਾਵੇਗਾ ਅਤੇ ਉਨ੍ਹਾਂ ਦਾ 'ਆਫੀਸ਼ੀਅਲ ਸ਼ਹੀਦੀ ਦਿਹਾੜਾ' ਮਨਾਉਣਾ ਸ਼ੁਰੂ ਕੀਤਾ ਜਾਵੇਗਾ। ਇਸ ਦੇ ਨਾਲ ਹੀ ਉਨ੍ਹਾਂ ਦੀ ਵੱਡੀ ਫੋਟੋ ਵੀ ਸ਼ਹੀਦਾਂ ਦੇ ਨਾਲ ਲਗਾਈ ਜਾਵੇਗੀ।

**ਜੁਝਾਰੂ ਇਤਿਹਾਸ ਅਤੇ ਜਥੇਬੰਦਕ ਯਾਦਾਂ:** ਭਾਸ਼ਨ ਦੌਰਾਨ ਜੁਝਾਰੂ ਲਹਿਰ ਦੇ ਇਤਿਹਾਸ, ਵੱਖ-ਵੱਖ ਸਿੰਘਾਂ (ਜਿਵੇਂ ਭਾਈ ਗੁਰਜੰਟ ਸਿੰਘ ਬੁੱਧਸਿੰਘਵਾਲਾ, ਜਗਦੀਪ ਸਿੰਘ ਵਕੀਲ, ਬਲਵਿੰਦਰ ਸੋਹਣਾ, ਅਵਤਾਰ ਸੋਹਣਾ, ਜਥੇਦਾਰ ਸੁਖਦੇਵ ਸਿੰਘ ਬੱਬਰ ਆਦਿ) ਦੀਆਂ ਮੀਟਿੰਗਾਂ, ਇੱਕਜੁੱਟਤਾ ਅਤੇ ਸ਼ਰਤਾਂ/ਵਾਅਦਿਆਂ ਦਾ ਜ਼ਿਕਰ ਕੀਤਾ ਗਿਆ। ਇਸ ਤੋਂ ਇਲਾਵਾ, ਕੈਨੇਡਾ (ਸਰੀ) ਦੇ 94 ਸਾਲਾ ਬਜ਼ੁਰਗ 'ਕਾਲਾ ਬਾਬਾ ਜੀ' (ਸਰਦਾਰ ਨਸੀਬ ਸਿੰਘ ਗਿੱਲ MP ਦੇ ਛੋਟੇ ਭਰਾ) ਦਾ ਜ਼ਿਕਰ ਕਰਦਿਆਂ ਕਿਹਾ ਗਿਆ ਕਿ ਕੈਂਪਾਂ ਅਤੇ ਸੰਗਤੀ ਰੂਪ ਵਿੱਚ ਕੀਤੇ ਫੈਸਲਿਆਂ ਦਾ ਇਹ ਇਤਿਹਾਸ ਰਿਕਾਰਡ ਕੀਤਾ ਜਾਣਾ ਚਾਹੀਦਾ ਹੈ।




**ਸਿਆਸੀ ਸਿਸਟਮ ਅਤੇ ਰੈਵੋਲਿਊਸ਼ਨਰੀ ਪਹੁੰਚ:** ਭਾਸ਼ਨ ਵਿੱਚ ਮੌਜੂਦਾ ਡੈਮੋਕ੍ਰੇਟਿਕ (ਲੋਕਤੰਤਰੀ) ਸਿਸਟਮ 'ਤੇ ਚਰਚਾ ਕਰਦਿਆਂ ਕਿਹਾ ਗਿਆ ਕਿ ਮੁਫ਼ਤ ਦੀਆਂ ਰਿਆਇਤਾਂ ਅਤੇ ਲਾਰੇ ਲੋਕਾਂ ਨੂੰ ਆਤਮ-ਨਿਰਭਰ ਬਣਾਉਣ ਦੀ ਬਜਾਏ ਗੁਰੂ ਦੇ 'ਕਿਰਤ ਕਰੋ' ਦੇ ਸਿਧਾਂਤ ਤੋਂ ਦੂਰ ਕਰਦੇ ਹਨ। 1991 ਦੀਆਂ ਚੋਣਾਂ ਦੇ ਸੰਦਰਭ ਵਿੱਚ ਦੱਸਿਆ ਗਿਆ ਕਿ ਉਦੋਂ ਸਿਸਟਮ ਨੂੰ ਬਦਲਣ/ਤੋੜਨ ਦੀ 'ਕ੍ਰਾਂਤੀਕਾਰੀ' (Revolutionary) ਸੋਚ ਸੀ, ਨਾ ਕਿ ਸਿਸਟਮ ਦੇ ਅੰਦਰ ਰਹਿ ਕੇ ਸੁਧਾਰ (Reformist) ਕਰਨ ਦੀ। ਕੈਪਟਨ ਮਰੇ ਅਤੇ ਨਿਹੰਗ ਸਿੰਘ ਦੀ ਇਤਿਹਾਸਕ ਸਾਖੀ ਦਾ ਹਵਾਲਾ ਦਿੰਦੇ ਹੋਏ ਕਲਗੀਧਰ ਪਾਤਸ਼ਾਹ ਨੂੰ ਹੀ 'ਸੱਚੀ ਸਰਕਾਰ' ਮੰਨ ਕੇ ਸੰਘਰਸ਼ ਜਾਰੀ ਰੱਖਣ ਦੀ ਗੱਲ ਕਹੀ ਗਈ।

**ਪੰਜਾਬ ਦੇ ਕੁਦਰਤੀ ਸਰੋਤਾਂ ਅਤੇ ਭਵਿੱਖ ਦਾ ਰੋਡਮੈਪ:** ਪੰਜਾਬ ਦੀ ਅਰਥਵਿਵਸਥਾ ਨੂੰ ਖੇਤੀਬਾੜੀ (Agriculture) 'ਤੇ ਆਧਾਰਿਤ ਦੱਸਦਿਆਂ ਕਿਹਾ ਗਿਆ ਕਿ ਪੰਜਾਬ ਦੇ ਪਾਣੀ ਅਤੇ ਜ਼ਮੀਨ ਨੂੰ ਬਚਾਉਣਾ ਸਭ ਤੋਂ ਜ਼ਰੂਰੀ ਹੈ। ਜੇਕਰ ਭਵਿੱਖ ਵਿੱਚ ਖਾਲਸਾ ਰਾਜ ਜਾਂ ਸੱਤਾ ਆਉਂਦੀ ਹੈ, ਤਾਂ ਕਾਰ ਸੇਵਾ ਦੇ ਮਾਧਿਅਮ ਨਾਲ ਅਤੇ ਪੰਜਾਬ ਦੇ ਨਹਿਰੀ ਢਾਂਚੇ/ਸੂਇਆਂ ਦਾ ਨਕਸ਼ਾ ਤਿਆਰ ਕਰਕੇ ਸਾਲ-ਡੇਢ ਸਾਲ ਵਿੱਚ ਪੂਰੇ ਪੰਜਾਬ ਨੂੰ ਪਾਣੀ ਨਾਲ ਭਰਪੂਰ ਕੀਤਾ ਜਾ ਸਕਦਾ ਹੈ, ਜਿਸ ਨਾਲ ਮੁਫ਼ਤ ਪਾਣੀ ਤੇ ਬਿਜਲੀ ਸੰਭਵ ਹੋਵੇਗੀ। ਨਾਲ ਹੀ, ਰਿਪੇਰੀਅਨ ਰਾਈਟਸ ਅਨੁਸਾਰ ਪੰਜਾਬ ਦੇ ਲੁੱਟੇ ਜਾ ਰਹੇ ਪਾਣੀ ਦੇ ਹੱਕਾਂ ਦੀ ਰਾਖੀ ਕਰਨ ਦੀ ਗੱਲ ਆਖੀ ਗਈ।

**1. ਸ਼ਹੀਦਾਂ ਦੀਆਂ ਕੁਰਬਾਨੀਆਂ ਅਤੇ ਪਰਵਾਸ ਵਿੱਚ ਕੌਮੀ ਪਛਾਣ ਦਾ ਸੰਕਟ :** ਸਮਾਗਮ ਦੌਰਾਨ ਸੰਗਤਾਂ ਨੂੰ ਸੰਬੋਧਨ ਕਰਦਿਆਂ ਗੁਰਦੁਆਰਾ ਸਾਹਿਬ ਫਰੀਮਾਂਟ ਦੀ ਸੁਪਰੀਮ ਕੌਂਸਲ ਦੇ ਸੀਨੀਅਰ ਨੌਜਵਾਨ ਆਗੂ ਭਾਈ ਜਸਦੇਵ ਸਿੰਘ ਨੇ ਕਿਹਾ ਕਿ ਜੁਲਾਈ ਦਾ ਮਹੀਨਾ ਸਿੱਖ ਇਤਿਹਾਸ ਵਿੱਚ ਸ਼ਹੀਦਾਂ ਦੇ ਖ਼ੂਨ ਨਾਲ ਰੰਗਿਆ ਹੋਇਆ ਹੈ। ਉਨ੍ਹਾਂ ਆਖਿਆ ਕਿ ਸਰਕਾਰਾਂ ਨੇ ਜੁਲਾਈ ਮਹੀਨੇ ਅਤੇ 1984 ਤੋਂ ਬਾਅਦ ਜ਼ੁਲਮ ਦੀਆਂ ਹੱਦਾਂ ਪਾਰ ਕੀਤੀਆਂ, ਪਰ ਸ਼ਹੀਦਾਂ ਦੀਆਂ ਕੁਰਬਾਨੀਆਂ ਦੀ ਬਦੌਲਤ ਹੀ ਅੱਜ ਸਿੱਖ ਆਜ਼ਾਦੀ ਦੀ ਆਵਾਜ਼ ਪੂਰੀ ਦੁਨੀਆ ਵਿੱਚ ਗੂੰਜ ਰਹੀ ਹੈ।

ਉਹਨਾਂ ਪੱਛਮੀ ਦੇਸ਼ਾਂ ਵਿੱਚ ਵਸਦੀ ਨਵੀਂ ਪੀੜ੍ਹੀ ਬਾਰੇ ਚਿੰਤਾ ਪ੍ਰਗਟਾਉਂਦਿਆਂ ਕਿਹਾ ਕਿ ਇੱਥੋਂ ਦਾ ਪੱਛਮੀ ਸਿਸਟਮ ਬੰਦੇ ਨੂੰ 9-ਤੋਂ-5 ਦੀ ਦੌੜ, ਨਿੱਜਤਾ ਅਤੇ 'ਮੈਲਟਿੰਗ ਪੋਟ' (Melting Pot) ਦੇ ਕਲਚਰ ਵਿੱਚ ਰੁਲਾ ਕੇ ਉਸਦੀ ਕੌਮੀ ਤੇ ਖਾਲਸਈ ਪਛਾਣ ਮਿਟਾਉਣ ਦੀ ਕੋਸ਼ਿਸ਼ ਕਰਦਾ ਹੈ। ਉਹਨਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਆਪਣੇ ਬੱਚਿਆਂ ਨੂੰ ਸ਼ਹੀਦਾਂ ਦੇ ਇਤਿਹਾਸ, ਗੁਰ-ਸਿਧਾਂਤ ਅਤੇ ਆਪਣੇ ਅਸਲ ਮਨੋਰਥ ਨਾਲ ਜੋੜਿਆ ਜਾਵੇ ਤਾਂ ਜੋ ਆਉਣ ਵਾਲੀ ਪਨੀਰੀ ਆਪਣੀਆਂ ਜੜ੍ਹਾਂ ਨਾਲ ਜੁੜੀ ਰਹੇ।

**ਅੱਜ ਦੇ ਇਕੱਠ ਵਿੱਚ ਮੌਜੂਦਾ ਦੌਰ ਦੇ ਮਹਾਨ ਯੋਧਿਆਂ ਨੂੰ ਯਾਦ ਕਰਦਿ:** ਭਾਈ ਗੁਰਜੰਟ ਸਿੰਘ ਬੁੱਧਸਿੰਘਵਾਲਾ, ਜਗਦੀਪ ਸਿੰਘ ਵਕੀਲ ਅਤੇ ਉਨ੍ਹਾਂ ਦੇ ਸਾਥੀ ਮਾਸਟਰ ਜੀ ਰਾਹੀਂ ਸੀਮਾ ਪਾਰ 'ਵੱਡੇ ਕੈਂਪ' ਵਿੱਚ ਪਹੁੰਚੇ ਸਨ, ਜਿੱਥੇ ਜਥੇਦਾਰ ਸੁਖਦੇਵ ਸਿੰਘ ਬੱਬਰ, ਅਵਤਾਰ ਸਿੰਘ ਬ੍ਰਹਮਾ ਅਤੇ ਹੋਰ ਸਿੰਘਾਂ ਨਾਲ ਮੀਟਿੰਗ ਕਰਕੇ ਲਹਿਰ ਨੂੰ ਇੱਕਮੁੱਠ ਕੀਤਾ ਗਿਆ।

**AGPC ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਵਲੋਂ ਦੋਖੀਆਂ ਦੀ ਪਛਾਣ ਅਤੇ ਏਕਤਾ ਅਤੇ ਦ੍ਰਿੜ੍ਹਤਾ ਦਾ ਸੱਦਾ :** 'ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ' (AGPC) ਦੇ ਡਾ. ਪ੍ਰਿਤਪਾਲ ਸਿੰਘ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਸਿੱਖ ਜਥੇਬੰਦੀਆਂ ਵਿੱਚ ਏਕਤਾ ਬਣਾਏ ਰੱਖਣ ਦੀ ਅਪੀਲ ਕੀਤੀ। ਉਨ੍ਹਾਂ ਅਪ੍ਰੈਲ 1986 ਵਿੱਚ ਐਲਾਨੇ ਗਏ ਖਾਲਿਸਤਾਨ ਦੇ ਨਿਸ਼ਾਨੇ ਪ੍ਰਤੀ ਵਚਨਬੱਧ ਰਹਿਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਸੰਗਤ ਨੂੰ ਅੰਦਰੂਨੀ ਫੁੱਟ ਅਤੇ ਸੰਘਰਸ਼ ਨੂੰ ਕਮਜ਼ੋਰ ਕਰਨ ਵਾਲੀਆਂ ਬਾਹਰੀ ਕੋਸ਼ਿਸ਼ਾਂ ਤੋਂ ਸੁਚੇਤ ਕੀਤਾ ਅਤੇ ਸ਼ਹੀਦਾਂ ਦੇ ਡੁੱਲੇ ਖ਼ੂਨ ਦਾ ਸਤਿਕਾਰ ਕਰਦੇ ਹੋਏ ਆਪਣੇ ਮਿਸ਼ਨ 'ਤੇ ਦ੍ਰਿੜ੍ਹ ਰਹਿਣ ਦੀ ਪ੍ਰੇਰਨਾ ਦਿੱਤੀ।

**5. ਸ਼ਹੀਦ ਪਰਿਵਾਰਾਂ ਦਾ ਸਨਮਾਨ ਅਤੇ ਕਲਾਸਿਕ ਯਾਦਾਂ :** ਸਮਾਗਮ ਦੌਰਾਨ ਬੀਬੀ ਮਹਿਤਾਬ ਕੌਰ ਨੇ ਸ਼ਹੀਦ ਜਸਵਿੰਦਰ ਸਿੰਘ ਬੱਬਰ, ਸ਼ਹੀਦ ਬਲਜੀਤ ਸਿੰਘ ਬੱਬਰ, ਸ਼ਹੀਦ ਸੁਖਦੇਵ ਸਿੰਘ ਬੱਬਰ, ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਜਨਰਲ ਲਾਭ ਸਿੰਘ ਅਤੇ ਭਾਈ ਅਵਤਾਰ ਸਿੰਘ ਬ੍ਰਹਮਾ ਸਮੇਤ ਹੋਰ ਸ਼ਹੀਦਾਂ ਦੇ 1984 ਦੇ ਹੰਢਾਏ ਤਸ਼ੱਦਦ ਅਤੇ 'ਫਨੀਅਰ ਰੈਜਮੈਂਟ' ਦੇ ਗੁਪਤ ਕਾਰਨਾਮਿਆਂ ਦੀਆਂ ਗਾਥਾਵਾਂ ਸਾਂਝੀਆਂ ਕੀਤੀਆਂ।

ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪ੍ਰਬੰਧਕਾਂ (ਜਿਵੇਂ ਰਵਿੰਦਰ ਸਿੰਘ, ਮਨਜੀਤ ਸਿੰਘ, ਤੇਗਵੀਰ ਸਿੰਘ) ਵੱਲੋਂ ਸ਼ਹੀਦ ਪਰਿਵਾਰਾਂ ਦੇ ਜੀਆਂ ਅਤੇ ਪੰਥਕ ਸੇਵਾਦਾਰਾਂ ਨੂੰ ਗੁਰੂ ਘਰ ਦੀ ਬਖਸ਼ਿਸ਼ 'ਸਿਰੋਪਾਓ' ਭੇਟ ਕਰਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

**6. ਨਿਊਯਾਰਕ (UN) ਵਿੱਚ ਅੰਤਰਰਾਸ਼ਟਰੀ ਪੱਧਰ 'ਤੇ ਇੰਡੀਆ ਦਾ ਨੰਗਾ ਹੁੰਦਾ ਚਿਹਰਾ**

ਸਮਾਗਮ ਦੌਰਾਨ 'ਇੰਟਰਨੈਸ਼ਨਲ ਸਰਵਿਸ ਫ਼ਾਰ ਹਿਊਮਨ ਰਾਈਟਸ' (ISHR) ਦੀ ਤਾਜ਼ਾ ਰਿਪੋਰਟ ਦਾ ਜ਼ਿਕਰ ਵੀ ਕੀਤਾ ਗਿਆ, ਜਿਸ ਵਿੱਚ ਭਾਈ ਮਨਿੰਦਰ ਸਿੰਘ ਨੂੰ ਸੰਯੁਕਤ ਰਾਸ਼ਟਰ (UN Human Rights Council) ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਮਿਲੀਆਂ ਧਮਕੀਆਂ ਅਤੇ ਭਾਰਤ ਵੱਲੋਂ ਕੀਤੇ ਜਾ ਰਹੇ 'ਟਰਾਂਸਨੈਸ਼ਨਲ ਰਿਪ੍ਰੈਸ਼ਨ' (Transnational Repression) ਦਾ ਪਰਦਾਫਾਸ਼ ਕੀਤਾ ਗਿਆ ਹੈ। ਵਕਤਿਆਂ ਨੇ ਆਖਿਆ ਕਿ ਹਰਦੀਪ ਸਿੰਘ ਨਿੱਜਰ, ਪਰਮਜੀਤ ਸਿੰਘ ਪੰਜਵੜ ਅਤੇ ਅਵਤਾਰ ਸਿੰਘ ਖੰਡਾ ਵਰਗੇ ਜਰਨੈਲਾਂ ਦੀਆਂ ਸ਼ਹਾਦਤਾਂ ਤੋਂ ਬਾਅਦ ਵੀ ਸਿੱਖਾਂ ਦੀ ਖੁਦਮੁਖਤਿਆਰੀ ਅਤੇ ਖਾਲਿਸਤਾਨ ਦੀ ਆਵਾਜ਼ ਅੰਤਰਰਾਸ਼ਟਰੀ ਮੰਚਾਂ 'ਤੇ ਹੋਰ ਮਜ਼ਬੂਤ ਹੋ ਕੇ ਉੱਭਰ ਰਹੀ ਹੈ।

ਇਸ ਮੌਕੇ ਅਮਰੀਕਾ ਦੀ ਸੀਨੀਅਰ ਲੀਡਰਸ਼ਿਪ ਜਿਨ੍ਹਾਂ ਵਿਚ ਅੰਮ੍ਰਿਤਸਰ ਟਾਈਮਜ਼ ਤੋਂ ਸ. ਜਸਜੀਤ ਸਿੰਘ, ਗੁਰਦੁਆਰਾ ਸਾਹਿਬ ਸਟਾਕਟਨ ਤੋਂ ਸ. ਕੁਲਜੀਤ ਸਿੰਘ ਨਿੱਜਰ, ਸਿੱਖ ਯੂਥ ਆਫ਼ ਅਮਰੀਕਾ ਦੇ ਫਾਊਂਡਰ ਮੈਂਬਰ ਸ. ਮਨਜੀਤ ਸਿੰਘ ਬਰਾੜ, ਮੌਜੂਦਾ ਦੌਰ ਦੇ ਸੰਘਰਸ਼ ਵਿਚ ਆਪਣਾ ਯੋਗਦਾਨ ਪਾਉਣ ਵਾਲੇ ਸਿੱਖ ਮਾਰਸ਼ਲ ਗਤਕੇ ਦੇ ਉਸਤਾਦ ਸ. ਜਸਪ੍ਰੀਤ ਸਿੰਘ ਲਵਲਾ, ਨੌਜਵਾਨ ਸਿੱਖ ਆਗੂ ਸ. ਸੰਦੀਪ ਸਿੰਘ ਜੰਟੀ, ਗੁਰਦੁਆਰਾ ਸਾਹਿਬ ਫਰੀਮਾਂਟ ਦੀ ਸੁਪਰੀਮ ਕੌਂਸਲ ਦੇ ਮੈਂਬਰ ਸ. ਰਾਜਿੰਦਰ ਸਿੰਘ ਰਾਜਾ ਅਤੇ ਹੋਰ ਸਿੱਖ ਆਗੂ ਹਾਜ਼ਰ ਸਨ। ਇਸ ਸਮੇਂ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸ. ਪਾਲਾ ਸਿੰਘ ਨੇ ਆਈਆਂ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਦੇ ਸਾਬਕਾ ਪ੍ਰਧਾਨ ਅਤੇ ਅਮਰੀਕਾ ਦੇ ਸਿੱਖ ਆਗੂ ਭਾਈ ਰਵਿੰਦਰ ਸਿੰਘ ਧਾਲੀਵਾਲ ਨੇ 'ਸਾਡੇ ਲੋਕ' ਅਖਬਾਰ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੁਗਲਾ ਅਤੇ ਫਰੰਗੀਆਂ ਤੋਂ ਬਾਅਦ ਭਾਰਤੀ ਹਿੰਦੂ ਹੁਕਮਰਾਨਾ ਨੇ ਸਿੱਖਾਂ ਉਪਰ ਅਸਹਿ ਅਤੇ ਅਕਹਿ ਜੁਲਮ ਕੀਤਾ ਸਿੱਖਾਂ ਦੀ ਹੋਂਦ ਹਸਤੀ ਮਿਟਾਉਣ ਲਈ ਪੂਰੇ ਭਾਰਤ 'ਚ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਅਤੇ ਅੱਜ ਵੀ ਜਾਰੀ ਹੈ ਪਰ ਹੁਣ ਪੂਰੀਆਂ ਦਾ ਸਿੱਖ ਜਾਗ ਚੁੱਕਾ ਹੈ ਅਤੇ ਉਹ ਦਿਨ ਦੂਰ ਨਹੀਂ ਜਦੋਂ ਦਰਬਾਰ ਸਾਹਿਬ ਉਪਰ ਹਮਲਾ ਕਰਨ ਵਾਲੇ ਨਿਸ਼ਾਨ ਡਿੱਗਣਗੇ ਉਸ ਖਿਤੇ ਵਿੱਚ ਸਿੱਖਾਂ ਦੇ ਇਲਾਹੀ ਨਿਸ਼ਾਨ ਸਾਹਿਬ ਝੂਲਣਗੇ ਖਾਲਿਸਤਾਨ ਤੋਂ ਵਗੈਰ ਸਿੱਖਾਂ ਦਾ ਕੋਈ ਹੱਲ ਨਹੀ ਉਹਨਾ ਅੱਜ ਦੇ ਮਹਾਨ ਸ਼ਹੀਦਾ ਨੂੰ ਯਾਦ ਕਰਦਿਆ ਸਮੂਹ ਪ੍ਰਬੰਧਕ ਕਮੇਟੀ, ਗੁਰੂ ਰੂਪ ਸਾਧ ਸੰਗਤ ਅਤੇ ਜਥੇਬੰਦੀਆਂ ਦਾ ਧੰਨਵਾਦ ਕੀਤਾ।

ਸਮਾਪਤੀ: ਸਮਾਗਮ ਦੇ ਅੰਤ ਵਿੱਚ ਗੁਰਦੁਆਰਾ ਸਾਹਿਬ ਸਟਾਕਟਨ ਦੇ ਸਟੇਜ ਸੈਕਟਰੀ ਵਲੋਂ ਆਈਆਂ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ 'ਖਾਲਿਸਤਾਨ ਜ਼ਿੰਦਾਬਾਦ' ਅਤੇ 'ਬੋਲੇ ਸੋ ਨਿਹਾਲ, ਸਤਿ ਸ਼੍ਰੀ ਅਕਾਲ' ਦੇ ਗਗਨਗਊਂਜੂ ਜੈਕਾਰਿਆਂ ਨਾਲ ਪੂਰਾ ਗੁਰਦੁਆਰਾ ਸਾਹਿਬ ਗੂੰਜ ਉੱਠਿਆ।

**ਇਤਿਹਾਸ ਦੇ ਕਟਹਿਰੇ ਵਿੱਚ ਸਿੱਖ ਹਸਤੀ ਅਤੇ ਸੰਵਿਧਾਨਕ ਸੱਚ**

ਕਿਸੇ ਵੀ ਕੌਮ ਦੀ ਹੋਂਦ-ਹਸਤੀ ਦੀ ਲੜਾਈ ਕੇਵਲ ਜੰਗ ਦੇ ਮੈਦਾਨਾਂ ਵਿੱਚ ਹੀ ਨਹੀਂ, ਸਗੋਂ ਆਉਣ ਵਾਲੀਆਂ ਨਸਲਾਂ ਦੇ ਕਾਨੂੰਨੀ ਅਤੇ ਸੰਵਿਧਾਨਕ ਦਸਤਾਵੇਜ਼ਾਂ ਦੇ ਪੰਨਿਆਂ ਵਿੱਚ ਵੀ ਲੜੀ ਜਾਂਦੀ ਹੈ। ਸੰਨ 1951 ਦਾ ਹਿੰਦੂ ਕੋਡ ਬਿੱਲ ਅਤੇ ਭਾਰਤੀ ਸੰਵਿਧਾਨ ਦੀ ਧਾਰਾ 25 (ਵਿਆਖਿਆ 99) ਅਜਿਹੇ ਹੀ ਇਤਿਹਾਸਕ ਮੋੜ ਹਨ, ਜਿੱਥੇ ਆਜ਼ਾਦ ਭਾਰਤ ਦੇ ਨਵੇਂ ਨਿਜ਼ਾਮ ਨੇ ਸਿੱਖ ਕੌਮ ਦੀ ਨਿਆਰੀ ਅਤੇ ਪ੍ਰਭੁਸੱਤਾ-ਸੰਪੰਨ ਪਛਾਣ ਨੂੰ ਇੱਕ ਬਹੁ-ਗਿਣਤੀ ਦੇ ਕਾਨੂੰਨੀ ਘੇਰੇ ਅੰਦਰ ਜਜ਼ਬ ਕਰਨ ਦੀ ਪਹਿਲੀ ਵੱਡੀ ਸੰਵਿਧਾਨਕ ਕੋਸ਼ਿਸ਼ ਕੀਤੀ। ਇਹ ਖੋਜ ਪੱਤਰ ਕੇਵਲ ਇੱਕ ਸੁੱਕਾ-ਸੜਿਆ ਕਾਨੂੰਨੀ ਮਸਲਾ ਨਹੀਂ, ਸਗੋਂ ਇਹ ਸਿੱਖ ਇਤਿਹਾਸ ਦੇ ਉਸ ਅਣਗੌਲੇ ਪਰ ਬੇਹੱਦ ਨਾਜ਼ੁਕ ਅਧਿਆਇ ਦਾ ਜੀਵੰਤ ਦਸਤਾਵੇਜ਼ ਹੈ, ਜਿੱਥੇ ਇੱਕ ਪਾਸੇ ਰਾਸ਼ਟਰੀ ਏਕੀਕਰਨ ਦੇ ਨਾਂ ਹੇਠ ਕੇਂਦਰੀ ਕਾਨੂੰਨੀ ਇਕਸਾਰਤਾ ਥੋਪਣ ਵਾਲੇ ਡਾ. ਬੀ. ਆਰ. ਅੰਬੇਦਕਰ ਖੜ੍ਹੇ ਸਨ ਅਤੇ ਦੂਜੇ ਪਾਸੇ ਪੰਜਾਬ ਦੇ ਪਿੰਡਾਂ ਦੀ ਰੂਹ ਵਿੱਚੋਂ ਉਪਜੇ ਸਦੀਵੀ 'ਰਵਾਇਤੀ ਕਾਨੂੰਨ' (Customary Law) ਅਤੇ ਗੁਰੂ ਸਾਹਿਬਾਨ ਦੁਆਰਾ ਬਖਸ਼ੀ ਵਿਲੱਖਣ ਸਿੱਖ ਹਸਤੀ ਦੀ ਰਾਖੀ ਲਈ ਸੰਸਦ ਵਿੱਚ ਹਿੱਕ ਡਾਹ ਕੇ ਖੜ੍ਹੇ ਸਰਦਾਰ ਹੁਕਮ ਸਿੰਘ ਅਤੇ ਸਰਦਾਰ ਭੁਪਿੰਦਰ ਸਿੰਘ ਮਾਨ ਵਰਗੇ ਦੂਰਅੰਦੇਸ਼ ਸਿੱਖ ਪ੍ਰਤੀਨਿਧ ਸਨ। ਆਪਣੇ ਹੱਕਾਂ ਅਤੇ ਇਤਿਹਾਸ ਤੋਂ ਬੇਖ਼ਬਰ ਕੌਮਾਂ ਅਕਸਰ ਕਾਨੂੰਨ ਦੇ ਅਦਿੱਖ ਜਾਲ ਵਿੱਚ ਉਲਝ ਕੇ ਆਪਣਾ ਵਜੂਦ ਗੁਆ ਬੈਠਦੀਆਂ ਹਨ। ਕੈਲੀਫੋਰਨੀਆ ਤੋਂ ਸਿੱਖ ਚਿੰਤਕ ਅਤੇ ਮਨੁੱਖੀ ਹੱਕਾਂ ਦੀ ਅਵਾਜ਼ ਡਾ. ਗੁਰਿੰਦਰ ਸਿੰਘ ਗਰੇਵਾਲ ਜੀ ਦਾ ਇਹ ਬੇਹੱਦ ਬਾਰੀਕੀ ਨਾਲ ਲਿਖਿਆ ਲੇਖ ਬਸਤੀਵਾਦੀ ਅਦਾਲਤਾਂ ਦੀਆਂ ਗਲਤ ਮਿਸਾਲਾਂ ਅਤੇ ਆਜ਼ਾਦ ਭਾਰਤ ਦੇ ਕਾਨੂੰਨ ਨਿਰਮਾਤਾਵਾਂ ਦੀ ਸੌੜੀ ਸੋਚ ਦਾ ਪਰਦਾਫਾਸ਼ ਕਰਦਾ ਹੈ। ਇਹ ਲੇਖ ਸਾਡੇ ਪਾਠਕਾਂ ਦੇ ਸਾਹਮਣੇ ਇਹ ਸਵਾਲ ਖੜ੍ਹਾ ਕਰਦਾ ਹੈ ਕਿ ਕੀ ਸਿੱਖਾਂ ਨੂੰ ਸੰਵਿਧਾਨਕ ਤੌਰ 'ਤੇ ਹਿੰਦੂ ਸ਼੍ਰੇਣੀ ਵਿੱਚ ਸ਼ਾਮਲ ਕਰਨਾ ਕੇਵਲ ਇੱਕ ਪ੍ਰਸ਼ਾਸਨਿਕ ਸਹੂਲਤ ਸੀ ਜਾਂ ਫਿਰ ਇਹ ਗੁਰੂ ਨਾਨਕ ਸਾਹਿਬ ਦੇ 'ਨਾ ਕੋ ਹਿੰਦੂ ਨਾ ਮੁਸਲਮਾਨ' ਦੇ ਸਿਧਾਂਤ 'ਤੇ ਇੱਕ ਗੁਪਤ ਵਾਰ—ਇੱਕ 'ਸੰਵਿਧਾਨਕ ਨਸਲਕੁਸ਼ੀ' ਸੀ? ਆਓ, ਇਤਿਹਾਸ ਦੀ ਇਸ ਕਾਨੂੰਨੀ ਪੈੜ ਦਾ ਖੁਰਾ ਨੱਪੀਏ, ਇਸ ਸੰਘਰਸ਼ ਦੀ ਗੰਭੀਰਤਾ ਨੂੰ ਸਮਝੀਏ ਅਤੇ ਆਪਣੀ ਅਗਲੀ ਪੀੜ੍ਹੀ ਨੂੰ ਆਪਣੀ ਨਿਆਰੀ ਹਸਤੀ ਦੇ ਸੰਵਿਧਾਨਕ ਸੱਚ ਤੋਂ ਜਾਣੂ ਕਰਵਾਈਏ। ---ਸਤਨਾਮ ਸਿੰਘ ਖਾਲਸਾ



ਡਾ. ਗੁਰਿੰਦਰ ਸਿੰਘ ਗਰੇਵਾਲ
209-321-3771

# ਬੀ.ਆਰ. ਅੰਬੇਦਕਰ ਅਤੇ ਸਿੱਖ ਪ੍ਰਤੀਨਿਧ

## 1951 ਦੇ ਹਿੰਦੂ ਕੋਡ ਬਿੱਲ 'ਤੇ ਸੰਸਦੀ ਬਹਿਸਾਂ

### ਸ. ਹੁਕਮ ਸਿੰਘ ਅਤੇ ਸ. ਭੁਪਿੰਦਰ ਸਿੰਘ ਮਾਨ ਵੱਲੋਂ ਸਿੱਖ ਹਸਤੀ (ਪਛਾਣ) ਦੀ ਰਾਖੀ ਲਈ ਦਿੱਤੀਆਂ ਦਲੀਲਾਂ ਦਾ ਇੱਕ ਕਾਨੂੰਨੀ ਅਤੇ ਇਤਿਹਾਸਕ ਵਿਸ਼ਲੇਸ਼ਣ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਮਾਨ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਪੰਜਾਬ ਵਿੱਚ ਲਗਭਗ 95 ਫੀਸਦੀ ਸਿੱਖ ਪੇਂਡੂ ਖੇਤੀਬਾੜੀ ਵਾਲੀ ਆਬਾਦੀ ਨਾਲ ਸਬੰਧਤ ਸਨ, ਜਿਨ੍ਹਾਂ ਦਾ ਜੀਵਨ ਅਤੇ ਕਾਨੂੰਨੀ ਸਬੰਧ ਹਿੰਦੂ ਧਰਮ ਸ਼ਾਸਤਰਾਂ ਦੀ ਬਜਾਏ ਰਵਾਇਤੀ ਕਾਨੂੰਨ ਦੁਆਰਾ ਨਿਯੰਤ੍ਰਿਤ ਹੁੰਦੇ ਸਨ। ਉਨ੍ਹਾਂ ਨੇ ਦਲੀਲ ਦਿੱਤੀ ਕਿ ਕਾਨੂੰਨ ਨਿਰਮਾਤਾਵਾਂ ਨੂੰ ਸ਼ਹਿਰੀ ਵਪਾਰਕ ਸਮੂਹਾਂ ਦੇ ਅਪਵਾਦਾਂ ਦੀ ਬਜਾਏ ਭਾਈਚਾਰੇ ਦੇ ਮੁੱਖ ਹਿੱਸੇ ਦੀਆਂ ਕਾਨੂੰਨੀ ਪਰੰਪਰਾਵਾਂ ਦਾ ਮੁਲਾਂਕਣ ਕਰਨਾ ਚਾਹੀਦਾ ਹੈ।

ਇਸ ਮਤਭੇਦ ਨੇ ਸੰਸਦੀ ਬਹਿਸ ਵਿੱਚ ਸਭ ਤੋਂ ਬੁਨਿਆਦੀ ਵਿਵਾਦਾਂ ਵਿੱਚੋਂ ਇੱਕ ਦੀ ਸ਼ੁਰੂਆਤ ਕੀਤੀ। ਅੰਬੇਦਕਰ ਨੇ ਕਾਨੂੰਨੀ ਨਿਰੰਤਰਤਾ ਨੂੰ ਬਸਤੀਵਾਦੀ ਅਦਾਲਤੀ ਮਿਸਾਲ ਅਤੇ ਸਾਂਝੇ-ਕਾਨੂੰਨ ਦੇ ਸਿਧਾਂਤ ਦੇ ਨਜ਼ਰੀਏ ਤੋਂ ਦੇਖਿਆ। ਦੂਜੇ ਪਾਸੇ ਮਾਨ ਅਤੇ ਸਿੱਖ ਨੁਮਾਇੰਦਿਆਂ ਨੇ ਪੰਜਾਬ ਦੀ ਸਮਾਜਿਕ ਹਕੀਕਤ 'ਤੇ ਜ਼ੋਰ ਦਿੱਤਾ ਅਤੇ ਦਲੀਲ ਦਿੱਤੀ ਕਿ ਸਿੱਖ ਭਾਈਚਾਰੇ ਦਾ ਰੋਜ਼ਾਨਾ ਕਾਨੂੰਨੀ ਜੀਵਨ ਬ੍ਰਾਹਮਣਵਾਦੀ ਨਿਆਸ਼ਾਸਤਰ ਦੀ ਬਜਾਏ ਨਿਰਪੱਖ ਰਵਾਇਤੀ ਸੰਸਥਾਵਾਂ ਰਾਹੀਂ ਸੁਤੰਤਰ ਰੂਪ ਵਿੱਚ ਵਿਕਸਤ ਹੋਇਆ ਸੀ। ਉਨ੍ਹਾਂ ਦੇ ਵਿਚਾਰ ਵਿੱਚ, ਕੋਈ ਵੀ ਅਜਿਹਾ ਕਾਨੂੰਨ ਜੋ ਇਸ ਅੰਤਰ ਨੂੰ ਨਜ਼ਰਅੰਦਾਜ਼ ਕਰਦਾ ਸੀ, ਉਹ ਸਿੱਖ ਕਾਨੂੰਨੀ ਇਤਿਹਾਸ ਅਤੇ ਸਿੱਖ ਪਛਾਣ ਦੋਵਾਂ ਨੂੰ ਗਲਤ ਤਰੀਕੇ ਨਾਲ ਪੇਸ਼ ਕਰਨ ਦਾ ਜੋਖਮ ਉਠਾਉਂਦਾ ਸੀ।

ਅਧਿਆਇ 6: ਪੰਜਾਬ ਰਵਾਇਤੀ ਕਾਨੂੰਨ ਬਨਾਮ ਹਿੰਦੂ ਕੋਡ: ਮੁੱਖ ਕਾਨੂੰਨੀ ਟਕਰਾਅ (Punjab Customary Law versus the Hindu Code: The Central Jurisprudential Conflict)

ਸੰਸਦੀ ਵਿਵਾਦ ਦਾ ਕੇਂਦਰ ਸਿਰਫ਼ ਧਰਮ ਦੇ ਸਵਾਲਾਂ 'ਤੇ ਹੀ ਟਿਕਿਆ ਹੋਇਆ ਨਹੀਂ ਸੀ। ਲੇਖ ਦੇ ਅਨੁਸਾਰ, ਮੁੱਖ ਅਸਹਿਮਤੀ ਨਿਆਸ਼ਾਸਤਰ (jurisprudence) ਦੀਆਂ ਦੋ ਬੁਨਿਆਦੀ ਤੌਰ 'ਤੇ ਵੱਖਰੀਆਂ ਪ੍ਰਣਾਲੀਆਂ ਬਾਰੇ ਸੀ। ਡਾ. ਬੀ. ਆਰ. ਅੰਬੇਦਕਰ ਹਿੰਦੂ ਕੋਡ ਬਿੱਲ ਨੂੰ ਹਿੰਦੂ ਕਾਨੂੰਨ ਤੋਂ ਪ੍ਰਾਪਤ ਇੱਕ ਮੌਜੂਦਾ ਕਾਨੂੰਨੀ ਪਰੰਪਰਾ




ਦੇ ਤਰਕਸ਼ੀਲ ਨਿਯਮਬੱਧਤਾ (codification) ਵਜੋਂ ਦੇਖਦੇ ਸਨ, ਜਦੋਂ ਕਿ ਸਿੱਖ ਪ੍ਰਤੀਨਿਧੀਆਂ ਨੇ ਦਲੀਲ ਦਿੱਤੀ ਕਿ ਪੰਜਾਬ ਵਿੱਚ ਜ਼ਿਆਦਾਤਰ ਸਿੱਖ ਲੰਬੇ ਸਮੇਂ ਤੋਂ ਨਿਰਪੱਖ ਰਵਾਇਤੀ ਕਾਨੂੰਨ (secular customary law) ਦੇ ਇੱਕ ਬਿਲਕੁਲ ਵੱਖਰੇ ਹਿੱਸੇ ਦੁਆਰਾ ਚਲਾਏ ਜਾ ਰਹੇ ਸਨ।

ਸਰਦਾਰ ਭੁਪਿੰਦਰ ਸਿੰਘ ਮਾਨ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਪੰਜਾਬ ਕੋਲ ਇੱਕ ਵਿਲੱਖਣ ਕਾਨੂੰਨੀ ਸੱਭਿਆਚਾਰ ਸੀ ਜੋ ਸਦੀਆਂ ਦੇ ਪੇਂਡੂ ਜੀਵਨ ਦੁਆਰਾ ਸੰਗਠਿਤ ਰੂਪ ਵਿੱਚ ਵਿਕਸਤ ਹੋਇਆ ਸੀ। ਸ਼ਾਸਤਰੀ ਹਿੰਦੂ ਕਾਨੂੰਨ ਦੇ ਉਲਟ, ਜੋ ਸੰਸਕ੍ਰਿਤ ਧਰਮ ਸ਼ਾਸਤਰਾਂ ਅਤੇ ਪੁਜਾਰੀ ਅਧਿਕਾਰਾਂ 'ਤੇ ਅਧਾਰਤ ਸੀ, ਪੰਜਾਬ ਦਾ ਰਵਾਇਤੀ ਕਾਨੂੰਨ (Customary Law) ਵਿਹਾਰਕ ਤਜਰਬੇ, ਖੇਤੀਬਾੜੀ ਸਬੰਧਾਂ, ਪਿੰਡਾਂ ਦੀ ਸਹਿਮਤੀ ਅਤੇ ਵਿਕਸਤ ਹੋ ਰਹੀਆਂ ਸਮਾਜਿਕ ਰੀਤਾਂ ਵਿੱਚ ਜੜ੍ਹਾਂ ਰੱਖਦਾ ਸੀ। ਇਹ ਨਾ ਤਾਂ ਪੁਜਾਰੀਵਾਦੀ ਸੀ ਅਤੇ ਨਾ ਹੀ ਬ੍ਰਾਹਮਣਵਾਦੀ ਸਿਧਾਂਤਾਂ 'ਤੇ ਨਿਰਭਰ ਸੀ। ਇਸ ਦੀ ਬਜਾਏ, ਇਹ ਇੱਕ ਨਿਰਪੱਖ ਕਾਨੂੰਨੀ ਪਰੰਪਰਾ ਨੂੰ ਦਰਸਾਉਂਦਾ ਸੀ ਜੋ ਪੇਂਡੂ ਭਾਈਚਾਰਿਆਂ ਦੁਆਰਾ ਸਾਂਝੀ ਕੀਤੀ ਜਾਂਦੀ ਸੀ, ਚਾਹੇ ਉਹ ਸਿੱਖ, ਹਿੰਦੂ ਜਾਂ ਮੁਸਲਮਾਨ ਵਜੋਂ ਪਛਾਣੇ ਜਾਂਦੇ ਹੋਣ।

ਲੇਖ ਇਨ੍ਹਾਂ ਦੋਵਾਂ ਪ੍ਰਣਾਲੀਆਂ ਦੀ ਕਈ ਪਹਿਲੂਆਂ ਵਿੱਚ ਤੁਲਨਾ ਕਰਦਾ ਹੈ:

1. ਅਧਿਕਾਰਾਂ ਦੇ ਸਰੋਤ: ਇਨ੍ਹਾਂ ਦੇ ਅਧਿਕਾਰਾਂ ਦੇ ਸਰੋਤ ਬੁਨਿਆਦੀ ਤੌਰ 'ਤੇ ਵੱਖਰੇ ਸਨ। ਪੰਜਾਬ ਦਾ ਰਵਾਇਤੀ ਕਾਨੂੰਨ ਸਥਾਨਕ ਰੀਤੀ-ਰਿਵਾਜਾਂ, ਪਿੰਡਾਂ ਦੀਆਂ ਪੰਚਾਇਤਾਂ ਅਤੇ ਲੰਬੇ ਸਮੇਂ ਤੋਂ ਚੱਲ ਰਹੀਆਂ ਖੇਤੀਬਾੜੀ ਪ੍ਰਥਾਵਾਂ ਰਾਹੀਂ ਹੌਲੀ-ਹੌਲੀ ਉੱਭਰਿਆ। ਇਸਦੀ ਮਾਨਤਾ ਪਵਿੱਤਰ ਗ੍ਰੰਥਾਂ ਦੀ ਬਜਾਏ ਭਾਈਚਾਰੇ ਦੇ ਅੰਦਰ ਸਵੀਕਾਰਤਾ ਤੋਂ ਮਿਲੀ ਸੀ। ਇਸ ਦੇ ਉਲਟ, ਪ੍ਰਸਤਾਵਿਤ ਹਿੰਦੂ ਕੋਡ ਬਿੱਲ ਮੁੱਖ ਤੌਰ 'ਤੇ ਸ਼ਾਸਤਰੀ ਬ੍ਰਾਹਮਣਵਾਦੀ ਕਾਨੂੰਨੀ ਸਾਹਿਤ, ਖਾਸ ਤੌਰ 'ਤੇ ਧਰਮ ਸ਼ਾਸਤਰਾਂ ਤੋਂ ਲਿਆ ਗਿਆ ਸੀ, ਜਦੋਂ ਕਿ ਉਨ੍ਹਾਂ ਸਿਧਾਂਤਾਂ ਨੂੰ ਆਧੁਨਿਕ ਕਾਨੂੰਨੀ ਭਾਸ਼ਾ ਵਿੱਚ ਅਨੁਵਾਦ ਕੀਤਾ ਗਿਆ ਸੀ।

2. ਸਮਾਜਿਕ ਸੰਗਠਨ: ਦੋਵੇਂ ਪ੍ਰਣਾਲੀਆਂ ਸਮਾਜਿਕ ਸੰਗਠਨ ਦੇ ਵੱਖੋ-ਵੱਖਰੇ ਵਿਚਾਰਾਂ ਨੂੰ ਦਰਸਾਉਂਦੀਆਂ ਸਨ। ਮਾਨ ਨੇ ਦਲੀਲ ਦਿੱਤੀ ਕਿ ਰਵਾਇਤੀ ਕਾਨੂੰਨ ਨੇ ਦੀਵਾਨੀ ਮਾਮਲਿਆਂ ਵਿੱਚੋਂ ਪੁਜਾਰੀਵਾਦੀ ਦਰਜਾਬੰਦੀ (priestly hierarchy) ਨੂੰ ਕਾਫ਼ੀ ਹੱਦ ਤੱਕ ਖ਼ਤਮ ਕਰ ਦਿੱਤਾ ਹੈ। ਵਿਰਾਸਤ, ਵਿਆਹ ਅਤੇ ਜਾਇਦਾਦ ਦੇ ਸਵਾਲ ਧਾਰਮਿਕ ਰਸਮਾਂ ਦੀ ਬਜਾਏ ਸਥਾਨਕ ਰੀਤਾਂ ਦੁਆਰਾ ਨਿਰਧਾਰਤ ਕੀਤੇ ਜਾਂਦੇ ਸਨ। ਦੂਜੇ ਪਾਸੇ, ਹਿੰਦੂ ਕੋਡ ਨੂੰ ਉਨ੍ਹਾਂ ਧਾਰਨਾਵਾਂ ਨੂੰ ਸੁਰੱਖਿਅਤ ਰੱਖਣ ਵਾਲੇ ਵਜੋਂ ਪੇਸ਼ ਕੀਤਾ ਗਿਆ ਸੀ ਜੋ ਇਤਿਹਾਸਕ ਤੌਰ 'ਤੇ ਬ੍ਰਾਹਮਣਵਾਦੀ ਨਿਆਸ਼ਾਸਤਰ ਦੇ ਅੰਦਰ ਪੈਦਾ ਹੋਈਆਂ ਸਨ ਅਤੇ ਇਸ ਲਈ ਇਹ ਇੱਕ ਬੁਨਿਆਦੀ ਤੌਰ 'ਤੇ ਵੱਖਰੇ ਕਾਨੂੰਨੀ ਫਲਸਫੇ ਦੀ ਨੁਮਾਇੰਦਗੀ ਕਰਦਾ ਸੀ।

3. ਕਾਨੂੰਨੀ ਲਚਕਤਾ: ਲੇਖ ਕਾਨੂੰਨੀ ਲਚਕਤਾ (flexibility) ਦੇ ਮੁੱਦੇ 'ਤੇ ਜ਼ੋਰ ਦਿੰਦਾ ਹੈ। ਪੰਜਾਬ ਦੇ ਰਵਾਇਤੀ ਕਾਨੂੰਨ ਨੂੰ ਗਤੀਸ਼ੀਲ ਅਤੇ ਬਦਲਦੀਆਂ ਸਮਾਜਿਕ ਸਥਿਤੀਆਂ ਦੇ ਅਨੁਕੂਲ ਹੋਣ ਦੇ ਯੋਗ ਦੱਸਿਆ ਗਿਆ ਸੀ ਕਿਉਂਕਿ ਇਹ ਸਖ਼ਤ ਲਿਖਤੀ ਗ੍ਰੰਥਾਂ ਦੀ ਬਜਾਏ ਜੀਵਨ ਦੇ ਅਮਲੀ ਅਭਿਆਸਾਂ ਰਾਹੀਂ ਵਿਕਸਤ ਹੋਇਆ ਸੀ। ਹਾਲਾਂਕਿ, ਪ੍ਰਸਤਾਵਿਤ ਹਿੰਦੂ ਕੋਡ ਬਿੱਲ ਨੂੰ ਇਸ ਲਚਕਦਾਰ ਪ੍ਰਣਾਲੀ ਨੂੰ ਪੂਰੇ ਭਾਰਤ ਵਿੱਚ ਲਾਗੂ ਇੱਕ ਕੇਂਦਰੀ ਕਾਨੂੰਨੀ ਕੋਡ ਨਾਲ ਬਦਲਣ ਵਾਲੇ ਵਜੋਂ ਪੇਸ਼ ਕੀਤਾ ਗਿਆ ਸੀ। ਮਾਨ ਦੇ ਅਨੁਸਾਰ, ਅਜਿਹੇ ਕੋਡੀਫਿਕੇਸ਼ਨ ਨਾਲ ਸਥਾਨਕ ਪੱਧਰ 'ਤੇ ਅਨੁਕੂਲ ਹੋਈ ਸਦੀਆਂ ਪੁਰਾਣੀ ਪ੍ਰਣਾਲੀ ਦੇ ਖਤਮ ਹੋਣ ਅਤੇ ਪੰਜਾਬ ਦੇ ਸਮਾਜਿਕ ਸੰਦਰਭ ਤੋਂ ਬਾਹਰ ਵਿਕਸਤ ਕੀਤੇ ਗਏ ਇਕਸਾਰ ਕਾਨੂੰਨੀ ਮਾਪਦੰਡਾਂ ਦੇ ਲਾਗੂ ਹੋਣ ਦਾ ਖ਼ਤਰਾ ਸੀ।

(ਚਲਦਾ)

# ਕੈਨੇਡਾ 'ਚ ਭਾਰਤੀ ਵਿਦਿਆਰਥੀ




ਪਿਛਲੇ ਕੁਝ ਸਾਲਾਂ ਤੋਂ ਪੰਜਾਬ ਦੇ ਨੌਜਵਾਨਾਂ ਦਾ ਵਿਦੇਸ਼ ਜਾਣ ਦਾ ਰੁਝਾਨ ਲਗਾਤਾਰ ਵਧ ਰਿਹਾ ਹੈ। ਖ਼ਾਸਕਰ ਕੈਨੇਡਾ ਨੌਜਵਾਨਾਂ ਦੀ ਪਹਿਲੀ ਪਸੰਦ ਹੈ। ਪੜ੍ਹਾਈ ਦੇ ਰਸਤੇ ਪੱਕੇ ਹੋਣ ਦੀ ਆਸ 'ਚ ਕੈਨੇਡਾ ਗਏ ਪੰਜਾਬੀ ਨੌਜਵਾਨਾਂ ਨੂੰ ਕਈ ਤਰ੍ਹਾਂ ਦੇ ਇਮਤਿਹਾਨਾਂ 'ਚੋਂ ਲੰਘਣਾ ਪੈਂਦਾ ਹੈ। ਹੁਣ ਪੋਸਟ ਗ੍ਰੈਜੂਏਸ਼ਨ ਵਰਕ ਪਰਮਿਟ ਨਾਲ ਜੁੜੇ ਨਿਯਮਾਂ 'ਚ ਹੋਏ ਬਦਲਾਅ ਵੀ ਨੌਜਵਾਨਾ ਲਈ ਸਿਰਦਰਦੀ ਬਣ ਰਹੇ ਹਨ। ਇਸ ਕਾਰਨ ਵੱਡੀ ਗਿਣਤੀ 'ਚ ਵਿਦਿਆਰਥੀਆਂ ਦੀਆਂ ਅਰਜ਼ੀਆਂ ਰੱਦ ਹੋ ਰਹੀਆਂ ਹਨ। ਵਿਦਿਆਰਥੀਆਂ ਦੇ ਨਾਲ-ਨਾਲ ਉਨ੍ਹਾਂ ਦੇ ਮਾਪੇ ਵੀ ਚਿੰਤਤ ਹਨ। ਵਰਕ ਪਰਮਿਟ ਨਾ ਮਿਲਣ ਕਾਰਨ ਪਿਛਲੇ ਤਿੰਨ ਹਫ਼ਤਿਆਂ ਤੋਂ ਵਿਦਿਆਰਥੀ ਸੜਕਾਂ 'ਤੇ ਰੋਸ ਪ੍ਰਦਰਸ਼ਨ ਕਰ ਰਹੇ ਹਨ। ਇਸ ਨਾਲ ਜੁੜੀਆਂ ਵੀਡੀਓਜ਼ ਲਗਾਤਾਰ ਵਾਇਰਲ ਹੋ ਰਹੀਆਂ ਹਨ। ਇਸ ਮਾਮਲੇ ਨੂੰ ਲੈ ਕੇ ਪੰਜਾਬ ਦੇ ਸਾਬਕਾ ਉਪ-ਮੁੱਖ ਮੰਤਰੀ ਤੇ ਸ਼?ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਵੀ ਕੈਨੇਡਾ 'ਚ ਵਿਦਿਆਰਥੀਆਂ ਦੇ ਹੱਕ 'ਚ ਹਾਅ ਦਾ ਨਾਅਰਾ ਮਾਰਿਆ ਹੈ। ਇਸ 'ਚ ਕੋਈ ਦੋ-ਰਾਏ ਨਹੀਂ ਕਿ ਸਰਕਾਰਾਂ ਕਿਸੇ ਵੀ ਢੰਗ ਤਰੀਕੇ ਭਾਰਤੀ ਖ਼ਾਸਕਰ ਪੰਜਾਬੀ ਵਿਦਿਆਰਥੀਆਂ ਦੇ ਵਿਦੇਸ਼ਾਂ ਵੱਲ ਰੁਖ਼ ਨੂੰ ਰੋਕ ਨਹੀਂ ਸਕੀਆਂ ਹਨ। ਰੁਜ਼ਗਾਰ ਦੇਣ ਦੇ ਦਾਅਵੇ ਤੇ ਵਾਅਦੇ ਸਿਰਫ਼ ਸਿਆਸੀ ਨਾਅਰਿਆਂ ਤੱਕ ਸੀਮਤ ਹਨ। ਬਹੁਤੇ ਮਾਪਿਆਂ ਦੀ ਮਜਬੂਰੀ ਹੈ ਕਿ ਉਹ ਵੱਡੇ-ਵੱਡੇ ਕਰਜ਼ੇ ਚੁੱਕ ਕੇ ਆਪਣੇ ਬੱਚਿਆਂ ਨੂੰ ਪੜ੍ਹਾਈ ਤੇ ਰੁਜ਼ਗਾਰ ਖ਼ਾਤਰ ਵਿਦੇਸ਼ ਭੇਜਦੇ ਹਨ ਪਰ ਜਦੋਂ ਅਜਿਹੀਆਂ ਖੱਜਲ-ਖੁਆਰੀਆਂ 'ਚੋਂ ਔਲਾਦ ਲੰਘਦੀ ਹੈ ਤਾਂ ਮਾਪਿਆਂ ਨੂੰ ਵੱਧ ਪਰੇਸ਼ਾਨੀ ਹੁੰਦੀ ਹੈ। ਵਿਦੇਸ਼ਾਂ ਦੀ ਨੱਠ-ਭੱਜ ਵਾਲੀ ਜ਼ਿੰਦਗੀ 'ਚ ਸਫ਼ਲਤਾ ਹਾਸਲ ਕਰਨੀ ਸਾਰੇ ਵਿਦਿਆਰਥੀਆਂ ਦੇ ਵੱਸ ਦੀ ਗੱਲ ਨਹੀਂ ਹੈ। ਤਾਜ਼ਾ ਮਾਮਲੇ ਅਨੁਸਾਰ ਪੜ੍ਹਾਈ ਦੇ ਵਿਚਕਾਰ ਜਾਂ ਕੋਰਸ ਪੂਰਾ ਹੁੰਦਿਆਂ ਹੀ ਨਿਯਮਾਂ ਦਾ ਬਦਲ ਜਾਣਾ ਵਿਦਿਆਰਥੀਆਂ ਲਈ ਨਾਇਨਸਾਫ਼ੀ ਵਾਲੀ ਗੱਲ ਹੈ। ਨਿਯਮਾਂ 'ਚ ਬਦਲਾਅ ਕਰਨਾ ਬੇਸ਼ੱਕ ਕੈਨੇਡਾ ਦੇ ਆਪਣੇ ਕਾਨੂੰਨ ਪ੍ਰਬੰਧ ਦਾ ਹਿੱਸਾ ਹੈ ਪਰ ਵਿਦਿਆਰਥੀਆਂ ਦੇ ਭਵਿੱਖ 'ਤੇ ਜ਼ਰੂਰ ਇਸ ਨਾਲ ਜ਼ਰੂਰ ਸਵਾਲੀਆ ਨਿਸ਼ਾਨ ਲੱਗ ਰਿਹਾ ਹੈ। ਜਦੋਂ ਵਿਦਿਆਰਥੀਆਂ ਨੇ ਦਾਖ਼ਲਾ ਲਿਆ ਸੀ ਤਾਂ ਉਥੋਂ ਦੀਆਂ ਯੂਨੀਵਰਸਿਟੀਆਂ ਤੇ ਕਾਲਜਾਂ ਦੀਆਂ ਨੀਤੀਆਂ ਕੁਝ ਹੋਰ ਸਨ ਪਰ ਹੁਣ ਵਿਚਕਾਰ ਆ ਕੇ ਕਾਨੂੰਨ ਦੇ ਬਦਲਾਅ ਸਹਿਣੇ ਇੰਨੇ ਸੌਖੇ ਨਹੀਂ ਹਨ। ਵਿਦਿਆਰਥੀਆਂ ਨੇ ਕੈਨੇਡਾ ਪੜ੍ਹਾਈ ਲਈ ਵੱਡੇ-ਵੱਡੇ ਕਰਜ਼ੇ ਚੁੱਕੇ ਹਨ ਤੇ ਪਿੱਛੇ ਮਾਪਿਆਂ ਦੀਆਂ ਜ਼ਮੀਨਾਂ ਤੱਕ ਗਹਿਣੇ ਪਈਆਂ ਹਨ। ਇਸ ਨਾਲ ਜ਼ਾਹਰ ਹੈ ਕਿ ਉਨ੍ਹਾਂ ਨੂੰ ਵੱਡੇ ਵਿੱਤੀ ਘਾਟੇ ਸਹਿਣੇ ਪੈਣ। ਜੇਕਰ ਦੂਜੇ ਮੁਲਕਾਂ ਦੀ ਮਹਿੰਗੀ ਪੜ੍ਹਾਈ ਕਰ ਕੇ ਵੀ ਉਨ੍ਹਾਂ ਨੂੰ ਰੁਜ਼ਗਾਰ ਪਰਮਿਟ ਹਾਸਲ ਕਰਨ ਲਈ ਧੱਕੇ ਖਾਣੇ ਪੈਣੇ ਹਨ ਤਾਂ ਵਿਦਿਆਰਥੀ ਕਿਹੜਾ ਰਾਹ ਅਪਨਾਉਣਗੇ। ਇਸ ਦੇ ਨਾਲ ਹੀ ਪੰਜਾਬ ਦੇ ਲਿਹਾਜ਼ ਨਾਲ ਸੋਚਿਆ ਜਾਵੇ ਤਾਂ ਜੇਕਰ ਸਰਕਾਰ ਰੋਜ਼ਾਨਾਂ ਨੌਜਵਾਨਾਂ ਨੂੰ ਰੁਜ਼ਗਾਰ ਵੰਡ ਰਹੀ ਹੈ ਤਾਂ ਫਿਰ ਇਹ ਨੌਜਵਾਨ ਕੌਣ ਹਨ, ਜਿਹੜੇ ਰੁਜ਼ਗਾਰ ਖ਼ਾਤਰ ਵਿਦੇਸ਼ਾਂ ਦਾ ਰੁਖ਼ ਕਰ ਰਹੇ ਹਨ। ਇਕ ਰਿਪੋਰਟ ਅਨੁਸਾਰ ਪਿਛਲੇ ਦੋ ਦਹਾਕਿਆਂ ਤੋਂ ਵੀ ਜ਼ਿਆਦਾ ਸਮੇਂ ਤੋਂ ਪੰਜਾਬ ਦੇ ਕਾਲਜਾਂ 'ਚ ਵੱਡੇ ਪੱਧਰ 'ਤੇ ਰੈਗੂਲਰ ਭਰਤੀਆਂ ਨਹੀਂ ਹੋਈਆਂ ਹਨ। ਸੂਬੇ ਦੀ ਗੁਣਵੱਤਾ ਭਰਪੂਰ ਸਿੱਖਿਆ ਹਮੇਸ਼ਾ ਸਵਾਲਾਂ ਦੇ ਘੇਰੇ 'ਚ ਰਹੀ ਹੈ। ਬਹੁਤੇ ਵਿਦਿਅਕ ਅਦਾਰਿਆਂ 'ਚ ਗੈਸਟ ਫੈਕਲਟੀ ਜਾਂ ਠੇਕੇ 'ਤੇ ਲੈਕਚਰਾਰਾਂ ਸਹਾਰੇ ਸਿੱਖਿਆ ਪ੍ਰਬੰਧ ਚਲਾਇਆ ਜਾ ਰਿਹਾ ਹੈ। ਸਰਕਾਰ ਨੂੰ ਇਸ ਪਾਸੇ ਪਹਿਲ ਦੇ ਆਧਾਰ 'ਤੇ ਸੋਚਣਾ ਚਾਹੀਦਾ ਹੈ। ਰੁਜ਼ਗਾਰ ਪ੍ਰਾਪਤੀ ਦੇ ਮੌਕਿਆਂ 'ਚ ਵਾਧਾ ਕਰਨਾ ਹੀ ਇਸ ਦਾ ਇੱਕੋ-ਇਕ ਹੱਲ ਹੈ। ਇਹ ਤਾਂ ਹੀ ਸੰਭਵ ਹੈ ਜੇਕਰ ਕਾਲਜਾਂ-ਯੂਨੀਵਰਸਿਟੀਆਂ 'ਚ ਸਿੱਖਿਆ ਦਾ ਮਿਆਰ ਸੁਧਰੇਗਾ ਤੇ ਹਾਸਲ ਕੀਤੀਆਂ ਡਿਗਰੀਆਂ ਰੁਜ਼ਗਾਰ ਦੀ ਪੱਕੀ ਗਰੰਟੀ ਦੇਣਗੀਆਂ।

**ਵਿਰਸੇ ਦਾ ਵਣਜਾਰਾ ਅਤੇ ਰੂਹਾਂ ਦੀ ਆਵਾਜ਼**

**ਹਫ਼ਤਾਵਾਰੀ ਸਾਹਿਤਕ ਲੜੀ 'ਲੋਕਗੀਤਾਂ ਵਿਚ ਭਿੱਜੀ ਰੂਹ' ਦਾ ਇਤਿਹਾਸਕ ਆਗਾਜ਼**

'ਜਿਸ ਕੌਮ ਦੇ ਲੋਕ-ਗੀਤ ਮਰ ਜਾਂਦੇ ਹਨ, ਉਸ ਕੌਮ ਦਾ ਭੂਤਕਾਲ ਗੁੰਮ ਹੋ ਜਾਂਦਾ ਹੈ ਅਤੇ ਭਵਿੱਖ ਗੂੰਗਾ ਹੋ ਜਾਂਦਾ ਹੈ।' ਅੱਜ ਦੇ ਇਸ ਮਸ਼ੀਨੀ ਅਤੇ ਦੌੜ-ਭੱਜ ਵਾਲੇ ਯੁੱਗ ਵਿੱਚ, ਜਿੱਥੇ ਸਾਡੀ ਨਵੀਂ ਪੀੜ੍ਹੀ ਆਪਣੀਆਂ ਸੱਭਿਆਚਾਰਕ ਜੜ੍ਹਾਂ ਤੋਂ ਦੂਰ ਹੋ ਰਹੀ ਹੈ, ਉੱਥੇ ਅਸੀਂ ਬੇਹੱਦ ਮਾਣ ਅਤੇ ਫ਼ਖ਼ਰ ਨਾਲ ਆਪਣੇ ਪਾਠਕਾਂ ਲਈ ਇੱਕ ਨਵੀਂ ਹਫ਼ਤਾਵਾਰੀ ਸਾਹਿਤਕ ਲੜੀ 'ਲੋਕਗੀਤਾਂ ਵਿਚ ਭਿੱਜੀ ਰੂਹ' ਸ਼ੁਰੂ ਕਰਨ ਜਾ ਰਹੇ ਹਾਂ। ਇਹ ਸਿਰਫ਼ ਸ਼ਬਦ ਨਹੀਂ, ਬਲਕਿ ਪੰਜਾਬ ਦੀ ਪਾਕੀਜ਼ਾ ਮਿੱਟੀ ਦੀ ਧੜਕਣ ਅਤੇ ਸਾਡੇ ਵਜੂਦ ਦਾ ਜਿਉਂਦਾ-ਜਾਗਦਾ ਇਤਿਹਾਸ ਹੈ। ਇਸ ਲੜੀ ਦੇ ਲੇਖਿਕਾ ਹਨ—ਕੈਲੀਫੋਰਨੀਆ (ਅਮਰੀਕਾ) ਤੋਂ ਉੱਘੀ ਸਾਹਿਤਕਾਰ, ਪ੍ਰਖ਼ਰ ਚਿੰਤਕ ਅਤੇ ਮਾਂ-ਬੋਲੀ ਦੀ ਸੇਵਕ ਨੀਲਮ ਸੈਣੀ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪੰਜਾਬੀ ਦੀ ਐਮ.ਐਮ. ਵਿੱਚੋਂ ਟਾਪਰ ਰਹੀ ਨੀਲਮ ਸੈਣੀ ਦੀ ਕਲਮ ਵਿੱਚੋਂ ਨਿਕਲੇ ਇਹ ਬਹੁਮੁੱਲੇ ਸ਼ਬਦ ਤੁਹਾਡੀ ਰੂਹ ਨੂੰ ਪੰਜਾਬ ਦੇ ਪਿੰਡਾਂ, ਸੁਹਾਗਾਂ, ਘੋੜੀਆਂ ਅਤੇ ਲੋਰੀਆਂ ਦੇ ਉਸ ਅਮਰ ਸਰੋਵਰ ਵਿੱਚ ਇਸ਼ਨਾਨ ਕਰਵਾਉਣਗੇ, ਜਿਸਦੀ ਖ਼ੁਸ਼ਬੂ ਦੇਸ਼ਾਂ-ਵਿਦੇਸ਼ਾਂ ਵਿੱਚ ਵੱਸਦੇ ਹਰ ਪੰਜਾਬੀ ਦੇ ਦਿਲ ਤੱਕ ਪਹੁੰਚਦੀ ਹੈ। ਉਨ੍ਹਾਂ ਦੀਆਂ ਲਿਖੀਆਂ ਸੱਭਿਆਚਾਰਕ ਪੁਸਤਕਾਂ (ਜਿਵੇਂ: 'ਸਾਡੀਆਂ ਰਸਮਾਂ ਸਾਡੇ ਗੀਤ' ਅਤੇ 'ਵਿਰਸੇ ਦਾ ਵਣਜਾਰਾ') ਅੱਜ ਵਿਸ਼ਵ ਭਰ ਵਿੱਚ ਪੰਜਾਬੀ ਵਿਰਸੇ ਦਾ ਪ੍ਰਮਾਣਿਕ ਧੁਰਾ ਬਣ ਚੁੱਕੀਆਂ ਹਨ। ਆਓ, ਆਪਣੀਆਂ ਜੜ੍ਹਾਂ ਵੱਲ ਮੁੜੀਏ ਅਤੇ ਇਸ ਖ਼ੂਬਸੂਰਤ ਸੱਭਿਆਚਾਰਕ ਯਾਤਰਾ ਵਿੱਚ ਸਾਡੇ ਹਮਸਫ਼ਰ ਬਣੋ। — ਸਤਨਾਮ ਸਿੰਘ ਖਾਲਸਾ



## ਵਿਸ਼ੇਸ਼ ਸੱਭਿਆਚਾਰਕ ਸੰਪਾਦਕੀ: ਵਿਰਸੇ ਦੀ ਆਵਾਜ਼

# ਲੋਕਗੀਤਾਂ ਵਿੱਚ ਭਿੱਜੀ ਰੂਹ: ਪੰਜਾਬੀ ਸੱਭਿਆਚਾਰ ਦੇ ਅੰਬਰ ਦਾ ਸਦੀਵੀ ਚੰਦਰਮਾ-ਨੀਲਮ ਸੈਣੀ

'ਲੋਕ-ਗੀਤਾਂ ਦੀ ਬਾਂਹ ਉੱਤੇ ਕਿਸੇ ਵੀ ਗੀਤਕਾਰ ਦਾ ਨਾਓਂ ਨਹੀਂ ਖੁਣਿਆ ਹੁੰਦਾ, ਪਰ ਉਨ੍ਹਾਂ ਦੇ ਰੋਮ-ਰੋਮ ਉੱਤੇ ਜੋ ਲਫ਼ਜ਼ ਲਿਖਿਆ ਹੁੰਦਾ ਹੈ, ਉਹ ਹੈ—ਲੋਕ, ਲੋਕ, ਲੋਕ...।' — ਅੰਮ੍ਰਿਤਾ ਪ੍ਰੀਤਮ

(**ਲੜੀ**-11)

ਸੁੱਤਾ ਭੈਣ ਦਾ ਵੀਰਾ ਕੁੜੇ!
ਸੁੱਤੇ ਨੂੰ ਕੌਣ ਜਗਾਵੇ ਕੁੜੇ!
ਜਗਾਵੇ ਇਹਦੀ ਅੰਮਾਂ ਕੁੜੇ!
ਲਿਆਵੇ ਦੁੱਧ ਦਾ ਛੰਨਾ ਕੁੜੇ!
ਛੰਨੇ ਦੇ ਵਿਚ ਮੇਵਾ ਕੁੜੇ!
ਜੁੱਗ ਜੀਵੇ ਬੱਚੜਾ ਤੇਰਾ ਕੁੜੇ!
ਤਿਲ ਚੌਲੀਏ ਨੀ, ਗਿੱਗਾ ਮੌਲੀਏ ਨੀ।
ਗਿੱਗਾ ਜੰਮਿਆਂ ਨੀ, ਗੁੜ ਵੰਡਿਆ ਨੀ।
ਗੁੜ ਦੀਆਂ ਰੋੜੀਆਂ ਨੀ, ਭਰਾਮਾਂ ਜੋੜੀਆਂ ਨੀ।
ਗਿੱਗਾ ਆਪ ਜੀਵੇਗਾ, ਘੁਮਾਈ ਬਾਪ ਜੀਵੇਗਾ।
ਸਹੁਰਾ ਸਾਕ ਜੀਵੇਗਾ, ਤਿਲ ਚੌਲੀਏ ਨੀ।
ਤੇਰੇ ਵੇੜ੍ਹੇ ਵਿਚ ਮਸ਼ੀਨ,
ਤੇਰਾ ਪੁੱਤ ਬੜਾ ਸ਼ੁਕੀਨ।
ਲਾਉਂਦਾ ਪਾਊਡਰ ਤੇ ਕਰੀਮ,
ਪਾਉਂਦਾ ਪੈਂਟ ਤੇ ਕਮੀਜ਼।
ਤੇਰੇ ਵੇੜ੍ਹੇ ਵਿਚ ਕੜਾਹੀ,
ਤੇਰਾ ਪੁੱਤ ਬਣੇ ਸਿਪਾਹੀ।
ਹੁੱਲੇ ਨੀ ਮਾਂ ਹੁੱਲੇ,
ਦੋ ਬੇਰੀ ਪੱਤਰ ਝੁੱਲੇ।
ਦੋ ਝੁੱਲ ਪਈਆਂ ਖਜੂਰਾਂ,
ਖਜੂਰਾਂ ਸੁੱਟਿਆ ਮੇਵਾ।
ਇਸ ਮੁੰਡੇ ਦਾ ਕਰੋ ਮੰਗੇਵਾ,
ਇਸ ਮੁੰਡੇ ਦੀ ਵਹੁਟੀ ਨਿੱਕੜੀ।
ਜੋ ਖਾਂਦੀ ਚੂਰੀ ਕੁੱਟੜੀ,
ਵੌਂਟ੍ਹੀ ਕੁੱਟ-ਕੁੱਟ ਭਰਿਆ ਥਾਲ।
ਵੌਂਟ੍ਹੀ ਬਵ੍ਹੇ ਨਣਾਨਾਂ ਨਾਲ,
ਨਣਾਨ ਤੇ ਵੱਡੀ ਭਰਜਾਈ।

ਚੁੱਕ ਕੁੜਮਾਂ ਦੇ ਘਰ ਆਈ,
ਚੁੱਕ ਕੁੜਮਾਂ ਦੇ ਘਰ ਆਈ।
ਸੌ ਲੱਡੂ ਤੇ ਸੌ ਪੇੜਾ,
ਮਾਈਏ ਖਾਨੀ ਏਂ ਤਾਂ ਖਾਹ।
ਸਾਡੇ ਕੁੱਤਿਆਂ ਨੂੰ ਦ੍ਹੇ ਪਾ,
ਸਾਡੇ ਕੁੱਤੇ ਦੇਣ ਵਧਾਈਆਂ।
ਤੇਰੀਆਂ ਜੀਵਣ ਮੱਝਾਂ ਗਾਈਆਂ,
ਮੱਝਾਂ ਗਾਈਆਂ ਦਿੱਤਾ ਦੁੱਧ।
ਤੇਰੇ ਜੀਵਣ ਸੱਤੇ ਪੁੱਤ,
ਸੱਤਾਂ ਪੁੱਤਰਾਂ ਦੀ ਕੁੜਮਾਈ।
ਭੈਣ ਭੱਜੀ-ਭੱਜੀ ਆਈ,
ਦੇ ਮਾਈ ਲੱਕੜੀ ਤੇ ਦੇ ਮਾਈ ਗੋਹਾ।
ਤੇਰਾ ਪੁੱਤਰ ਨਮਾਂ ਨਰੋਆ,
ਲੋਹੜੀ ਜੀ, ਲੋਹੜੀ!
ਗਿੱਗਾ ਜੰਮਿਆਂ ਸੀ ਰਾਤ,
ਗੁੜ ਪਾ ਲਿਆ ਪਰਾਤ।
ਗਿੱਗਾ ਜੰਮਿਆਂ ਸੀ ਓਹਲੇ,
ਗੁੜ ਪਾ ਲਿਆ ਭੜੋਲੇ।
ਗਿੱਗਾ ਹਰੀ ਹਰੀ ਕਮਾਦੀ,
ਵੇ ਲੜਾਕੀ ਤੇਰੀ ਦਾਦੀ।
ਗਿੱਗਾ ਸਿੱਪੀ ਵਿਚ ਘਿਓ,
ਵੇ ਅਮੀਰ ਤੇਰਾ ਪਿਓ।
ਤੇਰੇ ਚੌਂਕੇ ਵਿਚ ਛਾਬਾ,
ਵੇ ਕੰਜੂਸ ਤੇਰਾ ਬਾਬਾ।
ਸਾਡੇ ਪੈਰਾਂ ਹੇਠ ਸਿਲਾਈਆਂ,



ਅਸੀਂ ਕਿਹੜੇ ਵੇਲੇ ਦੀਆਂ ਆਈਆਂ।
ਸਾਡੇ ਪੈਰਾਂ ਹੇਠਾਂ ਰੋੜ,
ਸਾਨੂੰ ਛੇਤੀ ਛੇਤੀ ਤੋਰ।
ਤੁਹਾਡੇ ਕੋਠੇ 'ਤੇ ਪਰਨਾਲਾ,
ਸਾਨੂੰ ਉੱਤੋਂ ਪੈਂਦਾ ਪਾਲ਼ਾ।
ਆਇਆ ਵਰ੍ਹੇ ਦਿਨਾਂ ਦਾ ਦਿਨ,
ਬੀਬੀ ਕਰ ਲੈ ਦਾਨ ਪੁੰਨ।
ਤੇਰੇ ਕੋਠੇ ਉੱਤੇ ਮੋਰ,
ਰੱਬ ਮੁੰਡਾ ਦੇਵੇ ਹੋਰ।

ਤੇਰਾ ਉਹ ਵੀ ਜੀਊਗਾ,
ਨੀ ਰੱਬ ਹੋਰ ਦੇਊਗਾ।
ਸਾਨੂੰ ਪਾਓ ਲੋਹੜੀ,
ਤੁਹਾਡੀ ਜੀਵੇ ਜੋੜੀ।
ਤੂੰ ਤੇ ਆਪ ਬੜੀ ਸ਼ੁਕੀਨ,
ਲਾਮੇਂ ਪਾਊਡਰ ਤੇ ਕਰੀਮ।
ਤੇਰੇ ਬੂਹੇ ਅੱਗੇ ਛੈਣਾਂ,
ਵੇਲਾਂ ਦੇਣ ਮੁੰਡੇ ਦੀਆਂ ਭੈਣਾਂ।
ਤੇਰੀ ਬਲਦਾਂ ਦੀ ਪੰਜਾਲੀ,
ਤੇਰੇ ਪੋਤੇ ਹੋਵਣ ਚਾਲੀ।
ਤੇਰੇ ਬੂਹੇ ਅੱਗੇ ਚੇਨ,
ਮੁੰਡਿਆ ਵੌਂਟ੍ਹੀ ਲਿਆਵੀਂ ਮੇਮ।
ਚੰਨ ਚਾਨਣੀ ਰਾਤ ਨੀ ਕੁੜੀਓ, ਤਾਰਿਆਂ ਝੁੰਮਰ ਪਾਇਆ।
ਕੇੜ੍ਹੀ ਦੂਰ ਵਸੇਂਦੀ ਦਾ ਅੱਜ ਵੀਰਨ ਲੋੜ੍ਹੀ ਲਿਆਇਆ।
ਉੱਠ ਕੁੜੇ ਤੂੰ ਅਨੀਤਾ ਕੁੜੀਏ, ਤੇਰਾ ਵੀਰਨ ਆਇਆ,
ਸਭੇ ਸਹੇਲੀਆਂ ਪੁੱਛਣ ਲੱਗੀਆਂ, ਕੀ ਕੁਛ ਵੀਰਾ ਲਿਆਇਆ।
ਆਉਂਦਾ ਚੜ੍ਹ ਪਲੰਘ ਤੇ ਬੈਠਾ, ਲੱਸੀ ਦਾ ਤ੍ਰਿਹਾਇਆ।
ਕੱਚੀ ਲੱਸੀ ਕਦੇ ਨਾ ਦੇਮਾਂ, ਕੜ੍ਹਦਾ ਦੁੱਧ ਬਣਾਇਆ।
ਪੀ ਲੈ ਪੀ ਲੈ ਅੰਮਾਂ ਜਾਇਆ, ਲੱਪ ਕੁ ਮਿੱਠਾ ਪਾਇਆ।
ਹੇਠਾਂ ਗੜਵਾ ਉੱਤੇ ਕਟੋਰਾ, ਪੀ ਮੇਰੀ ਅੰਮਾਂ ਜਾਇਆ।
ਲੱਡੂ, ਪਿੰਨੀਆਂ, ਚੂੜਾ, ਕੰਙਣ, ਸਭ ਕੁਛ ਖੋਲ੍ਹ ਦਿਖਾਇਆ।
ਚੰਨ ਚਾਨਣੀ ਰਾਤ ਨੀ ਕੁੜੀਓ, ਤਾਰਿਆਂ ਝੁੰਮਰ ਪਾਇਆ।
ਕਾਕਾ ਮਾਰ ਫ਼ੁੱਲਾਂ ਨੂੰ ਅੱਡੀ,
ਤੇਰੀ ਉਮਰ ਹੋਵੇਗੀ ਵੱਡੀ।
ਤੇਰੇ ਬੂਹੇ ਅੱਗੇ ਆਈਆਂ,
ਲੈ ਕੇ ਜਾਣਾ ਹੈ ਵਧਾਈਆਂ।
ਤੇਰੇ ਕੋਠੇ ਤੇ ਅਖ਼ਰੋਟ,
ਸਾਨੂੰ ਦੇ ਦੇ ਸੌ ਦਾ ਨੋਟ।

**ਲੋਹੜੀ ਮੰਗਣ ਵੇਲੇ ਮੁੰਡਿਆਂ ਦੇ ਗੀਤ:**

ਲੋਹੜੀ ਮੰਗਣ ਵੇਲੇ ਮੁੰਡੇ ਵੀ ਵੱਖ-ਵੱਖ ਟੋਲੀਆਂ ਵਿਚ ਲੋਹੜੀ ਮੰਗਦੇ ਸਨ। ਲੋਹੜੀ ਮੰਗਣ ਵੇਲੇ ਮੁੰਡਿਆਂ ਵਲੋਂ ਖ਼ਾਸ ਗੀਤ ਸੁੰਦਰ-ਮੁੰਦਰੀਏ ਗਾਇਆ ਜਾਂਦਾ ਸੀ। 'ਸੁੰਦਰ ਮੁੰਦਰੀਏ' ਨਾਂ ਦੇ ਪ੍ਰਸਿੱਧ ਗੀਤ ਨਾਲ ਮੁਗ਼ਲ ਸਮਰਾਟ ਅਕਬਰ ਦੇ ਸਮਕਾਲੀ ਦੁੱਲਾ ਭੱਟੀ ਨਾਲ ਸੰਬੰਧਿਤ ਕਹਾਣੀ ਜੁੜੀ ਹੋਈ ਹੈ। ਇਸ ਕਹਾਣੀ ਦਾ ਜ਼ਿਕਰ ਡਾ. ਸੁਹਿੰਦਰਬੀਰ ਸਿੰਘ ਵਲੋਂ ਫ਼ੇਸ ਬੁੱਕ 'ਤੇ ਲੋਹੜੀ ਬਾਰੇ ਲਿਖੇ ਲੇਖ ਵਿਚ ਵਿਸਥਾਰ ਨਾਲ ਕੀਤਾ ਗਿਆ ਹੈ, ਜੋ ਨਿਮਨ ਲਿਖਤ ਹੈ:

(ਚਲਦਾ)

# ਵੀਰ ਆਇਆ, ਸੰਧਾਰਾ ਲਿਆਇਆ



**ਬਰਜਿੰਦਰ ਕੌਰ ਬਿਸਰਾਓ**

ਪੰਜਾਬੀ ਲੋਕ ਆਪਣੇ ਅਮੀਰ ਸੱਭਿਆਚਾਰ, ਰੀਤੀ-ਰਿਵਾਜਾਂ ਅਤੇ ਪਰਿਵਾਰਕ ਰਿਸ਼ਤਿਆਂ ਦੀ ਮਿਠਾਸ ਲਈ ਸੰਸਾਰ ਭਰ ਵਿੱਚ ਜਾਣੇ ਜਾਂਦੇ ਹਨ। ਜੇ ਗਹੁ ਨਾਲ ਵਾਚੀਏ ਤਾਂ ਪਤਾ ਲੱਗਦਾ ਹੈ ਕਿ ਹਰ ਤਿਉਹਾਰ ਅਤੇ ਰਸਮਾਂ ਰਿਵਾਜਾਂ ਨਾਲ ਸਾਡਾ ਕੋਈ ਨਾ ਕੋਈ ਰਿਸ਼ਤਾ ਵੀ ਜ਼ਰੂਰ ਜੁੜਿਆ ਹੋਇਆ ਹੁੰਦਾ ਹੈ। ਇਸ ਦਾ ਮਕਸਦ ਸਿੱਧੇ ਤੌਰ 'ਤੇ ਰਿਸ਼ਤਿਆਂ ਵਿੱਚ ਮਿਠਾਸ ਭਰ ਕੇ ਤਿਉਹਾਰ ਦੀ ਖ਼ੁਸ਼ੀ ਨੂੰ ਦੁੱਗਣਾ ਕਰਨਾ ਹੁੰਦਾ ਹੈ। ਉਂਜ ਤਾਂ ਹਰ ਦਿਨ-ਤਿਉਹਾਰ 'ਤੇ ਕਦੇ ਭੈਣਾਂ ਵੱਲੋਂ ਭਰਾਵਾਂ ਦਾ ਤੇ ਭਰਾਵਾਂ ਵੱਲੋਂ ਭੈਣਾਂ ਦਾ, ਮਾਪਿਆਂ ਵੱਲੋਂ ਧੀਆਂ ਦਾ ਮਾਣ ਵਧਾਇਆ ਜਾਂਦਾ ਹੈ, ਪਰ ਧੀਆਂ ਨੂੰ ਸੰਧਾਰਾ ਦੇਣ ਦਾ ਰਿਵਾਜ ਪੰਜਾਬੀ ਸੱਭਿਆਚਾਰ ਦਾ ਇੱਕ ਅਹਿਮ ਹਿੱਸਾ ਹੈ।

ਸੰਧਾਰਾ ਦੇਣ ਦਾ ਰਿਵਾਜ ਕੇਵਲ ਤੋਹਫ਼ੇ ਦੇਣ ਦੀ ਰਸਮ ਨਹੀਂ, ਸਗੋਂ ਧੀ ਪ੍ਰਤੀ ਪਿਆਰ, ਸਤਿਕਾਰ ਅਤੇ ਆਪਣੇਪਣ ਦੀ ਨਿਸ਼ਾਨੀ ਹੈ। ਸੰਧਾਰਾ ਪੇਕੇ ਘਰ ਦੀਆਂ ਉਨ੍ਹਾਂ ਭਾਵਨਾਵਾਂ ਦਾ ਪ੍ਰਗਟਾਵਾ ਹੈ ਜੋ ਵਿਆਹ ਤੋਂ ਬਾਅਦ ਵੀ ਧੀ ਨਾਲ ਦਿਲੋਂ ਅਤੇ ਭਾਵਨਾਤਮਕ ਤੌਰ 'ਤੇ ਜੁੜੀਆਂ ਰਹਿੰਦੀਆਂ ਹਨ। ਰਵਾਇਤੀ ਤੌਰ 'ਤੇ ਧੀਆਂ ਨੂੰ ਸਾਲ ਵਿੱਚ ਦੋ ਵਾਰ ਸੰਧਾਰਾ ਦਿੱਤਾ ਜਾਂਦਾ ਹੈ। ਇੱਕ ਸੰਧਾਰਾ ਸਾਉਣ ਦੇ ਮਹੀਨੇ ਖ਼ਾਸ ਕਰਕੇ ਤੀਆਂ ਦੇ ਤਿਉਹਾਰ ਮੌਕੇ ਵਿਆਹੀਆਂ ਧੀਆਂ ਨੂੰ ਦਿੱਤਾ ਜਾਂਦਾ ਹੈ। ਜਦੋਂ ਧੀਆਂ ਤੀਆਂ ਮਨਾਉਣ ਲਈ ਆਪਣੇ ਪੇਕੇ ਆਉਂਦੀਆਂ ਹਨ ਅਤੇ ਵਾਪਸ ਸਹੁਰੇ ਘਰ ਜਾਂਦੀਆਂ ਹਨ ਤਾਂ ਮਾਪੇ ਉਨ੍ਹਾਂ ਨੂੰ ਨਵੇਂ ਕੱਪੜੇ, ਚੂੜੀਆਂ, ਮਹਿੰਦੀ, ਮਿਠਾਈਆਂ, ਮੱਠੀਆਂ, ਬਿਸਕੁਟ, ਲੱਡੂ ਅਤੇ ਹੋਰ ਲੋੜੀਂਦਾ ਸਾਮਾਨ ਦੇ ਕੇ ਭੇਜਦੇ ਹਨ। ਕਈ ਪਰਿਵਾਰ ਆਪਣੀ ਸਮਰੱਥਾ ਅਨੁਸਾਰ ਗਹਿਣੇ ਜਾਂ ਹੋਰ ਕੀਮਤੀ ਤੋਹਫ਼ੇ ਵੀ ਦਿੰਦੇ ਹਨ। ਇਸ ਬਾਰੇ ਲੋਕ ਬੋਲੀਆਂ ਵਿੱਚ ਵੀ ਕੁੜੀਆਂ ਦੀਆਂ ਭਾਵਨਾਵਾਂ ਦਾ ਜ਼ਿਕਰ ਆਉਂਦਾ ਹੈ;

**ਸੰਧਾਰਾ ਆਇਆ, ਸੰਧਾਰਾ ਆਇਆ**
**ਵੀਰ ਮੇਰਾ ਅੰਬਰੋਂ ਤਾਰਾ ਲਿਆਇਆ!**
**ਖਾਣ ਨੂੰ ਪਿੰਨੇ, ਪਹਿਨਣ ਨੂੰ ਚੀਰ**
**ਮੈਂ ਵਾਰੀ ਜਾਵਾਂ ਆਪਣੇ ਵੀਰ!**

ਦੂਜਾ ਸੰਧਾਰਾ ਲੋਹੜੀ ਦੇ ਤਿਉਹਾਰ 'ਤੇ ਦਿੱਤਾ ਜਾਂਦਾ ਹੈ ਜਿਸ ਵਿੱਚ ਗੁੜ ਅਤੇ ਤਿਲ ਦੇ ਲੱਡੂ, ਚੌਲਾਂ ਦੀਆਂ ਪਿੰਨੀਆਂ, ਮੂੰਗਫਲੀ, ਰਿਓੜੀਆਂ ਅਤੇ ਭੁੱਗੇ ਦੀ ਮਠਿਆਈ ਆਦਿ ਖ਼ਾਸ ਤੌਰ 'ਤੇ ਮਾਪੇ ਜਾਂ ਭਰਾ ਆਪਣੀਆਂ ਧੀਆਂ-ਭੈਣਾਂ ਨੂੰ ਸਹੁਰੇ ਘਰ ਦੇ ਕੇ ਆਉਂਦੇ ਹਨ। ਇਸ ਤਰ੍ਹਾਂ ਸੰਧਾਰੇ ਦੀ ਰਸਮ ਨੂੰ ਕੁੜੀਆਂ ਦਾ ਸਹੁਰੇ ਘਰ ਵਿੱਚ ਮਾਣ ਵਧਾਉਣ ਦਾ ਇੱਕ ਜ਼ਰੀਆ ਵੀ ਮੰਨਿਆ ਜਾਂਦਾ ਹੈ। ਸੰਧਾਰਾ ਧੀ ਨੂੰ ਇਹ ਅਹਿਸਾਸ ਕਰਵਾਉਂਦਾ ਹੈ ਕਿ ਵਿਆਹ ਤੋਂ ਬਾਅਦ ਵੀ ਉਸ ਦਾ ਪੇਕਾ ਘਰ ਉਸ ਲਈ ਪਹਿਲਾਂ ਵਾਂਗ ਹੀ ਉਸ ਦਾ ਪੂਰਾ ਮਾਣ ਕਰਦਾ ਹੈ। ਇਹ ਰਿਵਾਜ ਧੀ ਦੇ ਸਨਮਾਨ, ਉਸ ਦੀਆਂ ਭਾਵਨਾਵਾਂ ਅਤੇ ਪਰਿਵਾਰਕ ਸਾਂਝ ਨੂੰ ਮਜ਼ਬੂਤ ਕਰਦਾ ਹੈ। ਸੰਧਾਰਾ ਸਿਰਫ਼ ਸੌਗਾਤਾਂ ਦਾ ਲੈਣ-ਦੇਣ ਨਹੀਂ, ਸਗੋਂ ਮਾਪਿਆਂ ਦੀਆਂ ਅਸੀਸਾਂ ਅਤੇ ਭੈਣ-ਭਰਾਵਾਂ ਦੇ ਪਿਆਰ ਦਾ ਪ੍ਰਤੀਕ ਹੈ।

ਸਮੇਂ ਦੇ ਨਾਲ ਨਾਲ ਇਸ ਰਿਵਾਜ ਦਾ ਰੂਪ ਵੀ ਜ਼ਰੂਰ ਬਦਲਿਆ ਹੈ। ਪਹਿਲਾਂ ਸੰਧਾਰਾ ਹੱਥੀਂ ਬਣੀਆਂ ਮੱਠੀਆਂ, ਘਰ ਦੇ ਬਣਾਏ ਬਿਸਕੁਟ, ਸੂਟ ਅਤੇ ਰਵਾਇਤੀ ਚੀਜ਼ਾਂ ਦਾ ਹੁੰਦਾ ਸੀ, ਪਰ ਅੱਜ ਇਸ ਵਿੱਚ ਤਿਆਰ ਕੱਪੜੇ, ਮਠਿਆਈਆਂ, ਹੋਰ ਘਰੇਲੂ ਉਪਕਰਨ ਜਿਸ ਦੀ ਲੜਕੀ ਨੂੰ ਜ਼ਰੂਰਤ ਹੋਵੇ ਜਾਂ ਨਕਦ ਰਕਮ ਜਾਂ ਹੋਰ ਆਧੁਨਿਕ ਤੋਹਫ਼ੇ ਆਦਿ ਵੀ ਸ਼ਾਮਲ ਹੋ ਗਏ ਹਨ। ਸੰਧਾਰੇ ਦੇ ਰੂਪ ਵਿੱਚ ਚਾਹੇ ਸਮੇਂ ਦੇ ਨਾਲ ਬਦਲਾਅ ਆ ਗਏ ਹਨ, ਪਰ ਫਿਰ ਵੀ ਇਸ ਦੀ ਰੂਹ ਵਿੱਚ ਧੀ ਪ੍ਰਤੀ ਪਿਆਰ ਅਤੇ ਸਨੇਹ ਉਹੀ ਹੈ।

ਅੱਜ ਦੇ ਤੇਜ਼-ਰਫ਼ਤਾਰ ਜੀਵਨ ਵਿੱਚ ਭਾਵੇਂ ਕਈ ਪੁਰਾਣੀਆਂ ਰਸਮਾਂ ਮੱਧਮ ਪੈ ਰਹੀਆਂ ਹਨ, ਪਰ ਸੰਧਾਰਾ ਦੇਣ ਦੀ ਪਰੰਪਰਾ ਅਜੇ ਵੀ ਪੰਜਾਬੀ ਪਰਿਵਾਰਾਂ ਵਿੱਚ ਜਿਉਂ ਦੀ ਤਿਉਂ ਬਰਕਰਾਰ ਹੈ। ਇਹ ਰਿਵਾਜ ਸਾਨੂੰ ਯਾਦ ਦਿਵਾਉਂਦਾ ਹੈ ਕਿ ਧੀਆਂ ਵੀ ਘਰ ਦਾ ਮਾਣ ਹੁੰਦੀਆਂ ਹਨ ਅਤੇ ਉਨ੍ਹਾਂ ਨਾਲ ਪਿਆਰ ਅਤੇ ਸਤਿਕਾਰ ਦਾ ਰਿਸ਼ਤਾ ਹਮੇਸ਼ਾ ਕਾਇਮ ਰਹਿਣਾ ਚਾਹੀਦਾ ਹੈ। ਧੀਆਂ ਨੂੰ ਸੰਧਾਰਾ ਦੇਣ ਦਾ ਰਿਵਾਜ ਪੰਜਾਬ ਦੀ ਲੋਕ-ਸੱਭਿਆਚਾਰਕ ਵਿਰਾਸਤ ਦਾ ਇੱਕ ਅਨਮੋਲ ਹਿੱਸਾ ਹੈ। ਇਹ ਰਿਸ਼ਤਿਆਂ ਦੇ ਨਿੱਘ, ਪਰਿਵਾਰਕ ਏਕਤਾ ਅਤੇ ਧੀ ਪ੍ਰਤੀ ਅਟੁੱਟ ਮੋਹ ਦਾ ਪ੍ਰਤੀਕ ਹੈ। ਅਜਿਹੀਆਂ ਪਰੰਪਰਾਵਾਂ ਨੂੰ ਸੰਭਾਲਣਾ ਅਤੇ ਅਗਲੀ ਪੀੜ੍ਹੀ ਤੱਕ ਪਹੁੰਚਾਉਣਾ ਸਾਡੀ ਸਭ ਦੀ ਜ਼ਿੰਮੇਵਾਰੀ ਹੈ ਕਿਉਂਕਿ ਇਹੋ ਜਿਹੇ ਰੀਤੀ ਰਿਵਾਜਾਂ ਵਿੱਚ ਹੀ ਪੰਜਾਬੀ ਸੱਭਿਆਚਾਰ ਦੀ ਅਸਲ ਰੂਹ ਵੱਸਦੀ ਹੈ।

# PSPCL ਆਊਟਸੋਰਸ ਮੁਲਾਜ਼ਮਾਂ ਦੇ ਸਮਰਥਨ 'ਚ ਉੱਤਰੀ 'ਬੀ.ਕੇ.ਯੂ. ਉਗਰਾਹਾਂ'; ਪਾਵਰਕੌਮ ਮੁੱਖ ਦਫ਼ਤਰ ਬਾਹਰ ਲਾਇਆ ਜਾਮ

## ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਅਤੇ ਨਿੱਜੀਕਰਨ ਦੀਆਂ ਨੀਤੀਆਂ ਰੱਦ ਕਰਨ ਦੀ ਮੰਗ; ਮੁੱਖ ਮਾਰਗ 'ਤੇ ਆਵਾਜਾਈ ਹੋਈ ਪ੍ਰਭਾਵਿਤ



ਪਟਿਆਲਾ (ਪੰਜਾਬ): ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (PSPCL) ਦੇ ਆਊਟਸੋਰਸ ਅਤੇ ਠੇਕਾ ਮੁਲਾਜ਼ਮਾਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਮੰਗਾਂ ਦੇ ਹੱਕ ਵਿੱਚ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਵੱਡਾ ਮੋਰਚਾ ਖੋਲ੍ਹਦਿਆਂ ਸੜਕਾਂ 'ਤੇ ਉੱਤਰ ਆਈ ਹੈ। ਮੰਗਲਵਾਰ ਨੂੰ ਬੀ.ਕੇ.ਯੂ. ਉਗਰਾਹਾਂ ਦੇ ਆਗੂਆਂ ਅਤੇ ਵਰਕਰਾਂ ਨੇ ਪਟਿਆਲਾ ਸਥਿਤ ਪਾਵਰਕੌਮ ਦੇ ਮੁੱਖ ਦਫ਼ਤਰ (Headquarters) ਦੇ ਬਾਹਰ ਜ਼ੋਰਦਾਰ ਧਰਨਾ ਦਿੱਤਾ ਅਤੇ ਆਵਾਜਾਈ ਠੱਪ ਕਰਕੇ ਰੋਡ ਬਲਾਕ ਕਰ ਦਿੱਤਾ।

ਕਿਸਾਨ ਆਗੂਆਂ ਨੇ ਦੋਸ਼ ਲਗਾਇਆ ਕਿ ਸਰਕਾਰ ਅਤੇ ਪਾਵਰਕੌਮ ਮੈਨੇਜਮੈਂਟ ਲਗਾਤਾਰ ਆਊਟਸੋਰਸ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਅਣਗੌਲਿਆ ਕਰ ਰਹੀ ਹੈ, ਜਿਸ ਕਾਰਨ ਕਿਸਾਨ ਜਥੇਬੰਦੀਆਂ ਨੂੰ ਇਨ੍ਹਾਂ ਮੁਲਾਜ਼ਮਾਂ ਦੇ ਹੱਕ 'ਚ ਡਟਣਾ ਪਿਆ ਹੈ।

**ਮੁੱਖ ਮੰਗਾਂ:** ਚਿਰਾਂ ਤੋਂ ਲਟਕਦੀਆਂ ਮੰਗਾਂ ਤੇ ਪੱਕੀ ਭਰਤੀ: ਆਊਟਸੋਰਸ ਅਤੇ ਠੇਕਾ ਪ੍ਰਣਾਲੀ ਅਧੀਨ ਕੰਮ ਕਰ ਰਹੇ ਮੁਲਾਜ਼ਮਾਂ ਨੂੰ ਤੁਰੰਤ ਪੱਕਾ ਕੀਤਾ ਜਾਵੇ।

ਨਿੱਜੀਕਰਨ 'ਤੇ ਰੋਕ: ਪਾਵਰਕੌਮ ਵਿੱਚ ਚੱਲ ਰਹੇ ਕਥਿਤ ਨਿੱਜੀਕਰਨ ਦੀਆਂ ਨੀਤੀਆਂ 'ਤੇ ਤੁਰੰਤ ਰੋਕ ਲਗਾਈ ਜਾਵੇ।

ਸੁਰੱਖਿਆ ਤੇ ਪੂਰੇ ਭੱਤੇ: ਖ਼ਤਰਨਾਕ ਸਥਿਤੀਆਂ ਵਿੱਚ ਕੰਮ ਕਰਨ ਵਾਲੇ ਲਾਈਨਮੈਨਾਂ ਅਤੇ ਤਕਨੀਕੀ ਅਮਲੇ ਲਈ ਢੁਕਵੇਂ ਸੁਰੱਖਿਆ ਇੰਤਜ਼ਾਮ ਅਤੇ ਬੀਮਾ ਸੁਵਿਧਾ ਯਕੀਨੀ ਬਣਾਈ ਜਾਵੇ।

ਆਵਾਜਾਈ ਹੋਈ ਪ੍ਰਭਾਵਿਤ: ਪਾਵਰਕੌਮ ਹੈੱਡਕੁਆਰਟਰ ਦੇ ਬਾਹਰ ਲਾਏ ਗਏ ਧਰਨੇ ਅਤੇ ਰੋਡ ਬਲਾਕ ਕਾਰਨ ਪਟਿਆਲਾ ਸ਼ਹਿਰ ਦੀਆਂ ਪ੍ਰਮੁੱਖ ਸੜਕਾਂ 'ਤੇ ਵਾਹਨਾਂ ਦੀਆਂ ਲੰਮੀਆਂ ਲਾਈਨਾਂ ਲੱਗ ਗਈਆਂ, ਜਿਸ ਨਾਲ ਆਮ ਲੋਕਾਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ।

ਕਿਸਾਨ ਆਗੂਆਂ ਦੀ ਚੇਤਾਵਨੀ: ਬੀ.ਕੇ.ਯੂ. ਉਗਰਾਹਾਂ ਦੇ ਆਗੂਆਂ ਨੇ ਸਪੱਸ਼ਟ ਕੀਤਾ ਕਿ ਜੇਕਰ ਪੰਜਾਬ ਸਰਕਾਰ ਅਤੇ ਪਾਵਰਕੌਮ ਪ੍ਰਸ਼ਾਸਨ ਨੇ ਆਊਟਸੋਰਸ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਦਾ ਜਲਦ ਹੱਲ ਨਾ ਕੀਤਾ, ਤਾਂ ਕਿਸਾਨ-ਮਜ਼ਦੂਰ ਜਥੇਬੰਦੀਆਂ ਨਾਲ ਮਿਲ ਕੇ ਇਸ ਅੰਦੋਲਨ ਨੂੰ ਪੂਰੇ ਪੰਜਾਬ ਵਿੱਚ ਹੋਰ ਤਿੱਖਾ ਕੀਤਾ ਜਾਵੇਗਾ।

# ਸੰਸਦ ਭਵਨ ਘੇਰਾਓ ਹਿੰਸਾ ਵਿਰੁੱਧ ਜੰਤਰ-ਮੰਤਰ 'ਚ 'ਯੂਨਾਈਟਿਡ ਹਿੰਦੂ ਫਰੰਟ' ਦਾ ਜ਼ੋਰਦਾਰ ਪ੍ਰਦਰਸ਼ਨ; ਜੈ ਭਗਵਾਨ ਗੋਇਲ ਵੱਲੋਂ ਸਖ਼ਤ ਕਾਰਵਾਈ ਦੀ ਮੰਗ

## ਵਿਦਿਆਰਥੀਆਂ ਨੂੰ ਭੜਕਾਉਣ, ਪੁਲਿਸ 'ਤੇ ਹਮਲਾ ਕਰਨ ਅਤੇ ਕਾਨੂੰਨ ਨੂੰ ਹੱਥ 'ਚ ਲੈਣ ਵਾਲਿਆਂ ਖ਼ਿਲਾਫ਼ NSA ਅਤੇ ਦੇਸ਼ਧ੍ਰੋਹ ਦਾ ਮਾਮਲਾ ਦਰਜ ਕਰਨ ਦੀ ਚੇਤਾਵਨੀ




ਨਵੀਂ ਦਿੱਲੀ: ਨਵੀਂ ਦਿੱਲੀ ਦੇ ਜੰਤਰ-ਮੰਤਰ ਵਿਖੇ 'ਯੂਨਾਈਟਿਡ ਹਿੰਦੂ ਫਰੰਟ' (United Hindu Front) ਦੇ ਰਾਸ਼ਟਰੀ ਪ੍ਰਧਾਨ ਜੈ ਭਗਵਾਨ ਗੋਇਲ (Jai Bhagwan Goyal) ਦੀ ਅਗਵਾਈ ਹੇਠ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ ਗਿਆ। ਇਹ ਪ੍ਰਦਰਸ਼ਨ ਪਿਛਲੇ ਦਿਨੀਂ ਸੰਸਦ ਭਵਨ ਵੱਲ ਮਾਰਚ ਦੌਰਾਨ ਹੋਈ ਹਿੰਸਾ, ਬੈਰੀਕੇਡ ਤੋੜ ਕੇ ਸੰਸਦ ਪਰਿਸਰ ਵੱਲ ਵਧਣ, ਅਤੇ ਪੁਲਿਸ ਕਰਮਚਾਰੀਆਂ 'ਤੇ ਹੋਏ ਹਮਲਿਆਂ ਦੇ ਵਿਰੋਧ ਵਿੱਚ ਆਯੋਜਿਤ ਕੀਤਾ ਗਿਆ ਸੀ। ਜੈ ਭਗਵਾਨ ਗੋਇਲ ਅਤੇ ਫਰੰਟ ਦੇ ਹੋਰ ਸਮਰਥਕਾਂ ਨੇ ਮੰਗ ਕੀਤੀ ਕਿ ਦੇਸ਼ ਦੀ ਸੰਸਦ ਦੀ ਸੁਰੱਖਿਆ ਨੂੰ ਖ਼ਤਰੇ ਵਿੱਚ ਪਾਉਣ ਅਤੇ ਕਾਨੂੰਨ ਵਿਵਸਥਾ ਨੂੰ ਭੰਗ ਕਰਨ ਵਾਲੇ ਅਨਸਰਾਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ।

**ਦੋਸ਼ੀਆਂ 'ਤੇ ਸਖ਼ਤ ਕਾਰਵਾਈ ਦੀ ਮੰਗ:** ਜੈ ਭਗਵਾਨ ਗੋਇਲ ਨੇ ਦੋਸ਼ ਲਗਾਇਆ ਕਿ ਕੁਝ ਅਸਮਾਜਿਕ ਅਤੇ ਸਿਆਸੀ ਤਾਕਤਾਂ ਵੱਲੋਂ ਨੌਜਵਾਨਾਂ ਅਤੇ ਵਿਦਿਆਰਥੀਆਂ ਨੂੰ ਭੜਕਾ ਕੇ ਸੰਸਦ ਭਵਨ ਵੱਲ ਭੇਜਿਆ ਗਿਆ, ਜਿਸ ਨਾਲ ਹਿੰਸਕ ਝੜਪਾਂ ਹੋਈਆਂ ਅਤੇ ਪੁਲਿਸ ਕਰਮਚਾਰੀ ਜ਼ਖ਼ਮੀ ਹੋਏ। ਉਨ੍ਹਾਂ ਮੰਗ ਕੀਤੀ ਕਿ ਅਜਿਹੇ ਆਗੂਆਂ ਅਤੇ ਉਕਸਾਉਣ ਵਾਲਿਆਂ ਵਿਰੁੱਧ ਰਾਸ਼ਟਰੀ ਸੁਰੱਖਿਆ ਕਾਨੂੰਨ (NSA) ਅਧੀਨ ਕਾਰਵਾਈ ਕੀਤੀ ਜਾਵੇ।

**ਦੇਸ਼ ਦੀ ਸੁਰੱਖਿਆ ਨਾਲ ਖਿਲਵਾੜ ਦਾ ਦੋਸ਼:** ਯੂਨਾਈਟਿਡ ਹਿੰਦੂ ਫਰੰਟ ਦੇ ਆਗੂਆਂ ਨੇ ਕਿਹਾ ਕਿ ਦੇਸ਼ ਦੀ ਸੰਸਦ ਵੱਲ ਹਿੰਸਕ ਮਾਰਚ ਕਰਨਾ ਅਤੇ ਕਾਨੂੰਨ ਦੇ ਰਾਜ ਨੂੰ ਚੁਣੌਤੀ ਦੇਣਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕੇਂਦਰ ਸਰਕਾਰ ਅਤੇ ਦਿੱਲੀ ਪੁਲਿਸ ਤੋਂ ਮੰਗ ਕੀਤੀ ਕਿ ਹਿੰਸਾ ਦੇ ਮਾਸਟਰਮਾਈਂਡਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ।

**ਜੰਤਰ-ਮੰਤਰ 'ਤੇ ਨਾਅਰੇਬਾਜ਼ੀ:** ਪ੍ਰਦਰਸ਼ਨ ਦੌਰਾਨ ਜੰਤਰ-ਮੰਤਰ 'ਤੇ ਇਕੱਠੇ ਹੋਏ ਪ੍ਰਦਰਸ਼ਨਕਾਰੀਆਂ ਨੇ ਹੱਥਾਂ 'ਚ ਪਲੈਕਾਰਡ ਫੜ ਕੇ ਦੇਸ਼ ਵਿਰੋਧੀ ਤਾਕਤਾਂ ਅਤੇ ਹਿੰਸਾ ਭੜਕਾਉਣ ਵਾਲਿਆਂ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਅਤੇ ਪ੍ਰਸ਼ਾਸਨ ਨੂੰ ਇੱਕ ਮੰਗ ਪੱਤਰ ਵੀ ਸੌਂਪਿਆ।

# ਯਾਦਾਂ ਕਰਤਾਰਪੁਰ ਦੀਆਂ : ਕੋਰਿਡੋਰ ਬਣਨ ਤੋਂ ਪਹਿਲਾਂ (2016) ਦਾ ਉਹ ਰੂਹਾਨੀ ਅਤੇ ਸਾਦਗੀ ਭਰਿਆ ਨਜ਼ਾਰਾ

## ਕੋਰੀਡੋਰ ਪ੍ਰੋਜੈਕਟ ਤੋਂ ਪਹਿਲਾਂ ਖੇਤਾਂ 'ਚ ਘਿਰਿਆ ਗੁਰਦੁਆਰਾ ਸਾਹਿਬ, ਦੇਸੀ ਲੰਗਰ ਦਾ ਸਵਾਦ ਅਤੇ ਅਪਣੱਤ; ਸ਼ਾਹਿਦ ਸ਼ੱਬੀਰ ਦੀਆਂ ਪੁਰਾਣੀਆਂ ਯਾਦਾਂ ਨੇ ਛੇੜੇ ਦਿਲ ਦੇ ਤਾਰ

ਕਰਤਾਰਪੁਰ ਸਾਹਿਬ (ਨਾਰੋਵਾਲ, ਪਾਕਿਸਤਾਨ): ਸਾਲ 2019 ਵਿੱਚ ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ (Kartarpur Corridor) ਦੇ ਉਦਘਾਟਨ ਤੋਂ ਪਹਿਲਾਂ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਦਰਬਾਰ ਸਾਹਿਬ ਦਾ ਨਜ਼ਾਰਾ ਬਿਲਕੁਲ ਵੱਖਰਾ, ਕੁਦਰਤੀ ਅਤੇ ਸਾਦਗੀ ਨਾਲ ਭਰਪੂਰ ਹੁੰਦਾ ਸੀ। ਸਾਲ 2016 ਦੇ ਉਸ ਦੌਰ ਦੀਆਂ ਯਾਦਾਂ ਨੂੰ ਸਾਂਝਾ ਕਰਦਿਆਂ ਖੋਜਕਰਤਾ ਅਤੇ ਇਤਿਹਾਸਕਾਰ ਸ਼ਾਹਿਦ ਸ਼ੱਬੀਰ (Shahid Shabbir) ਨੇ ਆਪਣੇ ਜਜ਼ਬਾਤ ਸਾਂਝੇ ਕੀਤੇ ਹਨ।

ਉਨ੍ਹਾਂ ਦੱਸਿਆ ਕਿ ਜਦੋਂ ਅਜੇ ਕੋਰੀਡੋਰ ਪ੍ਰੋਜੈਕਟ ਦੀ ਕਿਸੇ ਨੂੰ ਕੋਈ ਜਾਣਕਾਰੀ ਨਹੀਂ ਸੀ, ਉਦੋਂ ਗੁਰਦੁਆਰਾ ਸਾਹਿਬ ਦੇ ਆਲੇ-ਦੁਆਲੇ ਦਾ ਮਾਹੌਲ ਸ਼ਾਂਤੀ, ਕੁਦਰਤ ਅਤੇ ਰੂਹਾਨੀਅਤ ਨਾਲ ਭਰਪੂਰ ਸੀ।

**ਮੁੱਖ ਯਾਦਾਂ ਅਤੇ ਬਦਲਾਅ :**

**ਬਾਸਮਤੀ ਦੀ ਖ਼ੁਸ਼ਬੂ ਅਤੇ ਹਰੇ-ਭਰੇ ਖੇਤ:** ਕੋਰੀਡੋਰ ਦੇ ਵੱਡੇ ਕੰਕਰੀਟ ਕੰਪਲੈਕਸ ਬਣਨ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਦੇ ਚਾਰੇ ਪਾਸੇ ਹਰੇ-ਭਰੇ ਖੇਤ ਸਨ। ਸਾਵਣ-ਭਾਦੋਂ ਦੇ ਦਿਨਾਂ ਵਿੱਚ ਖੇਤਾਂ 'ਚੋਂ ਆਉਂਦੀ ਸੁਹਣੀ ਬਾਸਮਤੀ ਦੀ ਖ਼ੁਸ਼ਬੂ ਮਨ ਨੂੰ



ਮੋਹ ਲੈਂਦੀ ਸੀ। ਗੁਰਦੁਆਰਾ ਸਾਹਿਬ ਦੀ ਆਪਣੀ ਜ਼ਮੀਨ 'ਚ ਖੇਤੀ ਹੁੰਦੀ ਸੀ।

**ਖ਼ਾਲਸ ਅਤੇ ਦੇਸੀ ਲੰਗਰ ਦਾ ਸਵਾਦ:** ਉਸ ਸਮੇਂ ਲੰਗਰ ਵਿੱਚ ਮਿਲਣ ਵਾਲਾ ਖ਼ਾਲਸ ਦੁੱਧ, ਦੇਸੀ ਚੌਲ ਅਤੇ ਖ਼ਾਲਸ ਆਟਾ ਰੂਹ ਨੂੰ ਤ੍ਰਿਪਤ ਕਰ ਦਿੰਦਾ ਸੀ। ਜੋ ਸਵਾਦ ਅਤੇ ਸਾਦਗੀ ਉਸ ਸਮੇਂ ਦੇ ਲੰਗਰ ਵਿੱਚ ਸੀ, ਉਹ ਅੱਜ ਦੇ ਆਧੁਨਿਕ ਢਾਂਚੇ ਵਿੱਚ ਲੱਭਣੀ ਔਖੀ ਹੈ।

**ਸੁਰੱਖਿਆ ਦੇ ਘੇਰੇ ਅਤੇ ਬਦਲੇ ਨਿਯਮ:** ਸ਼ਾਹਿਦ ਸ਼ੱਬੀਰ ਅਨੁਸਾਰ, ਅੱਜ ਕੱਲ੍ਹ ਇੱਥੇ ਹਰ ਪਾਸੇ ਸੁਰੱਖਿਆ ਅਤੇ ਚੈਕਿੰਗ ਦਾ ਸਖ਼ਤ ਪਹਿਰਾ ਹੈ। ਪਹਿਲਾਂ ਜਿੱਥੇ ਅੰਤਰਰਾਸ਼ਟਰੀ ਮਹਿਮਾਨਾਂ ਅਤੇ ਸਥਾਨਕ ਮੁਸਲਿਮ ਸ਼ਰਧਾਲੂਆਂ ਨੂੰ ਵੀ ਰਾਤ ਠਹਿਰਨ ਦੀ ਇਜਾਜ਼ਤ ਹੁੰਦੀ ਸੀ, ਹੁਣ ਨਿਯਮਾਂ ਕਾਰਨ ਸ਼ਾਮ ਹੁੰਦੇ ਹੀ ਸਿਰਫ਼ ਸਿੱਖ ਸ਼ਰਧਾਲੂ ਹੀ ਰਹਿ ਸਕਦੇ ਹਨ ਅਤੇ ਸਥਾਨਕ ਮੁਸਲਮਾਨਾਂ ਲਈ ਰਾਤ ਦੇ ਠਹਿਰਾਅ 'ਤੇ ਰੋਕ ਹੈ।

**ਸੇਵਾਦਾਰਾਂ ਦੀ ਅਪਣੱਤ ਅਤੇ ਪਿਆਰ:** ਵੀਰ ਪਿੰਕਾ ਜੀ, ਜਸਕਰਨ ਸਿੰਘ ਸਿੱਧੂ, ਗਿਆਨੀ ਗੋਬਿੰਦ ਸਿੰਘ ਜੀ ਅਤੇ ਬਾਕੀ ਪਰਿਵਾਰ ਵੱਲੋਂ ਜਿਸ ਪਿਆਰ, ਸਤਿਕਾਰ ਅਤੇ ਅਪਣੱਤ ਨਾਲ ਸੇਵਾ ਕੀਤੀ ਜਾਂਦੀ ਸੀ, ਉਹ ਅੱਜ ਵੀ ਯਾਦਾਂ 'ਚ ਜ਼ਿੰਦਾ ਹੈ।

'ਕਦੇ ਸੋਚਿਆ ਨਹੀਂ ਸੀ ਕਿ ਜਿੱਥੇ ਜਾ ਕੇ 2-2 ਦਿਨ ਰਹਿੰਦੇ ਸੀ, ਅੱਜ ਉੱਥੇ ਨਿਯਮ ਬਦਲ ਜਾਣਗੇ। ਇਮਾਰਤਾਂ ਅਤੇ ਪੱਥਰ ਤਾਂ ਉਹੀ ਹਨ ਜਾਂ ਨਵੇਂ ਬਣ ਗਏ ਹਨ, ਪਰ ਉਹ ਪੁਰਾਣਾ ਅਪਣੱਤ ਅਤੇ ਪਿਆਰ ਹੁਣ ਪੱਥਰਾਂ ਹੇਠ ਗੁਆਚ ਗਿਆ ਪ੍ਰਤੀਤ ਹੁੰਦਾ ਹੈ।' — ਸ਼ਾਹਿਦ ਸ਼ੱਬੀਰ

# ਤਾਮਿਲਨਾਡੂ 'ਚ 'ਕੈਪਟੀਵੇਟਿੰਗ ਦ ਸਿੰਪਲ-ਹਾਰਟਿਡ' ਦੀ ਗੂੰਜ: ਪੁਸਤਕ ਦਾ ਤਾਮਿਲ ਅਨੁਵਾਦ ਪ੍ਰਕਾਸ਼ਿਤ

## ਬ੍ਰਾਹਮਣਵਾਦ ਵਿਰੁੱਧ ਸੰਘਰਸ਼ ਅਤੇ ਮਨੁੱਖੀ ਕਰਾਮਾਤ 'ਤੇ ਆਧਾਰਿਤ ਸਰਦਾਰ ਭਜਨ ਸਿੰਘ ਭਿੰਡਰ ਪੀਟਰ ਅਤੇ ਫ੍ਰੀਡਰਿਚ ਦੀ ਚਰਚਿਤ ਪੁਸਤਕ; ਅਡਵੋਕੇਟ ਸਰਦਾਰ ਜੀਵਨ ਸਿੰਘ ਨੇ ਪ੍ਰੋ. ਜਵਾਹਰ ਨੇਸਨ ਨੂੰ ਭੇਟ ਕੀਤੀ ਪਹਿਲੀ ਕਾਪੀ

ਬੈਂਗਲੁਰੂ/ਚੇਨਈ: (ਸਾਡੇ ਲੋਕ) ਭਾਰਤੀ ਉਪ-ਮਹਾਂਦੀਪ ਵਿੱਚ ਮਨੁੱਖੀ ਕਰਾਮਾਤ, ਬਰਾਬਰੀ ਅਤੇ ਸਮਾਜਿਕ ਨਿਆਂ ਲਈ ਲੜੇ ਗਏ ਸੰਘਰਸ਼ਾਂ ਵਿੱਚ ਸਿੱਖ ਫ਼ਲਸਫ਼ੇ ਅਤੇ ਬ੍ਰਾਹਮਣਵਾਦ ਵਿਰੋਧੀ ਇਤਿਹਾਸ ਨੂੰ ਤਾਮਿਲ ਭਾਈਚਾਰੇ ਤੱਕ ਪਹੁੰਚਾਉਣ ਲਈ ਇੱਕ ਇਤਿਹਾਸਕ ਪੁਸਤਕ ਦਾ ਤਾਮਿਲ ਅਨੁਵਾਦ ਲਾਂਚ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ।

ਪੀਟਰ ਫ੍ਰੀਡਰਿਚ (Peter Friedrich) ਅਤੇ ਭਜਨ ਸਿੰਘ (Bhajan Singh) ਦੁਆਰਾ ਸਾਂਝੇ ਤੌਰ 'ਤੇ ਲਿਖੀ ਗਈ ਚਰਚਿਤ ਪੁਸਤਕ 'ਕੈਪਟੀਵੇਟਿੰਗ ਦ ਸਿੰਪਲ-ਹਾਰਟਿਡ' (Captivating the Simple-Hearted) ਦਾ ਤਾਮਿਲ ਅਨੁਵਾਦ ਅਡਵੋਕੇਟ ਸਰਦਾਰ ਜੀਵਨ ਸਿੰਘ ਦੁਆਰਾ ਕੀਤਾ ਗਿਆ ਹੈ। ਬੈਂਗਲੁਰੂ ਵਿਖੇ ਅਡਵੋਕੇਟ ਸਰਦਾਰ ਜੀਵਨ ਸਿੰਘ ਨੇ ਜੇ.ਐੱਸ.ਐੱਸ. ਯੂਨੀਵਰਸਿਟੀ ਮੈਸੂਰੂ ਦੇ ਸਾਬਕਾ ਉੱਪ-ਕੁਲਪਤੀ ਪ੍ਰੋਫ਼ੈਸਰ ਜਵਾਹਰ ਨੇਸਨ (Professor Jawahar Nesan) ਨਾਲ ਮੁਲਾਕਾਤ ਕਰਕੇ ਇਸ ਪੁਸਤਕ ਦੀ ਪਹਿਲੀ ਕਾਪੀ ਉਨ੍ਹਾਂ ਨੂੰ ਸਤਿਕਾਰ ਵਜੋਂ ਭੇਟ ਕੀਤੀ।



**ਪੁਸਤਕ ਦਾ ਵੇਰਵਾ:**

ਪੁਸਤਕ ਦਾ ਨਾਂ: Captivating the Simple-Hearted (The Struggle for Human Dignity in the Indian Subcontinent – Edition B)

ਲੇਖਕ: ਪੀਟਰ ਫ੍ਰੀਡਰਿਚ ਅਤੇ ਭਜਨ ਸਿੰਘ

ਤਾਮਿਲ ਅਨੁਵਾਦਕ: ਅਡਵੋਕੇਟ ਸਰਦਾਰ ਜੀਵਨ ਸਿੰਘ

ਮੁੱਖ ਸ਼ਬਦ (Foreword): ਪ੍ਰੋਫ਼ੈਸਰ ਜਵਾਹਰ ਨੇਸਨ

ਪ੍ਰਕਾਸ਼ਕ: ਬਲੂ ਬਲੈਕ ਪਬਲੀਕੇਸ਼ਨਜ਼ (Blue Black Publications)

ਉਦੇਸ਼ ਅਤੇ ਮਹੱਤਵ: ਇਸ ਪੁਸਤਕ ਦਾ ਮੁੱਖ ਮਕਸਦ ਤਾਮਿਲ ਪਾਠਕਾਂ ਨੂੰ ਸਿੱਖ ਧਰਮ ਦੇ ਇਨਕਲਾਬੀ ਫ਼ਲਸਫ਼ੇ, ਜਾਤ-ਪਾਤ ਵਿਰੋਧੀ ਸੰਘਰਸ਼, ਅਤੇ ਬ੍ਰਾਹਮਣਵਾਦ ਵਿਰੁੱਧ ਸਿੱਖਾਂ ਦੇ ਇਤਿਹਾਸਕ ਯੋਗਦਾਨ ਤੋਂ ਜਾਣੂ ਕਰਵਾਉਣਾ ਹੈ, ਤਾਂ ਜੋ ਤਾਮਿਲਨਾਡੂ ਦੇ ਸਮਾਜਿਕ ਨਿਆਂ ਦੇ ਅੰਦੋਲਨਾਂ ਅਤੇ ਸਿੱਖ ਸੰਘਰਸ਼ ਵਿਚਕਾਰ ਸੰਕਲਪਿਕ ਸਾਂਝ ਮਜ਼ਬੂਤ ਹੋ ਸਕੇ।

ਸ਼ਾਨਦਾਰ ਰਿਲੀਜ਼ ਸਮਾਰੋਹ ਦੀ ਯੋਜਨਾ:

ਪੁਸਤਕ ਦੇ ਰਿਲੀਜ਼ ਸਮਾਰੋਹ ਨੂੰ ਵੱਡੇ ਪੱਧਰ 'ਤੇ ਆਯੋਜਿਤ ਕਰਨ ਲਈ ਵਿਸ਼ੇਸ਼ ਪ੍ਰਸਤਾਵ ਰੱਖੇ ਗਏ ਹਨ:

ਰਿਲੀਜ਼ਕਰਤਾ: ਤਾਮਿਲਨਾਡੂ ਦੇ ਸਾਬਕਾ ਮੁੱਖ ਮੰਤਰੀ ਐੱਮ.ਕੇ. ਸਟਾਲਿਨ (M.K. Stalin) ਵੱਲੋਂ ਪੁਸਤਕ ਰਿਲੀਜ਼ ਕਰਵਾਉਣ ਅਤੇ ਪਹਿਲੀ ਕਾਪੀ ਦ੍ਰਵਿੜ ਕੜਗਮ ਦੇ ਪ੍ਰਧਾਨ ਡਾ. ਕੇ. ਵੀਰਾਮਣੀ (Dr. K. Veeramani) ਦੁਆਰਾ ਪ੍ਰਾਪਤ ਕਰਨ ਦੀ ਯੋਜਨਾ ਹੈ।

**ਮੋਹਰੀ ਸ਼ਖ਼ਸੀਅਤਾਂ ਦੀ ਸ਼ਮੂਲੀਅਤ:** ਤਾਮਿਲਨਾਡੂ ਦੇ ਬੁੱਧੀਜੀਵੀਆਂ, ਲੇਖਕਾਂ, ਵਕੀਲਾਂ, ਡਾਕਟਰਾਂ, ਫ਼ਿਲਮੀ ਹਸਤੀਆਂ, ਸਮਾਜਿਕ ਅਤੇ ਸਿਆਸੀ ਪੱਖੋਂ ਸਰਗਰਮ ਆਗੂਆਂ ਨੂੰ ਇਸ ਇਤਿਹਾਸਕ ਸਮਾਰੋਹ ਵਿੱਚ ਵੱਡੀ ਗਿਣਤੀ 'ਚ ਸ਼ਾਮਲ ਹੋਣ ਦਾ ਨਿਓਤਾ ਦਿੱਤਾ ਗਿਆ ਹੈ।

ਜਦੋਂ ਸ਼੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਜਾਰੀ ਇੱਕ ਦਸਤਾਵੇਜ਼ ਨੇ ਕੇਂਦਰ ਸਰਕਾਰ ਦੇ ਗ੍ਰਹਿ ਮੰਤਰਾਲੇ ਅਤੇ ਭਾਰਤੀ ਸੰਸਦ 'ਚ ਮਚਾ ਦਿੱਤੀ ਸੀ ਹਲਚਲ...

ਨੱਬੇ ਦੇ ਦਹਾਕੇ ਦਾ ਉਹ ਦੌਰ ਪੰਜਾਬ ਅਤੇ ਸਿੱਖ ਰਾਜਨੀਤੀ ਲਈ ਇੱਕ ਅਤੀ-ਸੰਵੇਦਨਸ਼ੀਲ ਅਤੇ ਸੰਕਟਪੂਰਨ ਮੋੜ ਸੀ। ਹਥਿਆਰਬੰਦ ਸੰਘਰਸ਼ ਦੇ ਹਾਲਾਤਾਂ ਦਰਮਿਆਨ ਜਦੋਂ ਪੰਥਕ ਸਿਆਸਤ ਵੰਡੀ ਜਾ ਚੁੱਕੀ ਸੀ ਅਤੇ ਆਪਣਾ ਰਾਜਨੀਤਕ ਪਾਂਡਾ ਗੁਆ ਰਹੀ ਸੀ, ਤਾਂ 2 ਮਈ 1994 ਨੂੰ ਸ਼੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਥਕ ਏਕਤਾ ਅਤੇ ਸਿੱਖ ਪ੍ਰਭੂਸੱਤਾ ਦਾ ਇੱਕ ਅਹਿਮ ਦਸਤਾਵੇਜ਼ ਸਾਹਮਣੇ ਲਿਆਂਦਾ ਗਿਆ — 'ਅੰਮ੍ਰਿਤਸਰ ਐਲਾਨਨਾਮਾ' (Declaration of Amritsar)। ਇਹ ਮਹਿਜ਼ ਇੱਕ ਮਤਾ ਨਹੀਂ ਸੀ, ਬਲਕਿ ਸਿੱਖ ਚਿੰਤਕਾਂ ਵੱਲੋਂ ਕਾਨੂੰਨੀ ਅਤੇ ਰਾਜਨੀਤਕ ਸ਼ਬਦਾਵਲੀ ਵਿੱਚ ਤਿਆਰ ਕੀਤਾ ਗਿਆ ਇੱਕ ਅਜਿਹਾ ਖਰੜਾ ਸੀ, ਜਿਸ ਦੀਆਂ 'ਕਨਫ਼ੈਡਰਲ ਢਾਂਚੇ' ਵਾਲੀਆਂ ਗੁੜ੍ਹੀਆਂ ਧਾਰਾਵਾਂ ਨੂੰ ਸਮਝਣ ਲਈ ਦੇਸ਼ ਦੇ ਹੋਮ ਮਨਿਸਟਰ ਅਤੇ ਜਾਂਚ ਏਜੰਸੀਆਂ ਨੂੰ 15 ਦਿਨਾਂ ਦਾ ਸਮਾਂ ਲੱਗ ਗਿਆ ਸੀ। ਰਾਤ ਦੇ ਅੰਧੇਰੇ ਵਿੱਚ ਗੁਪਤ ਤਰੀਕੇ ਨਾਲ ਟਾਈਪ ਹੋਣ ਤੋਂ ਲੈ ਕੇ ਸੰਸਦ ਦੇ ਅੰਦਰ ਚੱਲੀ ਭਖਵੀਂ ਬਹਿਸ ਤੱਕ — ਇਹ ਦਸਤਾਵੇਜ਼ ਅੱਜ ਵੀ ਸਿੱਖ ਰਾਜਨੀਤਕ ਚਿੰਤਨ ਵਿੱਚ ਇੱਕ ਅਹਿਮ ਮੀਲ ਦਾ ਪੱਥਰ ਮੰਨਿਆ ਜਾਂਦਾ ਹੈ। ਨਵੀਂ ਪੀੜ੍ਹੀ ਨੂੰ ਆਪਣੇ ਇਤਿਹਾਸ ਦੇ ਇਸ ਵਿਲੱਖਣ ਅਤੇ ਨਿਡਰ ਰਾਜਨੀਤਕ ਘਟਨਾਕ੍ਰਮ ਨਾਲ ਜੋੜਨ ਲਈ, ਸਾਡਾ ਅਦਾਰਾ ਡੂੰਘੀ ਖੋਜ ਅਤੇ ਇਤਿਹਾਸਕ ਤੱਥਾਂ 'ਤੇ ਆਧਾਰਿਤ ਇਹ ਵਿਸ਼ੇਸ਼ ਲੇਖ ਤੁਹਾਡੇ ਸਨਮੁਖ ਪੇਸ਼ ਕਰ ਰਿਹਾ ਹੈ। ਆਓ, ਪੜ੍ਹੀਏ ਕਿ ਕਿਵੇਂ ਇਸ ਐਲਾਨਨਾਮੇ ਨੇ ਸਿੱਖ ਇਤਿਹਾਸ ਦੇ ਪੰਨਿਆਂ 'ਤੇ ਇੱਕ ਅਮਿੱਟ ਛਾਪ ਛੱਡੀ ਸੀ......। -ਸਤਨਾਮ ਸਿੰਘ ਖਾਲਸਾ

# ਅੰਮ੍ਰਿਤਸਰ ਐਲਾਨਨਾਮਾ (1994): ਉਹ ਇਤਿਹਾਸਕ ਦਸਤਾਵੇਜ਼, ਜਿਸ ਨੇ ਭਾਰਤੀ ਪਾਰਲੀਮੈਂਟ 'ਚ ਮਚਾਈ ਸੀ ਹਲਚਲ

## ਸ਼੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਥਕ ਏਕਤਾ ਦਾ ਇਤਿਹਾਸਕ ਯਤਨ: ਪੜ੍ਹੋ ਕਿਵੇਂ ਗੁਪਤ ਤਰੀਕੇ ਨਾਲ ਰਾਤੋ-ਰਾਤ ਟਾਈਪ ਹੋਇਆ ਸੀ 'ਕਨਫ਼ੈਡਰਲ' ਢਾਂਚੇ ਦਾ ਖਰੜਾ

**ਵਿਸ਼ੇਸ਼ ਇਤਿਹਾਸਕ ਅਤੇ ਰਾਜਨੀਤਕ ਰਿਪੋਰਟ**

2 ਮਈ 1994 ਦਾ ਦਿਨ ਸਿੱਖ ਰਾਜਨੀਤੀ ਦੇ ਇਤਿਹਾਸ ਵਿੱਚ ਇੱਕ ਬਹੁਤ ਹੀ ਅਹਿਮ ਅਤੇ ਸੰਕਟਪੂਰਨ ਮੋੜ ਵਜੋਂ ਦਰਜ ਹੈ। ਨੱਬੇ ਦੇ ਦਹਾਕੇ ਦੇ ਅੱਧ ਵਿੱਚ, ਜਦੋਂ 1984 ਤੋਂ ਬਾਅਦ ਪੰਜਾਬ ਦੇ ਹਥਿਆਰਬੰਦ ਸੰਘਰਸ਼ ਦੇ ਹਾਲਾਤ ਬਦਲ ਰਹੇ ਸਨ ਅਤੇ ਪੰਥਕ ਸਿਆਸਤ ਪਾਟੋਧਾੜ ਤੇ ਦਿਸ਼ਾਹੀਣ ਹੋ ਚੁੱਕੀ ਸੀ, ਤਾਂ ਸ਼੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਇੱਕ ਅਜਿਹਾ ਦਸਤਾਵੇਜ਼ ਜਾਰੀ ਕੀਤਾ ਗਿਆ, ਨਾ ਸਿਰਫ਼ ਪੰਜਾਬ ਬਲਕਿ ਕੇਂਦਰ ਸਰਕਾਰ ਦੇ ਗ੍ਰਹਿ ਮੰਤਰਾਲੇ ਤੱਕ ਹਲਚਲ ਮਚਾ ਦਿੱਤੀ ਸੀ। ਇਸ ਇਤਿਹਾਸਕ ਦਸਤਾਵੇਜ਼ ਨੂੰ 'ਅੰਮ੍ਰਿਤਸਰ ਐਲਾਨਨਾਮਾ' (Declaration of Amritsar) ਦਾ ਨਾਮ ਦਿੱਤਾ ਗਿਆ ਸੀ।

**ਪੰਥਕ ਏਕਤਾ ਦੀ ਸੁਹਿਰਦ ਕਵਾਇਦ ਅਤੇ ਆਗੂਆਂ ਦੀ ਭੂਮਿਕਾ**

ਉਸ ਦੌਰ ਵਿੱਚ ਵੱਖ-ਵੱਖ ਅਕਾਲੀ ਧੜਿਆਂ ਨੂੰ ਇੱਕ ਨਿਸ਼ਾਨ ਹੇਠ ਲਿਆਉਣ ਲਈ ਪੰਥ ਦਰਦੀਆਂ ਵੱਲੋਂ ਇੱਕ ਵਡੇਰੀ ਮੁਹਿਮ ਵਿੱਢੀ ਗਈ ਸੀ। ਉਸ ਸਮੇਂ ਸਿੱਖ ਸਿਆਸਤ ਦੇ ਪ੍ਰਮੁੱਖ ਧੜਿਆਂ ਦੀ ਅਗਵਾਈ ਹੇਠ ਲਿਖੇ ਆਗੂ ਕਰ ਰਹੇ ਸਨ:

- ਕੈਪਟਨ ਅਮਰਿੰਦਰ ਸਿੰਘ (ਸ਼੍ਰੋਮਣੀ ਅਕਾਲੀ ਦਲ - ਪੰਥਕ)
- ਸੁਰਜੀਤ ਸਿੰਘ ਬਰਨਾਲਾ (ਸਾਬਕਾ ਮੁੱਖ ਮੰਤਰੀ)
- ਸਰਦਾਰ ਸਿਮਰਨਜੀਤ ਸਿੰਘ ਮਾਨ (ਸ਼੍ਰੋਮਣੀ ਅਕਾਲੀ ਦਲ - ਅੰਮ੍ਰਿਤਸਰ)
- ਕਰਨਲ ਜਸਮੇਰ ਸਿੰਘ ਬਾਲਾ
- ਭਾਈ ਮਨਜੀਤ ਸਿੰਘ (ਅਕਾਲੀ ਦਲ - 1920)
- ਸਰਦਾਰ ਜਗਦੇਵ ਸਿੰਘ ਤਲਵੰਡੀ
- ਸਰਦਾਰ ਗੁਰਚਰਨ ਸਿੰਘ ਟੌਹੜਾ

(ਨੋਟ: ਸਰਦਾਰ ਪ੍ਰਕਾਸ਼ ਸਿੰਘ ਬਾਦਲ ਦਾ ਧੜਾ ਇਸ ਪੂਰੇ ਵਰਤਾਰੇ ਅਤੇ ਏਕਤਾ ਦੀ ਮੁਹਿਮ ਤੋਂ ਪੂਰੀ ਤਰ੍ਹਾਂ ਦੂਰ ਰਿਹਾ।)

**5-ਮੈਂਬਰੀ ਬੁੱਧੀਜੀਵੀ ਕਮੇਟੀ ਅਤੇ ਖਰੜਾ ਲਿਖਣ ਦੀ ਅੰਦਰੂਨੀ ਕਹਾਣੀ**

ਅੰਮ੍ਰਿਤਸਰ ਐਲਾਨਨਾਮੇ ਦਾ ਰਾਜਨੀਤਕ ਅਤੇ ਇਤਿਹਾਸਕ ਮਸੌਦਾ (Draft) ਤਿਆਰ ਕਰਨ ਲਈ 5 ਉੱਚ ਪੱਧਰੀ ਸਿੱਖ ਚਿੰਤਕਾਂ ਤੇ ਵਿਦਵਾਨਾਂ ਦੀ ਇੱਕ ਵਿਸ਼ੇਸ਼ ਕਮੇਟੀ ਬਣਾਈ ਗਈ ਸੀ:

1. ਡਾਕਟਰ ਕੇਹਰ ਸਿੰਘ (ਮੁਖੀ, ਰਾਜਨੀਤੀ ਸ਼ਾਸਤਰ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ)
2. ਡਾਕਟਰ ਬਲਕਾਰ ਸਿੰਘ (ਸਾਬਕਾ ਮੁਖੀ, ਸ਼੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)
3. ਡਾਕਟਰ ਗੁਰਭਗਤ ਸਿੰਘ (ਸਾਬਕਾ ਮੁਖੀ, ਅੰਗਰੇਜ਼ੀ ਵਿਭਾਗ, ਪੰਜਾਬੀ ਯੂਨੀਵਰਸਿਟੀ)
4. ਕਰਮਜੀਤ ਸਿੰਘ ਚੰਡੀਗੜ੍ਹ (ਪ੍ਰਸਿੱਧ ਸਿੱਖ ਚਿੰਤਕ ਤੇ ਪੱਤਰਕਾਰ)
5. ਸਰਦਾਰ ਜਸਪਾਲ ਸਿੰਘ ਢਿੱਲੋਂ (ਮਨੁੱਖੀ ਅਧਿਕਾਰ ਆਗੂ)

**ਰਾਜਨੀਤਕ ਪਹੁੰਚ 'ਤੇ ਮਤਭੇਦ ਅਤੇ ਨਵਾਂ ਖਰੜਾ**

ਸ਼ੁਰੂਆਤੀ ਦੌਰ ਵਿੱਚ ਡਾ. ਬਲਕਾਰ ਸਿੰਘ ਅਤੇ ਡਾ. ਕੇਹਰ ਸਿੰਘ ਵੱਲੋਂ ਤਿਆਰ ਕੀਤੇ ਖਰੜੇ ਨੂੰ ਦੇਖ ਕੇ ਕਮੇਟੀ ਵਿੱਚ ਬਹਿਸ ਛਿੜ ਗਈ। ਡਾ. ਗੁਰਭਗਤ ਸਿੰਘ ਨੇ ਸਖ਼ਤ ਰੁੱਖ ਅਪਣਾਉਂਦਿਆਂ ਕਿਹਾ ਕਿ ਜੇਕਰ ਅੱਧ-ਪਰੁੱਧ ਰਾਜਸੀ ਸਮਝੌਤਿਆਂ ਵਾਲੀ ਪਹੁੰਚ ਰੱਖਣੀ ਹੈ, ਤਾਂ ਉਹ ਕਮੇਟੀ 'ਚੋਂ ਬਾਹਰ ਹੋ ਜਾਣਗੇ। ਉਨ੍ਹਾਂ ਦਾ ਤਰਕ ਸੀ ਕਿ ਪੰਥਕ ਧਿਰਾਂ ਦਾ ਨਿਸ਼ਾਨਾ ਮੁਕੰਮਲ ਆਜ਼ਾਦੀ ਅਤੇ ਸੰਪੂਰਨ ਪ੍ਰਭੂਸੱਤਾ ਹੋਣਾ ਚਾਹੀਦਾ ਹੈ।

ਇਸ ਤੋਂ ਬਾਅਦ, ਡਾ. ਗੁਰਭਗਤ ਸਿੰਘ ਦੀ ਅਗਵਾਈ ਵਿੱਚ ਮਈ 1994 ਦੇ ਅੰਤ 'ਚ ਪਟਿਆਲੇ ਵਿਖੇ ਹੱਥ ਨਾਲ ਇੱਕ ਨਵਾਂ, ਸਪੱਸ਼ਟ ਅਤੇ ਨਿਰਣਾਇਕ ਖਰੜਾ ਲਿਖਿਆ ਗਿਆ।

**ਰਾਤ ਦੇ 10 ਵਜੇ ਟਾਈਪਰਾਈਟਰ ਦਾ ਇੰਤਜ਼ਾਮ: ਗੁਪਤ ਅਪ੍ਰੇਸ਼ਨ ਦੀ ਦਾਸਤਾਨ**

ਪਟਿਆਲੇ ਤੋਂ ਇਹ ਹੱਥ-ਲਿਖਤ ਖਰੜਾ ਕਾਰ ਰਾਹੀਂ ਅੰਮ੍ਰਿਤਸਰ ਲਿਆਂਦਾ ਗਿਆ ਅਤੇ ਸ਼੍ਰੀ ਦਰਬਾਰ ਸਾਹਿਬ ਕੰਪਲੈਕਸ ਨੇੜੇ ਇੱਕ ਮਕਾਨ ਵਿੱਚ ਤਤਕਾਲੀ ਕਾਰਜਕਾਰੀ ਜਥੇਦਾਰ ਜਥੇਦਾਰ ਭਾਈ ਮਨਜੀਤ ਸਿੰਘ ਦੇ ਸਨਮੁਖ ਪੇਸ਼ ਕੀਤਾ ਗਿਆ।

- ਜਥੇਦਾਰ ਦਾ ਖ਼ਦਸ਼ਾ: ਖਰੜਾ ਪੜ੍ਹ ਕੇ ਜਥੇਦਾਰ ਸਾਹਿਬ ਨੇ ਕਿਹਾ, 'ਇਸ ਖਰੜੇ ਵਿੱਚ ਜੋ ਸ਼ਬਦਾਵਲੀ ਹੈ, ਉਸ ਉੱਤੇ ਇੱਕ-ਦੋ ਆਗੂਆਂ ਨੂੰ ਛੱਡ ਕੇ ਬਾਕੀ ਅਕਾਲੀ ਲੀਡਰਾਂ ਦਾ ਦਸਤਖ਼ਤ ਕਰਨਾ ਬਹੁਤ ਮੁਸ਼ਕਿਲ ਜਾਪਦਾ ਹੈ।'
- ਸਰਕਾਰੀ ਸੂਹੀਆ ਤੰਤਰ ਤੋਂ ਬਚਾਅ: ਸਰਕਾਰ ਦੇ ਸੂਹੀਆ ਤੰਤਰ (Intelligence) ਅਤੇ ਅਕਾਲੀ ਆਗੂਆਂ ਤੋਂ ਭੇਦ ਗੁਪਤ ਰੱਖਣ ਲਈ ਰਾਤ ਦੇ 10 ਵਜੇ ਜਥੇਦਾਰ ਸਾਹਿਬ ਦੇ ਭਰਾ (ਉਪਕਾਰ ਸਿੰਘ) ਵੱਲੋਂ ਟਾਈਪਰਾਈਟਰ ਦਾ ਇੰਤਜ਼ਾਮ ਕੀਤਾ ਗਿਆ।
- ਰਾਤੋ-ਰਾਤ ਟਾਈਪਿੰਗ: ਰਾਤ ਦੇ ਹਨੇਰੇ ਵਿੱਚ ਹੀ ਇਸ ਖਰੜੇ ਨੂੰ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ਵਿੱਚ ਵੱਖ-ਵੱਖ ਟਾਈਪ ਕਰਕੇ ਕਾਪੀਆਂ ਤਿਆਰ ਕੀਤੀਆਂ ਗਈਆਂ।

**ਦਸਤਖ਼ਤ ਕਰਵਾਉਣ ਦੀ 'ਚਲਾਕੀ' ਭਰੀ ਰਣਨੀਤੀ**

2 ਮਈ 1994 ਨੂੰ ਸ਼੍ਰੀ ਅਕਾਲ ਤਖ਼ਤ ਸਾਹਿਬ 'ਤੇ ਜਦੋਂ ਸਮਾਗਮ ਆਖਰੀ ਚਰਨ ਵਿੱਚ ਸੀ, ਤਾਂ ਯੋਜਨਾ ਮੁਤਾਬਕ ਜਥੇਦਾਰ ਸਾਹਿਬ ਨੇ ਇਸ਼ਾਰਾ ਕੀਤਾ। ਉਪਕਾਰ ਸਿੰਘ ਨੇ ਤੁਰੰਤ ਕਾਪੀਆਂ ਲਿਆ ਕੇ ਪੰਜਾਬੀ ਵਾਲਾ ਮਸੌਦਾ ਕੈਪਟਨ ਅਮਰਿੰਦਰ ਸਿੰਘ ਤੇ ਸੁਰਜੀਤ ਸਿੰਘ ਬਰਨਾਲਾ ਨੂੰ ਫੜਾਇਆ ਅਤੇ ਅੰਗਰੇਜ਼ੀ ਵਾਲਾ ਮਸੌਦਾ ਬਾਕੀਆਂ ਨੂੰ। ਜਥੇਦਾਰ ਸਾਹਿਬ ਨੇ ਜਲਦੀ-ਜਲਦੀ ਵਿੱਚ ਸਾਰਿਆਂ ਨੂੰ ਦਸਤਖ਼ਤ ਕਰਨ ਲਈ ਕਿਹਾ। ਸਾਰੇ ਅਕਾਲੀ ਆਗੂਆਂ ਨੇ ਬਿਨਾਂ ਗਹਿਰੀ ਛਾਣਬੀਣ ਕੀਤੇ ਦਸਤਖ਼ਤ ਕਰ ਦਿੱਤੇ ਅਤੇ ਸ਼੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ 'ਅੰਮ੍ਰਿਤਸਰ ਐਲਾਨਨਾਮੇ' ਦਾ ਇਤਿਹਾਸਕ ਐਲਾਨ ਹੋ ਗਿਆ।

**'ਕਨਫ਼ੈਡਰਲ' (Confederal) ਢਾਂਚਾ: ਉਹ ਸ਼ਬਦ ਜਿਸ ਨੇ ਕੇਂਦਰ ਹਿਲਾ ਦਿੱਤਾ**

ਦਸਤਾਵੇਜ਼ ਵਿੱਚ ਸ਼ਬਦਾਂ ਦੀ ਚੋਣ ਅਜਿਹੇ ਕਾਨੂੰਨੀ ਤੇ ਰਾਜਨੀਤਕ ਤਰੀਕੇ ਨਾਲ ਕੀਤੀ ਗਈ ਸੀ ਕਿ ਸਾਧਾਰਨ ਵਿਆਖਿਆਕਾਰਾਂ ਲਈ ਇਸ ਨੂੰ ਸਮਝਣਾ ਔਖਾ ਸੀ। ਇਸ ਵਿੱਚ ਮੁਕੰਮਲ ਆਜ਼ਾਦ ਸਿੱਖ ਰਾਜ ਦੀ ਥਾਂ ਭਾਰਤ ਅੰਦਰ 'ਕਨਫ਼ੈਡਰਲ ਢਾਂਚਾ' (Confederal System) ਸਥਾਪਤ ਕਰਨ ਅਤੇ ਭਾਰਤੀ ਸੰਵਿਧਾਨ ਵਿੱਚ ਬੁਨਿਆਦੀ ਸੋਧਾਂ ਕਰਨ ਦੀ ਮੰਗ ਕੀਤੀ ਗਈ ਸੀ।

**ਅਕਾਲੀ ਆਗੂਆਂ ਦਾ ਡਰ ਤੇ ਵਿਰੋਧ**

- ਸੁਰਜੀਤ ਸਿੰਘ ਬਰਨਾਲਾ ਨੇ ਸਭ ਤੋਂ ਪਹਿਲਾਂ ਜਥੇਦਾਰ ਸਾਹਿਬ ਕੋਲ ਅੰਦਰੂਨੀ ਵਿਰੋਧ ਦਰਜ ਕਰਵਾਇਆ।
- ਕੈਪਟਨ ਅਮਰਿੰਦਰ ਸਿੰਘ (ਜੋ ਉਦੋਂ ਸੈਕਟਰ 22 ਚੰਡੀਗੜ੍ਹ ਰਹਿੰਦੇ ਸਨ) ਨੇ ਜਥੇਦਾਰ ਨਾਲ ਗਿਲਾ ਕੀਤਾ ਕਿ ਜੇਕਰ ਸਿਮਰਨਜੀਤ ਸਿੰਘ ਮਾਨ ਨੇ 'ਕਨਫ਼ੈਡਰਲ' ਸ਼ਬਦ ਦੀ ਵਿਆਖਿਆ 'ਆਜ਼ਾਦ ਸਿੱਖ ਰਾਜ' ਵਜੋਂ ਕੀਤੀ, ਤਾਂ ਉਹ ਜਨਤਕ ਤੌਰ 'ਤੇ ਇਸ ਤੋਂ ਪਿੱਛੇ ਹਟ ਜਾਣਗੇ।

**ਭਾਰਤੀ ਪਾਰਲੀਮੈਂਟ (ਰਾਜ ਸਭਾ) ਵਿੱਚ ਹੰਗਾਮਾ: 15 ਦਿਨਾਂ ਬਾਅਦ ਗ੍ਰਹਿ ਮੰਤਰੀ ਦਾ ਬਿਆਨ**

ਅੰਮ੍ਰਿਤਸਰ ਐਲਾਨਨਾਮੇ ਦੀ ਖ਼ਬਰ ਛਪਦਿਆਂ ਹੀ ਅਖ਼ਬਾਰਾਂ (ਜਿਵੇਂ 'ਜਗਬਾਣੀ' ਅਤੇ 'ਨਵਾਂ ਜ਼ਮਾਨਾ') ਨੇ ਇਸ ਨੂੰ ਦੇਸ਼-ਵਿਰੋਧੀ ਗਤੀਵਿਧੀ ਗਰਦਾਨਣਾ ਸ਼ੁਰੂ ਕਰ ਦਿੱਤਾ। ਇਸ ਦਾ ਸੇਕ ਭਾਰਤ ਦੀ ਸੰਸਦ (ਰਾਜ ਸਭਾ) ਤੱਕ ਪਹੁੰਚਿਆ:

- ਸਿੱਖ ਚਿਹਰਿਆਂ ਦੀ ਵਰਤੋਂ: ਰਾਜ ਸਭਾ ਵਿੱਚ ਬੀਜੇਪੀ ਮੈਂਬਰ ਐੱਸ. ਐੱਸ. ਅਹਲੂਵਾਲੀਆ ਨੇ ਮੁੱਦਾ ਚੁੱਕਦਿਆਂ ਦੋਸ਼ ਲਾਇਆ ਕਿ ਇਹ ਐਲਾਨਨਾਮਾ ਭਾਰਤ ਦੀ ਪ੍ਰਭੂਸੱਤਾ ਅਤੇ ਸੰਵਿਧਾਨ ਨੂੰ ਸਿੱਧੀ ਚੁਣੌਤੀ ਹੈ। ਇੱਕ ਹੋਰ ਸਿੱਖ ਮੈਂਬਰ ਇਕਬਾਲ ਸਿੰਘ ਨੇ ਸ਼੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਇਸ ਦਸਤਾਵੇਜ਼ ਨੂੰ ਸਿੱਖਾਂ ਦੀ ਸਮੂਹਿਕ ਪਛਾਣ ਤੋਂ ਹੀ ਵੱਖਰਾ ਕਰਾਰ ਦੇ ਦਿੱਤਾ।
- ਸਖ਼ਤ ਕਾਰਵਾਈ ਦੀ ਮੰਗ ਕਰਨ ਵਾਲੇ ਆਗੂ: ਰਾਜ ਸਭਾ ਵਿੱਚ ਸੁਸ਼ਮਾ ਸਵਰਾਜ, ਜਯੰਤੀ ਨਟਰਾਜਨ, ਸਿਕੰਦਰ ਬਖ਼ਤ, ਐੱਸ. ਜੈਪਾਲ ਰੈੱਡੀ, ਸੁਰਿੰਦਰ ਕੁਮਾਰ ਸਿੰਗਲਾ, ਵਿਜੇ ਕੁਮਾਰ ਮਲਹੋਤਰਾ ਅਤੇ ਬਿਪਲਬ ਦਾਸ ਗੁਪਤਾ ਵਰਗੇ ਆਗੂਆਂ ਨੇ ਇੱਕ ਸੁਰ ਵਿੱਚ ਤਤਕਾਲੀ ਕੇਂਦਰੀ ਗ੍ਰਹਿ ਮੰਤਰੀ ਐੱਸ. ਬੀ. ਚਵਾਨ (S.B. Chavan) ਤੋਂ ਸਖ਼ਤ ਕਾਰਵਾਈ ਦੀ ਮੰਗ ਕੀਤੀ।
- ਕੋਮਲ ਸੁਰ (ਮੁਰਾਸੋਲੀ ਮਾਰਨ): ਸਿਰਫ਼ ਡੀ.ਐੱਮ.ਕੇ. ਆਗੂ ਮੁਰਾਸੋਲੀ ਮਾਰਨ ਨੇ ਸੰਜਮ ਦੀ ਅਪੀਲ ਕਰਦਿਆਂ ਕਿਹਾ ਕਿ ਇਸ ਐਲਾਨਨਾਮੇ ਨੂੰ ਪੰਜਾਬ ਦੀਆਂ ਸਮਕਾਲੀ ਰਾਜਨੀਤਕ ਪਰਿਸਥਿਤੀਆਂ ਦੇ ਸੰਦਰਭ ਵਿੱਚ ਸਮਝਿਆ ਜਾਣਾ ਚਾਹੀਦਾ ਹੈ ਅਤੇ ਸੰਵਿਧਾਨਕ ਲੋਕਤੰਤਰ ਹੀ ਵੱਖਵਾਦ ਦਾ ਹੱਲ ਹੈ।

**ਖ਼ਾਸ ਨੁਕਤਾ:** ਭਾਰਤੀ ਗ੍ਰਹਿ ਮੰਤਰਾਲੇ ਅਤੇ ਜਾਂਚ ਏਜੰਸੀਆਂ ਨੂੰ ਇਸ ਦਸਤਾਵੇਜ਼ ਦੀਆਂ ਗੁੜ੍ਹੀਆਂ ਰਾਜਨੀਤਕ ਧਾਰਾਵਾਂ ਨੂੰ ਸਮਝਣ ਲਈ 15 ਦਿਨਾਂ ਦਾ ਸਮਾਂ ਲੱਗਿਆ! 15 ਦਿਨਾਂ ਦੀ ਜਾਂਚ-ਪੜਤਾਲ ਤੋਂ ਬਾਅਦ ਹੀ ਕੇਂਦਰ ਸਰਕਾਰ ਨੇ ਸੰਸਦ ਵਿੱਚ ਇਸ ਉੱਤੇ ਅਧਿਕਾਰਕ ਬਿਆਨ ਜਾਰੀ ਕੀਤਾ ਸੀ।




**ਨਿਸ਼ਕਰਸ਼**

'ਅੰਮ੍ਰਿਤਸਰ ਐਲਾਨਨਾਮਾ' ਸਿੱਖ ਇਤਿਹਾਸ ਦੀ ਇੱਕ ਅਜਿਹੀ ਬੌਧਿਕ ਅਤੇ ਰਾਜਨੀਤਕ ਕੋਸ਼ਿਸ਼ ਸੀ, ਜਿਸ ਨੇ ਅਕਾਲੀ ਆਗੂਆਂ ਦੀ ਸੰਵਿਧਾਨਕ ਘੇਰੇ 'ਚ ਰਹਿਣ ਦੀ ਮਜਬੂਰੀ ਅਤੇ ਸਿੱਖ ਚਿੰਤਕਾਂ ਦੀ ਮੁਕੰਮਲ ਪ੍ਰਭੂਸੱਤਾ ਵਾਲੀ ਸੋਚ ਦੇ ਅੰਤਰ ਨੂੰ ਨੰਗਾ ਕਰ ਦਿੱਤਾ ਸੀ। ਭਾਵੇਂ ਬਾਅਦ ਵਿੱਚ ਅਕਾਲੀ ਆਗੂ ਆਪਣੇ ਨਿੱਜੀ ਰਾਜਸੀ ਹਿੱਤਾਂ ਕਾਰਨ ਇਸ ਤੋਂ ਪਿੱਛੇ ਹਟ ਗਏ, ਪਰ ਇਹ ਦਸਤਾਵੇਜ਼ ਅੱਜ ਵੀ ਸਿੱਖ ਰਾਜਨੀਤਕ ਚਿੰਤਨ ਵਿੱਚ ਇੱਕ ਮੀਲ ਦਾ ਪੱਥਰ ਮੰਨਿਆ ਜਾਂਦਾ ਹੈ।

**ਡਿਸਕਲੇਮਰ:** ਇਹ ਖ਼ਬਰ ਇਤਿਹਾਸਕ ਦਸਤਾਵੇਜ਼ਾਂ, ਸਮਕਾਲੀ ਪੱਤਰਕਾਰੀ ਰਿਪੋਰਟਾਂ ਅਤੇ ਪੰਥਕ ਚਿੰਤਕਾਂ ਦੇ ਲਿਖਤੀ ਵੇਰਵਿਆਂ 'ਤੇ ਆਧਾਰਿਤ ਹੈ। ਸਾਡਾ ਅਦਾਰਾ ਸਿਰਫ਼ ਪਾਠਕਾਂ ਦੀ ਇਤਿਹਾਸਕ ਜਾਣਕਾਰੀ ਲਈ ਇਹ ਲੇਖ ਪ੍ਰਕਾਸ਼ਿਤ ਕਰ ਰਿਹਾ ਹੈ।

# ਅਮਰੀਕਾ ਵਿੱਚ ਟਰੱਕਿੰਗ ਇੰਡਸਟਰੀ ’ਤੇ ਵੱਡਾ ਫੈਡਰਲ ਐਕਸ਼ਨ

## 28,000 CDL ਰੱਦ, 9,500 ਡਰਾਈਵਿੰਗ ਸਕੂਲਾਂ ’ਤੇ ਡਿੱਗੀ ਗਾਜ਼ ਅਤੇ 26 ਰਾਜਾਂ ਨੂੰ ਨੋਟਿਸ

ਵਾਸ਼ਿੰਗਟਨ ਡੀ.ਸੀ./ਸੈਕਰਾਮੈਂਟੋ : ਅਮਰੀਕੀ ਟਰਾਂਸਪੋਰਟੇਸ਼ਨ ਵਿਭਾਗ (USDOT) ਅਤੇ Federal Motor Carrier Safety Administration (FMCSA) ਨੇ ਦੇਸ਼ ਭਰ ਵਿੱਚ ਕਮਰਸ਼ੀਅਲ ਡਰਾਈਵਿੰਗ ਲਾਇਸੈਂਸਾਂ (CDL) ਦੀ ਪ੍ਰਕਿਰਿਆ ਅਤੇ ਸੜਕੀ ਸੁਰੱਖਿਆ ਨੂੰ ਲੈ ਕੇ ਹੁਣ ਤੱਕ ਦੀ ਸਭ ਤੋਂ ਵੱਡੀ ਕਾਰਵਾਈ ਕੀਤੀ ਹੈ। ਵਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੋਲਿਨ ਲੀਵਿਟ (Karoline Leavitt) ਅਤੇ ਟਰਾਂਸਪੋਰਟੇਸ਼ਨ ਸੈਕਟਰੀ ਸੀਨ ਡਫੀ (Sean Duffy) ਵੱਲੋਂ ਜਾਰੀ ਤਾਜ਼ਾ ਆਂਕੜਿਆਂ ਅਨੁਸਾਰ, ਅਮਰੀਕੀ ਸੜਕਾਂ ਤੋਂ ਅਯੋਗ ਅਤੇ ਗੈਰ-ਕਾਨੂੰਨੀ ਢੰਗ ਨਾਲ ਲਾਇਸੈਂਸ ਹਾਸਲ ਕਰਨ ਵਾਲੇ ਹਜ਼ਾਰਾਂ ਡਰਾਈਵਰਾਂ ਨੂੰ ਹਟਾ ਦਿੱਤਾ ਗਿਆ ਹੈ।



ਇਸ ਵਿਆਪਕ ਮੁਹਿੰਮ ਤਹਿਤ ਨਾ ਕੇਵਲ ਡਰਾਈਵਰਾਂ ਦੇ ਲਾਇਸੈਂਸ ਰੱਦ ਕੀਤੇ ਗਏ ਹਨ, ਸਗੋਂ ਫਰਜ਼ੀ ਡਰਾਈਵਿੰਗ ਸਕੂਲਾਂ ਅਤੇ ਢਿੱਲ ਵਰਤਣ ਵਾਲੀਆਂ ਰਾਜ ਸਰਕਾਰਾਂ (DMVs) ’ਤੇ ਵੀ ਸ਼ਿਕੰਜਾ ਕੱਸਿਆ ਗਿਆ ਹੈ।

1. ਲਾਇਸੈਂਸ ਰੱਦ ਅਤੇ ਭਾਸ਼ਾ ਨਿਯਮ: ਮੁੱਖ ਆਂਕੜੇ

28,000+ ਗੈਰ-ਨਾਗਰਿਕ (Non-Domiciled) CDL ਰੱਦ: ਫੈਡਰਲ ਜਾਂਚ ਤੋਂ ਬਾਅਦ ਵੱਖ-ਵੱਖ ਰਾਜਾਂ ਨੇ 28,000 ਤੋਂ ਵੱਧ ਅਜਿਹੇ ਕਮਰਸ਼ੀਅਲ ਲਾਇਸੈਂਸ ਰੱਦ ਕਰ ਦਿੱਤੇ ਹਨ ਜੋ ਅਮਰੀਕਾ ਵਿੱਚ ਬਿਨਾਂ ਵੈਧ ਵਰਕ ਪਰਮਿਟ, ਐਕਸਪਾਇਰਡ ਵੀਜ਼ਾ, ਜਾਂ ਬਿਨਾਂ ਜ਼ਰੂਰੀ ਦਸਤਾਵੇਜ਼ਾਂ ਦੇ ਜਾਰੀ ਕੀਤੇ ਗਏ ਸਨ। ਫੈਡਰਲ ਨਿਯਮਾਂ ਅਨੁਸਾਰ, ਆਉਣ ਵਾਲੇ ਦਿਨਾਂ ਵਿੱਚ ਨਵੇਂ ਸਖ਼ਤ ਮਿਆਰਾਂ ਕਰਕੇ ਲਗਭਗ 1,94,000 ਗੈਰ-ਨਾਗਰਿਕ ਡਰਾਈਵਰ ਟਰੱਕਿੰਗ ਖੇਤਰ ਤੋਂ ਬਾਹਰ ਹੋ ਸਕਦੇ ਹਨ।

**24,000 ਤੋਂ 26,000 ਡਰਾਈਵਰਾਂ ’ਤੇ ਅੰਗਰੇਜ਼ੀ ਸ਼ਰਤਾਂ ਕਾਰਨ ਰੋਕ:** ਅੰਗਰੇਜ਼ੀ ਭਾਸ਼ਾ ਦੀ ਸਮਝ (English Proficiency Requirements) ਦੇ ਸੰਘੀ ਨਿਯਮਾਂ ਦੀ ਉਲੰਘਣਾ ਕਰਨ ਵਾਲੇ 24,000 ਤੋਂ 26,000 ਡਰਾਈਵਰਾਂ ਦੀਆਂ ਕਮਰਸ਼ੀਅਲ ਡਰਾਈਵਿੰਗ ਸੁਵਿਧਾਵਾਂ ਨੂੰ ਮੁਅੱਤਲ ਕੀਤਾ ਗਿਆ ਹੈ।

**ਪੰਜਾਬੀ ਅਤੇ ਭਾਰਤੀ ਭਾਈਚਾਰੇ ’ਤੇ ਵੱਡਾ ਅਸਰ:** ਅਮਰੀਕੀ ਟਰੱਕਿੰਗ ਇੰਡਸਟਰੀ ਵਿੱਚ ਇੱਕ ਵੱਡੀ ਗਿਣਤੀ ਭਾਰਤੀ ਅਤੇ ਪੰਜਾਬੀ ਡਰਾਈਵਰਾਂ ਦੀ ਹੈ। ਇਸ ਕਾਰਵਾਈ ਦਾ ਸਭ ਤੋਂ ਵੱਡਾ ਅਸਰ ਪੰਜਾਬੀ ਡਰਾਈਵਰਾਂ ਅਤੇ ਉਨ੍ਹਾਂ ਦੀਆਂ ਪਰਿਵਾਰਕ ਰੋਜ਼ੀ-ਰੋਟੀ ’ਤੇ ਪੈ ਰਿਹਾ ਹੈ।

2. 9,500 ਡਰਾਈਵਿੰਗ ਸਕੂਲਾਂ (CDL Mills) ’ਤੇ ਵੱਡੀ ਕਾਰਵਾਈ

ਟਰਾਂਸਪੋਰਟੇਸ਼ਨ ਵਿਭਾਗ ਨੇ Training Provider Registry (TPR) ਦੀ ਜਾਂਚ ਦੌਰਾਨ ਲਗਭਗ 9,500 ਕਮਰਸ਼ੀਅਲ ਡਰਾਈਵਿੰਗ ਸਕੂਲਾਂ ਦੀ ਰਜਿਸਟ੍ਰੇਸ਼ਨ ਰੱਦ (Purged) ਕਰ ਦਿੱਤੀ ਹੈ ਜਾਂ ਉਨ੍ਹਾਂ ਨੂੰ ਅੰਤਿਮ ਨੋਟਿਸ ਜਾਰੀ ਕੀਤੇ ਹਨ।

ਕਿਉਂ ਕੀਤੀ ਗਈ ਕਾਰਵਾਈ ?

ਟ੍ਰੇਨਿੰਗ ਦੇ ਫਰਜ਼ੀ ਅੰਕੜੇ ਅਤੇ ਰਿਕਾਰਡ ਤਿਆਰ ਕਰਨਾ (Falsifying Training Data)।

ਸੜਕ ’ਤੇ ਅਸਲ ਗੱਡੀ ਚਲਾਉਣ (Behind-the-wheel instruction) ਦੀ ਪੂਰੀ ਸਿਖਲਾਈ ਦਿੱਤੇ ਬਿਨਾਂ ਹੀ ਸਰਟੀਫਿਕੇਟ ਵੇਚਣਾ।

ਫੈਡਰਲ Entry-Level Driver Training (ELDT) ਨਿਯਮਾਂ ਅਤੇ ਸਿਲੇਬਸ ਦੀ ਪਾਲਣਾ ਨਾ ਕਰਨਾ।

ਸਰਕਾਰੀ ਆਡਿਟਾਂ ਦੌਰਾਨ ਦਸਤਾਵੇਜ਼ ਪੇਸ਼ ਕਰਨ ਤੋਂ ਭੱਜਣਾ।

Commercial Vehicle Training Association (CVTA) ਨੇ ਸਰਕਾਰ ਦੇ ਇਸ ਕਦਮ ਦਾ ਸਮਰਥਨ ਕਰਦਿਆਂ ਕਿਹਾ ਹੈ ਕਿ ਇਨ੍ਹਾਂ ਫਰਜ਼ੀ "CDL Mills" ਨੂੰ ਬੰਦ ਕਰਨਾ ਸੜਕੀ ਸੁਰੱਖਿਆ ਲਈ ਬਹੁਤ ਜ਼ਰੂਰੀ ਸੀ।

3. ਪ੍ਰਭਾਵਿਤ ਰਾਜ (States) ਅਤੇ ਫੈਡਰਲ ਕਾਰਵਾਈ ਦਾ ਵੇਰਵਾ

ਫੈਡਰਲ ਜਾਂਚ (Audits) ਵਿੱਚ 30 ਤੋਂ ਵੱਧ ਰਾਜਾਂ ਦੀਆਂ DMV ਏਜੰਸੀਆਂ ਵਿੱਚ ਗੜਬੜੀਆਂ ਪਾਈਆਂ ਗਈਆਂ, ਜਿਸ ਤੋਂ ਬਾਅਦ FMCSA ਨੇ 26 ਰਾਜਾਂ ਨੂੰ ਅਧਿਕਾਰਤ ਕਾਰਵਾਈ ਦੇ ਨੋਟਿਸ ਭੇਜੇ ਹਨ:

ਕੈਲੀਫੋਰਨੀਆ (California): ਫੈਡਰਲ ਸਰਕਾਰ ਦੀਆਂ ਹਦਾਇਤਾਂ ਤੋਂ ਬਾਅਦ California DMV ਨੂੰ ਲਗਭਗ 13,000 ਤੋਂ 20,000 non-domiciled CDL ਲਾਇਸੈਂਸ ਰੱਦ ਕਰਨੇ ਪਏ। ਇਸ ਤੋਂ ਇਲਾਵਾ, ਫੈਡਰਲ ਨਿਯਮਾਂ ਦੀ ਪੂਰੀ ਪਾਲਣਾ ਨਾ ਕਰਨ ਬਦਲੇ ਕੈਲੀਫੋਰਨੀਆ ਦੇ ਕਰੋੜਾਂ ਡਾਲਰ ਦੇ ਫੈਡਰਲ ਹਾਈਵੇਅ ਫੰਡ ਰੋਕ ਦਿੱਤੇ ਗਏ ਹਨ (Asian Law Caucus ਅਤੇ Sikh Coalition ਵਰਗੀਆਂ ਸੰਸਥਾਵਾਂ ਨੇ ਇਸ ਵਿਰੁੱਧ ਅਦਾਲਤ ਵਿੱਚ ਪਹੁੰਚ ਵੀ ਕੀਤੀ ਸੀ)।

ਨਿਊਯਾਰਕ (New York): ਕੈਲੀਫੋਰਨੀਆ ਵਾਂਗ ਨਿਊਯਾਰਕ ਨੂੰ ਵੀ ਨਿਯਮਾਂ ਦੀ ਉਲੰਘਣਾ ਦਾ ਅੰਤਿਮ ਨੋਟਿਸ ਮਿਲਿਆ ਹੈ ਅਤੇ ਹਾਈਵੇਅ ਫੰਡਾਂ ਦੀ ਕਟੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਪੈਨਸਿਲਵੇਨੀਆ, ਮਿਨੀਸੋਟਾ, ਵਾਸ਼ਿੰਗਟਨ, ਕੋਲੋਰਾਡੋ ਅਤੇ ਨੌਰਥ ਕੈਰੋਲੀਨਾ: ਇਹਨਾਂ ਰਾਜਾਂ ਨੇ ਜਾਂ ਤਾਂ ਗੈਰ-ਨਾਗਰਿਕ CDL ਪ੍ਰੋਸੈਸਿੰਗ ’ਤੇ ਰੋਕ ਲਗਾ ਦਿੱਤੀ ਹੈ ਜਾਂ ਫੈਡਰਲ ਗ੍ਰਾਂਟਾਂ ਬਚਾਉਣ ਲਈ ਆਪਣੇ ਸਿਸਟਮਾਂ ਦੀ ਸਮੀਖਿਆ ਕਰ ਰਹੇ ਹਨ।

ਓਰੇਗਨ (Oregon) ਅਤੇ ਨੇਵਾਡਾ (Nevada): ਇਹਨਾਂ ਰਾਜਾਂ ਨੇ ਗੈਰ-ਨਾਗਰਿਕ (Non-domiciled) ਡਰਾਈਵਰਾਂ ਨੂੰ ਨਵੇਂ CDL ਅਤੇ ਲਰਨਿੰਗ ਪਰਮਿਟ ਜਾਰੀ ਕਰਨ ਦੇ ਪ੍ਰੋਗਰਾਮ ਨੂੰ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਹੈ।

ਨੌਰਥ ਡਕੋਟਾ (North Dakota): ਕੁਝ ਸਮੇਂ ਲਈ ਪ੍ਰੋਗਰਾਮ ਮੁਅੱਤਲ ਕਰਨ ਤੋਂ ਬਾਅਦ, ਸਿਸਟਮ ਅਪਡੇਟ ਕਰਕੇ ਫੈਡਰਲ ਸਰਕਾਰ ਤੋਂ ਦੁਬਾਰਾ ਮੰਜ਼ੂਰੀ (Recertified) ਹਾਸਲ ਕੀਤੀ ਹੈ।

4. ਨਵੇਂ ਫੈਡਰਲ ਨਿਯਮ ਅਤੇ "Freedom Haulers" ਪ੍ਰੋਗਰਾਮ

ਨਵੇਂ ਵੀਜ਼ਾ ਮਿਆਰ (March 2026 Final Rule): ਅਮਰੀਕੀ ਸਰਕਾਰ ਦੇ ਨਵੇਂ ਨਿਯਮਾਂ ਮੁਤਾਬਕ ਹੁਣ Non-Domiciled CDL ਸਿਰਫ਼ ਖਾਸ ਰੁਜ਼ਗਾਰ-ਆਧਾਰਿਤ ਵੀਜ਼ਾ ਧਾਰਕਾਂ (ਜਿਵੇਂ 8-21, 8-22, ਅਤੇ 5-2) ਤੱਕ ਹੀ ਸੀਮਤ ਕਰ ਦਿੱਤੇ ਗਏ ਹਨ। ਆਮ ਵਿਜ਼ਿਟਰ, ਐਕਸਪਾਇਰਡ ਪਰਮਿਟ ਜਾਂ ਸ਼ਰਨਾਰਥੀ (Asylee/Refugee) ਸਥਿਤੀ ਵਾਲੇ ਵਿਅਕਤੀ ਇਸ ਦੇ ਯੋਗ ਨਹੀਂ ਰਹਿਣਗੇ।

"Freedom Haulers" ਪਹਿਲਕਦਮੀ: ਡਰਾਈਵਰਾਂ ਦੀ ਘਾਟ ਨੂੰ ਪੂਰਾ ਕਰਨ ਲਈ ਫੈਡਰਲ ਸਰਕਾਰ ਨੇ Freedom Haulers ਨਾਂ ਦਾ ਨਵਾਂ ਪ੍ਰੋਗਰਾਮ ਸ਼ੁਰੂ ਕੀਤਾ ਹੈ। ਇਸ ਤਹਿਤ ਅਮਰੀਕੀ ਫੌਜ ਦੇ ਸਾਬਕਾ ਸੈਨਿਕਾਂ (Veterans) ਨੂੰ ਆਸਾਨ ਪ੍ਰਕਿਰਿਆ ਰਾਹੀਂ ਕਮਰਸ਼ੀਅਲ ਟਰੱਕਿੰਗ ਵਿੱਚ ਲਿਆਂਦਾ ਜਾ ਰਿਹਾ ਹੈ।

# ਅਮਰੀਕਾ ਨੇ ਵਿਜ਼ਟਰ ਵੀਜ਼ੇ ’ਤੇ 20 ਹਜ਼ਾਰ ਡਾਲਰ ਦਾ ਬਾਂਡ ਕੀਤਾ ਲਾਜ਼ਮੀ

ਨਿਊਯਾਰਕ : ਅਮਰੀਕਾ ਨੇ ਵਿਜ਼ਟਰ ਵੀਜ਼ੇ ਨਾਲ ਜੁੜੇ ਬਾਂਡ ਪ੍ਰੋਗਰਾਮ ਨੂੰ ਹੁਣ ਪੱਕੇ ਤੌਰ ’ਤੇ ਲਾਗੂ ਕਰ ਦਿੱਤਾ ਹੈ। ਨਵੇਂ ਨਿਯਮ ਤਹਿਤ ਚੁਣੇ ਹੋਏ ਦੇਸ਼ਾਂ ਦੇ ਨਾਗਰਿਕਾਂ ਨੂੰ ਬੀ-1 ਕਾਰੋਬਾਰੀ ਜਾਂ ਬੀ-2 ਸੈਲਾਨੀ ਵੀਜ਼ਾ ਲੈਣ ਤੋਂ ਪਹਿਲਾਂ 10,000, 15,000 ਜਾਂ 20,000 ਡਾਲਰ ਦੀ ਜ਼ਮਾਨਤੀ ਰਕਮ ਜਮ੍ਹਾਂ ਕਰਵਾਉਣੀ ਪੈ ਸਕਦੀ ਹੈ। ਇਹ ਨਿਯਮ 3 ਅਗਸਤ ਤੋਂ ਲਾਗੂ ਹੋ ਗਿਆ ਹੈ। ਕਿੰਨੀ ਰਕਮ ਭਰਨੀ ਪਵੇਗੀ, ਇਸ ਦਾ ਫ਼ੈਸਲਾ ਵੀਜ਼ਾ ਇੰਟਰਵਿਊ ਦੌਰਾਨ ਅਧਿਕਾਰੀ ਬਿਨੈਕਾਰ ਦੀ ਨੌਕਰੀ, ਆਮਦਨ, ਪੜ੍ਹਾਈ, ਯਾਤਰਾ ਦੇ ਮਕਸਦ ਅਤੇ ਅਮਰੀਕਾ ਨਾਲ ਉਸ ਦੇ ਸਬੰਧਾਂ ਨੂੰ ਦੇਖ ਕੇ ਕਰੇਗਾ। ਆਮ ਤੌਰ ’ਤੇ ਬਾਂਡ 15,000 ਡਾਲਰ ਰੱਖਿਆ ਜਾਵੇਗਾ, ਪਰ ਹਾਲਾਤ ਅਨੁਸਾਰ ਇਹ 10,000 ਜਾਂ 20,000 ਡਾਲਰ ਵੀ ਹੋ ਸਕਦਾ ਹੈ। ਇਸ ਪ੍ਰੋਗਰਾਮ ’ਚ ਜ਼ਿਆਦਾਤਰ ਅਫ਼ਰੀਕੀ ਦੇਸ਼ਾਂ ਦੇ ਨਾਲ ਬੰਗਲਾਦੇਸ਼, ਨਿਪਾਲ ਤੇ ਭੂਟਾਨ ਵੀ ਸ਼ਾਮਲ ਹਨ। ਭਾਰਤ ਦਾ ਨਾਮ ਫ਼ਿਲਹਾਲ ਇਸ ਸੂਚੀ ’ਚ ਨਹੀਂ ਹੈ। ਇਸ ਕਾਰਨ ਭਾਰਤੀ ਬੀ-1/ਬੀ-2 ਵੀਜ਼ਾ ਬਿਨੈਕਾਰਾਂ ਉੱਤੇ ਇਹ ਬਾਂਡ ਨਿਯਮ ਲਾਗੂ ਨਹੀਂ ਹੋਵੇਗਾ। ਭਵਿੱਖ ’ਚ ਹੋਰ ਦੇਸ਼ਾਂ ਨੂੰ ਵੀ ਸੂਚੀ ’ਚ ਸ਼ਾਮਲ ਕੀਤਾ ਜਾ ਸਕਦਾ ਹੈ। ਜੇ ਯਾਤਰੀ ਵੀਜ਼ੇ ਦੀਆਂ ਸਾਰੀਆਂ ਸ਼ਰਤਾਂ ਮੰਨਦਾ ਹੈ ਤੇ ਮਨਜ਼ੂਰ ਸਮੇਂ ਅੰਦਰ ਅਮਰੀਕਾ ਛੱਡ ਦਿੰਦਾ ਹੈ ਤਾਂ ਬਾਂਡ ਦੀ ਰਕਮ ਵਾਪਸ ਮਿਲ ਜਾ ਵੇਗੀ। ਪਰ ਸਮੇਂ ਤੋਂ ਵੱਧ ਰਹਿਣ ਜਾਂ ਨਿਯਮ ਤੋੜਨ ’ਤੇ ਪੂਰੀ ਰਕਮ ਜ਼ਬਤ ਹੋ ਸਕਦੀ ਹੈ। ਬਾਂਡ ਭਰਨ ਨਾਲ ਵੀਜ਼ਾ ਮਿਲਣ ਦੀ ਗਾਰੰਟੀ ਵੀ ਨਹੀਂ ਹੋਵੇਗੀ। ਅਮਰੀਕੀ ਸਰਕਾਰ ਦਾ ਕਹਿਣਾ ਹੈ ਕਿ ਪਾਇਲਟ ਪ੍ਰੋਗਰਾਮ ਨਾਲ ਵੀਜ਼ੇ ਦੀ ਮਿਆਦ ਖ਼ਤਮ ਹੋਣ ਤੋਂ ਬਾਅਦ ਅਮਰੀਕਾ ਵਿਚ ਰਹਿਣ ਵਾਲਿਆਂ ਦੀ ਗਿਣਤੀ ’ਚ ਵੱਡੀ ਕਮੀ ਆਈ ਹੈ। ਦੂਜੇ ਪਾਸੇ, ਪ੍ਰਵਾਸੀ ਅਧਿਕਾਰਾਂ ਨਾਲ ਜੁੜੀਆਂ ਸੰਸਥਾਵਾਂ ਦਾ ਕਹਿਣਾ ਹੈ ਕਿ ਇੰਨੀ ਵੱਡੀ ਰਕਮ ਕਾਰਨ ਆਮ ਤੇ ਘੱਟ ਆਮਦਨ ਵਾਲੇ ਲੋਕਾਂ ਲਈ ਅਮਰੀਕਾ ਆਉਣਾ ਮੁਸ਼ਕਲ ਹੋ ਜਾਵੇਗਾ।




# ਦੁਨੀਆ ਭਰ ਦੀ ਸੱਭਿਆਚਾਰਕ ਰੰਗਤ ਦਿਖਾਉਂਦਾ ‘ਫੋਕਲੋਰਾਮਾ’ ਸ਼ੁਰੂ

ਵਿਨੀਪੈੱਗ: ਦੁਨੀਆ ਦੇ ਸਭ ਤੋਂ ਵੱਡੇ ਬਹੁ-ਸੱਭਿਆਚਾਰਕ ਮੇਲਿਆਂ ਵਿੱਚੋਂ ਇੱਕ ਵਿਨੀਪੈਗ ਦਾ ਪ੍ਰਸਿੱਧ ‘ਫੋਕਲੋਰਾਮਾ’ ਮੇਲਾ ਇਸ ਸਾਲ ਆਪਣੀ 55ਵੀਂ ਵਰ੍ਹੇਗੰਢ ਮਨਾਉਂਦਾ ਹੋਇਆ ਸ਼ੁਰੂ ਹੋ ਗਿਆ ਹੈ। 2 ਤੋਂ 15 ਅਗਸਤ ਤੱਕ ਚੱਲਣ ਵਾਲੇ ਇਸ ਮਹਾਂ-ਉਤਸਵ ਵਿੱਚ ਵਿਨੀਪੈਗ ਸ਼ਹਿਰ ਭਰ ਵਿੱਚ ਸੱਭਿਆਚਾਰਕ ਰੰਗ ਬਿਖੇਰਨ ਲਈ 45 ਨਸਲੀ-ਸੱਭਿਆਚਾਰਕ ਪਵੇਲੀਅਨ ਬਣਾਏ ਗਏ ਹਨ। ਕਰੀਬ ਇੱਕ ਸਾਲ ਦੀਆਂ ਸਖ਼ਤ ਤਿਆਰੀਆਂ ਤੋਂ ਬਾਅਦ ਵਲੰਟੀਅਰ ਅਤੇ ਪ੍ਰਬੰਧਕ ਦਰਸ਼ਕਾਂ ਦਾ ਸਵਾਗਤ ਕਰਕੇ ਖ਼ੁਸ਼ ਹਨ। ਇਸ ਵਾਰ ਮੇਲੇ ਵਿੱਚ ਦੋ ਨਵੇਂ ਪਵੇਲੀਅਨ ‘ਹਾਰਟ ਆਫ ਰੋਮਾਨੀਆ’ ਅਤੇ ‘ਸੈਲਵਾਡੋਰਿਅਨ’ ਪਹਿਲੀ ਵਾਰ ਸ਼ਾਮਲ ਕੀਤੇ ਗਏ ਹਨ, ਜਦਕਿ ਮੈਕਸਿਕੋ, ਚਿੱਲੀ ਅਤੇ ਫਸਟ ਨੇਸ਼ਨ ਪਵੇਲੀਅਨ ਦੀ ਵੀ ਸ਼ਾਨਦਾਰ ਵਾਪਸੀ ਹੋਈ ਹੈ।

ਮੇਲੇ ਦੇ ਇਤਿਹਾਸਕ 55 ਸਾਲ ਪੂਰੇ ਹੋਣ ਦੀ ਖ਼ੁਸ਼ੀ ਵਿੱਚ ਸਥਾਨਕ ਕਲਾਕਾਰ ਮੈਂਡੀ ਵੈਨ ਲੀਊਵਨ ਵੱਲੋਂ ਇੱਕ ਨਵਾਂ ਵਿਸ਼ੇਸ਼ ਮਿਊਰਲ ਵੀ ਤਿਆਰ ਕੀਤਾ ਜਾ ਰਿਹਾ ਹੈ ਜੋ ਸਾਰਜੰਟ ਐਵੇਨਿਊ ਸਥਿਤ ਮਾਡਰਨਜ਼ ਆਫ ਵਿਨੀਪੈਗ ਦੀ ਇਮਾਰਤ ਦੀ ਸ਼ਾਨ ਵਧਾਏਗਾ। ਇਸ ਤੋਂ ਇਲਾਵਾ ਫੋਕਲੋਰਾਮਾ ਵੱਲੋਂ ਵਾਤਾਵਰਨ ਦੀ ਸੰਭਾਲ ਵੱਲ ਵੱਡਾ ਕਦਮ ਚੁੱਕਦਿਆਂ ਇਸ ਵਾਰ ਸਾਰੇ 45 ਪਵੇਲੀਅਨਾਂ ਵਿੱਚ ਕੰਪੋਸਟਿੰਗ ਪ੍ਰੋਗਰਾਮ ਲਾਗੂ ਕੀਤਾ ਜਾ ਰਿਹਾ ਹੈ। ਪਿਛਲੇ ਸਾਲ ਇਸ ਪਹਿਲਕਦਮੀ ਨਾਲ ਲਗਭਗ 3,000 ਕਿਲੋਗ੍ਰਾਮ ਕੂੜਾ ਲੈਂਡ ਫਿੱਲ ਵਿੱਚ ਜਾਣ ਤੋਂ ਬਚਾਇਆ ਗਿਆ ਸੀ।



ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਪੰਜਾਬ ਪਵੇਲੀਅਨ ਅਤੇ ਇੰਡੀਆ ਪਵੇਲੀਅਨ ਭਾਰਤੀ ਭਾਈਚਾਰੇ ਸਮੇਤ ਸਮੁੱਚੇ ਵਿਦੇਸ਼ੀ ਦਰਸ਼ਕਾਂ ਲਈ ਮੁੱਖ ਖਿੱਚ ਦਾ ਕੇਂਦਰ ਬਣੇ ਹੋਏ ਹਨ। ਪੰਜਾਬ ਪਵੇਲੀਅਨ ਵਿੱਚ ਪੰਜਾਬੀ ਸੱਭਿਆਚਾਰ ਦੀ ਅਸਲ ਧੜਕਣ ਦੇਖਣ ਨੂੰ ਮਿਲ ਰਹੀ ਹੈ। ਢੋਲ ਦੀਆਂ ਗੂੰਜਦੀਆਂ ਥਾਪਾਂ, ਭੰਗੜੇ ਦੀ ਊਰਜਾ, ਗਿੱਧੇ ਦੀ ਰੌਣਕ ਅਤੇ ਰਵਾਇਤੀ ਲੋਕ-ਗੀਤ ਦਰਸ਼ਕਾਂ ਦਾ ਮਨ ਮੋਹ ਰਹੇ ਹਨ। ਪੰਜਾਬੀ ਰਸੋਈ ਦੇ ਮਸ਼ਹੂਰ ਅਤੇ ਮੂੰਹ ਵਿੱਚ ਪਾਣੀ ਲਿਆਉਣ ਵਾਲੇ ਪਕਵਾਨ ਜਿਵੇਂ ਸਰ੍ਹੋਂ ਦਾ ਸਾਗ ਅਤੇ ਮੱਕੀ ਦੀ ਰੋਟੀ, ਛੋਲੇ-ਭਟੂਰੇ, ਤੰਦੂਰੀ ਵਿਅੰਜਨ, ਗਰਮਾ-ਗਰਮ ਜਲੇਬੀ ਅਤੇ ਠੰਢੀ ਲੱਸੀ ਦਰਸ਼ਕਾਂ ਨੂੰ ਪੰਜਾਬ ਦੇ ਦੇਸੀ ਸਵਾਦ ਨਾਲ ਜੋੜ ਰਹੇ ਹਨ।

ਇੰਡੀਆ ਪਵੇਲੀਅਨ ਵਿੱਚ ਭਾਰਤ ਦੀ ਅਨੇਕਤਾ ਵਿੱਚ ਏਕਤਾ ਦੀ ਅਲੌਕਿਕ ਝਲਕ ਵੇਖਣ ਨੂੰ ਮਿਲ ਰਹੀ ਹੈ। ਇੱਥੇ ਵੱਖ-ਵੱਖ ਰਾਜਾਂ ਦੇ ਲੋਕ ਅਤੇ ਸ਼ਾਸਤਰੀ ਨਾਚ, ਸੰਗੀਤ, ਰਵਾਇਤੀ ਪਹਿਰਾਵੇ, ਹਸਤ-ਕਲਾ ਅਤੇ ਬੌਲੀਵੁੱਡ ਆਧਾਰਿਤ ਮਨੋਰੰਜਕ ਪ੍ਰੋਗਰਾਮ ਵਿਸ਼ੇਸ਼ ਤੌਰ ’ਤੇ ਨੌਜਵਾਨਾਂ ਅਤੇ ਪਰਿਵਾਰਾਂ ਨੂੰ ਆਕਰਸ਼ਿਤ ਕਰ ਰਹੇ ਹਨ। ਦੇਸ਼ ਦੇ ਵੱਖ-ਵੱਖ ਖੇਤਰਾਂ ਦੇ ਲਜ਼ੀਜ਼ ਪਕਵਾਨ ਵੀ ਇਸ ਪਵੇਲੀਅਨ ਦੀ ਵੱਡੀ ਵਿਸ਼ੇਸ਼ਤਾ ਹਨ।

ਫੋਕਲੋਰਾਮਾ ਦੇ ਪ੍ਰਬੰਧਕਾਂ ਮੁਤਾਬਕ ਹਰ ਪਵੇਲੀਅਨ ਤੋਂ ਹੋਣ ਵਾਲੀ ਆਮਦਨ ਸਿੱਧੇ ਤੌਰ ’ਤੇ ਸਬੰਧਿਤ ਭਾਈਚਾਰੇ ਨੂੰ ਜਾਂਦੀ ਹੈ, ਜਿਸ ਨਾਲ ਉਹ ਆਪਣੀ ਮਾਂ-ਬੋਲੀ, ਸੱਭਿਆਚਾਰ ਅਤੇ ਵਿਰਾਸਤ ਨੂੰ ਸੰਭਾਲ ਕੇ ਨਵੀਂ ਪੀੜ੍ਹੀ ਤੱਕ ਪਹੁੰਚਾਉਂਦੇ ਹਨ। ਮੇਲੇ ਵਿੱਚ ਦਰਸ਼ਕਾਂ ਦੇ ਉਤਸ਼ਾਹ ਨੂੰ ਹੋਰ ਵਧਾਉਣ ਲਈ ਇੱਕ ਖ਼ਾਸ ਇਨਾਮੀ ਯੋਜਨਾ ਵੀ ਰੱਖੀ ਗਈ ਹੈ; ਜਿੰਨੇ ਵੱਧ ਪਵੇਲੀਅਨਾਂ ਦਾ ਦੌਰਾ ਕੀਤਾ ਜਾਵੇਗਾ, ਓਨੀਆਂ ਹੀ ਵੱਧ ਐਂਟਰੀਆਂ ਮਿਲਣਗੀਆਂ ਅਤੇ ਭਾਗਾਂ ਵਾਲਾ ਵਿਅਕਤੀ ਯੂਰਪੀਅਨ ਰਿਵਰ ਕਰੂਜ਼ ਜਿੱਤਣ ਦਾ ਸੁਨਹਿਰੀ ਮੌਕਾ ਹਾਸਲ ਕਰ ਸਕੇਗਾ।

ਬੱਚਿਆਂ (12 ਸਾਲ ਅਤੇ ਇਸ ਤੋਂ ਘੱਟ ਉਮਰ) ਲਈ ਮੇਲੇ ਵਿੱਚ ਦਾਖਲਾ ਬਿਲਕੁਲ ਮੁਫ਼ਤ ਹੈ। ਪ੍ਰਬੰਧਕਾਂ ਨੂੰ ਪੂਰੀ ਉਮੀਦ ਹੈ ਕਿ ਲੱਖਾਂ ਲੋਕ ਇਸ ਵਿਸ਼ਵ-ਪ੍ਰਸਿੱਧ ਮੇਲੇ ਵਿੱਚ ਸ਼ਾਮਲ ਹੋ ਕੇ ਵਿਸ਼ਵ ਭਰ ਦੀਆਂ ਅਨੋਖੀਆਂ ਸੱਭਿਆਚਾਰਕ ਰੰਗਤਾਂ ਦਾ ਭਰਪੂਰ ਅਨੰਦ ਮਾਣਨਗੇ।

# ਸ੍ਰੀ ਹਰਿਮੰਦਰ ਸਾਹਿਬ ਲਾਈਵ : ਹੁਣ 1000 ਤੋਂ ਵੱਧ ਪਲੇਟਫਾਰਮਾਂ ਰਾਹੀਂ ਦੁਨੀਆ ਭਰ ਵਿੱਚ ਹੋਵੇਗਾ ਗੁਰਬਾਣੀ ਦਾ ਪ੍ਰਸਾਰਣ

## SGPC ਦੇ ਯੂਟਿਊਬ ਲਿੰਕ ਰਾਹੀਂ ਹੁਣ ਘਰ-ਘਰ ਪਹੁੰਚ ਰਿਹਾ ਗੁਰਬਾਣੀ ਦਾ ਪ੍ਰਵਾਹ



ਚੰਡੀਗੜ੍ਹ : ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਦੇ ਪ੍ਰਸਾਰਣ ਨੂੰ ਲੈ ਕੇ 'ਮੋਨੋਪੋਲੀ' (ਏਧਿਪਤਯ) ਕਾਇਮ ਕਰਨ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਆਪਣੇ ਪੁਰਾਣੇ ਰੁਖ਼ ਤੋਂ ਪਿੱਛੇ ਹਟਦੀ ਨਜ਼ਰ ਆ ਰਹੀ ਹੈ। ਪਹਿਲਾਂ SGPC ਨੇ ਬਿਨਾਂ ਮਨਜ਼ੂਰੀ ਗੁਰਬਾਣੀ ਨੂੰ ਰੀਲੇ੍ ਜਾਂ ਰੀ-ਸਟ੍ਰੀਮ ਕਰਨ 'ਤੇ ਪਾਬੰਦੀ ਲਗਾਈ ਸੀ, ਪਰ ਹੁਣ ਉਨ੍ਹਾਂ ਨੇ ਇੱਕ 'ਉਦਾਰ' (ਨਰਮ) ਰੁਖ਼ ਅਪਣਾ ਲਿਆ ਹੈ।

**1000 ਤੋਂ ਵੱਧ ਪਲੇਟਫਾਰਮਾਂ 'ਤੇ ਗੁਰਬਾਣੀ ਦਾ ਪ੍ਰਸਾਰਣ**

ਹੁਣ ਦੁਨੀਆ ਭਰ ਵਿੱਚ ਗੁਰਬਾਣੀ ਦੇ ਪਵਿੱਤਰ ਸ਼ਬਦ ਵੱਖ-ਵੱਖ ਪਲੇਟਫਾਰਮਾਂ ਰਾਹੀਂ ਘਰ-ਘਰ ਪਹੁੰਚ ਰਹੇ ਹਨ। ਅੱਜ ਸਵੇਰ ਤੋਂ 'ਜੀਟੀਸੀ ਪੰਜਾਬੀ' (GTC Punjabi) ਨੇ ਵੀ ਸ੍ਰੀ ਹਰਿਮੰਦਰ ਸਾਹਿਬ ਤੋਂ ਦਿਨ ਵਿੱਚ ਦੋ ਵਾਰ ਗੁਰਬਾਣੀ ਦਾ ਲਾਈਵ ਪ੍ਰਸਾਰਣ ਸ਼ੁਰੂ ਕਰ ਦਿੱਤਾ ਹੈ—ਸਵੇਰ ਦਾ ਪ੍ਰਸਾਰਣ 03:15 ਵਜੇ ਤੋਂ 7:30 ਵਜੇ ਤੱਕ ਅਤੇ ਸ਼ਾਮ ਦਾ ਪ੍ਰਸਾਰਣ 4:00 ਵਜੇ ਤੋਂ 6:00 ਵਜੇ ਤੱਕ।

**ਡਾ. ਰਬਿੰਦਰ ਨਾਰਾਇਣ ਦੀ ਅਗਵਾਈ ਵਾਲਾ 'ਜੀਟੀਸੀ ਨੈੱਟਵਰਕ' ਵੀ ਸ਼ਾਮਲ**

ਜੀਟੀਸੀ ਨੈੱਟਵਰਕ ਦੇ ਸੰਸਥਾਪਕ ਅਤੇ ਮੈਨੇਜਿੰਗ ਡਾਇਰੈਕਟਰ ਡਾ. ਰਬਿੰਦਰ ਨਾਰਾਇਣ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਸਿਗਨਲ ਨੂੰ ਐਸਜੀਪੀਸੀ ਦੇ ਯੂਟਿਊਬ ਚੈਨਲ ਤੋਂ ਲਿਆ ਜਾ ਰਿਹਾ ਹੈ ਅਤੇ ਇਸ ਨੂੰ ਸੈਟੇਲਾਈਟ ਤੇ ਹੋਰ ਡਿਜੀਟਲ ਪਲੇਟਫਾਰਮਾਂ ਰਾਹੀਂ ਦੁਨੀਆ ਭਰ ਵਿੱਚ ਪ੍ਰਸਾਰਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਵਿਧਾਨ ਸਭਾ ਸੈਸ਼ਨ ਦੌਰਾਨ ਆਗੂਆਂ ਦੇ ਬਿਆਨਾਂ ਤੋਂ ਬਾਅਦ ਉਨ੍ਹਾਂ ਦੀ ਟੀਮ ਨੇ ਵੀ ਇਸ ਲਿੰਕ ਰਾਹੀਂ ਗੁਰਬਾਣੀ ਦਾ ਲਾਈਵ ਪ੍ਰਸਾਰਣ ਸ਼ੁਰੂ ਕਰ ਦਿੱਤਾ ਅਤੇ ਇਸ ਬਾਰੇ SGPC ਨੂੰ ਲਿਖਤੀ ਰੂਪ ਵਿੱਚ ਜਾਣੂ ਕਰਵਾ ਦਿੱਤਾ ਹੈ।

**ਲਗਪਗ 1000 ਡਿਜੀਟਲ ਪਲੇਟਫਾਰਮ ਕਰ ਰਹੇ ਹਨ ਰੀਲੇਅ**

ਰਿਪੋਰਟਾਂ ਮੁਤਾਬਕ, ਕਰੀਬ 1000 ਹੋਰ ਡਿਜੀਟਲ ਪਲੇਟਫਾਰਮ ਵੀ ਸਾਹਮਣੇ ਆਏ ਹਨ ਜੋ ਆਪਣੇ-ਆਪਣੇ ਪਲੇਟਫਾਰਮਾਂ 'ਤੇ ਗੁਰਬਾਣੀ ਦਾ ਲਾਈਵ ਪ੍ਰਸਾਰਣ ਰੀਲੇਅ ਕਰ ਰਹੇ ਹਨ। ਡਾ. ਨਾਰਾਇਣ ਨੇ ਕਿਹਾ ਕਿ ਉਨ੍ਹਾਂ ਨੂੰ ਨਹੀਂ ਪਤਾ ਸੀ ਕਿ ਇਹ ਲਿੰਕ ਸਾਰਿਆਂ ਲਈ ਖੁੱਲ੍ਹਾ ਹੈ, ਪਰ ਇਹ SGPC ਵੱਲੋਂ ਇੱਕ ਬਹੁਤ ਹੀ ਸਕਾਰਾਤਮਕ ਕਦਮ ਹੈ।

**SGPC ਦਾ ਮੌਜੂਦਾ ਪ੍ਰਸਾਰਣ ਅਤੇ ਪੁਰਾਣਾ ਪਿਛੋਕੜ**

ਮੌਜੂਦਾ ਸਮੇਂ ਵਿੱਚ SGPC ਆਪਣੇ ਯੂਟਿਊਬ ਚੈਨਲ 'SGPC Sri Amritsar' ਰਾਹੀਂ ਦਿਨ ਵਿੱਚ ਤਿੰਨ ਵਾਰ ਗੁਰਬਾਣੀ ਦਾ ਪ੍ਰਸਾਰਣ ਕਰਦੀ ਹੈ। ਇਸ ਤੋਂ ਇਲਾਵਾ ਫੇਸਬੁੱਕ, ਅਧਿਕਾਰਤ ਵੈੱਬਸਾਈਟ ਅਤੇ ਐਪ ਰਾਹੀਂ ਵੀ ਸੇਵਾ ਜਾਰੀ ਹੈ। ਹਾਲਾਂਕਿ, ਆਪਣੇ ਖੁਦ ਦੇ ਸੈਟੇਲਾਈਟ ਚੈਨਲ ਦੀ ਅਣਹੋਂਦ ਕਾਰਨ ਇਹ ਪੀਟੀਸੀ (PTC) ਨੈੱਟਵਰਕ ਦੇ ਬੁਨਿਆਦੀ ਢਾਂਚੇ 'ਤੇ ਨਿਰਭਰ ਰਹੀ ਹੈ।

**ਸਿਆਸੀ ਅਤੇ ਪੰਥਕ ਪਿਛੋਕੜ**

ਪੰਜਾਬ ਵਿੱਚ ਗੁਰਬਾਣੀ ਦੇ ਪ੍ਰਸਾਰਣ ਦੇ ਅਧਿਕਾਰਾਂ ਦਾ ਮੁੱਦਾ ਲੰਮੇ ਸਮੇਂ ਤੋਂ ਸਿਆਸੀ ਤੌਰ 'ਤੇ ਵਿਵਾਦਤ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਸਿੱਖ ਗੁਰਦੁਆਰਾ (ਸੋਧ) ਬਿਲ, 2023 ਲਿਆਉਣ ਤੋਂ ਬਾਅਦ ਇਹ ਮੁੱਦਾ ਹੋਰ ਭਖ ਗਿਆ ਸੀ। ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਵੀ ਐਸਜੀਪੀਸੀ ਨੂੰ ਆਪਣਾ ਚੈਨਲ ਬਣਾਉਣ ਦੀ ਸਲਾਹ ਦਿੱਤੀ ਸੀ ਅਤੇ ਹੁਣ ਉਨ੍ਹਾਂ ਨੇ ਡਾ. ਨਾਰਾਇਣ ਦੇ ਇਸ ਉਪਰਾਲੇ ਦੀ ਵੀ ਹਮਾਇਤ ਕੀਤੀ ਹੈ।

Bondless Khalsa

# ਲਾਹੌਰ ਬੋਰਡ 'ਚ ਸਿੱਖ ਵਿਦਿਆਰਥੀ ਓਅੰਕਾਰ ਸਿੰਘ ਦਾ ਇਤਿਹਾਸਕ ਪ੍ਰਦਰਸ਼ਨ

## 1200 ਵਿੱਚੋਂ 1189 ਅੰਕ ਲੈ ਕੇ ਪਾਕਿਸਤਾਨ ਅਤੇ ਸਿੱਖ ਕੌਮ ਦਾ ਕੀਤਾ ਨਾਮ ਰੌਸ਼ਨ

### ਪ੍ਰੋਫ਼ੈਸਰ ਡਾ. ਮਿਮਪਾਲ ਸਿੰਘ ਦੇ ਸਪੁੱਤਰ ਓਅੰਕਾਰ ਸਿੰਘ ਨੇ ਸਾਇੰਸ ਗਰੁੱਪ 'ਚ ਗੱਡੇ ਝੰਡੇ; ਲਾਹੌਰ ਬੋਰਡ 'ਚ ਪੁਜ਼ੀਸ਼ਨ ਹਾਸਲ ਕਰਨ ਵਾਲਾ ਬਣਿਆ ਪਹਿਲਾ ਸਿੱਖ ਵਿਦਿਆਰਥੀ

ਲਾਹੌਰ (ਪਾਕਿਸਤਾਨ) : ਪਾਕਿਸਤਾਨ ਦੇ ਲਾਹੌਰ ਬੋਰਡ (BISE Lahore) ਦੀਆਂ ਇਮਤਿਹਾਨੀ ਪ੍ਰੀਖਿਆਵਾਂ ਵਿੱਚ ਸਿੱਖ ਭਾਈਚਾਰੇ ਦੇ ਹੋਣਹਾਰ ਨੌਜਵਾਨ ਓਅੰਕਾਰ ਸਿੰਘ (Onkar Singh) ਨੇ ਇਤਿਹਾਸ ਰਚਦਿਆਂ ਸ਼ਾਨਦਾਰ ਸਫ਼ਲਤਾ ਹਾਸਲ ਕੀਤੀ ਹੈ। ਪ੍ਰਸਿੱਧ ਡਾਕਟਰ ਤੇ ਪ੍ਰੋਫ਼ੈਸਰ ਡਾ. ਮਿਮਪਾਲ ਸਿੰਘ ਦੇ ਸਪੁੱਤਰ ਓਅੰਕਾਰ ਸਿੰਘ ਨੇ ਸਾਇੰਸ ਗਰੁੱਪ ਵਿੱਚ 1200 ਵਿੱਚੋਂ 1189 ਅੰਕ ਪ੍ਰਾਪਤ ਕਰਕੇ ਬੋਰਡ ਵਿੱਚ ਦੂਜੀ ਪੁਜ਼ੀਸ਼ਨ (Bnd Position) ਹਾਸਲ ਕੀਤੀ ਹੈ।

ਲਾਹੌਰ ਬੋਰਡ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਜਦੋਂ ਕਿਸੇ ਸਿੱਖ ਵਿਦਿਆਰਥੀ ਨੇ ਬੋਰਡ ਪ੍ਰੀਖਿਆਵਾਂ ਵਿੱਚ ਮੋਹਰੀ ਪੁਜ਼ੀਸ਼ਨਾਂ (Top Positions) ਵਿੱਚ ਆਪਣਾ ਨਾਂ ਦਰਜ ਕਰਵਾਇਆ ਹੈ।



**ਇਤਿਹਾਸਕ ਪ੍ਰਾਪਤੀ:** ਓਅੰਕਾਰ ਸਿੰਘ ਨੇ ਆਪਣੀ ਲਗਨ ਅਤੇ ਅਥੱਕ ਮਿਹਨਤ ਦੇ ਬਲਬੂਤੇ 1189 ਅੰਕ ਹਾਸਲ ਕਰਕੇ ਨਾ ਸਿਰਫ਼ ਆਪਣੇ ਪਰਿਵਾਰ ਦਾ, ਸਗੋਂ ਪੂਰੇ ਪਾਕਿਸਤਾਨੀ ਅਤੇ ਅੰਤਰਰਾਸ਼ਟਰੀ ਸਿੱਖ ਭਾਈਚਾਰੇ ਦਾ ਨਾਂ ਰੋਸ਼ਨ ਕੀਤਾ ਹੈ।

**ਪਰਿਵਾਰ ਅਤੇ ਭਾਈਚਾਰੇ 'ਚ ਖ਼ੁਸ਼ੀ ਦੀ ਲਹਿਰ:** ਇਸ ਸ਼ਾਨਦਾਰ ਨਤੀਜੇ ਦੀ ਖ਼ਬਰ ਸਾਹਮਣੇ ਆਉਂਦਿਆਂ ਹੀ ਡਾ. ਮਿਮਪਾਲ ਸਿੰਘ ਦੇ ਪਰਿਵਾਰ, ਸਾਕ-ਸੰਬੰਧੀਆਂ ਅਤੇ ਦੇਸ਼-ਵਿਦੇਸ਼ ਵਿੱਚ ਵੱਸਦੇ ਸਿੱਖ ਭਾਈਚਾਰੇ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ। ਸੋਸ਼ਲ ਮੀਡੀਆ 'ਤੇ ਓਅੰਕਾਰ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਲਗਾਤਾਰ ਵਧਾਈਆਂ ਅਤੇ ਸ਼ੁਭਕਾਮਨਾਵਾਂ ਦਿੱਤੀਆਂ ਜਾ ਰਹੀਆਂ ਹਨ।

**ਹਰ ਪੱਖੋਂ ਸ਼ਾਨਦਾਰ ਅਕਾਦਮਿਕ ਰਿਕਾਰਡ:** ਓਅੰਕਾਰ ਸਿੰਘ ਸ਼ੁਰੂ ਤੋਂ ਹੀ ਪੜ੍ਹਾਈ ਵਿੱਚ ਬਹੁਤ ਹੋਣਹਾਰ ਰਿਹਾ ਹੈ। ਉਸ ਦੀ ਇਸ ਪ੍ਰਾਪਤੀ ਨਾਲ ਪਾਕਿਸਤਾਨ ਵਿੱਚ ਘੱਟ-ਗਿਣਤੀ ਭਾਈਚਾਰੇ ਦੇ ਹੋਰਨਾਂ ਬੱਚਿਆਂ ਨੂੰ ਵੀ ਉੱਚ ਸਿੱਖਿਆ ਅਤੇ ਪ੍ਰਤੀਯੋਗੀ ਪ੍ਰੀਖਿਆਵਾਂ ਵਿੱਚ ਅੱਗੇ ਵਧਣ ਦੀ ਵੱਡੀ ਪ੍ਰੇਰਨਾ ਮਿਲੇਗੀ।

# ਪੰਜਾਬ ਬੰਦ ਸੱਦੇ ਤੇ ਮਿਆਣੀ ਰਿਹਾ ਬੰਦ, ਮੰਗਾਂ ਨਾ ਮੰਨੀਆਂ ਸੰਘਰਸ਼ ਕਰਾਂਗੇ ਤੇਜ਼ : ਗਗਨ ਪਰੋਜ, ਸਰਵਨ ਦੂਵਿੜ

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਨਗਰ ਕੌਂਸਲ ਦੀਆਂ ਕਰਮਚਾਰੀ ਯੂਨੀਅਨਾਂ ਨੇ ਬਰਨਾਲਾ ਵਿਖੇ ਸਫਾਈ ਕਰਮਚਾਰੀਆਂ ਤੇ ਢਾਏ ਤਸ਼ੱਦਦ ਦੇ ਰੋਸ ਵਜੋਂ ਪੰਜਾਬ ਬੰਦ ਦੇ ਦਿੱਤੇ ਸੱਦੇ ਤੇ ਮਿਆਣੀ ਇਲਾਕਾ ਸੰਪੂਰਣ ਬੰਦ ਰਿਹਾ। ਸਫ਼ਾਈ ਕਰਮਚਾਰੀਆਂ ਦੀਆਂ ਮੰਗਾਂ ਪ੍ਰਵਾਨ ਨਾ ਹੋਣ ਤੇ ਮਾਨ ਸਰਕਾਰ ਖਿਲਾਫ ਨਵੀਂ ਰਣਨੀਤੀ ਤਿਆਰ ਕਰਨ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਸ਼ਿਵ ਸੈਨਾ ਪੰਜਾਬ ਦੇ ਬੇਟ ਏਰੀਆ ਪ੍ਰਧਾਨ ਤੇ ਜਲੰਧਰ ਯੁਵਾ ਇੰਚਾਰਜ ਗਗਨ ਪਰੋਜ ਅਤੇ ਆਦਿ ਧਰਮ ਸਮਾਜ ਭਾਰਤ ਬਲਾਕ ਟਾਂਡਾ ਦੇ ਪ੍ਰਧਾਨ ਸਰਵਣ ਦੂਵਿੜ ਦੀ ਅਗਵਾਈ ਵਿੱਚ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਵੱਖ-ਵੱਖ ਸੰਸਥਾਵਾਂ ਦੇ ਆਗੂਆਂ ਨੇ ਭਾਗ ਲਿਆ।



ਮੀਟਿੰਗ ਸਬੰਧੀ ਜਾਣਕਾਰੀ ਦਿੰਦੇ ਗਗਨ ਪਰੋਜ, ਸਰਵਣ ਦੂਵਿੜ ਅਤੇ ਹੋਰ।

ਮੀਟਿੰਗ 'ਚ ਸ਼ਾਮਿਲ ਗਗਨ ਪਰੋਜ, ਸਰਵਣ ਦੂਵਿੜ, ਭਗਵਾਨ ਵਾਲਮੀਕਿ ਯੂਥ ਕਮੇਟੀ ਮਿਆਨੀ ਦੇ ਪ੍ਰਧਾਨ ਵਿੱਕੀ ਸਿੱਧੂ, ਹਰਵਿੰਦਰ, ਜਸਵੀਰ, ਸੰਦੀਪ, ਅਮਰੀਕ ਚੰਦ, ਮਨਜੀਤ, ਅਕਸ਼ੇ, ਅਜੇ ਮਿਆਣੀ, ਲਖਣ, ਕਰਨ, ਰੁਲਦੂ, ਸਰਵਣ, ਗੁਲਜਾਰ ਰਾਣਾ, ਅਮਨ, ਲੱਖੀ, ਰਵੀ, ਮੋਨੂ ਸੁਨੀਲ ਹੈਪੀ, ਬਲਜਿੰਦਰ, ਗੁਰਪ੍ਰੀਤ ਗੋਪਾ, ਕੁਲਵੀਰ ਸਿੰਘ ਉਧਾਰੀ ਤੱਕ, ਜੋਸ਼ ਨੱਥੂਪੁਰ, ਪ੍ਰਿੰਸ ਪਰੋਜ, ਗੋਰਾ ਮੱਟੂ, ਹਰਮਨ ਪਰੋਜ, ਸੁਖਦੇਵ, ਆਕਾਸ਼, ਹਰਜਿੰਦਰ ਸਿੰਘ ਤੋਂ ਇਲਾਵਾ ਹੋਰ ਵੱਖ ਵੱਖ ਸੰਸਥਾਵਾਂ ਦੇ ਆਗੂਆਂ ਨੇ ਸਫਾਈ ਸੇਵਕਾਂ ਅਤੇ ਨਗਰ ਕੌਂਸਲ ਕਰਮਚਾਰੀਆਂ ਦੀਆਂ ਮੰਗਾਂ ਪ੍ਰਵਾਨ ਨਾ ਕਰਨ ਕਾਰਨ ਮਾਨ ਸਰਕਾਰ ਖਿਲਾਫ਼ ਰੋਸ ਦਾ ਪ੍ਰਗਟਾਵਾ ਕੀਤਾ।

ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਗਗਨ ਪਰੋਜ ਨੇ ਕਿਹਾ ਕਿ ਪੰਜਾਬ ਬੰਦ ਦਾ ਸੱਦਾ ਤਾਂ ਸਿਰਫ਼ ਮਾਨ ਸਰਕਾਰ ਨੂੰ ਦਲਿਤ ਸਮਾਜ ਅਤੇ ਵਾਲਮੀਕਿ ਭਾਈਚਾਰੇ ਦੀ ਏਕਤਾ ਦਾ ਸਬੂਤ ਦੱਸਣਾ ਸੀ ਜੇਕਰ ਪੰਜਾਬ ਸਰਕਾਰ ਨੇ ਸਫਾਈ ਯੂਨੀਅਨ ਤੇ ਕਰਮਚਾਰੀ ਸੰਗਠਨਾਂ ਦੀਆਂ ਜਾਇਜ਼ ਮੰਗਾਂ ਜਲਦ ਪਰਵਾਨ ਨਾ ਕੀਤੀਆਂ ਤਾਂ ਫਿਰ ਸਾਰੇ ਪੰਜਾਬ ਦੀਆਂ ਵੱਖ-ਵੱਖ ਯੂਨੀਅਨਾਂ ਅਤੇ ਸੰਗਠਨਾਂ ਦੇ ਸਹਿਯੋਗ ਨਾਲ ਸੰਘਰਸ਼ ਨੂੰ ਹੋਰ ਤੇਜ਼ ਕਰਦੇ ਹੋਏ ਸੜਕ ਜਾਮ ਲਗਾਵਾਂਗੇ। ਉਨਾਂ ਕਿਹਾ ਕਿ ਮਾਨ ਸਰਕਾਰ ਨੇ ਜਿਸ ਤਰ੍ਹਾਂ ਬਰਨਾਲਾ ਵਿਖੇ ਨਿਹੱਥੇ ਸਫਾਈ ਕਰਮਚਾਰੀਆਂ ਤੇ ਲਾਠੀ ਚਾਰਜ ਕੀਤਾ ਹੈ ਉਹ ਤਾਂ ਅੰਗਰੇਜ਼ਾਂ ਦੇ ਜੁਰਮਾਂ ਨੂੰ ਵੀ ਮਾਤ ਦੇ ਗਈ ਹੈ।

ਸਰਵਣ ਦੂਵਿੜ ਨੇ ਪੰਜਾਬ ਬੰਦ ਦੇ ਸੱਦੇ ਤੇ ਦੁਕਾਨਦਾਰਾਂ ਵਪਾਰੀਆਂ ਅਤੇ ਸਕੂਲ ਪ੍ਰਬੰਧਕਾਂ ਵੱਲੋਂ ਦਿੱਤੇ ਗਏ ਸਹਿਯੋਗ ਤੇ ਉਹਨਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਜੇਕਰ ਮਾਨ ਸਰਕਾਰ ਨੇ ਬਰਨਾਲਾ ਥਾਣੇ ਦੇ ਸਾਰੇ ਸਟਾਫ ਤੇ ਪਰਚਾ ਦਰਜ ਕਰਕੇ ਉਹਨਾਂ ਦੇ ਖਿਲਾਫ ਸਖਤ ਕਾਨੂੰਨੀ ਕਾਰਵਾਈ ਨਹੀਂ ਕੀਤੀ ਅਤੇ ਸਫਾਈ ਕਰਮਚਾਰੀਆਂ ਦੀਆਂ ਸਾਰੀਆਂ ਜਾਇਜ਼ ਮੰਗਾਂ ਜਲਦ ਪ੍ਰਵਾਨ ਨਾ ਕੀਤੀਆਂ ਤਾਂ ਇਸਦੇ ਮਾਨ ਸਰਕਾਰ ਨੂੰ ਬਹੁਤ ਹੀ ਮਾੜੇ ਨਤੀਜੇ ਭੁਗਤਣੇ ਪੈਣਗੇ। ਉਨ੍ਹਾਂ ਕਿਹਾ ਕਿ ਕੁਝ ਸਮਾਂ ਪਹਿਲੇ ਵੀ ਮਾਨ ਸਰਕਾਰ ਨੇ ਸਫਾਈ ਕਰਮਚਾਰੀਆਂ ਦੀਆਂ ਮੰਗਾਂ ਪ੍ਰਵਾਨ ਨਹੀਂ ਕੀਤੀਆਂ ਸਨ ਜਿਸ ਦਾ ਖਮਿਆਜਾ ਆਮ ਜਨਤਾ ਨੂੰ ਭੁਗਤਣਾ ਪਿਆ ਸੀ ਅਤੇ ਜੇਕਰ ਹੁਣ ਵੀ ਸਰਕਾਰ ਨੇ ਮੰਗਾਂ ਨਾ ਮੰਨੀਆਂ ਤਾਂ ਫਿਰ ਪੰਜਾਬ ਦੀ ਜਨਤਾ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

# ਅਯੋਧਿਆ ਰਾਮ ਮੰਦਰ ਚੰਦਾ ਘੋਟਾਲੇ 'ਚ ਵਿਰੋਧੀ ਧਿਰ ਦਾ ਹੰਗਾਮਾ; ਸੰਸਦ ਭਵਨ 'ਚ ਭਾਜਪਾ ਖ਼ਿਲਾਫ਼ ਕੱਢਿਆ ਰੋਸ ਮਾਰਚ

## 'ਰਾਮ ਨਾਮ ਜਪਨਾ, ਪਰਇਆ ਮਾਲ ਅਪਣਾ': 'ਇੰਡੀਆ' ਗਠਜੋੜ ਦੇ ਸੰਸਦ ਮੈਂਬਰਾਂ ਨੇ 'ਚੰਦਾ ਚੋਰੀ' ਦੇ ਲਗਾਏ ਦੋਸ਼; ਭਾਰਤੀ ਜਨਤਾ ਪਾਰਟੀ ਤੋਂ ਮੰਗਿਆ ਹਿਸਾਬ-ਕਿਤਾਬ

ਨਵੀਂ ਦਿੱਲੀ: ਸੰਸਦ ਦੇ ਚੱਲ ਰਹੇ ਮੌਨਸੂਨ ਸੈਸ਼ਨ ਦੌਰਾਨ ਅਯੋਧਿਆ ਰਾਮ ਮੰਦਰ ਦੇ ਨਾਂ 'ਤੇ ਇਕੱਠੇ ਕੀਤੇ ਗਏ ਦਾਨ (ਚੰਦੇ) ਵਿੱਚ ਹੋਈ ਕਥਿਤ ਹੇਰਾਫੇਰੀ ਅਤੇ ਘੋਟਾਲੇ ਦੇ ਦੋਸ਼ਾਂ ਨੂੰ ਲੈ ਕੇ 'ਇੰਡੀਆ' (INDIA) ਗਠਜੋੜ ਦੇ ਸੰਸਦ ਮੈਂਬਰਾਂ ਵੱਲੋਂ ਕੇਂਦਰ ਸਰਕਾਰ ਅਤੇ ਸ਼ਾਸਕੀ ਪਾਰਟੀ ਭਾਜਪਾ (BJP) ਵਿਰੁੱਧ ਜ਼ੋਰਦਾਰ ਪ੍ਰਦਰਸ਼ਨ ਕੀਤਾ ਗਿਆ।

ਸੰਸਦ ਪਰਿਸਰ ਦੇ 'ਮਕਰ ਦੁਆਰ' ਵਿਖੇ ਇਕੱਠੇ ਹੋਏ ਵਿਰੋਧੀ ਧਿਰ ਦੇ ਆਗੂਆਂ ਨੇ ਭਾਜਪਾ ਦੇ ਖਾਤਿਆਂ, ਫੰਡਾਂ ਅਤੇ ਮੰਦਰ ਟਰੱਸਟ ਦੀ ਵਿੱਤੀ ਪਾਰਦਰਸ਼ਤਾ 'ਤੇ ਗੰਭੀਰ ਸਵਾਲ ਖੜ੍ਹੇ ਕਰਦਿਆਂ ਨਾਅਰੇਬਾਜ਼ੀ ਕੀਤੀ।

'ਪੈਸਾ ਕਿੱਥੇ ਗਿਆ?' - ਵਿਰੋਧੀ ਧਿਰ ਦੇ ਤਿੱਖੇ ਸਵਾਲ: ਪ੍ਰਦਰਸ਼ਨਕਾਰੀ ਸੰਸਦ ਮੈਂਬਰਾਂ ਨੇ ਹੱਥਾਂ 'ਚ ਪਲੈਕਾਰਡ ਫੜ ਕੇ ਭਾਜਪਾ ਤੋਂ ਜਵਾਬ ਮੰਗਿਆ ਕਿ ਦੇਸ਼ ਅਤੇ ਵਿਦੇਸ਼ਾਂ ਤੋਂ ਸ਼ਰਧਾਲੂਆਂ ਵੱਲੋਂ ਰਾਮ ਮੰਦਰ ਲਈ ਦਿੱਤੇ ਗਏ ਅਰਬਾਂ ਰੁਪਏ ਦੇ ਚੰਦੇ ਦਾ ਹਿਸਾਬ-ਕਿਤਾਬ ਜਨਤਕ ਕੀਤਾ ਜਾਵੇ। ਉਨ੍ਹਾਂ ਦੋਸ਼ ਲਗਾਇਆ ਕਿ ਧਰਮ ਦੇ ਨਾਂ 'ਤੇ ਇਕੱਠੇ ਕੀਤੇ ਪੈਸੇ ਦੀ ਵਰਤੋਂ ਵਿੱਚ ਵੱਡੀ ਵਿੱਤੀ ਗੜਬੜੀ ਹੋਈ ਹੈ।

ਸੰਸਦ ਦੇ ਦੋਵਾਂ ਸਦਨਾਂ 'ਚ ਗੂੰਜਿਆ ਮੁੱਦਾ: ਲੋਕ ਸਭਾ ਅਤੇ ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾਵਾਂ ਨੇ ਮੰਗ ਕੀਤੀ ਕਿ ਰਾਮ ਮੰਦਰ ਟਰੱਸਟ ਦੇ ਖਾਤਿਆਂ ਦੀ ਸੁਪਰੀਮ ਕੋਰਟ ਦੇ ਮੌਜੂਦਾ ਜੱਜ ਦੀ ਅਗਵਾਈ ਹੇਠ ਜਾਂਚ ਕਰਵਾਈ ਜਾਵੇ।

**ਭਾਜਪਾ ਦਾ ਪਲਟਵਾਰ:** ਦੂਜੇ ਪਾਸੇ, ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨੇ ਇਨ੍ਹਾਂ ਦੋਸ਼ਾਂ ਨੂੰ ਸਿਰੇ ਤੋਂ ਖ਼ਾਰਜ ਕਰਦਿਆਂ ਕਿਹਾ ਕਿ ਵਿਰੋਧੀ ਧਿਰ ਰਾਮ ਮੰਦਰ ਦੀ ਭਵਾਨਾਤਮਕ ਅਤੇ ਧਾਰਮਿਕ ਮਹੱਤਾ ਨੂੰ ਢਾਹ ਲਾਉਣ ਲਈ ਝੂਠੇ ਅਤੇ ਬੁਨਿਆਦਹੀਣ ਦੋਸ਼ ਲਗਾ ਰਹੀ ਹੈ। ਸ੍ਰੀ ਰਾਮ ਜਨਮਭੂਮੀ ਤੀਰਥ ਖੇਤਰ ਟਰੱਸਟ ਦੇ ਸਾਰੇ ਖਾਤੇ ਪੂਰੀ ਤਰ੍ਹਾਂ ਆਡਿਟ (Audit) ਅਤੇ ਪਾਰਦਰਸ਼ੀ ਹਨ।



# ਵਿਰੋਧੀ ਧਿਰ ਵੱਲੋਂ ਕੰਮ ਰੋਕੂ ਮਤਾ ਰੱਦ ਹੋਣ 'ਤੇ ਸਦਨ 'ਚੋਂ ਵਾਕਆਊਟ

## ਸਰਕਾਰ ਖ਼ਿਲਾਫ਼ ਮੁਜ਼ਾਹਰਾ; ਸੁਰੱਖਿਆ ਮੁਲਾਜ਼ਮਾਂ 'ਤੇ ਖਿੱਚ-ਧੂਹ ਦੇ ਦੋਸ਼ ਲਾਏ




ਚੰਡੀਗੜ੍ਹ : ਪੰਜਾਬ ਵਿਧਾਨ ਸਭਾ ਦੇ ਮੌਨਸੂਨ ਇਜਲਾਸ ਦੌਰਾਨ ਕਾਂਗਰਸੀ ਵਿਧਾਇਕ ਕਾਲੇ ਪਰਨੇ ਪਾ ਕੇ ਵਿਧਾਨ ਸਭਾ ਪਹੁੰਚੇ। ਇਸ ਮੌਕੇ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਦੀ ਅਗਵਾਈ ਹੇਠ ਕਾਂਗਰਸੀ ਵਿਧਾਇਕਾਂ ਨੇ ਵਿਧਾਨ ਸਭਾ ਦੇ ਬਾਹਰ ਮੁੱਖ ਮੰਤਰੀ ਦੇ ਬਾਈਕਾਟ ਦੀਆਂ ਤਖ਼ਤੀਆਂ ਹੱਥਾਂ ਵਿੱਚ ਲੈ ਕੇ ਸੂਬਾ ਸਰਕਾਰ ਵਿਰੁੱਧ ਪ੍ਰਦਰਸ਼ਨ ਕੀਤਾ। ਵਿਧਾਨ ਸਭਾ ਵਿੱਚ ਦਾਖ਼ਲ ਹੋਣ ਸਮੇਂ ਸੁਰੱਖਿਆ ਮੁਲਾਜ਼ਮਾਂ ਨੇ ਉਨ੍ਹਾਂ ਨੂੰ ਤਖ਼ਤੀਆਂ ਅੰਦਰ ਲਿਜਾਣ ਤੋਂ ਰੋਕਿਆ ਤਾਂ ਕਾਂਗਰਸੀ ਵਿਧਾਇਕਾਂ ਨੇ ਇਸ ਦਾ ਵਿਰੋਧ ਕੀਤਾ। ਇਸ ਦੌਰਾਨ ਸੁਰੱਖਿਆ ਮੁਲਾਜ਼ਮਾਂ ਅਤੇ ਕਾਂਗਰਸੀ ਵਿਧਾਇਕਾਂ ਵਿਚਕਾਰ ਮਾਮੂਲੀ ਤਕਰਾਰ ਹੋਈ।

ਵਿਧਾਨ ਸਭਾ ਵਿੱਚ ਪ੍ਰਸ਼ਨ ਕਾਲ ਸ਼ੁਰੂ ਹੁੰਦਿਆਂ ਹੀ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਲੰਘੇ ਦਿਨ ਵਿਧਾਨ ਸਭਾ ਵਿੱਚ ਦਿੱਤੇ ਕੰਮ ਰੋਕੂ ਮਤੇ 'ਤੇ ਕੋਈ ਫ਼ੈਸਲਾ ਨਾ ਲਏ ਜਾਣ ਦਾ ਮੁੱਦਾ ਚੁੱਕਿਆ। ਇਸ ਦੇ ਨਾਲ ਹੀ ਕਾਂਗਰਸੀ ਵਿਧਾਇਕਾਂ ਨੇ ਵਿਧਾਨ ਸਭਾ ਦੇ ਸੁਰੱਖਿਆ ਮੁਲਾਜ਼ਮਾਂ 'ਤੇ ਖਿੱਚ-ਧੂਹ ਕਰਨ ਦੇ ਦੋਸ਼ ਲਾਏ ਅਤੇ ਵਿਧਾਨ ਸਭਾ ਦੇ ਵੈੱਲ ਵਿੱਚ ਪਹੁੰਚ ਕੇ ਸੂਬਾ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ। ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਭਰੋਸਾ ਦਿੱਤਾ ਕਿ ਮਾਮਲੇ ਦੀ ਜਾਂਚ ਕਰ ਕੇ ਬਣਦੀ ਕਾਰਵਾਈ ਕੀਤੀ ਜਾਵੇਗੀ। ਇਸ ਦੇ ਨਾਲ ਹੀ ਵਿਧਾਨ ਸਭਾ ਸਪੀਕਰ ਨੇ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਵੱਲੋਂ ਅਮਨ ਤੇ ਕਾਨੂੰਨ ਦੀ ਸਥਿਤੀ 'ਤੇ ਚਰਚਾ ਕਰਾਉਣ ਲਈ ਲਿਆਂਦੇ ਕੰਮ ਰੋਕੂ ਮਤੇ ਨੂੰ ਅਸਵੀਕਾਰ ਕਰ ਦਿੱਤਾ, ਜਿਸ ਤੋਂ ਬਾਅਦ ਕਾਂਗਰਸੀ ਵਿਧਾਇਕਾਂ ਨੇ ਨਾਅਰੇਬਾਜ਼ੀ ਕਰਦਿਆਂ ਵਿਧਾਨ ਸਭਾ ਦਾ ਵਾਕਆਊਟ ਕਰ ਦਿੱਤਾ। ਬਾਜਵਾ ਨੇ ਪੰਜਾਬ ਵਿਧਾਨ ਸਭਾ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਵਿਧਾਨ ਸਭਾ ਵਿੱਚ ਵੀ ਵਿਰੋਧੀਆਂ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪੰਜਾਬ ਵਿੱਚ ਅਮਨ ਤੇ ਕਾਨੂੰਨ ਦੀ ਸਥਿਤੀ ਲਗਾਤਾਰ ਵਿਗੜ ਰਹੀ ਹੈ ਅਤੇ ਗੈਂਗਸਟਰ ਬਿਨਾਂ ਕਿਸੇ ਡਰ-ਭੈਅ ਤੋਂ ਫਿਰੌਤੀਆਂ ਮੰਗ ਰਹੇ ਹਨ। ਇਸ ਤੋਂ ਇਲਾਵਾ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਦੇ ਬਾਵਜੂਦ ਮੁਲਾਜ਼ਮਾਂ ਨੂੰ ਡੀ ਏ ਨਹੀਂ ਦਿੱਤਾ ਜਾ ਰਿਹਾ ਹੈ। ਕਾਂਗਰਸ ਪਾਰਟੀ ਸੜਕ ਤੋਂ ਵਿਧਾਨ ਸਭਾ ਤੱਕ ਲੋਕਾਂ ਦੇ ਮੁੱਦੇ ਚੁੱਕਦੀ ਰਹੇਗੀ।

# ਪੰਥਕ ਮਾਮਲਿਆਂ 'ਚ ਦਖ਼ਲ ਬਰਦਾਸ਼ਤ ਨਹੀਂ: ਗੜਗੱਜ

## 'ਇਤਰਾਜ਼ਯੋਗ ਮੱਦਾਂ ਹਟਾਏ ਬਿਨਾਂ ਪ੍ਰਵਾਨ ਨਹੀਂ ਹੋਵੇਗਾ ਬੇਅਦਬੀ ਸਬੰਧੀ ਕਾਨੂੰਨ'



ਬਠਿੰਡਾ : ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਜੇ ਕੋਈ ਪੰਥਕ ਮਾਮਲਿਆਂ ਵਿੱਚ ਦਖ਼ਲਅੰਦਾਜ਼ੀ ਕਰੇਗਾ ਤਾਂ ਅਕਾਲ ਤਖ਼ਤ ਆਪਣੀ ਜ਼ਿੰਮੇਵਾਰੀ ਨਿਭਾਉਂਦਿਆਂ ਬੋਲੇਗਾ ਵੀ, ਸਬੰਧਤ ਵਿਅਕਤੀਆਂ ਨੂੰ ਤਲਬ ਵੀ ਕਰੇਗਾ ਅਤੇ ਜੇ ਉਹ ਆਪਣੇ ਵਾਅਦੇ ਤੋਂ ਮੁੱਕਰਨਗੇ ਤਾਂ ਪੰਥਕ ਮਰਿਆਦਾ ਅਨੁਸਾਰ ਕਾਰਵਾਈ ਵੀ ਕੀਤੀ ਜਾਵੇਗੀ। ਮੀਰੀ ਪੀਰੀ ਖਾਲਸਾ ਮਾਰਚ ਦੇ ਗੁਰਦੁਆਰਾ ਹਾਜੀਰਤਨ ਸਾਹਿਬ, ਬਠਿੰਡਾ ਤੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਵੱਲ ਰਵਾਨਾ ਹੋਣ ਮੌਕੇ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਸੰਗਤ ਸਿੱਖ ਧਰਮ ਦਾ ਪਾਵਨ ਅਤੇ ਰੂਹਾਨੀ ਸੰਕਲਪ ਹੈ। ਇਸ ਦੀ ਤੁਲਨਾ ਕਿਸੇ ਵੀ ਸਿਆਸੀ ਇਕੱਠ ਨਾਲ ਕਰਨਾ ਗੁਰਮਤਿ ਦੇ ਸਿਧਾਂਤਾਂ ਨੂੰ ਠੇਸ ਪਹੁੰਚਾਉਣ ਦੇ ਬਰਾਬਰ ਹੈ। ਉਨ੍ਹਾਂ ਕਿਹਾ ਕਿ ਪੰਥਕ ਮਾਮਲਿਆਂ, ਗੁਰੂ ਘਰ ਦੀ ਮਰਿਆਦਾ ਅਤੇ ਸਿੱਖ ਸੰਸਥਾਵਾਂ ਵਿੱਚ ਦਖ਼ਲਅੰਦਾਜ਼ੀ ਕਿਸੇ ਵੀ ਹਾਲਤ ਵਿੱਚ ਸਵੀਕਾਰ ਨਹੀਂ ਕੀਤੀ ਜਾਵੇਗੀ। ਬੇਅਦਬੀ ਸਬੰਧੀ ਕਾਨੂੰਨ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਇਤਰਾਜ਼ਯੋਗ ਮੱਦਾਂ ਹਟਾਏ ਬਿਨਾਂ ਅਜਿਹਾ ਕਾਨੂੰਨ ਸਿੱਖ ਕੌਮ ਲਈ ਪ੍ਰਵਾਨਯੋਗ ਨਹੀਂ ਹੋਵੇਗਾ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਮੀਰੀ ਪੀਰੀ ਖਾਲਸਾ ਮਾਰਚ ਦਾ ਉਦੇਸ਼ ਗੁਰੂ ਸਾਹਿਬ ਦੇ ਸਿਧਾਂਤਾਂ ਦਾ ਪ੍ਰਚਾਰ ਕਰਨਾ ਹੈ, ਇਸ ਦਾ ਕੋਈ ਸਿਆਸੀ ਮਕਸਦ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਥਕ ਫ਼ੈਸਲਿਆਂ ਦਾ ਅਧਿਕਾਰ ਸਿਰਫ਼ ਅਕਾਲ ਤਖ਼ਤ ਕੋਲ ਹੈ ਅਤੇ ਇਸ ਵਿੱਚ ਸਿਆਸੀ ਦਖ਼ਲ ਪੰਥ ਦੀ ਸੁਤੰਤਰਤਾ ਲਈ ਗੰਭੀਰ ਖ਼ਤਰਾ ਹੈ।

# ਸੱਚੇ ਇਮਾਨਦਾਰ ਸਿੱਖ ਡਾ. ਮਨਮੋਹਨ ਸਿੰਘ ਨੂੰ ਸੁਪਰੀਮ ਕੋਰਟ ਵੱਲੋਂ ਕੋਲਾ ਘੁਟਾਲੇ 'ਚ ਬਰੀ: ਕੇਸ ਮੈਰਿਟ 'ਤੇ ਰੱਦ

## ਸਾਫ਼ ਹੋਈ ਸਾਖ਼, ਸਿਆਸੀ ਬਲੀ ਦਾ ਸ਼ਿਕਾਰ ਬਣੇ ਸਨ ਸਾਬਕਾ ਪ੍ਰਧਾਨ ਮੰਤਰੀ

### CBI ਦੀਆਂ ਕਲੋਜ਼ਰ ਰਿਪੋਰਟਾਂ ਬਰਕਰਾਰ; ਸੁਪਰੀਮ ਕੋਰਟ ਨੇ ਕਿਹਾ- 'ਵਿਸ਼ੇਸ਼ ਅਦਾਲਤ ਕੋਲ ਸੰਮਨ ਜਾਰੀ ਕਰਨ ਦਾ ਕੋਈ ਠੋਸ ਜਾਂ ਵਾਜਬ ਆਧਾਰ ਨਹੀਂ ਸੀ'

ਨਵੀਂ ਦਿੱਲੀ: ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ, ਬੁੱਧੀਜੀਵੀ ਅਤੇ ਵਿਸ਼ਵ ਪ੍ਰਸਿੱਧ ਅਰਥਸ਼ਾਸਤਰੀ ਸਵਰਗੀ ਡਾ. ਮਨਮੋਹਨ ਸਿੰਘ 'ਤੇ ਲੱਗੇ ਕੋਲਾ ਬਲਾਕ ਵੰਡ ਘੁਟਾਲੇ (Coal Block Allocation Scam / Coalgate) ਦੇ ਗੰਭੀਰ ਦੋਸ਼ਾਂ 'ਚ ਸੁਪਰੀਮ ਕੋਰਟ ਨੇ ਇਤਿਹਾਸਕ ਫੈਸਲਾ ਸੁਣਾਉਂਦਿਆਂ ਉਨ੍ਹਾਂ ਨੂੰ ਪੂਰੀ ਤਰ੍ਹਾਂ ਕਲੀਨ ਚਿੱਟ ਦੇ ਦਿੱਤੀ ਹੈ। ਅਦਾਲਤ ਨੇ ਸਾਬਕਾ ਪ੍ਰਧਾਨ ਮੰਤਰੀ ਅਤੇ ਹੋਰਨਾਂ ਵਿਰੁੱਧ ਸਾਲ 2015 ਵਿੱਚ ਜਾਰੀ ਕੀਤੇ ਗਏ ਸੰਮਨਾਂ ਨੂੰ ਰੱਦ ਕਰਦਿਆਂ ਕੇਂਦਰੀ ਜਾਂਚ ਬਿਊਰੋ (CBI) ਦੀ ਕਲੋਜ਼ਰ ਰਿਪੋਰਟ ਨੂੰ ਬਰਕਰਾਰ ਰੱਖਿਆ ਹੈ ਅਤੇ ਇਸ ਕੇਸ ਨੂੰ ਮੈਰਿਟ ਦੇ ਆਧਾਰ 'ਤੇ ਸਥਾਈ ਤੌਰ 'ਤੇ ਬੰਦ ਕਰ ਦਿੱਤਾ ਹੈ।

ਡਾ. ਮਨਮੋਹਨ ਸਿੰਘ ਦਾ ਦੇਹਾਂਤ ਦਸੰਬਰ 2024 ਵਿੱਚ ਹੋ ਚੁੱਕਾ ਸੀ, ਪਰ ਸੁਪਰੀਮ ਕੋਰਟ ਨੇ ਇਸ ਮਾਮਲੇ ਨੂੰ ਮਹਿਜ਼ ਉਨ੍ਹਾਂ ਦੀ ਮੌਤ ਕਾਰਨ ਬਿਨਾਂ ਫੈਸਲੇ ਤੋਂ ਰੱਦ ਕਰਨ ਦੀ ਬਜਾਏ, ਕਾਨੂੰਨ ਅਤੇ ਉਨ੍ਹਾਂ ਦੇ ਇਮਾਨਦਾਰ ਵਕਾਰ ਨੂੰ ਧਿਆਨ ਵਿੱਚ ਰੱਖਦਿਆਂ ਤੱਥਾਂ ਦੇ ਆਧਾਰ 'ਤੇ ਨਿਰਣਾਇਕ ਫੈਸਲਾ ਸੁਣਾਇਆ।

**ਸੁਪਰੀਮ ਕੋਰਟ ਦੇ 3 ਜੱਜਾਂ ਦੇ ਬੈਂਚ ਦਾ ਇਤਿਹਾਸਕ ਫੈਸਲਾ**

ਚੀਫ ਜਸਟਿਸ (CJI) ਸੂਰਿਆ ਕਾਂਤ, ਜਸਟਿਸ ਜੋਇਮਲਿਆ ਬਾਗਚੀ ਅਤੇ ਜਸਟਿਸ ਵੀ. ਮੋਹਨਾ ਦੀ ਅਗਵਾਈ ਵਾਲੇ ਤਿੰਨ ਜੱਜਾਂ ਦੇ ਬੈਂਚ ਨੇ ਕੇਸ ਦੀ ਬਾਰੀਕੀ ਨਾਲ ਸਮੀਖਿਆ ਕੀਤੀ:

CBI ਦੀਆਂ ਕਲੋਜ਼ਰ ਰਿਪੋਰਟਾਂ ਸਵੀਕਾਰ: ਸੁਪਰੀਮ ਕੋਰਟ ਨੇ ਨੋਟ ਕੀਤਾ ਕਿ CBI ਨੇ ਆਪਣੀ ਪੂਰੀ ਜਾਂਚ ਤੋਂ ਬਾਅਦ ਦੋ ਵਾਰ ਕਲੋਜ਼ਰ ਰਿਪੋਰਟ ਦਾਖ਼ਲ ਕਰਕੇ ਸਪੱਸ਼ਟ ਕੀਤਾ ਸੀ ਕਿ ਡਾ. ਮਨਮੋਹਨ ਸਿੰਘ ਜਾਂ ਕਿਸੇ ਵੀ ਅਧਿਕਾਰੀ ਵਿਰੁੱਧ ਭ੍ਰਿਸ਼ਟਾਚਾਰ ਦਾ ਕੋਈ ਸਬੂਤ ਨਹੀਂ ਮਿਲਿਆ।

ਵਿਸ਼ੇਸ਼ ਅਦਾਲਤ ਦੀ ਗਲਤੀ: ਸੁਪਰੀਮ ਕੋਰਟ ਨੇ ਟਿੱਪਣੀ ਕੀਤੀ ਕਿ 2015 'ਚ ਸਪੈਸ਼ਲ ਸੀਬੀਆਈ ਅਦਾਲਤ ਕੋਲ ਸੀਬੀਆਈ ਦੀ ਕਲੋਜ਼ਰ ਰਿਪੋਰਟ ਨੂੰ ਰੱਦ ਕਰਨ ਅਤੇ ਸਾਬਕਾ ਪ੍ਰਧਾਨ ਮੰਤਰੀ ਨੂੰ ਸੰਮਨ ਭੇਜਣ ਲਈ ਕੋਈ 'ਮਜਬੂਰ ਕਰਨ ਵਾਲਾ ਕਾਰਨ ਜਾਂ ਠੋਸ ਆਧਾਰ' ਨਹੀਂ ਸੀ।

ਮੈਰਿਟ 'ਤੇ ਆਦੇਸ਼ ਰੱਦ: ਸੀਨੀਅਰ ਵਕੀਲ



ਕਪਿਲ ਸਿੱਬਲ ਅਤੇ ਅਭਿਸ਼ੇਕ ਮਨੂ ਸਿੰਘਵੀ ਦੀਆਂ ਦਲੀਲਾਂ ਤੋਂ ਬਾਅਦ ਅਦਾਲਤ ਨੇ ਸਾਬਕਾ ਪੀ.ਐੱਮ. ਦੇ ਅਕਸ ਨੂੰ ਪੂਰੀ ਤਰ੍ਹਾਂ ਸਾਫ਼ ਕਰਦਿਆਂ ਹੇਠਲੀ ਅਦਾਲਤ ਦੇ ਆਦੇਸ਼ਾਂ ਨੂੰ ਖਾਰਜ ਕਰ ਦਿੱਤਾ।

**ਪੂਰਾ ਮਾਮਲਾ ਕੀ ਸੀ?**

ਇਹ ਪੂਰਾ ਵਿਵਾਦ ਸਾਲ 2005 ਵਿੱਚ ਉੜੀਸਾ ਦੇ ਤਾਲਾਬੀਰਾ-2 (Talabira-II) ਕੋਲਾ ਬਲਾਕ ਦੀ ਨਿੱਜੀ ਕੰਪਨੀ ਹਿੰਡਾਲਕੋ (Hindalco) ਨੂੰ ਕੀਤੀ ਗਈ ਵੰਡ ਨਾਲ ਜੁੜਿਆ ਹੋਇਆ ਸੀ। ਉਸ ਸਮੇਂ ਡਾ. ਮਨਮੋਹਨ ਸਿੰਘ ਦੇ ਕੋਲ ਪ੍ਰਧਾਨ ਮੰਤਰੀ ਦੇ ਨਾਲ-ਨਾਲ ਕੋਲਾ ਮੰਤਰਾਲੇ ਦਾ ਵਾਧੂ ਚਾਰਜ ਵੀ ਸੀ।

2015 'ਚ ਸੰਮਨ: ਮਾਰਚ 2015 'ਚ CBI ਦੀ ਵਿਸ਼ੇਸ਼ ਅਦਾਲਤ ਦੇ ਜੱਜ ਭਾਰਤ ਪਰਾਸ਼ਰ ਨੇ ਸੀਬੀਆਈ ਦੀਆਂ ਦੋ ਕਲੋਜ਼ਰ ਰਿਪੋਰਟਾਂ ਨੂੰ ਨਕਾਰਦਿਆਂ ਡਾ. ਮਨਮੋਹਨ ਸਿੰਘ, ਉਦਯੋਗਪਤੀ ਕੁਮਾਰ ਮੰਗਲਮ ਬਿਰਲਾ ਅਤੇ ਸਾਬਕਾ ਕੋਲਾ ਸਕੱਤਰ ਪੀ. ਸੀ. ਪਾਰਖ ਨੂੰ ਅਦਾਲਤ 'ਚ ਪੇਸ਼ ਹੋਣ ਦੇ ਹੁਕਮ ਦਿੱਤੇ ਸਨ।

ਸੁਪਰੀਮ ਕੋਰਟ ਵੱਲੋਂ ਰੋਕ: ਡਾ. ਮਨਮੋਹਨ ਸਿੰਘ ਨੇ ਇਸ ਫੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਸੀ, ਜਿਸ ਤੋਂ ਬਾਅਦ ਸੁਪਰੀਮ ਕੋਰਟ ਨੇ ਸੰਮਨਾਂ 'ਤੇ ਰੋਕ ਲਗਾ ਕੇ ਉਨ੍ਹਾਂ ਨੂੰ ਅਦਾਲਤ ਵਿੱਚ ਪੇਸ਼ ਹੋਣ ਤੋਂ ਰਾਹਤ ਦਿੱਤੀ ਸੀ।

ਸਿਆਸੀ ਮੁਹਿੰਮ: ਅੰਨਾ ਹਜ਼ਾਰੇ ਅੰਦੋਲਨ, ਅਰਵਿੰਦ ਕੇਜਰੀਵਾਲ ਅਤੇ ਬੀਜੇਪੀ-ਆਰਐੱਸਐੱਸ ਦਾ ਹਮਲਾ

2011 ਤੋਂ 2014 ਦੇ ਦੌਰਾਨ ਕੋਲਾ ਬਲਾਕ ਵੰਡ ਮਾਮਲਾ (Coalgate) ਅਤੇ 2G ਸਪੈਕਟ੍ਰਮ ਵਰਗੇ ਮੁੱਦੇ ਭਾਰਤ ਦੀ ਰਾਜਨੀਤੀ ਨੂੰ ਬਦਲਣ ਦਾ ਵੱਡਾ ਕਾਰਨ ਬਣੇ:

ਅੰਨਾ ਅੰਦੋਲਨ ਤੇ ਕੇਜਰੀਵਾਲ ਦੀ ਉੱਠਾਣ: ਅੰਨਾ ਹਜ਼ਾਰੇ ਦੇ 'ਇੰਡੀਆ ਅਗੇਂਸਟ ਕਰੱਪਸ਼ਨ' (IAC) ਅੰਦੋਲਨ ਦੌਰਾਨ ਅਰਵਿੰਦ ਕੇਜਰੀਵਾਲ ਅਤੇ ਉਨ੍ਹਾਂ ਦੇ ਸਾਥੀਆਂ ਨੇ ਡਾ. ਮਨਮੋਹਨ ਸਿੰਘ ਸਰਕਾਰ 'ਤੇ ਭ੍ਰਿਸ਼ਟਾਚਾਰ ਦੇ ਭਾਰੀ ਦੋਸ਼ ਲਗਾ ਕੇ ਦੇਸ਼ ਭਰ ਵਿੱਚ ਮਾਹੌਲ ਬਣਾਇਆ। ਇਸੇ ਲਹਿਰ ਦੇ ਸਿਰ 'ਤੇ ਅਰਵਿੰਦ ਕੇਜਰੀਵਾਲ ਨੇ 'ਆਮ ਆਦਮੀ ਪਾਰਟੀ' ਖੜ੍ਹੀ ਕੀਤੀ ਅਤੇ ਦਿੱਲੀ ਤੋਂ ਬਾਅਦ ਪੰਜਾਬ 'ਚ ਵੀ ਸਰਕਾਰ ਬਣਾਈ।

ਬੀਜੇਪੀ-ਆਰਐੱਸਐੱਸ ਅਤੇ ਨਰਿੰਦਰ ਮੋਦੀ ਦਾ ਨਿੱਜੀ ਨਿਸ਼ਾਨਾ: 2014 ਦੀਆਂ ਚੋਣਾਂ ਤੋਂ ਪਹਿਲਾਂ ਨਰਿੰਦਰ ਮੋਦੀ, ਬੀਜੇਪੀ ਅਤੇ ਆਰ.ਐੱਸ.ਐੱਸ. ਦੇ ਆਗੂਆਂ ਨੇ ਡਾ. ਮਨਮੋਹਨ ਸਿੰਘ ਦੀ ਸ਼ਖ਼ਸੀਅਤ 'ਤੇ ਤਿੱਖੇ ਸ਼ਬਦੀ ਹਮਲੇ ਕੀਤੇ।

ਉਦੋਂ ਡਾ. ਮਨਮੋਹਨ ਸਿੰਘ ਨੂੰ 'ਮੌਨ-ਮੋਹਨ ਸਿੰਘ' (Mon-Mohan Singh), 'ਕਮਜ਼ੋਰ ਪ੍ਰਧਾਨ ਮੰਤਰੀ' ਅਤੇ 'ਰਬੜ ਸਟੈਂਪ' ਵਰਗੇ ਨਾਵਾਂ ਨਾਲ ਨਿਸ਼ਾਨਾ ਬਣਾਇਆ ਗਿਆ।

ਸਤੰਬਰ 2013 ਵਿੱਚ ਪਾਕਿਸਤਾਨੀ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨਾਲ ਹੋਣ ਵਾਲੀ ਮੀਟਿੰਗ ਦੇ ਸੰਦਰਭ ਵਿੱਚ ਨਰਿੰਦਰ ਮੋਦੀ ਨੇ ਭਾਜਪਾ ਦੀ ਰੈਲੀ ਦੌਰਾਨ ਡਾ. ਮਨਮੋਹਨ ਸਿੰਘ 'ਤੇ ਤਨਜ਼ ਕਸਦਿਆਂ 'ਦੇਹਾਤੀ ਔਰਤ' (Dehati Aurat) ਤੱਕ ਕਹਿ ਦਿੱਤਾ ਸੀ, ਜਿਸ 'ਤੇ ਵੱਡਾ ਰਾਜਨੀਤਕ ਵਿਵਾਦ ਖੜ੍ਹਾ ਹੋਇਆ ਸੀ।

**ਨਿਸ਼ਕਰਸ਼**

ਸੁਪਰੀਮ ਕੋਰਟ ਦੇ ਇਸ ਅੰਤਿਮ ਫੈਸਲੇ ਤੋਂ ਬਾਅਦ ਸਿਆਸੀ ਗਲਿਆਰਿਆਂ 'ਚ ਇਹ ਚਰਚਾ ਮੁੜ ਭਖ ਗਈ ਹੈ ਕਿ ਜਿਸ ਨੇਤਾ ਦੀ ਇਮਾਨਦਾਰੀ, ਸਾਦਗੀ ਅਤੇ ਆਰਥਿਕ ਸੂਝ-ਬੂਝ ਨੂੰ ਸਿਆਸੀ ਹਿੱਤਾਂ ਲਈ ਬਦਨਾਮ ਕੀਤਾ ਗਿਆ ਸੀ, ਅਦਾਲਤ ਨੇ ਉਸ ਨੂੰ ਪੂਰੀ ਤਰ੍ਹਾਂ ਨਿਰਦੋਸ਼ ਕਰਾਰ ਦੇ ਦਿੱਤਾ ਹੈ। ਸੁਪਰੀਮ ਕੋਰਟ ਦੇ ਇਸ ਫੈਸਲੇ ਨਾਲ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਨਾਮ 'ਤੇ ਲਾਇਆ ਗਿਆ ਦਾਗ ਹਮੇਸ਼ਾ ਲਈ ਸਾਫ਼ ਹੋ ਗਿਆ ਹੈ।

ਡਿਸਕਲੇਮਰ: ਇਹ ਖ਼ਬਰ ਸੁਪਰੀਮ ਕੋਰਟ ਦੇ ਅਧਿਕਾਰਤ ਫੈਸਲੇ, ਸੀਬੀਆਈ ਦੀਆਂ ਰਿਪੋਰਟਾਂ, ਇਤਿਹਾਸਕ ਸਿਆਸੀ ਬਿਆਨਾਂ ਅਤੇ ਰਾਸ਼ਟਰੀ ਮੀਡੀਆ ਰਿਪੋਰਟਾਂ 'ਤੇ ਆਧਾਰਿਤ ਹੈ। ਸਾਡਾ ਅਦਾਰਾ ਸਿਰਫ਼ ਪਾਠਕਾਂ ਦੀ ਜਾਣਕਾਰੀ ਲਈ ਇਹ ਖ਼ਬਰ ਪ੍ਰਕਾਸ਼ਿਤ ਕਰ ਰਿਹਾ ਹੈ।

# ਸਿੱਖ ਗੁਰਦੁਆਰਾ ਸੈਨਹੋਜ਼ੇ ਵਿਖੇ ਅਮਰੀਕੀ ਪੰਜਾਬੀ ਕਵੀਆਂ ਵਲੋਂ ਧਾਰਮਿਕ ਕਵੀ ਦਰਬਾਰ

ਸੈਨਹੋਜ਼ੇ/ਕੈਲੀਫੋਰਨੀਆ (ਯੂਐਸਏ) (ਪ੍ਰਮਿੰਦਰ ਸਿੰਘ ਪ੍ਰਵਾਨਾ) : ਸਥਾਨਕ ਅਮਰੀਕੀ ਪੰਜਾਬੀ ਕਵੀਆਂ ਵਲੋਂ ਸਿੱਖ ਗੁਰਦੁਆਰਾ ਸੈਨਹੋਜ਼ੇ 3636 Gurdwara Ave Sanjose CA 95148 ਵਿਖੇ ਹਫ਼ਤਾਵਾਰੀ ਸਜੇ ਦੀਵਾਨਾ ਵਿਚ ਵਿਸ਼ੇਸ਼ ਤੌਰ 'ਤੇ ਸ਼ਹੀਦੀ ਭਾਈ ਮਨੀ ਸਿੰਘ ਜੀ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲਸਜਾਇਆ ਗਿਆ। 'ਪ੍ਰਵਾਨਾ'ਵਲੋਂ ਗੌਰਵਮਈ ਸ਼ਹੀਦੀ ਇਤਿਹਾਸ ਸੁਣਾਇਆ ਗਿਆ ਕਿ : 1716 ਵਿਚ ਬੰਦਾ ਬਹਾਦਰ ਜੀ ਤੋਂ ਬਾਅਦ ਪੰਥ ਦੋ ਦਲਾਂ, 33 ਖਾਲਸਾ ਬੰਦਈ ਖਾਲਸਾ ਵਿਚ ਵੰਡਿਆ ਗਿਆ ਸੀ। ਭਾਈ ਸਾਹਿਬ ਨੇ ਆਪਣੇ ਪ੍ਰਭਾਵ ਨਾਲ ਖਾਲਸੇ ਦੇ ਮਤਭੇਦ ਮਿਟਾ ਕੇ ਪੰਥ ਨੂੰ ਇਕੱਠਾ ਕਰਕੇ ਰਾਜਸੀ ਸ਼ਕਤੀ ਦੇ ਰਾਹ ਤੋਰਿਆ। ਉਨ੍ਹਾਂ ਦਾ ਸਮੁੱਚਾ ਜੀਵਨ ਸਿਦਕ, ਸੇਵਾ, ਸੰਭਾਲ, ਕੁਰਬਾਨੀ ਵਿਚ ਭਗਤੀ ਅਤੇ ਸ਼ਕਤੀ ਦਾ ਸੁਮੇਲ ਸੀ। ਗੁਰੂਪੰਥ ਦੇ ਨਿਸ਼ਕਾਮ ਸੇਵਕ ਇਕ ਸੱਚੇ ਸਿੱਖ ਸਨ। ਪੰਥ ਆਨ-ਸ਼ਾਨ 'ਤੇ ਮਰ ਮਿਟਣ ਵਾਲੇ ਪ੍ਰਵਾਨੇ ਸਨ। ਉਨ੍ਹਾਂ ਦੀ










ਸ਼ਹਾਦਤ ਦੇ ਰੋਹ ਵਿਚ ਸਿੰਘਾਂ ਨੇ ਮੁਗਲਾਂ ਤੋਂ ਬਦਲਾ ਲੈਣ ਦਾ ਬਹਾਦਰੀ ਵਾਲਾ ਰਾਹ ਅਪਣਾਇਆ। ਉਨ੍ਹਾਂ ਦੀ ਸ਼ਹਾਦਤ ਨੂੰ ਸਿੱਖ ਕੌਮ ਨੇ ਬਿਰਥਾ ਨਹੀਂ ਜਾਣ ਦਿੱਤਾ। ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਕਵੀਆਂ ਨੇ ਆਪਣੀਆਂ ਜੋਸ਼ੀਲੀਆਂ ਕਵਿਤਾਵਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਤਰਸੇਮ ਸਿੰਘ ਸੁਮਨ, ਤ੍ਰਲੋਚਨ ਸਿੰਘ ਦੁਪਾਲਪੁਰੀ, ਬੀਬੀ ਬਲਵਿੰਦਰ ਕੌਰ ਹੰਸਰਾ, ਬਲਜਿੰਦਰ ਸਿੰਘ, ਜਸਦੀਪ ਸਿੰਘ ਫਰੀਮਾਂਟ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ ਨੇ ਹਿੱਸਾ ਲਿਆ। ਗੁਰਦੁਆਰਾ ਸਕੱਤਰ ਭਾਈ ਰਾਜਿੰਦਰ ਸਿੰਘ ਮਘਰ ਨੇ ਪ੍ਰੋਗਰਾਮ ਦੀ ਸਫ਼ਲਤਾ ਤੇ ਖ਼ੁਸ਼ੀ ਪ੍ਰਗਟਾਉਂਦਿਆਂ ਕਿਹਾ ਕਿ ਇਹ ਸਾਡੇ ਆਪਣੇ ਸਥਾਨਕ ਬੇ-ਏਰੀਆ ਦੇ ਕਵੀ ਅਕਸਰ ਇਸ ਗੁਰਘਰ ਵਿਚ ਧਾਰਮਿਕ ਕਵੀ ਦਰਬਾਰ ਸਜਾਉਂਦੇ ਰਹਿੰਦੇ ਹਨ। ਬੜੀ ਦੇਰ ਤੋਂ ਇਹ ਸੰਗਤਾਂ ਨੂੰ ਆਪਣੀ ਪੰਜਾਬੀ ਮਾਂ ਬੋਲੀ, ਧਰਮ, ਇਤਿਹਾਸ ਅਤੇ ਗੌਰਵਮਈ ਵਿਰਸੇ ਨਾਲ ਜੋੜਦੇ ਹਨ। 'ਪ੍ਰਵਾਨਾ' ਵੱਲ ਧੰਨਵਾਦੀ ਸ਼ਬਦਾਂ ਵਿਚ ਕਿਹਾ ਗਿਆ ਕਿ ਸੁਹਿਰਦ ਪ੍ਰਬੰਧਕਾਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਹੀ ਅਜਿਹੇ ਪ੍ਰੋਗਰਾਮ ਸਫ਼ਲ ਹੁੰਦੇ ਹਨ। ਪ੍ਰੋਗਰਾਮਾਂ ਦਾ ਸੁਨੇਹਾ ਘਰ ਘਰ ਪਹੁੰਚਾਇਆ ਜਾ ਰਿਹਾ ਹੈ। ਯਾਦਗਾਰੀ ਤਸਵੀਰਾਂ ਨਾਲ ਪ੍ਰੋਗਰਾਮ ਸੰਪੰਨ ਹੋਇਆ।

# ਕਾਨਪੁਰ: ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਵਿਰੁੱਧ ਇਤਰਾਜ਼ਯੋਗ ਟਿੱਪਣੀ 'ਤੇ ਭੜਕਿਆ ਸਿੱਖ ਭਾਈਚਾਰਾ; ਫਜ਼ਲਗੰਜ ਥਾਣੇ ਬਾਹਰ ਦੇਰ ਰਾਤ ਕੀਤਾ ਜ਼ੋਰਦਾਰ ਪ੍ਰਦਰਸ਼ਨ

**ਵਾਇਰਲ ਆਡੀਓ ਕਲਿੱਪ 'ਚ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਸਿੱਖ ਭਾਈਚਾਰੇ 'ਤੇ ਭੱਦੀ ਸ਼ਬਦਾਵਲੀ ਵਰਤਣ ਦਾ ਦੋਸ਼; ਦੋਸ਼ੀ ਦੀ ਤੁਰੰਤ ਗ੍ਰਿਫ਼ਤਾਰੀ ਅਤੇ ਸਖ਼ਤ ਕਾਰਵਾਈ ਦੀ ਮੰਗ**




ਕਾਨਪੁਰ (ਉੱਤਰ ਪ੍ਰਦੇਸ਼): ਉੱਤਰ ਪ੍ਰਦੇਸ਼ ਦੇ ਕਾਨਪੁਰ ਸ਼ਹਿਰ ਵਿੱਚ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਸਿੱਖ ਭਾਈਚਾਰੇ ਵਿਰੁੱਧ ਇੱਕ ਵਾਇਰਲ ਆਡੀਓ ਕਲਿੱਪ ਵਿੱਚ ਕੀਤੀ ਗਈ ਇਤਰਾਜ਼ਯੋਗ ਟਿੱਪਣੀ ਤੋਂ ਬਾਅਦ ਸਿੱਖ ਭਾਈਚਾਰੇ ਵਿੱਚ ਭਾਰੀ ਰੋਸ ਫੈਲ ਗਿਆ। ਰੋਸ ਵਿੱਚ ਆਏ ਸਿੱਖ ਭਾਈਚਾਰੇ ਦੇ ਲੋਕਾਂ ਅਤੇ ਸੰਗਤਾਂ ਨੇ ਸੋਮਵਾਰ ਦੇਰ ਰਾਤ ਫਜ਼ਲਗੰਜ ਪੁਲਿਸ ਸਟੇਸ਼ਨ (Fazalganj Police Station) ਦੇ ਬਾਹਰ ਘੇਰਾਓ ਕਰਕੇ ਜ਼ੋਰਦਾਰ ਧਰਨਾ ਦਿੱਤਾ।

ਪ੍ਰਦਰਸ਼ਨਕਾਰੀਆਂ ਨੇ ਦੋਸ਼ੀ ਵਿਅਕਤੀ ਵਿਰੁੱਧ ਤੁਰੰਤ ਧਾਰਮਿਕ ਭਾਵਨਾਵਾਂ ਭੜਕਾਉਣ ਦਾ ਮਾਮਲਾ ਦਰਜ ਕਰਕੇ ਉਸ ਨੂੰ ਜੇਲ੍ਹ ਭੇਜਣ ਦੀ ਮੰਗ ਕੀਤੀ।

**ਵਾਇਰਲ ਆਡੀਓ 'ਚ ਭੱਦੀ ਸ਼ਬਦਾਵਲੀ:** ਸਿੱਖ ਆਗੂਆਂ ਅਨੁਸਾਰ, ਸੋਸ਼ਲ ਮੀਡੀਆ 'ਤੇ



ਇੱਕ ਆਡੀਓ ਕਲਿੱਪ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ, ਜਿਸ ਵਿੱਚ ਇੱਕ ਵਿਅਕਤੀ ਦਸਮ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਸਮੁੱਚੇ ਸਿੱਖ ਭਾਈਚਾਰੇ ਬਾਰੇ ਬਹੁਤ ਹੀ ਇਤਰਾਜ਼ਯੋਗ ਅਤੇ ਅਪਮਾਨਜਨਕ ਸ਼ਬਦਾਂ ਦੀ ਵਰਤੋਂ ਕਰ ਰਿਹਾ ਹੈ। ਇਸ ਨਾਲ ਪੂਰੀ ਦੁਨੀਆ ਵਿੱਚ ਵੱਸਦੀਆਂ ਸਿੱਖ ਸੰਗਤਾਂ ਦੇ ਮਨਾਂ ਨੂੰ ਡੂੰਘੀ ਠੇਸ ਪਹੁੰਚੀ ਹੈ।

**ਦੇਰ ਰਾਤ ਥਾਣੇ ਦਾ ਘੇਰਾਓ:** ਘਟਨਾ ਦੀ ਜਾਣਕਾਰੀ ਮਿਲਦਿਆਂ ਹੀ ਦੇਰ ਰਾਤ ਵੱਡੀ ਗਿਣਤੀ ਵਿੱਚ ਸਿੱਖ ਭਾਈਚਾਰੇ ਦੇ ਆਗੂ, ਨੌਜਵਾਨ ਅਤੇ ਪਰਿਵਾਰ ਫਜ਼ਲਗੰਜ ਪੁਲਿਸ ਸਟੇਸ਼ਨ ਦੇ ਬਾਹਰ ਇਕੱਠੇ ਹੋ ਗਏ ਅਤੇ ਪੁਲਿਸ ਪ੍ਰਸ਼ਾਸਨ ਵਿਰੁੱਧ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ।

**ਪੁਲਿਸ ਕਾਰਵਾਈ ਦਾ ਭਰੋਸਾ:** ਧਰਨੇ ਦੀ ਇਤਲਾਹ ਮਿਲਦਿਆਂ ਹੀ ਸੀਨੀਅਰ ਪੁਲਿਸ ਅਧਿਕਾਰੀ ਮੌਕੇ 'ਤੇ ਪਹੁੰਚੇ। ਪੁਲਿਸ ਅਧਿਕਾਰੀਆਂ ਨੇ ਪ੍ਰਦਰਸ਼ਨਕਾਰੀਆਂ ਨੂੰ ਸ਼ਾਂਤ ਕਰਦਿਆਂ ਭਰੋਸਾ ਦਿੱਤਾ ਕਿ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ, ਸਬੰਧਤ ਧਾਰਾਵਾਂ ਅਧੀਨ ਐੱਫ.ਆਈ.ਆਰ. (FIR) ਦਰਜ ਕਰਕੇ ਦੋਸ਼ੀ ਨੂੰ ਜਲਦ ਤੋਂ ਜਲਦ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

## ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਵਿਰੁੱਧ ਇਤਰਾਜ਼ਯੋਗ ਟਿੱਪਣੀ ਕਰਨ ਵਾਲਾ ਦੋਸ਼ੀ ਕਾਨਪੁਰ ਪੁਲਿਸ ਦੁਆਰਾ ਗ੍ਰਿਫ਼ਤਾਰ; 3 ਪੁਲਿਸ ਟੀਮਾਂ ਨੇ ਕੀਤੀ ਕਾਰਵਾਈ

**ਫਜ਼ਲਗੰਜ ਥਾਣੇ 'ਚ ਮਾਮਲਾ ਦਰਜ; ਪੁਲਿਸ ਪੁੱਛਗਿੱਛ ਦੌਰਾਨ ਦੋਸ਼ੀ ਦੇ ਪੁਰਾਣੇ ਅਪਰਾਧਿਕ ਰਿਕਾਰਡ ਦਾ ਹੋਇਆ ਖ਼ੁਲਾਸਾ, ਨਿਯਮਾਂ ਅਨੁਸਾਰ ਹੋਵੇਗੀ ਸਖ਼ਤ ਕਾਨੂੰਨੀ ਕਾਰਵਾਈ**



ਕਾਨਪੁਰ (ਉੱਤਰ ਪ੍ਰਦੇਸ਼): ਉੱਤਰ ਪ੍ਰਦੇਸ਼ ਦੇ ਕਾਨਪੁਰ ਦੇ ਫਜ਼ਲਗੰਜ ਪੁਲਿਸ ਸਟੇਸ਼ਨ (Fazalganj Police Station) ਖੇਤਰ ਵਿੱਚ ਸਿੱਖ ਧਰਮ ਦੇ ਦਸਵੇਂ ਗੁਰੂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅਤੇ ਸਿੱਖ ਭਾਈਚਾਰੇ ਵਿਰੁੱਧ ਅਭੱਦਰ ਅਤੇ ਇਤਰਾਜ਼ਯੋਗ ਟਿੱਪਣੀ ਕਰਨ ਦੇ ਮਾਮਲੇ ਵਿੱਚ ਕਾਨਪੁਰ ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਮੁੱਖ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਇਸ ਘਟਨਾ ਦੀ ਗੰਭੀਰਤਾ ਨੂੰ ਦੇਖਦੇ ਹੋਏ ਪੁਲਿਸ ਪ੍ਰਸ਼ਾਸਨ ਦੁਆਰਾ ਤੁਰੰਤ ਮਾਮਲਾ (FIR) ਦਰਜ ਕੀਤਾ ਗਿਆ ਅਤੇ ਦੋਸ਼ੀ ਦੀ ਭਾਲ ਲਈ 3 ਵਿਸ਼ੇਸ਼ ਪੁਲਿਸ ਟੀਮਾਂ ਦਾ ਗਠਨ ਕੀਤਾ ਗਿਆ ਸੀ। ਪੁਲਿਸ ਵੱਲੋਂ ਲਗਾਤਾਰ ਕੀਤੇ ਗਏ ਯਤਨਾਂ ਦੇ ਫਲਸਰੂਪ ਦੋਸ਼ੀ ਨੂੰ ਕਾਬੂ ਕਰ ਲਿਆ ਗਿਆ ਹੈ।

ਪੁਲਿਸ ਉਪ-ਆਯੁਕਤ (DCP Central) ਅਤੁਲ ਕੁਮਾਰ ਸ਼੍ਰੀਵਾਸਤਵ ਦਾ ਬਿਆਨ:

ਡੀ.ਸੀ.ਪੀ. ਸੈਂਟਰਲ (DCP Central) ਸ਼੍ਰੀ ਅਤੁਲ ਕੁਮਾਰ ਸ਼੍ਰੀਵਾਸਤਵ ਨੇ ਮੀਡੀਆ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਥਾਣਾ ਫਜ਼ਲਗੰਜ 'ਚ ਪ੍ਰਾਪਤ ਸੂਚਨਾ ਦੇ ਆਧਾਰ 'ਤੇ ਤੁਰੰਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਸੀ। ਪੁਲਿਸ ਟੀਮਾਂ ਨੇ ਮੁਸਤੈਦੀ ਦਿਖਾਉਂਦੇ ਹੋਏ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਪੁਰਾਣਾ ਅਪਰਾਧਿਕ ਰਿਕਾਰਡ (Criminal History): ਗ੍ਰਿਫ਼ਤਾਰੀ ਤੋਂ ਬਾਅਦ ਕੀਤੀ ਗਈ ਸ਼ੁਰੂਆਤੀ ਪੁੱਛਗਿੱਛ ਵਿੱਚ ਪਤਾ ਲੱਗਾ ਹੈ ਕਿ ਦੋਸ਼ੀ ਪਹਿਲਾਂ ਵੀ ਇੱਕ ਅਪਰਾਧਿਕ ਮਾਮਲੇ ਵਿੱਚ ਸ਼ਾਮਲ ਰਿਹਾ ਹੈ। ਪੁਲਿਸ ਦੁਆਰਾ ਉਸ ਦੇ ਪੂਰੇ ਅਪਰਾਧਿਕ ਇਤਿਹਾਸ (Criminal Antecedents) ਦੀ ਜਾਂਚ ਅਤੇ ਸਤਿਆਪਨ ਕੀਤਾ ਜਾ ਰਿਹਾ ਹੈ।

**ਸਖ਼ਤ ਕਾਨੂੰਨੀ ਕਾਰਵਾਈ ਦਾ ਭਰੋਸਾ:** ਪੁਲਿਸ ਅਧਿਕਾਰੀਆਂ ਅਨੁਸਾਰ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਅਤੇ ਸਮਾਜਿਕ ਸ਼ਾਂਤੀ ਭੰਗ ਕਰਨ ਦੀ ਕੋਸ਼ਿਸ਼ ਕਰਨ ਵਾਲੇ ਦੋਸ਼ੀ ਵਿਰੁੱਧ ਨਿਯਮਾਂ ਅਨੁਸਾਰ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ (Strict Legal Action) ਕੀਤੀ ਜਾ ਰਹੀ ਹੈ, ਤਾਂ ਜੋ ਭਵਿੱਖ ਵਿੱਚ ਕੋਈ ਅਜਿਹਾ ਕਰਨ ਦੀ ਹਿੰਮਤ ਨਾ ਕਰੇ।

## ਡਾਕ ਰਾਹੀਂ ਪੈਣ ਵਾਲੀਆਂ ਵੋਟਾਂ 'ਤੇ ਵਿਵਾਦ, ਯੂ.ਐਸ.ਪੀ.ਐਸ. ਮੁਖੀ ਨੂੰ ਹਟਾਉਣ ਦੀ ਮੰਗ

ਨਿਊਯਾਰਕ : ਭਾਰਤੀ ਮੂਲ ਦੇ ਅਮਰੀਕੀ ਸੰਸਦ ਮੈਂਬਰ ਰਾਜਾ ਕ੍ਰਿਸ਼ਨਾਮੂਰਤੀ ਨੇ ਯੂਐੱਸ ਪੋਸਟਲ ਸਰਵਿਸ (ਯੂ.ਐਸ.ਪੀ.ਐਸ.) ਦੇ ਮੁਖੀ ਡੇਵਿਡ ਸਟਾਈਨਰ ਨੂੰ ਅਹੁਦੇ ਤੋਂ ਹਟਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਦਾ ਦੋਸ਼ ਹੈ ਕਿ ਡਾਕ ਸੇਵਾ ਨੂੰ ਵੋਟਰਾਂ ਦੀਆਂ ਡਾਕ ਰਾਹੀਂ ਭੇਜੀਆਂ ਵੋਟਾਂ ਰੋਕਣ ਲਈ ਸਿਆਸੀ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ। ਇਹ ਵਿਵਾਦ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਉਸ ਹੁਕਮ ਨਾਲ ਜੁੜਿਆ ਹੈ, ਜਿਸ ਤਹਿਤ ਜਿਹੜੇ ਸੂਬੇ ਆਪਣੀਆਂ ਵੋਟਰ ਸੂਚੀਆਂ ਸੰਘੀ ਸਰਕਾਰ ਨੂੰ ਜਾਂਚ ਲਈ ਨਹੀਂ ਦਿੰਦੇ, ਉੱਥੇ ਡਾਕ ਰਾਹੀਂ ਭੇਜੀਆਂ ਵੋਟਾਂ ਦੀ ਡਿਲੀਵਰੀ ਰੋਕੀ ਜਾ ਸਕਦੀ ਹੈ। ਇਸ ਹੁਕਮ ਨੂੰ 23 ਸੂਬਿਆਂ ਅਤੇ ਵਾਸ਼ਿੰਗਟਨ ਡੀ.ਸੀ. ਨੇ ਅਦਾਲਤ ਵਿੱਚ ਚੁਣੌਤੀ ਦਿੱਤੀ ਸੀ। ਸੰਘੀ ਅਦਾਲਤ ਨੇ ਇਸ ਦੇ ਮੁੱਖ ਹਿੱਸਿਆਂ 'ਤੇ ਰੋਕ ਲਗਾ ਦਿੱਤੀ ਅਤੇ ਅਪੀਲ ਅਦਾਲਤ ਨੇ ਵੀ ਇਹ ਰੋਕ ਬਰਕਰਾਰ ਰੱਖੀ। ਹੁਣ ਟਰੰਪ ਪ੍ਰਸ਼ਾਸਨ ਅਤੇ 12 ਰਿਪਬਲਿਕਨ ਸੂਬਿਆਂ ਨੇ ਸੁਪਰੀਮ ਕੋਰਟ ਤੋਂ ਨਵੰਬਰ ਦੀਆਂ ਮੱਧਕਾਲੀ ਚੋਣਾਂ ਤੋਂ ਪਹਿਲਾਂ ਹੁਕਮ ਲਾਗੂ ਕਰਨ ਦੀ ਇਜਾਜ਼ਤ ਮੰਗੀ ਹੈ। ਕ੍ਰਿਸ਼ਨਾਮੂਰਤੀ ਨੇ ਦੋਸ਼ ਲਗਾਇਆ ਕਿ ਅਦਾਲਤੀ ਰੋਕ ਦੇ ਬਾਵਜੂਦ ਯੂ.ਐਸ.ਪੀ.ਐਸ. ਨੇ ਵੋਟਰ ਸੂਚੀਆਂ ਇਕੱਠੀਆਂ ਕਰਨ, ਵੋਟਾਂ ਦੀ ਜਾਂਚ ਲਈ ਪੋਰਟਲ ਬਣਾਉਣ ਅਤੇ ਨਵੇਂ ਨਿਯਮ ਤਿਆਰ ਕਰਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਸੀ। ਉਨ੍ਹਾਂ ਕਿਹਾ ਕਿ ਇਸ ਨਾਲ ਫ਼ੌਜੀ ਕਰਮਚਾਰੀਆਂ, ਬਜ਼ੁਰਗਾਂ, ਦਿਵਿਆਂਗਾਂ, ਪੇਂਡੂ ਵੋਟਰਾਂ ਅਤੇ ਕੰਮਕਾਜੀ ਪਰਿਵਾਰਾਂ ਦੀਆਂ ਵੋਟਾਂ ਰੁਕਣ ਦਾ ਖ਼ਤਰਾ ਪੈਦਾ ਹੋ ਸਕਦਾ ਹੈ। ਸੰਸਦ ਮੈਂਬਰ ਮੁਤਾਬਕ, ਸਟਾਈਨਰ ਨੇ ਕਾਂਗਰਸ ਵੱਲੋਂ ਮੰਗੀ ਜਾਣਕਾਰੀ ਨਹੀਂ ਦਿੱਤੀ ਅਤੇ ਜਾਂਚ ਕਮੇਟੀ ਸਾਹਮਣੇ ਪੇਸ਼ ਹੋਣ ਤੋਂ ਵੀ ਇਨਕਾਰ ਕੀਤਾ। ਕ੍ਰਿਸ਼ਨਾਮੂਰਤੀ ਨੇ ਯੂ.ਐਸ.ਪੀ.ਐਸ. ਤੋਂ ਚੋਣੀ ਡਾਕ ਬਾਰੇ ਕੀਤੀ ਹਰ ਕਾਰਵਾਈ, ਕਰਮਚਾਰੀਆਂ ਨੂੰ ਦਿੱਤੀਆਂ ਹਦਾਇਤਾਂ ਅਤੇ ਸੂਬਾਈ ਚੋਣ ਅਧਿਕਾਰੀਆਂ ਨਾਲ ਹੋਈ ਗੱਲਬਾਤ ਦਾ ਪੂਰਾ ਰਿਕਾਰਡ ਮੰਗਦਿਆਂ ਜਵਾਬ ਲਈ 13 ਅਗਸਤ ਤੱਕ ਦਾ ਸਮਾਂ ਦਿੱਤਾ ਹੈ।

## ਸ਼ਰਾਰਤੀ ਅਨਸਰਾਂ ਨੂੰ ਜਲਦ ਨਕੇਲ ਪਾਉਣ ਦਾ ਭਾਜਪਾ ਵਫ਼ਦ ਨੂੰ ਮਿਲਿਆ ਭਰੋਸਾ : ਰਸ਼ਪਾਲ ਚਰੜ, ਇੰਸ. ਅਮਰਜੀਤ ਕੌਰ

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਟਾਂਡਾ ਥਾਣਾ ਵਿਖੇ ਨਵ ਨਿਯੁਕਤ ਐਸ.ਐਚ.ਓ ਟਾਂਡਾ ਵੱਲੋਂ ਚਾਰਜ ਸੰਭਾਲਣ ਤੇ ਉਨ੍ਹਾਂ ਨੂੰ ਜੀ ਆਇਆਂ ਕਹਿਣ, ਸ਼ਹਿਰ ਦੀਆਂ ਸਮੱਸਿਆਵਾਂ ਸਬੰਧੀ ਜਾਣਕਾਰੀ ਦੇਣ ਅਤੇ ਉਨ੍ਹਾਂ ਨੂੰ ਸਨਮਾਨਿਤ ਕਰਨ ਲਈ ਭਾਜਪਾ ਦੇ ਉੱਘੇ ਨੇਤਾ ਰਸ਼ਪਾਲ ਸਿੰਘ ਚਰੜ ਦੀ ਅਗਵਾਈ ਵਿੱਚ ਉੱਘੇ ਸਮਾਜ ਸੇਵੀ ਦੀਪਕ ਕੁਮਾਰ ਅਤੇ ਯੁਵਾ ਨੇਤਾ ਰੋਹਿਤ ਸੈਣੀ ਸਮੇਤ ਭਾਜਪਾ ਦੇ ਇੱਕ ਵਫ਼ਦ ਨੇ ਇੰਸਪੈਕਟਰ ਅਮਰਜੀਤ ਕੌਰ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਗੁਲਦਸਤਾ ਭੇਂਟ ਕਰਕੇ ਸਨਮਾਨਿਤ ਕੀਤਾ।



ਟਾਂਡਾ ਇਲਾਕੇ ਵਿੱਚ ਦਰਪੇਸ਼ ਆ ਰਹੀਆਂ ਔਕੜਾਂ ਸਬੰਧੀ ਥਾਣਾ ਮੁਖੀ ਨੂੰ ਜਾਣਕਾਰੀ ਦਿੰਦੇ ਹੋਏ ਰਸ਼ਪਾਲ ਸਿੰਘ ਚਰੜ ਨੇ ਕਿਹਾ ਕਿ ਦਿਨ-ਬ-ਦਿਨ ਵੱਧ ਰਹੀ ਟਰੈਫਿਕ ਕਾਰਨ ਟਾਂਡਾ ਦੇ ਚੌਂਕਾਂ ਅਤੇ ਮੇਨ ਬਾਜ਼ਾਰਾਂ ਵਿੱਚ ਅਕਸਰ ਜਾਮ ਲੱਗਦੇ ਰਹਿੰਦੇ ਹਨ ਜਿਸ ਕਾਰਨ ਜਿਥੇ ਲੋਕਾਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਉੱਥੇ ਕਈ ਵਾਰ ਆਪਸੀ ਝਗੜੇ ਵੀ ਹੋ ਜਾਂਦੇ ਹਨ। ਉਨ੍ਹਾਂ ਇਲਾਕੇ ਵਿੱਚ ਵੱਧ ਰਹੇ ਨਸ਼ਿਆਂ ਤੇ ਚਿੰਤਾ ਜਾਹਿਰ ਕਰਦੇ ਹੋਏ ਕਿਹਾ ਕਿ ਨਸ਼ਿਆਂ ਦੇ ਸੌਦਾਗਰ ਰਾਤੋ ਰਾਤ ਅਮੀਰ ਬਣਨ ਦੀ ਲਾਲਸਾ ਵਿੱਚ ਨੌਜਵਾਨ ਪੀੜੀ ਨੂੰ ਨਸ਼ਿਆਂ ਦੀਆਂ ਅਲਾਮਤਾਂ ਵਿੱਚ ਗਰਤ ਕਰੀ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਸ਼ਰਾਰਤੀ ਅਨਸਰ ਆਏ ਦਿਨ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਨੂੰ ਬੇਧੜਕ ਹੋ ਕੇ ਅੰਜਾਮ ਦਿੰਦੇ ਜਾ ਰਹੇ ਹਨ ਜਿਸ ਕਾਰਨ ਦੇਰ ਸਵੇਰ ਸਫਰ ਕਰਨ ਵਾਲੇ ਲੋਕਾਂ ਦੇ ਮਨਾਂ ਵਿੱਚ ਦਹਿਸ਼ਤ ਭਰਿਆ ਮਾਹੌਲ ਬਣਿਆ ਹੋਇਆ ਹੈ।

ਨਵ ਨਿਯੁਕਤ ਐਸ.ਐਚ.ਓ ਇੰਸਪੈਕਟਰ ਅਮਰਜੀਤ ਕੌਰ ਨੇ ਆਏ ਹੋਏ ਵਫਦ ਨੂੰ ਭਰੋਸਾ ਦਿੰਦੇ ਹੋਏ ਕਿਹਾ ਕਿ ਜ਼ਿਲਾ ਪੁਲਿਸ ਮੁਖੀ ਸੰਦੀਪ ਮਲਿਕ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸ਼ਰਾਰਤੀ ਅਨਸਰਾਂ ਨੂੰ ਨਕੇਲ ਪਾਉਣ ਲਈ ਆਮ ਜਨਤਾ ਦੇ ਸਹਿਯੋਗ ਨਾਲ ਠੋਸ ਉਪਰਾਲੇ ਕੀਤੇ ਜਾਣਗੇ ਤਾਂ ਜੋ ਲੋਕਾਂ ਨੂੰ ਕਿਸੇ ਵੀ ਪ੍ਰਕਾਰ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਸ਼ਹਿਰ ਵਿੱਚ ਵਧ ਰਹੀ ਟਰੈਫਿਕ ਨੂੰ ਕੰਟਰੋਲ ਕਰਨ ਲਈ ਸ਼ਹਿਰ ਦੇ ਚੌਂਕਾਂ ਵਿੱਚ ਪੁਲਿਸ ਨਾਕਿਆਂ ਵਿੱਚ ਹੋਰ ਵਾਧਾ ਕਰ ਦਿੱਤਾ ਜਾਵੇਗਾ ਅਤੇ ਬਾਜ਼ਾਰਾਂ ਵਿੱਚ ਲੱਗਣ ਵਾਲੇ ਟਰੈਫਿਕ ਜਾਮ ਨੂੰ ਖਤਮ ਕਰਨ ਲਈ ਟਰੈਫਿਕ ਪੁਲਿਸ ਦੀ ਗਸ਼ਤ ਦੇ ਪੁਖਤਾ ਪ੍ਰਬੰਧ ਕਰ ਦਿੱਤੇ ਜਾਣਗੇ ਤਾਂ ਜੋ ਆਮ ਜਨਤਾ ਨੂੰ ਟਰੈਫਿਕ ਸਮੱਸਿਆਵਾਂ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਨਜਾਇਜ਼ ਧੰਦੇ ਕਰਨ ਵਾਲੇ ਗੈਂਗਸਟਰਾਂ ਅਤੇ ਨਸ਼ਿਆਂ ਦੇ ਸੌਦਾਗਰਾਂ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਉਨ੍ਹਾਂ ਨੇ ਆਪਣੇ ਨਜਾਇਜ ਧੰਦੇ ਅਤੇ ਨਸ਼ਿਆਂ ਦੀ ਸਮਗਲਿੰਗ ਬੰਦ ਨਹੀਂ ਕੀਤੀ ਤਾਂ ਉਨ੍ਹਾਂ ਖਿਲਾਫ਼ ਸਖਤ ਕਾਨੂੰਨੀ ਕਾਰਵਾਈ ਕਰਕੇ ਉਨ੍ਹਾਂ ਨੂੰ ਜੇਲ ਭੇਜ ਦਿੱਤਾ ਜਾਵੇਗਾ।

# ਭਾਰੀ ਬਾਰਿਸ਼ ਕਾਰਨ ਦੇਸ਼ ਦੇ ਕਈ ਰਾਜਾਂ 'ਚ ਹੜ੍ਹਾਂ ਦਾ ਕਹਿਰ: ਫ਼ੌਜ ਅਤੇ ਸਮਾਜਿਕ ਸੰਸਥਾਵਾਂ ਨੇ ਰਾਹਤ ਕਾਰਜਾਂ ਲਈ ਸੰਭਾਲਿਆ ਮੋਰਚਾ

## ਦਰਿਆਵਾਂ 'ਚ ਉਫ਼ਾਨ ਕਾਰਨ ਸੈਂਕੜੇ ਪਿੰਡ ਜਲਥਲ; ਹਜ਼ਾਰਾਂ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ; ਭਾਰਤੀ ਫ਼ੌਜ, NDRF ਅਤੇ ਵਲੰਟੀਅਰਾਂ ਵੱਲੋਂ ਦਿਨ-ਰਾਤ ਰਾਹਤ ਸਮੱਗਰੀ ਦੀ ਵੰਡ













ਨਵੀਂ ਦਿੱਲੀ: ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਲਗਾਤਾਰ ਹੋ ਰਹੀ ਭਾਰੀ ਬਾਰਿਸ਼ (Continuous Rainfall) ਕਾਰਨ ਕਈ ਰਾਜਾਂ ਵਿੱਚ ਹੜ੍ਹਾਂ (Floods) ਨੇ ਗੰਭੀਰ ਰੂਪ ਧਾਰਨ ਕਰ ਲਿਆ ਹੈ। ਪ੍ਰਮੁੱਖ ਨਦੀਆਂ ਅਤੇ ਦਰਿਆਵਾਂ ਵਿੱਚ ਪਾਣੀ ਦਾ ਪੱਧਰ ਖ਼ਤਰੇ ਦੇ ਨਿਸ਼ਾਨ ਤੋਂ ਉੱਪਰ ਪਹੁੰਚਣ ਕਾਰਨ ਹਜ਼ਾਰਾਂ ਏਕੜ ਫ਼ਸਲ ਡੁੱਬ ਗਈ ਹੈ ਅਤੇ ਸੈਂਕੜੇ ਪਿੰਡਾਂ ਦਾ ਸੰਪਰਕ ਬਾਕੀ ਦੁਨੀਆ ਤੋਂ ਟੁੱਟ ਗਿਆ ਹੈ।

ਇਸ ਕੁਦਰਤੀ ਆਫ਼ਤ ਨਾਲ ਨਜਿੱਠਣ ਲਈ ਸਥਾਨਕ ਪ੍ਰਸ਼ਾਸਨ ਦੇ ਨਾਲ-ਨਾਲ ਭਾਰਤੀ ਫ਼ੌਜ (Indian Army), ਐੱਨ.ਡੀ.ਆਰ.ਐੱਫ. (ਟਣਦਖ਼) ਦੀਆਂ ਟੀਮਾਂ ਅਤੇ ਸਥਾਨਕ ਵਲੰਟੀਅਰ (ੜਰ;ਚਅਵਕਕਗਤ) ਪੂਰੀ ਤਨਦੇਹੀ ਨਾਲ ਬਚਾਅ ਅਤੇ ਰਾਹਤ ਕਾਰਜਾਂ ਵਿੱਚ ਜੁਟੇ ਹੋਏ ਹਨ।

ਫ਼ੌਜ ਅਤੇ NDRF ਦੁਆਰਾ ਬਚਾਅ ਅਭਿਆਨ: ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਫਸੇ ਲੋਕਾਂ ਨੂੰ ਕੱਢਣ ਲਈ ਭਾਰਤੀ ਫ਼ੌਜ ਦੇ ਜਵਾਨਾਂ ਵੱਲੋਂ ਮੋਟਰ-ਬੋਟਾਂ (Motor Boats) ਅਤੇ ਹੈਲੀਕਾਪਟਰਾਂ ਦੀ ਮਦਦ ਲਈ ਜਾ ਰਹੀ ਹੈ। ਬਜ਼ੁਰਗਾਂ, ਔਰਤਾਂ ਅਤੇ ਬੱਚਿਆਂ ਨੂੰ ਪਹਿਲ ਦੇ ਆਧਾਰ 'ਤੇ ਸੁਰੱਖਿਅਤ ਥਾਵਾਂ ਅਤੇ ਰਾਹਤ ਕੈਂਪਾਂ ਵਿੱਚ ਪਹੁੰਚਾਇਆ ਜਾ ਰਿਹਾ ਹੈ।

ਸਮਾਜਿਕ ਸੰਸਥਾਵਾਂ ਅਤੇ ਵਲੰਟੀਅਰਾਂ ਦੀ ਸੇਵਾ: ਸਰਕਾਰੀ ਏਜੰਸੀਆਂ ਤੋਂ ਇਲਾਵਾ ਵੱਖ-ਵੱਖ ਗੈਰ-ਸਰਕਾਰੀ ਸੰਸਥਾਵਾਂ (NGOs) ਅਤੇ ਸਥਾਨਕ ਵਲੰਟੀਅਰਾਂ ਵੱਲੋਂ ਪ੍ਰਭਾਵਿਤ ਲੋਕਾਂ ਲਈ ਲੰਗਰ, ਪੀਣ ਵਾਲਾ ਸਾਫ਼ ਪਾਣੀ, ਸੁੱਕਾ ਰਾਸ਼ਨ, ਤਰਪਾਲਾਂ ਅਤੇ ਜ਼ਰੂਰੀ ਦਵਾਈਆਂ ਪਹੁੰਚਾਈਆਂ ਜਾ ਰਹੀਆਂ ਹਨ।

ਬੁਨਿਆਦੀ ਢਾਂਚੇ ਨੂੰ ਭਾਰੀ ਨੁਕਸਾਨ: ਲਗਾਤਾਰ ਬਾਰਿਸ਼ ਅਤੇ ਹੜ੍ਹਾਂ ਕਾਰਨ ਕਈ ਮੁੱਖ ਮਾਰਗ, ਪੁਲ ਅਤੇ ਬਿਜਲੀ ਦੇ ਥੰਮ੍ਹ ਨੁਕਸਾਨੇ ਗਏ ਹਨ, ਜਿਸ ਕਾਰਨ ਬਿਜਲੀ ਅਤੇ ਸੰਚਾਰ ਸੇਵਾਵਾਂ ਠੱਪ ਹੋ ਗਈਆਂ ਹਨ। ਪ੍ਰਸ਼ਾਸਨ ਵੱਲੋਂ ਬਿਜਲੀ ਅਤੇ ਆਵਾਜਾਈ ਨੂੰ ਬਹਾਲ ਕਰਨ ਲਈ ਯਤਨ ਕੀਤੇ ਜਾ ਰਹੇ ਹਨ।

ਹਾਈ ਅਲਰਟ ਅਤੇ ਚੇਤਾਵਨੀ: ਮੌਸਮ ਵਿਭਾਗ (IMD) ਵੱਲੋਂ ਆਉਣ ਵਾਲੇ ਦਿਨਾਂ ਵਿੱਚ ਹੋਰ ਬਾਰਿਸ਼ ਦੀ ਭਵਿੱਖਬਾਣੀ ਕੀਤੀ ਗਈ ਹੈ, ਜਿਸ ਦੇ ਮੱਦੇਨਜ਼ਰ ਪ੍ਰਸ਼ਾਸਨ ਨੇ ਦਰਿਆਵਾਂ ਦੇ ਕੰਢੇ ਰਹਿੰਦੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਜਾਣ ਅਤੇ ਅਫ਼ਵਾਹਾਂ ਤੋਂ ਬਚਣ ਦੀ ਅਪੀਲ ਕੀਤੀ ਹੈ।













# ਬੰਬੇ ਹਾਈ ਕੋਰਟ ਦੇ ਫ਼ੈਸਲੇ 'ਤੇ 'ਤਹਿਲਕਾ' ਦੇ ਸੰਸਥਾਪਕ ਤਰੁਣ ਤੇਜਪਾਲ ਦਾ ਬਿਆਨ; ਸੁਪਰੀਮ ਕੋਰਟ ਜਾਣ ਦਾ ਕੀਤਾ ਐਲਾਨ

### 13 ਸਾਲਾਂ ਤੋਂ ਰਾਜਨੀਤਿਕ ਬਦਲਾਖੋਰੀ ਦਾ ਸ਼ਿਕਾਰ ਬਣਾਉਣ ਦੇ ਲਗਾਏ ਦੋਸ਼; ਹੇਠਲੀ ਅਦਾਲਤ 'ਚੋਂ ਬਰੀ ਹੋਣ ਦੇ ਬਾਵਜੂਦ ਕਾਨੂੰਨੀ ਲੜਾਈ ਜਾਰੀ ਰੱਖਣ ਦੀ ਕਹੀ ਗੱਲ

ਪੋਰਵੋਰਿਮ (ਗੋਆ): ਪ੍ਰਸਿੱਧ ਖੋਜੀ ਮੈਗਜ਼ੀਨ 'ਤਹਿਲਕਾ' ਦੇ ਸੰਸਥਾਪਕ ਤਰੁਣ ਤੇਜਪਾਲ ਨੇ ਬੰਬੇ ਹਾਈ ਕੋਰਟ ਦੇ ਗੋਆ ਬੈਂਚ ਦੁਆਰਾ ਆਏ ਫ਼ੈਸਲੇ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਦੇਸ਼ ਦੀ ਸਿਖਰਲੀ ਅਦਾਲਤ (ਸੁਪਰੀਮ ਕੋਰਟ) ਦਾ ਰੁੱਖ ਕਰਨ ਦੀ ਗੱਲ ਕਹੀ ਹੈ।




ਉਨ੍ਹਾਂ ਨੇ ਬੀਤੇ ਸਾਲਾਂ ਦੌਰਾਨ ਆਪਣੇ ਵਿਰੁੱਧ ਚੱਲੇ ਕਾਨੂੰਨੀ ਮਾਮਲਿਆਂ ਅਤੇ ਅਦਾਲਤੀ ਸੁਣਵਾਈਆਂ ਬਾਰੇ ਬੋਲਦਿਆਂ ਦਾਅਵਾ ਕੀਤਾ ਕਿ ਉਹ ਇਨਸਾਫ਼ ਲਈ ਆਪਣੀ ਕਾਨੂੰਨੀ ਲੜਾਈ ਸੁਪਰੀਮ ਕੋਰਟ ਵਿੱਚ ਪੂਰੀ ਸ਼ਿੱਦਤ ਨਾਲ ਲੜਨਗੇ।

ਰਾਜਨੀਤਿਕ ਬਦਲਾਖੋਰੀ ਦੇ ਦੋਸ਼:
ਤਰੁਣ ਤੇਜਪਾਲ ਨੇ ਦੋਸ਼ ਲਗਾਇਆ ਕਿ 'ਤਹਿਲਕਾ' ਮੈਗਜ਼ੀਨ ਰਾਹੀਂ ਕੀਤੀ ਗਈ ਪੱਤਰਕਾਰੀ ਅਤੇ ਖੋਜੀ ਰਿਪੋਰਟਾਂ ਕਾਰਨ ਉਨ੍ਹਾਂ ਨੂੰ ਪਿਛਲੇ 13 ਸਾਲਾਂ ਤੋਂ ਰਾਜਨੀਤਿਕ ਧਿਰਾਂ ਦੁਆਰਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਈ ਤਰ੍ਹਾਂ ਦੇ ਕੇਸਾਂ ਅਤੇ ਕਾਨੂੰਨੀ ਉਲਝਣਾਂ ਵਿੱਚ ਫਸਾ ਕੇ ਉਨ੍ਹਾਂ ਦਾ ਉਤਪੀੜਨ (Persecution) ਕੀਤਾ ਗਿਆ ਹੈ।

ਟਰਾਇਲ ਕੋਰਟ ਤੋਂ ਬਰੀ ਹੋਣ ਦਾ ਹਵਾਲਾ: ਉਨ੍ਹਾਂ ਦੱਸਿਆ ਕਿ 75 ਦਿਨਾਂ ਤੱਕ ਚੱਲੀ ਲੰਮੀ ਸੁਣਵਾਈ ਅਤੇ ਸਾਰੇ ਤੱਥਾਂ ਦੀ ਜਾਂਚ ਤੋਂ ਬਾਅਦ ਹੇਠਲੀ ਅਦਾਲਤ ਨੇ ਉਨ੍ਹਾਂ ਨੂੰ ਸਾਰੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਸੀ। ਇਸ ਦੇ ਬਾਵਜੂਦ ਉਨ੍ਹਾਂ ਨੂੰ ਲਗਾਤਾਰ ਅਦਾਲਤੀ ਚੱਕਰਾਂ ਵਿੱਚ ਉਲਝਾਇਆ ਜਾ ਰਿਹਾ ਹੈ।

ਪੱਤਰਕਾਰਾਂ ਅਤੇ ਸਮਾਜਿਕ ਕਰਮਚਾਰੀਆਂ ਦਾ ਮੁੱਦਾ: ਆਪਣੀ ਹੱਡਬੀਤੀ ਸਾਂਝੀ ਕਰਦਿਆਂ ਤੇਜਪਾਲ ਨੇ ਦੇਸ਼ ਦੇ ਉਨ੍ਹਾਂ ਪੱਤਰਕਾਰਾਂ ਅਤੇ ਸਮਾਜਿਕ ਕਰਮਚਾਰੀਆਂ ਦਾ ਮੁੱਦਾ ਵੀ ਚੁੱਕਿਆ, ਜਿਨ੍ਹਾਂ ਨੂੰ ਅਣਉਚਿਤ ਤਰੀਕੇ ਨਾਲ ਜੇਲ੍ਹਾਂ ਵਿੱਚ ਡੱਕਿਆ ਗਿਆ ਹੈ। ਉਨ੍ਹਾਂ ਕਿਹਾ ਕਿ ਉਹ ਖ਼ੁਦ ਇਸ ਦਰਦ ਵਿੱਚੋਂ ਲੰਘੇ ਹਨ।

ਨਿਆਂਪਾਲਿਕਾ 'ਚ ਵਿਸ਼ਵਾਸ ਅਤੇ ਸਬੂਤ ਜਨਤਕ ਕਰਨ ਦਾ ਦਾਅਵਾ: ਉਨ੍ਹਾਂ ਦੇਸ਼ ਦੀ ਨਿਆਂਪਾਲਿਕਾ 'ਤੇ ਪੂਰਨ ਵਿਸ਼ਵਾਸ ਪ੍ਰਗਟਾਉਂਦਿਆਂ ਕਿਹਾ ਕਿ ਹੇਠਲੀ ਅਦਾਲਤ ਦੇ ਟਰਾਇਲ ਦੌਰਾਨ ਉਨ੍ਹਾਂ ਦੇ ਹੱਕ ਵਿੱਚ ਠੋਸ ਸਬੂਤ ਸਾਹਮਣੇ ਆਏ ਸਨ। ਉਹ ਇਨ੍ਹਾਂ ਸਾਰੇ ਸਬੂਤਾਂ ਅਤੇ ਤੱਥਾਂ ਨੂੰ ਸੁਪਰੀਮ ਕੋਰਟ ਦੇ ਨਾਲ-ਨਾਲ ਜਨਤਾ ਦੇ ਸਾਹਮਣੇ ਵੀ ਜ਼ਰੂਰ ਰੱਖਣਗੇ।





ਸੰਗਰੂਰ: ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ 'ਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੁਨਾਮ ਨੂੰ ਦਿੱਤਾ 107 ਕਰੋੜ ਰੁਪਏ ਤੋਂ ਵੱਧ ਦੇ ਵਿਕਾਸ ਪ੍ਰੋਜੈਕਟਾਂ ਦਾ ਤੋਹਫ਼ਾ। ਮਹਾਨ ਕ੍ਰਾਂਤੀਕਾਰੀ ਦੇ ਜਨਮ ਅਸਥਾਨ 'ਤੇ ਆਯੋਜਿਤ ਸਮਾਗਮ ਦੌਰਾਨ ਬੁਨਿਆਦੀ ਢਾਂਚੇ, ਸਿੱਖਿਆ ਅਤੇ ਸਿਹਤ ਖੇਤਰ ਨਾਲ ਜੁੜੇ ਕਈ ਪ੍ਰੋਜੈਕਟਾਂ ਦਾ ਕੀਤਾ ਉਦਘਾਟਨ ਤੇ ਨੀਂਹ ਪੱਥਰ

# ਬਾਂਗਲਾਦੇਸ਼ ਦੀ ਅਵਾਮੀ ਲੀਗ ਪ੍ਰਧਾਨ ਅਤੇ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੇ ਦਿੱਲੀ ਤੋਂ ਕੀਤੀ ਵਰਚੁਅਲ ਪ੍ਰੈੱਸ ਕਾਨਫ਼ਰੰਸ

### ਬਾਂਗਲਾਦੇਸ਼ 'ਚ ਹਿੰਸਾ, ਲੁੱਟ-ਖੋਹ, ਪ੍ਰੈੱਸ 'ਤੇ ਹਮਲਿਆਂ ਅਤੇ ਅੰਤਰਿਮ ਸਰਕਾਰ ਵੱਲੋਂ ਦੋਸ਼ੀਆਂ ਨੂੰ ਦਿੱਤੀ 'ਇੰਡੈਮਨਿਟੀ' (ਛੋਟ) 'ਤੇ ਚੁੱਕੇ ਗੰਭੀਰ ਸਵਾਲ; ਅੰਤਰਰਾਸ਼ਟਰੀ ਭਾਈਚਾਰੇ ਤੋਂ ਲੋਕਤੰਤਰ ਦੀ ਬਹਾਲੀ ਲਈ ਮੰਗੀ ਮਦਦ

ਨਵੀਂ ਦਿੱਲੀ: ਬਾਂਗਲਾਦੇਸ਼ ਵਿੱਚ ਹੋਏ ਭਾਰੀ ਤਖ਼ਤਾਪਲਟ ਅਤੇ ਹਿੰਸਕ ਘਟਨਾਕ੍ਰਮ ਤੋਂ ਬਾਅਦ ਅਵਾਮੀ ਲੀਗ ਦੀ ਪ੍ਰਧਾਨ ਅਤੇ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੇ ਨਵੀਂ ਦਿੱਲੀ ਤੋਂ ਇੱਕ ਵਰਚੁਅਲ ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕੀਤਾ।



ਆਪਣੇ ਸੰਬੋਧਨ ਦੇ ਚੌਥੇ ਭਾਗ ਵਿੱਚ ਸ਼ੇਖ ਹਸੀਨਾ ਨੇ ਬਾਂਗਲਾਦੇਸ਼ ਵਿੱਚ ਹੋਈ ਵਿਆਪਕ ਹਿੰਸਾ, ਸਰਕਾਰੀ ਤੇ ਨਿੱਜੀ ਜਾਇਦਾਦਾਂ ਦੀ ਤਬਾਹੀ, ਅਤੇ ਮੌਜੂਦਾ ਅੰਤਰਿਮ ਸਰਕਾਰ ਵੱਲੋਂ ਦੋਸ਼ੀਆਂ ਨੂੰ ਦਿੱਤੀ ਜਾ ਰਹੀ ਸਰਪ੍ਰਸਤੀ ਦੀ ਕੜੀ ਨਿੰਦਾ ਕੀਤੀ।

ਕੋਵਿਡ ਹਸਪਤਾਲ, ਯੂਨੀਵਰਸਿਟੀਆਂ ਅਤੇ ਪੁਲਿਸ ਸਟੇਸ਼ਨਾਂ 'ਤੇ ਹਮਲੇ: ਸ਼ੇਖ ਹਸੀਨਾ ਨੇ ਦੱਸਿਆ ਕਿ ਦੇਸ਼ ਵਿੱਚ ਮਚਾਏ ਗਏ ਉਪਦ੍ਰਵ ਦੌਰਾਨ ਕੋਵਿਡ-19 ਹਸਪਤਾਲ, ਯੂਨੀਵਰਸਿਟੀਆਂ, ਰਿਹਾਇਸ਼ੀ ਹੋਟਲ, ਉਦਯੋਗਿਕ ਇਕਾਈਆਂ ਅਤੇ ਸਰਕਾਰੀ ਦਫ਼ਤਰਾਂ ਨੂੰ ਨਿਸ਼ਾਨਾ ਬਣਾ ਕੇ ਅੱਗ ਲਗਾ ਦਿੱਤੀ ਗਈ। ਲਗਭਗ 50 ਮੀਡੀਆ ਕੇਂਦਰਾਂ ਅਤੇ ਪੁਲਿਸ ਸਟੇਸ਼ਨਾਂ 'ਤੇ ਹਮਲੇ ਕੀਤੇ ਗਏ, ਖ਼ਤਰਨਾਕ ਅਪਰਾਧੀਆਂ ਨੂੰ ਜੇਲ੍ਹਾਂ 'ਚੋਂ ਛੁਡਵਾਇਆ ਗਿਆ ਅਤੇ ਪੁਲਿਸ ਦੇ ਹਥਿਆਰ ਲੁੱਟੇ ਗਏ।

ਹਜ਼ਾਰਾਂ ਮੌਤਾਂ ਅਤੇ ਪੱਤਰਕਾਰਾਂ/ਪੁਲਿਸ 'ਤੇ ਅੱਤਿਆਚਾਰ: ਹਿੰਸਾ ਦੌਰਾਨ ਕਈ ਪੱਤਰਕਾਰਾਂ, ਪੁਲਿਸ ਕਰਮਚਾਰੀਆਂ ਅਤੇ ਆਮ ਨਾਗਰਿਕਾਂ ਸਮੇਤ ਹਜ਼ਾਰਾਂ ਲੋਕਾਂ ਦੀ ਜਾਨ ਗਈ। ਉਨ੍ਹਾਂ ਦੋਸ਼ ਲਗਾਇਆ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਗਠਿਤ ਕੀਤੇ ਗਏ ਜੁਡੀਸ਼ੀਅਲ ਇਨਕੁਆਰੀ ਕਮਿਸ਼ਨ (ਨਿਆਇਕ ਜਾਂਚ ਕਮਿਸ਼ਨ) ਨੂੰ ਮੌਜੂਦਾ ਅੰਤਰਿਮ ਸਰਕਾਰ ਨੇ ਰੋਕ ਦਿੱਤਾ ਹੈ ਅਤੇ ਕਾਤਲਾਂ ਤੇ ਦੋਸ਼ੀਆਂ ਨੂੰ ਕਾਨੂੰਨੀ ਕਾਰਵਾਈ ਤੋਂ ਬਚਾਉਣ ਲਈ ਛੋਟ (Indemnity) ਦੇ ਦਿੱਤੀ ਹੈ।

10,000 ਤੋਂ ਵੱਧ ਮੌਤਾਂ/ਲਾਪਤਾ ਅਤੇ 6,50000 ਅਰੈਸਟ: ਸ਼ੇਖ ਹਸੀਨਾ ਨੇ ਦਾਅਵਾ ਕੀਤਾ ਕਿ ਅੰਦੋਲਨ ਤੋਂ ਬਾਅਦ ਵੀ ਸਿਆਸੀ ਬਦਲਾਖੋਰੀ ਜਾਰੀ ਹੈ। ਹੁਣ ਤੱਕ 10,000 ਤੋਂ ਵੱਧ ਲੋਕ ਮਾਰੇ ਜਾਂ ਲਾਪਤਾ ਹੋ ਚੁੱਕੇ ਹਨ ਅਤੇ 6.5 ਲੱਖ ਤੋਂ ਵੱਧ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਦੇਸ਼ ਦੀ ਜੀ.ਡੀ.ਪੀ. ਡਿੱਗ ਚੁੱਕੀ ਹੈ ਅਤੇ ਉਦਯੋਗਿਕ ਉਤਪਾਦਨ ਠੱਪ ਹੋ ਗਿਆ ਹੈ।

ਅੰਤਰਰਾਸ਼ਟਰੀ ਸਮਰਥਨ ਦੀ ਮੰਗ:
ਸ਼ੇਖ ਹਸੀਨਾ ਨੇ ਵਿਸ਼ਵ ਭਾਈਚਾਰੇ ਨੂੰ ਬਾਂਗਲਾਦੇਸ਼ ਵਿੱਚ ਲੋਕਤੰਤਰ, ਇਨਸਾਫ਼, ਮਨੁੱਖੀ ਅਧਿਕਾਰਾਂ ਅਤੇ ਅਦਾਲਤਾਂ ਦੀ ਆਜ਼ਾਦੀ ਦੀ ਬਹਾਲੀ ਲਈ ਅੱਗੇ ਆਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਵਾਪਸ ਪਰਤਣ 'ਤੇ ਗ੍ਰਿਫ਼ਤਾਰੀ ਦੇ ਖ਼ਤਰੇ ਦੇ ਬਾਵਜੂਦ, ਉਹ ਬਾਂਗਲਾਦੇਸ਼ ਦੇ ਲੋਕਾਂ ਦੇ ਹੱਕਾਂ ਲਈ ਡਟ ਕੇ ਖੜ੍ਹੀਆਂ ਰਹਿਣਗੀਆਂ।

# ਊਰਜਾ ਲਿਜਾ ਰਹੇ ਜਹਾਜ਼ਾਂ ਦੀ ਸੁਰੱਖਿਆ ਲਈ ਭਾਰਤੀ ਨੌਸੈਨਾ ਮੁਸਤੈਦ; INS ਇੰਫਾਲ, ਤ੍ਰਿਸ਼ੂਲ ਅਤੇ ਆਦਿੱਤਿਆ ਤਾਇਨਾਤ

### ਸਮੁੰਦਰੀ ਮਾਰਗਾਂ 'ਤੇ ਸੁਰੱਖਿਆ ਖ਼ਤਰਿਆਂ ਅਤੇ ਹਮਲਿਆਂ ਤੋਂ ਬਚਾਅ ਲਈ ਨੌਸੈਨਾ ਵੱਲੋਂ ਵਿਸ਼ੇਸ਼ ਆਪ੍ਰੇਸ਼ਨ; ਊਰਜਾ ਸਪਲਾਈ ਚੇਨ ਨੂੰ ਸੁਰੱਖਿਅਤ ਰੱਖਣ 'ਤੇ ਦਿੱਤਾ ਜਾ ਰਿਹਾ ਜ਼ੋਰ




ਨਵੀਂ ਦਿੱਲੀ, (ਏ.ਐੱਨ.ਆਈ.): ਸਮੁੰਦਰੀ ਖੇਤਰ ਵਿੱਚ ਵਧ ਰਹੇ ਸੁਰੱਖਿਆ ਖ਼ਤਰਿਆਂ ਅਤੇ ਵਪਾਰਕ ਜਹਾਜ਼ਾਂ 'ਤੇ ਹੋ ਰਹੇ ਹਮਲਿਆਂ ਦੇ ਮੱਦੇਨਜ਼ਰ, ਭਾਰਤੀ ਨੌਸੈਨਾ ਵੱਲੋਂ ਦੇਸ਼ ਦੀਆਂ ਊਰਜਾ ਲੋੜਾਂ ਨੂੰ ਪੂਰਾ ਕਰਨ ਵਾਲੇ ਟੈਂਕਰਾਂ ਅਤੇ ਜਹਾਜ਼ਾਂ ਦੀ ਸੁਰੱਖਿਆ ਲਈ ਵਿਸ਼ੇਸ਼ ਤਾਇਨਾਤੀ ਕੀਤੀ ਗਈ ਹੈ।

ਵੀਰਵਾਰ ਨੂੰ ਭਾਰਤੀ ਨੌਸੈਨਾ ਦੇ ਆਧੁਨਿਕ ਯੁੱਧ ਪੋਤ INS ਇੰਫਾਲ (INS Imphal), INS ਤ੍ਰਿਸ਼ੂਲ (INS Trishul) ਅਤੇ ਰਿਪਲੇਨਿਸ਼ਮੈਂਟਸ਼ਿਪ INS ਆਦਿੱਤਿਆ (INS Aditya) ਨੂੰ ਊਰਜਾ (ਕੱਚਾ ਤੇਲ/LPG/LNG) ਲਿਜਾ ਰਹੇ ਇੱਕ ਮਹੱਤਵਪੂਰਨ ਵਪਾਰਕ ਜਹਾਜ਼ ਦੀ ਸੁਰੱਖਿਆ ਲਈ ਪੂਰੀ ਮੁਸਤੈਦੀ ਨਾਲ ਤਾਇਨਾਤ ਦੇਖਿਆ ਗਿਆ।

ਮਿਸ਼ਨ-ਬੇਸਡ ਤਾਇਨਾਤੀ (Mission-Based Deployment): ਅਰਬ ਸਾਗਰ ਅਤੇ ਰਣਨੀਤਕ ਤੌਰ 'ਤੇ ਮਹੱਤਵਪੂਰਨ ਸਮੁੰਦਰੀ ਮਾਰਗਾਂ 'ਚੋਂ ਗੁਜ਼ਰ ਰਹੇ ਭਾਰਤੀ ਊਰਜਾ ਟੈਂਕਰਾਂ ਨੂੰ ਡਰੋਨ, ਮਿਜ਼ਾਈਲ ਅਤੇ ਜਲਦਸਯੂ (ਪਾਇਰੇਸੀ) ਖ਼ਤਰਿਆਂ ਤੋਂ ਬਚਾਉਣ ਲਈ ਨੌਸੈਨਾ ਵੱਲੋਂ 24 ਘੰਟੇ ਨਿਗਰਾਨੀ ਰੱਖੀ ਜਾ ਰਹੀ ਹੈ।

ਯੁੱਧ ਪੋਤਾਂ ਦੀ ਤਾਕਤ:
INS ਇੰਫਾਲ (DFH): ਭਾਰਤੀ ਨੌਸੈਨਾ ਦਾ ਅਤਿ-ਆਧੁਨਿਕ ਸਟੈਲਥ ਗਾਈਡਡ ਮਿਸਾਈਲ ਡਿਸਟ੍ਰੋਇਰ (Stealth Destroyer), ਜੋ ਬ੍ਰਹਮੋਸ ਮਿਸਾਈਲਾਂ ਅਤੇ ਆਧੁਨਿਕ ਰਡਾਰ ਸਿਸਟਮ ਨਾਲ ਲੈਸ ਹੈ।
INS ਤ੍ਰਿਸ਼ੂਲ (FDC): ਗਾਈਡਡ ਮਿਸਾਈਲ ਫ੍ਰਿਗੇਟ, ਜੋ ਸਮੁੰਦਰੀ ਗਸ਼ਤ ਅਤੇ ਸੁਰੱਖਿਆ ਮਿਸ਼ਨਾਂ 'ਚ ਨਿਪੁੰਨ ਹੈ।
INS ਆਦਿੱਤਿਆ (AEI): ਟੈਂਕਰ ਅਤੇ ਰਿਪਲੇਨਿਸ਼ਮੈਂਟ ਜਹਾਜ਼, ਜੋ ਸਮੁੰਦਰ ਵਿੱਚ ਲੰਮੇ ਸਮੇਂ ਤੱਕ ਤਾਇਨਾਤ ਯੁੱਧ ਪੋਤਾਂ ਨੂੰ ਈਂਧਨ ਅਤੇ ਜ਼ਰੂਰੀ ਸਮੱਗਰੀ ਮੁਹੱਈਆ ਕਰਵਾਉਂਦਾ ਹੈ।

ਊਰਜਾ ਸੁਰੱਖਿਆ (Energy Security):
ਨੌਸੈਨਾ ਅਧਿਕਾਰੀਆਂ ਅਨੁਸਾਰ, ਭਾਰਤ ਦੀ ਆਰਥਿਕਤਾ ਅਤੇ ਊਰਜਾ ਸੁਰੱਖਿਆ ਲਈ ਸਮੁੰਦਰੀ ਰਸਤਿਆਂ ਰਾਹੀਂ ਆਉਣ ਵਾਲੇ ਤੇਲ ਅਤੇ ਗੈਸ ਦੇ ਜਹਾਜ਼ਾਂ ਦਾ ਸੁਰੱਖਿਅਤ ਪਹੁੰਚਣਾ ਬਹੁਤ ਜ਼ਰੂਰੀ ਹੈ। ਭਾਰਤੀ ਨੌਸੈਨਾ ਹਿੰਦ ਮਹਾਸਾਗਰ ਖੇਤਰ ਵਿੱਚ 'ਫਰਸਟ ਰਿਸਪੌਂਡਰ' ਅਤੇ ਸੁਰੱਖਿਆ ਭਾਈਵਾਲ ਵਜੋਂ ਆਪਣੀ ਭੂਮਿਕਾ ਨੂੰ ਪੂਰੀ ਮੁਸਤੈਦੀ ਨਾਲ ਨਿਭਾ ਰਹੀ ਹੈ।

# ਗੁਜਰਾਤ (ਮੋਰਬੀ): ਵੀਰਪਰਦਾ ਪਿੰਡ ਦੇ ਖੂਹ ਵਿੱਚ ਪਾਣੀ ਦੀ ਰਹੱਸਮਈ ਹਲਚਲ; ਦੇਖਣ ਲਈ ਉਮੜੀ ਲੋਕਾਂ ਦੀ ਭੀੜ, ਜਾਂਚ ਦੀ ਮੰਗ

### ਭੂਤ-ਪ੍ਰੇਤ ਅਤੇ ਭੂਚਾਲ ਦੀਆਂ ਅਫ਼ਵਾਹਾਂ ਦਰਮਿਆਨ ਸਥਾਨਕ ਆਗੂ ਅਲਪੇਸ਼ ਕੋਠੀਆ ਦੀ ਅਪੀਲ; ਪ੍ਰਸ਼ਾਸਨ ਨੇ ਵੈਗਿਆਨਿਕ ਜਾਂਚ ਦਾ ਦਿੱਤਾ ਭਰੋਸਾ

ਮੋਰਬੀ (ਗੁਜਰਾਤ): ਗੁਜਰਾਤ ਦੇ ਮੋਰਬੀ ਜ਼ਿਲ੍ਹੇ ਦੇ ਪਿੰਡ ਵੀਰਪਰਦਾ (Virparada) ਵਿੱਚ ਇੱਕ ਖੂਹ ਦੇ ਪਾਣੀ ਵਿੱਚ ਅਚਾਨਕ ਆਪਣੇ-ਆਪ ਹੋ ਰਹੀ ਰਹੱਸਮਈ ਹਲਚਲ ਅਤੇ ਉਛਾਲ ਨੇ ਪੂਰੇ ਇਲਾਕੇ ਵਿੱਚ ਹਲਚਲ ਮਚਾ ਦਿੱਤੀ ਹੈ। ਇਸ ਅਨੋਖੀ ਘਟਨਾ ਦੀ ਖ਼ਬਰ ਫੈਲਦਿਆਂ ਹੀ ਖੂਹ ਨੂੰ ਦੇਖਣ ਲਈ ਆਲੇ-ਦੁਆਲੇ ਦੇ ਪਿੰਡਾਂ ਤੋਂ ਭਾਰੀ ਗਿਣਤੀ ਵਿੱਚ ਲੋਕਾਂ ਦੀ ਭੀੜ ਇਕੱਠੀ ਹੋਣੀ ਸ਼ੁਰੂ ਹੋ ਗਈ। ਇਸ ਘਟਨਾ ਤੋਂ ਬਾਅਦ ਸਥਾਨਕ ਲੋਕਾਂ ਵਿੱਚ ਡਰ ਅਤੇ ਅਚੰਭੇ ਦਾ ਮਾਹੌਲ ਬਣ ਗਿਆ ਹੈ, ਜਿਸ ਤੋਂ ਬਾਅਦ ਸਥਾਨਕ ਨੁਮਾਇੰਦਿਆਂ ਅਤੇ ਪ੍ਰਸ਼ਾਸਨ ਤੋਂ ਇਸ ਅਨੋਖੇ ਵਰਤਾਰੇ ਦੀ ਜਾਂਚ ਕਰਨ ਦੀ ਮੰਗ ਕੀਤੀ ਜਾ ਰਹੀ ਹੈ।



ਅਫ਼ਵਾਹਾਂ ਅਤੇ ਅੰਧਵਿਸ਼ਵਾਸ ਦਾ ਮਾਹੌਲ: ਖੂਹ ਦੇ ਪਾਣੀ ਵਿੱਚ ਬਿਨਾਂ ਕਿਸੇ ਬਾਹਰੀ ਕਾਰਨ ਦੇ ਹੋ ਰਹੀ ਉਥਲ-ਪੁਥਲ ਨੂੰ ਦੇਖ ਕੇ ਸ਼ੁਰੂਆਤ ਵਿੱਚ ਪਿੰਡ ਵਾਸੀਆਂ ਵਿੱਚ ਤਰ੍ਹਾਂ-ਤਰ੍ਹਾਂ ਦੀਆਂ ਅਫ਼ਵਾਹਾਂ ਫੈਲ ਗਈਆਂ। ਕੁਝ ਲੋਕਾਂ ਨੇ ਇਸ ਨੂੰ ਕਿਸੇ ਅਦ੍ਰਿਸ਼ ਸ਼ਕਤੀ/ਭੂਤ-ਪ੍ਰੇਤ ਦਾ ਸਾਇਆ ਮੰਨਿਆ, ਜਦਕਿ ਕੁਝ ਨੇ ਭੂਚਾਲ (Earthquake) ਆਉਣ ਦਾ ਖ਼ਦਸ਼ਾ ਜਤਾਇਆ।

ਸਥਾਨਕ ਨੇਤਾ ਅਲਪੇਸ਼ ਕੋਠੀਆ ਦੀ ਪ੍ਰਤੀਕਿਰਿਆ: ਸਥਾਨਕ ਆਗੂ ਅਲਪੇਸ਼ ਕੋਠੀਆ (Alpesh Kothia) ਨੇ ਮੌਕੇ 'ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ ਅਤੇ ਸਬੰਧਤ ਅਧਿਕਾਰੀਆਂ ਨਾਲ ਗੱਲਬਾਤ ਕੀਤੀ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਤਰ੍ਹਾਂ ਦੀਆਂ ਅਫ਼ਵਾਹਾਂ, ਭੂਚਾਲ ਦੇ ਡਰ ਜਾਂ ਅੰਧਵਿਸ਼ਵਾਸ 'ਤੇ ਯਕੀਨ ਨਾ ਕਰਨ।

ਵਿਗਿਆਨਕ ਕਾਰਨਾਂ ਦੀ ਜਾਂਚ: ਅਧਿਕਾਰੀਆਂ ਅਤੇ ਮਾਹਰਾਂ ਦਾ ਮੰਨਣਾ ਹੈ ਕਿ ਇਹ ਕੋਈ ਅਲੌਕਿਕ ਘਟਨਾ ਨਹੀਂ ਹੈ, ਸਗੋਂ ਇਸ ਦੇ ਪਿੱਛੇ ਕੋਈ ਵਿਗਿਆਨਕ ਕਾਰਨ (ਜਿਵੇਂ ਕਿ ਜ਼ਮੀਨਦੋਜ਼ ਗੈਸਾਂ ਦਾ ਰਿਸਾਅ, ਪਾਣੀ ਦੇ ਹੇਠਲੇ ਸਰੋਤਾਂ ਦਾ ਦਬਾਅ ਜਾਂ ਤੇਜ਼ ਹਵਾਵਾਂ) ਹੋ ਸਕਦਾ ਹੈ। ਹਾਲਾਂਕਿ, ਆਸ-ਪਾਸ ਦੇ ਹੋਰਨਾਂ ਖੂਹਾਂ ਵਿੱਚ ਅਜਿਹੀ ਹਲਚਲ ਨਹੀਂ ਦੇਖੀ ਗਈ, ਜਿਸ ਕਾਰਨ ਭੂ-ਵਿਗਿਆਨੀਆਂ (Geologists) ਵੱਲੋਂ ਇਸ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

# ਸ਼ਹੀਦ ਸਰਦਾਰ ਊਧਮ ਸਿੰਘ ਦੇ 87ਵੇਂ ਸ਼ਹੀਦੀ ਦਿਹਾੜੇ 'ਤੇ ਸੁਨਾਮ ਪਹੁੰਚੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ

## ਮਹਾਨ ਕ੍ਰਾਂਤੀਕਾਰੀ ਨੂੰ ਦਿੱਤੀ ਸ਼ਰਧਾਂਜਲੀ; ਕਿਹਾ- ਸ਼ਹੀਦਾਂ ਦੀ ਕੁਰਬਾਨੀ ਅਮਰ ਹੈ, ਉਨ੍ਹਾਂ ਦੇ ਦਰਸਾਏ ਮਾਰਗ 'ਤੇ ਚੱਲ ਕੇ ਹੀ ਸੱਚਾ ਦੇਸ਼ ਪ੍ਰੇਮ ਸੰਭਵ







ਸੁਨਾਮ/ਸੰਗਰੂਰ (ਪੰਜਾਬ), (ਏ.ਐੱਨ.ਆਈ.): ਦੇਸ਼ ਦੀ ਆਜ਼ਾਦੀ ਦੇ ਮਹਾਨ ਪਰਵਾਨੇ ਅਤੇ ਕ੍ਰਾਂਤੀਕਾਰੀ ਸ਼ਹੀਦ ਸਰਦਾਰ ਊਧਮ ਸਿੰਘ (Shaheed Sardar Udham Singh) ਦੇ 87ਵੇਂ ਸ਼ਹੀਦੀ ਦਿਹਾੜੇ ਮੌਕੇ ਉਨ੍ਹਾਂ ਦੇ ਜਨਮ ਅਸਥਾਨ ਸੁਨਾਮ (ਜ਼ਿਲ੍ਹਾ ਸੰਗਰੂਰ) ਵਿਖੇ ਇੱਕ ਵਿਸ਼ੇਸ਼ ਰਾਜ ਪੱਧਰੀ ਸ਼ਰਧਾਂਜਲੀ ਸਮਾਗਮ ਦਾ ਆਯੋਜਨ ਕੀਤਾ ਗਿਆ।

ਇਸ ਸਮਾਗਮ ਵਿੱਚ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ (Nayab Singh Saini) ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ ਅਤੇ ਮਹਾਨ ਸ਼ਹੀਦ ਦੇ ਬੁੱਤ 'ਤੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਉਨ੍ਹਾਂ ਦੀ ਲਾਸਾਨੀ ਕੁਰਬਾਨੀ ਨੂੰ ਨਮਨ ਕੀਤਾ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦਾ ਸੰਬੋਧਨ: ਇਕੱਠ ਨੂੰ ਸੰਬੋਧਨ ਕਰਦਿਆਂ ਹਰਿਆਣਾ ਦੇ ਮੁੱਖ ਮੰਤਰੀ ਨੇ ਕਿਹਾ ਕਿ ਸ਼ਹੀਦ ਸਰਦਾਰ ਊਧਮ ਸਿੰਘ ਨੇ ਜਲ੍ਹਿਆਂਵਾਲੇ ਬਾਗ ਦੇ ਸਾਕਾ ਦਾ ਬਦਲਾ ਲੈ ਕੇ ਭਾਰਤ ਮਾਂ ਦਾ ਮਾਣ ਵਧਾਇਆ ਸੀ। ਉਨ੍ਹਾਂ ਦੀ ਦੇਸ਼ ਭਗਤੀ ਅਤੇ ਕੁਰਬਾਨੀ ਆਉਣ ਵਾਲੀਆਂ ਪੀੜ੍ਹੀਆਂ ਲਈ ਹਮੇਸ਼ਾ ਪ੍ਰੇਰਨਾ ਸਰੋਤ ਬਣੀ ਰਹੇਗੀ।

ਸ਼ਹੀਦਾਂ ਦੀ ਕੋਈ ਸੀਮਾ ਨਹੀਂ ਹੁੰਦੀ: ਸੈਣੀ ਨੇ ਕਿਹਾ ਕਿ ਸ਼ਹੀਦ ਕਿਸੇ ਇੱਕ ਰਾਜ ਜਾਂ ਧਰਮ ਦੇ ਨਹੀਂ ਹੁੰਦੇ, ਸਗੋਂ ਉਹ ਪੂਰੇ ਦੇਸ਼ ਦੀ ਸੰਪਤੀ ਹੁੰਦੇ ਹਨ। ਪੰਜਾਬ ਅਤੇ ਹਰਿਆਣਾ ਦਾ ਆਪਸੀ ਭਾਈਚਾਰਾ ਅਤੇ ਸ਼ਹੀਦਾਂ ਪ੍ਰਤੀ ਅਕੀਦਤ ਹਮੇਸ਼ਾ ਇੱਕਜੁੱਟ ਰਹੀ ਹੈ।

ਨੌਜਵਾਨਾਂ ਨੂੰ ਅਪੀਲ: ਉਨ੍ਹਾਂ ਨੌਜਵਾਨਾਂ ਨੂੰ ਸ਼ਹੀਦ ਊਧਮ ਸਿੰਘ, ਸ਼ਹੀਦ ਭਗਤ ਸਿੰਘ ਅਤੇ ਨੇਤਾਜੀ ਸੁਭਾਸ਼ ਚੰਦਰ ਬੋਸ ਵਰਗੇ ਯੋਧਿਆਂ ਦੀਆਂ ਜੀਵਨੀਆਂ ਤੋਂ ਪ੍ਰੇਰਨਾ ਲੈ ਕੇ ਦੇਸ਼ ਦੀ ਸੇਵਾ ਅਤੇ ਸਮਾਜਿਕ ਬੁਰਾਈਆਂ ਵਿਰੁੱਧ ਲੜਨ ਦਾ ਸੱਦਾ ਦਿੱਤਾ।

# ਪੰਜਾਬ ਪ੍ਰੀਖਿਆ ਪੇਪਰ ਲੀਕ ਮਾਮਲੇ 'ਚ 'ਆਪ' ਦਫ਼ਤਰ ਨੇੜੇ ਭਾਜਪਾ ਦਾ ਜ਼ੋਰਦਾਰ ਪ੍ਰਦਰਸ਼ਨ; ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਅਸਤੀਫ਼ੇ ਦੀ ਮੰਗ

## ਫ਼ਿਰੋਜ਼ਸ਼ਾਹ ਰੋਡ 'ਤੇ ਪੁਲਿਸ ਨੇ ਬੈਰੀਕੇਡ ਲਗਾ ਕੇ ਰੋਕੇ ਭਾਜਪਾ ਵਰਕਰ; ਪੰਜਾਬ ਸਰਕਾਰ ਵਿਰੁੱਧ ਕੀਤੀ ਤਿੱਖੀ ਨਾਅਰੇਬਾਜ਼ੀ







ਨਵੀਂ ਦਿੱਲੀ, ਪੰਜਾਬ ਵਿੱਚ ਕਥਿਤ ਪ੍ਰੀਖਿਆ ਪੇਪਰ ਲੀਕ (Paper Leak Row) ਮਾਮਲੇ ਨੂੰ ਲੈ ਕੇ ਭਾਰਤੀ ਜਨਤਾ ਪਾਰਟੀ ਨੇ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ ਹੈ। ਰਾਜਧਾਨੀ ਨਵੀਂ ਦਿੱਲੀ ਵਿੱਚ ਫ਼ਿਰੋਜ਼ਸ਼ਾਹ ਰੋਡ 'ਤੇ ਸਥਿਤ 'ਆਪ' ਦੇ ਕੇਂਦਰੀ ਦਫ਼ਤਰ ਨੇੜੇ ਭਾਜਪਾ ਆਗੂਆਂ ਅਤੇ ਵਰਕਰਾਂ ਵੱਲੋਂ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਗਿਆ।

ਪ੍ਰਦਰਸ਼ਨਕਾਰੀਆਂ ਨੇ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ ਅਤੇ ਪੇਪਰ ਲੀਕ ਮਾਮਲੇ ਦੀ ਨੈਤਿਕ ਜ਼ਿੰਮੇਵਾਰੀ ਲੈਂਦਿਆਂ ਉਨ੍ਹਾਂ ਦੇ ਤੁਰੰਤ ਅਸਤੀਫ਼ੇ ਦੀ ਮੰਗ ਕੀਤੀ।

**ਲੱਖਾਂ ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਦਾ ਦੋਸ਼:** ਪ੍ਰਦਰਸ਼ਨ ਵਿੱਚ ਸ਼ਾਮਲ ਭਾਜਪਾ ਆਗੂਆਂ ਨੇ ਦੋਸ਼ ਲਗਾਇਆ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਦੇ ਰਾਜ ਵਿੱਚ ਨੌਜਵਾਨਾਂ ਅਤੇ ਵਿਦਿਆਰਥੀਆਂ ਦਾ ਭਵਿੱਖ ਖ਼ਤਰੇ ਵਿੱਚ ਹੈ। ਪ੍ਰਤੀਯੋਗੀ ਅਤੇ ਬੋਰਡ ਪ੍ਰੀਖਿਆਵਾਂ ਦੇ ਪੇਪਰ ਲੀਕ ਹੋਣਾ ਸਰਕਾਰ ਦੀ ਨਾਕਾਮੀ ਅਤੇ ਪ੍ਰਸ਼ਾਸਨਿਕ ਨਲਾਇਕੀ ਨੂੰ ਦਰਸ਼ਾਉਂਦਾ ਹੈ।

ਪੁਲਿਸ ਨਾਲ ਝੜਪ ਅਤੇ ਬੈਰੀਕੇਡਿੰਗ: ਦਫ਼ਤਰ ਵੱਲ ਵਧ ਰਹੇ ਭਾਜਪਾ ਵਰਕਰਾਂ ਨੂੰ ਦਿੱਲੀ ਪੁਲਿਸ ਵੱਲੋਂ ਫ਼ਿਰੋਜ਼ਸ਼ਾਹ ਰੋਡ 'ਤੇ ਬੈਰੀਕੇਡ ਲਗਾ ਕੇ ਰੋਕਿਆ ਗਿਆ, ਜਿਸ ਦੌਰਾਨ ਪ੍ਰਦਰਸ਼ਨਕਾਰੀਆਂ ਅਤੇ ਪੁਲਿਸ ਵਿਚਕਾਰ ਹਲਕੀ ਧੱਕਾਮੁੱਕੀ ਵੀ ਦੇਖਣ ਨੂੰ ਮਿਲੀ।

ਉੱਚ ਪੱਧਰੀ ਜਾਂਚ ਦੀ ਮੰਗ: ਭਾਜਪਾ ਆਗੂਆਂ ਨੇ ਮੰਗ ਕੀਤੀ ਕਿ ਪੇਪਰ ਲੀਕ ਮਾਮਲੇ ਦੀ ਜਾਂਚ ਕਿਸੇ ਸੁਤੰਤਰ ਏਜੰਸੀ ਤੋਂ ਕਰਵਾਈ ਜਾਵੇ ਅਤੇ ਇਸ ਮਾਮਲੇ 'ਚ ਸ਼ਾਮਲ ਦੋਸ਼ੀਆਂ ਤੇ ਪ੍ਰੀਖਿਆ ਮਾਫ਼ੀਆ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ।

# ਹੋਮਿਓਪੈਥੀ ਡਾਕਟਰਾਂ ਨੂੰ ਐਲੋਪੈਥਿਕ ਪ੍ਰੈਕਟਿਸ ਦੀ ਮਨਜ਼ੂਰੀ ਦੇਣ ਖ਼ਿਲਾਫ਼ ਰੈਜ਼ੀਡੈਂਟ ਡਾਕਟਰਾਂ ਦਾ ਪ੍ਰਦਰਸ਼ਨ; MARD ਦੀ ਅਨਿਸ਼ਚਿਤਕਾਲੀ ਹੜਤਾਲ ਦੂਜੇ ਦਿਨ 'ਚ ਦਾਖ਼ਲ

## ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ (GMCH) ਦੇ ਡਾਕਟਰਾਂ ਨੇ ਸਰਕਾਰ ਵਿਰੁੱਧ ਖੋਲ੍ਹਿਆ ਮੋਰਚਾ; ਮਰੀਜ਼ਾਂ ਦੀ ਸੁਰੱਖਿਆ ਲਈ ਖ਼ਤਰਾ ਦੱਸਦਿਆਂ ਫ਼ੈਸਲਾ ਰੱਦ ਕਰਨ ਦੀ ਮੰਗ




ਨਾਗਪੁਰ (ਮਹਾਰਾਸ਼ਟਰ) : ਮਹਾਰਾਸ਼ਟਰ ਸਰਕਾਰ ਵੱਲੋਂ ਹੋਮਿਓਪੈਥਿਕ ਡਾਕਟਰਾਂ ਨੂੰ ਮਹਾਰਾਸ਼ਟਰ ਮੈਡੀਕਲ ਕੌਂਸਲ ਅਧੀਨ ਰਜਿਸਟਰ ਕਰਨ ਅਤੇ ਐਲੋਪੈਥਿਕ ਦਵਾਈਆਂ ਲਿਖਣ ਦੀ ਇਜਾਜ਼ਤ ਦੇਣ ਦੇ ਫ਼ੈਸਲੇ ਵਿਰੁੱਧ ਰੈਜ਼ੀਡੈਂਟ ਡਾਕਟਰਾਂ ਦਾ ਰੋਸ ਤਿੱਖਾ ਹੋ ਗਿਆ ਹੈ।

'ਮਹਾਰਾਸ਼ਟਰ ਐਸੋਸੀਏਸ਼ਨ ਆਫ਼ ਰੈਜ਼ੀਡੈਂਟ ਡਾਕਟਰਜ਼' ਦੇ ਸੱਦੇ 'ਤੇ ਨਾਗਪੁਰ ਸਥਿਤ 'ਗਵਰਨਮੈਂਟ ਮੈਡੀਕਲ ਕਾਲਜ ਐਂਡ ਹਸਪਤਾਲ' (GMCH) ਦੇ ਰੈਜ਼ੀਡੈਂਟ ਡਾਕਟਰਾਂ ਨੇ ਅਨਿਸ਼ਚਿਤਕਾਲੀ ਸੂਬਾ-ਪੱਧਰੀ ਹੜਤਾਲ ਦੇ ਦੂਜੇ ਦਿਨ ਵੀ ਹਸਪਤਾਲ ਪਰਿਸਰ ਵਿੱਚ ਜ਼ੋਰਦਾਰ ਧਰਨਾ ਦਿੱਤਾ ਅਤੇ ਪ੍ਰਦਰਸ਼ਨ ਕੀਤਾ।

ਮਰੀਜ਼ਾਂ ਦੀ ਸੁਰੱਖਿਆ ਦਾ ਮੁੱਦਾ: ਪ੍ਰਦਰਸ਼ਨਕਾਰੀ ਡਾਕਟਰਾਂ ਦਾ ਤਰਕ ਹੈ ਕਿ ਬਿਨਾਂ ਢੁਕਵੀਂ ਐਲੋਪੈਥਿਕ ਸਿੱਖਿਆ ਅਤੇ ਟਰੇਨਿੰਗ ਦੇ ਹੋਮਿਓਪੈਥਿਕ ਪ੍ਰੈਕਟੀਸ਼ਨਰਾਂ ਨੂੰ ਐਲੋਪੈਥੀ ਦਵਾਈਆਂ ਲਿਖਣ ਦੀ ਇਜਾਜ਼ਤ ਦੇਣਾ ਮਰੀਜ਼ਾਂ ਦੀ ਸਿਹਤ ਅਤੇ ਜਾਨ ਨਾਲ ਖਿਲਵਾੜ ਕਰਨ ਦੇ ਬਰਾਬਰ ਹੈ।

ਮਾਰਡ (MARD) ਦੀਆਂ ਮੰਗਾਂ: ਸਰਕਾਰ ਮਹਾਰਾਸ਼ਟਰ ਮੈਡੀਕਲ ਕੌਂਸਲ (MMC) ਅਧੀਨ ਹੋਮਿਓਪੈਥਿਕ ਡਾਕਟਰਾਂ ਦੀ ਰਜਿਸਟ੍ਰੇਸ਼ਨ ਸਬੰਧੀ ਲਏ ਫ਼ੈਸਲੇ ਨੂੰ ਤੁਰੰਤ ਵਾਪਸ ਲਵੇ। ਮੈਡੀਕਲ ਖੇਤਰ ਵਿੱਚ 'ਕ੍ਰਾਸ-ਪੈਥੀ' (Cross-pathy) ਨੂੰ ਬੜਾਵਾ ਦੇਣ ਦੀ ਥਾਂ ਮੈਡੀਕਲ ਸਿੱਖਿਆ ਅਤੇ ਸਿਹਤ ਬੁਨਿਆਦੀ ਢਾਂਚੇ ਵਿੱਚ ਸੁਧਾਰ ਕੀਤਾ ਜਾਵੇ।

ਹਸਪਤਾਲ ਸੇਵਾਵਾਂ 'ਤੇ ਅਸਰ: ਰੈਜ਼ੀਡੈਂਟ ਡਾਕਟਰਾਂ ਦੇ ਹੜਤਾਲ 'ਤੇ ਜਾਣ ਕਾਰਨ ਨਾਗਪੁਰ ਦੇ GMCH ਸਮੇਤ ਮਹਾਰਾਸ਼ਟਰ ਦੇ ਕਈ ਮੁੱਖ ਸਰਕਾਰੀ ਹਸਪਤਾਲਾਂ ਵਿੱਚ ਓ.ਪੀ.ਡੀ. (OPD) ਅਤੇ ਰੁਟੀਨ ਸੇਵਾਵਾਂ ਪ੍ਰਭਾਵਿਤ ਹੋਈਆਂ ਹਨ, ਜਿਸ ਨਾਲ ਮਰੀਜ਼ਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਾਲਾਂਕਿ, ਐਮਰਜੈਂਸੀ ਸੇਵਾਵਾਂ ਨੂੰ ਚਾਲੂ ਰੱਖਣ ਦਾ ਦਾਅਵਾ ਕੀਤਾ ਗਿਆ ਹੈ।

# ਸਕੂਲਾਂ 'ਚ ਧੂਮਧਾਮ ਨਾਲ ਮਨਾਇਆ ਗਿਆ 'ਤੀਆਂ' ਦਾ ਤਿਉਹਾਰ; ਸਕੂਲੀ ਵਿਦਿਆਰਥਣਾਂ ਨੇ ਗਿੱਧਾ ਪਾ ਕੇ ਬੰਨ੍ਹਿਆ ਰੰਗ

## ਸਾਵਣ ਮਹੀਨੇ ਦੇ ਸ਼ੁਭ ਮੌਕੇ 'ਤੇ ਪ੍ਰੰਪਰਾਗਤ ਪੰਜਾਬੀ ਪਹਿਰਾਵੇ 'ਚ ਸਜੀਆਂ ਮੁਟਿਆਰਾਂ; ਪੀਂਘਾਂ ਝੂਟ ਕੇ ਅਤੇ ਬੋਲੀਆਂ ਪਾ ਕੇ ਮਨਾਈਆਂ 'ਤੀਆਂ ਤੀਜ ਦੀਆਂ'










ਅੰਮ੍ਰਿਤਸਰ : ਸਾਵਣ (ਤੀਜ) ਦੇ ਪਵਿੱਤਰ ਮਹੀਨੇ ਦੇ ਆਗਮਨ ਦੀ ਖ਼ੁਸ਼ੀ ਵਿੱਚ ਗੁਰੂ ਨਗਰੀ ਅੰਮ੍ਰਿਤਸਰ ਦੇ ਵੱਖ-ਵੱਖ ਸਕੂਲਾਂ ਵਿੱਚ 'ਤੀਆਂ ਦਾ ਤਿਉਹਾਰ' (Teej Festival) ਬਹੁਤ ਹੀ ਉਤਸ਼ਾਹ ਅਤੇ ਧੂਮਧਾਮ ਨਾਲ ਮਨਾਇਆ ਗਿਆ।

ਸੋਮਵਾਰ ਨੂੰ ਆਯੋਜਿਤ ਵਿਸ਼ੇਸ਼ ਸਮਾਗਮਾਂ ਦੌਰਾਨ ਸਕੂਲੀ ਵਿਦਿਆਰਥਣਾਂ ਨੇ ਪੰਜਾਬ ਦੇ ਪ੍ਰਸਿੱਧ ਲੋਕ ਨਾਚ 'ਗਿੱਧਾ' (Gidha) ਦੀ ਸ਼ਾਨਦਾਰ ਪੇਸ਼ਕਾਰੀ ਦਿੱਤੀ। ਰੰਗ-ਬਿਰੰਗੇ ਪਰੰਪਰਾਗਤ ਪੰਜਾਬੀ ਪਹਿਰਾਵੇ (ਘੱਗਰੇ, ਸੂਟ ਅਤੇ ਫੁਲਕਾਰੀ) ਵਿੱਚ ਸਜੀਆਂ ਛੋਟੀਆਂ-ਛੋਟੀਆਂ ਬੱਚੀਆਂ ਅਤੇ ਮੁਟਿਆਰਾਂ ਨੇ ਢੋਲਕ ਦੀ ਥਾਪ ਅਤੇ ਬੋਲੀਆਂ 'ਤੇ ਨੱਚ ਕੇ ਮਾਹੌਲ ਨੂੰ ਖ਼ੁਸ਼ਗੁਆਰ ਬਣਾ ਦਿੱਤਾ।

**ਸੱਭਿਆਚਾਰਕ ਰੰਗਾਰੰਗ ਪ੍ਰੋਗਰਾਮ:** ਸਕੂਲ ਪਰਿਸਰ ਵਿੱਚ ਆਯੋਜਿਤ ਸਮਾਰੋਹ ਦੌਰਾਨ ਵਿਦਿਆਰਥਣਾਂ ਨੇ ਪੰਜਾਬੀ ਸੱਭਿਆਚਾਰ ਨੂੰ ਦਰਸ਼ਾਉਂਦੀਆਂ ਵੱਖ-ਵੱਖ ਵੰਨਗੀਆਂ ਪੇਸ਼ ਕੀਤੀਆਂ। ਗਿੱਧੇ ਤੋਂ ਇਲਾਵਾ ਬੋਲੀਆਂ, ਪੰਜਾਬੀ ਲੋਕ ਗੀਤ ਅਤੇ ਪੀਂਘਾਂ ਝੂਟਣ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਸਨ।

**ਅਧਿਆਪਕਾਂ ਅਤੇ ਪ੍ਰਬੰਧਕਾਂ ਵੱਲੋਂ ਹੌਸਲਾ-ਅਫ਼ਜ਼ਾਈ:** ਸਕੂਲ ਪ੍ਰਬੰਧਕਾਂ ਅਤੇ ਅਧਿਆਪਕਾਵਾਂ ਨੇ ਬੱਚਿਆਂ ਨੂੰ ਪੰਜਾਬੀ ਵਿਰਸੇ, ਅਮੀਰ ਸੱਭਿਆਚਾਰਕ ਪਰੰਪਰਾਵਾਂ ਅਤੇ ਤਿਉਹਾਰਾਂ ਦੇ ਮਹੱਤਵ ਤੋਂ ਜਾਣੂ ਕਰਵਾਉਣ ਲਈ ਅਜਿਹੇ ਆਯੋਜਨਾਂ ਦੀ ਸ਼ਲਾਘਾ ਕੀਤੀ।

**ਤੀਜ ਤਿਉਹਾਰ ਦੀ ਅਹਿਮੀਅਤ:** ਸਾਵਣ ਮਹੀਨੇ ਦੇ ਮਾਨਸੂਨੀ ਸਮੇਂ ਦੌਰਾਨ ਮਨਾਇਆ ਜਾਣ ਵਾਲਾ ਇਹ ਤਿਉਹਾਰ ਪੰਜਾਬ ਵਿੱਚ ਧੀਆਂ-ਭੈਣਾਂ ਦੇ ਮਿਲਣ, ਖ਼ੁਸ਼ੀਆਂ ਅਤੇ ਹਰਿਆਲੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ।

# ਕੈਲੀਫ਼ੋਰਨੀਆ ਸਰਹੱਦ 'ਤੇ ਵੱਡੀ ਕਾਰਵਾਈ: ਕੈਲੇਕਸੀਕੋ ਵਿਖੇ ਕਮਰਸ਼ੀਅਲ ਟਰੱਕ 'ਚੋਂ $20 ਮਿਲੀਅਨ (2 ਕਰੋੜ ਡਾਲਰ) ਤੋਂ ਵੱਧ ਦੀ ਕੋਕੀਨ ਬਰਾਮਦ; ਮੈਕਸੀਕਨ ਚਾਲਕ ਗ੍ਰਿਫ਼ਤਾਰ

## ਟਰਾਲੇ ਦੇ ਲੱਕੜ ਦੇ ਫ਼ਰਸ਼ ਹੇਠਾਂ ਛੁਪਾ ਕੇ ਲਿਆਂਦੀ ਜਾ ਰਹੀ ਸੀ ਅੱਧਾ ਟਨ (1,000 ਪਾਊਂਡ) ਕੋਕੀਨ; ਸਾਲ 2026 'ਚ ਦੱਖਣੀ ਕੈਲੀਫ਼ੋਰਨੀਆ ਖੇਤਰ 'ਚ ਕੋਕੀਨ ਦੀ ਦੂਜੀ ਸਭ ਤੋਂ ਵੱਡੀ ਖੇਪ ਜ਼ਬਤ

ਕੈਲੇਕਸੀਕੋ (ਕੈਲੀਫ਼ੋਰਨੀਆ) : ਅਮਰੀਕਾ-ਮੈਕਸੀਕੋ ਸਰਹੱਦ 'ਤੇ ਸਥਿਤ ਕੈਲੇਕਸੀਕੋ ਪੋਰਟ ਆਫ਼ ਐਂਟਰੀ (Calexico Port of Entry) 'ਤੇ ਅਮਰੀਕੀ ਫੈਡਰਲ ਸੁਰੱਖਿਆ ਏਜੰਸੀਆਂ ਨੇ ਇੱਕ ਵੱਡੇ ਨਸ਼ਾ ਤਸਕਰੀ ਨੈੱਟਵਰਕ ਨੂੰ ਨਾਕਾਮ ਕਰਦਿਆਂ ਅੱਧਾ ਟਨ ਤੋਂ ਵੱਧ (1,002 ਪਾਊਂਡ/454.56 ਕਿਲੋਗ੍ਰਾਮ) ਕੋਕੀਨ ਜ਼ਬਤ ਕੀਤੀ ਹੈ। ਅੰਤਰਰਾਸ਼ਟਰੀ ਬਜ਼ਾਰ ਵਿੱਚ ਜ਼ਬਤ ਕੀਤੀ ਗਈ ਇਸ ਕੋਕੀਨ ਦੀ ਕੀਮਤ $20 ਮਿਲੀਅਨ (ਲਗਭਗ 2 ਕਰੋੜ ਅਮਰੀਕੀ ਡਾਲਰ) ਤੋਂ ਵੱਧ ਦੱਸੀ ਜਾ ਰਹੀ ਹੈ।

ਇਸ ਮਾਮਲੇ ਵਿੱਚ ਕਮਰਸ਼ੀਅਲ ਟਰੱਕ ਦੇ ਚਾਲਕ 44 ਸਾਲਾ ਜੋਸ ਮੈਨੁਅਲ ਲੋਪੇਜ਼ ਲੋਪੇਜ਼ (Jose Manuel Lopez Lopez), ਨਿਵਾਸੀ ਮੈਕਸੀਕਾਲੀ (ਮੈਕਸੀਕੋ) ਨੂੰ ਗ੍ਰਿਫ਼ਤਾਰ ਕਰਕੇ ਅਮਰੀਕਾ ਵਿੱਚ ਗੈਰ-ਕਾਨੂੰਨੀ ਢੰਗ ਨਾਲ ਨਸ਼ੀਲੇ ਪਦਾਰਥ ਇੰਪੋਰਟ ਕਰਨ ਦੇ ਦੋਸ਼ ਹੇਠ ਅਦਾਲਤ 'ਚ ਪੇਸ਼ ਕੀਤਾ ਗਿਆ ਹੈ।

**ਟਰਾਲੇ ਦੇ ਫ਼ਰਸ਼ ਅੰਦਰ ਛੁਪਾਏ ਹੋਏ ਸਨ 366 ਪੈਕੇਟ:** ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ (CBP), ਹੋਮਲੈਂਡ ਸਕਿਓਰਿਟੀ ਇਨਵੈਸਟੀਗੇਸ਼ਨਜ਼ (HSI) ਅਤੇ ਡਰੱਗ ਇਨਫੋਰਸਮੈਂਟ ਐਡਮਿਨਿਸਟ੍ਰੇਸ਼ਨ (DEA) ਦੇ ਅਧਿਕਾਰੀਆਂ ਨੇ ਐਕਸ-ਰੇ (X-ray) ਜਾਂਚ ਅਤੇ ਨਸ਼ਾ-ਸੁੰਘਣ ਵਾਲੇ ਕੁੱਤੇ (K-9) ਦੀ ਮਦਦ ਨਾਲ ਟਰਾਲੇ ਦੇ ਫ਼ਰਸ਼ 'ਚ ਗੜਬੜੀ ਪਛਾਣੀ। ਫਲੈਟਬੈੱਡ ਟਰਾਲੇ 'ਤੇ ਲੱਦੇ 269 ਸਰਆਇਆ (rebar) ਦੇ ਬੰਡਲ ਉਤਾਰਨ ਤੋਂ ਬਾਅਦ ਲੱਕੜ ਦੇ ਫ਼ਰਸ਼ ਦੇ ਤਖ਼ਤੇ ਉਖਾੜੇ ਗਏ, ਜਿਨ੍ਹਾਂ ਵਿੱਚੋਂ ਕੋਕੀਨ ਦੇ 366 ਪੈਕੇਟ ਬਰਾਮਦ ਹੋਏ।

**ਸਾਲ 2026 ਦੀ ਦੂਜੀ ਸਭ ਤੋਂ ਵੱਡੀ ਕੋਕੀਨ ਬਰਾਮਦਗੀ:** ਦੱਖਣੀ ਕੈਲੀਫ਼ੋਰਨੀਆ ਦੇ ਫੈਡਰਲ ਡਿਸਟ੍ਰਿਕਟ ਵਿੱਚ ਸਾਲ 2026 ਦੌਰਾਨ ਕੋਕੀਨ ਦੀ ਇਹ ਦੂਜੀ ਸਭ ਤੋਂ ਵੱਡੀ ਜ਼ਬਤੀ ਹੈ। ਇਸ ਤੋਂ ਪਹਿਲਾਂ ਮਈ 2026 ਵਿੱਚ ਇੱਕ ਅੰਡਰਗ੍ਰਾਊਂਡ ਸੀਮਾ-ਪਾਰ ਸੁਰੰਗ ਨਾਲ ਜੁੜੇ ਮਾਮਲੇ ਵਿੱਚ £45 ਮਿਲੀਅਨ ਦੀ 1 ਟਨ ਤੋਂ ਵੱਧ ਕੋਕੀਨ ਬਰਾਮਦ ਕੀਤੀ ਗਈ ਸੀ।

**ਉਮਰ ਕੈਦ ਤੱਕ ਦੀ ਹੋ ਸਕਦੀ ਹੈ ਸਜ਼ਾ:** ਅਦਾਲਤੀ ਦਸਤਾਵੇਜ਼ਾਂ ਅਨੁਸਾਰ ਸਰਕਾਰੀ ਵਕੀਲਾਂ ਨੇ ਇਸ ਖੇਪ ਨੂੰ ਖੇਤਰ ਦੇ ਹਿਸਾਬ ਨਾਲ ਬਹੁਤ ਵੱਡੀ ਨਸ਼ਾ ਤਸਕਰੀ ਕਰਾਰ ਦਿੱਤਾ ਹੈ। ਦੋਸ਼ੀ 'ਤੇ Title BA, U.S.C. ਤਹਿਤ ਮਾਮਲਾ ਦਰਜ ਕੀਤਾ ਗਿਆ ਹੈ, ਜਿਸ ਵਿੱਚ ਘੱਟੋ-ਘੱਟ 10 ਸਾਲ ਦੀ ਲਾਜ਼ਮੀ ਕੈਦ ਅਤੇ ਵੱਧ ਤੋਂ ਵੱਧ ਉਮਰ ਕੈਦ (Life in prison) ਦੀ ਸਜ਼ਾ ਦਾ ਪ੍ਰਬੰਧ ਹੈ।



COCAINE SEIZED FROM THE COMMERCIAL TRUCK AND TRAILER

**ਓਪਰੇਸ਼ਨ 'ਟੇਕ ਬੈਕ ਅਮੈਰਿਕਾ':** ਇਹ ਜਾਂਚ ਅਤੇ ਕਾਰਵਾਈ ਕੈਲੀਫ਼ੋਰਨੀਆ ਹੋਮਲੈਂਡ ਸਕਿਓਰਿਟੀ ਟਾਸਕ ਫੋਰਸ (HSTF) ਵੱਲੋਂ ਰਾਸ਼ਟਰਪਤੀ ਟਰੰਪ ਦੇ ਐਗਜ਼ੈਕਟਿਵ ਆਰਡਰ 14159 ਦੇ ਤਹਿਤ ਚਲਾਏ ਜਾ ਰਹੇ ਦੇਸ਼ ਵਿਆਪੀ ਅਭਿਆਨ 'Operation Take Back America' ਦਾ ਹਿੱਸਾ ਹੈ, ਜਿਸਦਾ ਮਕਸਦ ਖ਼ਤਰਨਾਕ ਡਰੱਗ ਕਾਰਟੇਲਾਂ ਅਤੇ ਅੰਤਰਰਾਸ਼ਟਰੀ ਅਪਰਾਧਿਕ ਗਿਰੋਹਾਂ ਦਾ ਖ਼ਾਤਮਾ ਕਰਨਾ ਹੈ।

# 30 ਸਾਲ, 6.5 ਲੱਖ ਨੌਟੀਕਲ ਮੀਲ ਦਾ ਸਫ਼ਰ; ਪਰਮਾਣੂ ਸ਼ਕਤੀ ਨਾਲ ਚੱਲਣ ਵਾਲੇ ਪਹਿਲੇ ਸਮੁੰਦਰੀ ਜਹਾਜ਼ 'ਲੇਨਿਨ' ਦਾ ਇਤਿਹਾਸਕ

## ਰਿਕਾਰਡਰੂਸੀ ਐਟਮੀ ਫ਼ਲੀਟ ਦਾ ਇਤਿਹਾਸਕ ਪ੍ਰਤੀਕ; 30 ਸਾਲਾਂ ਦੇ ਸਫ਼ਲ ਸੇਵਾਕਾਲ ਦੌਰਾਨ 3,700 ਤੋਂ ਵੱਧ ਜਹਾਜ਼ਾਂ ਨੂੰ ਆਰਕਟਿਕ 'ਚੋਂ ਸੁਰੱਖਿਅਤ ਕੱਢਣ ਦਾ ਬਣਾਇਆ ਰਿਕਾਰਡ

ਮੁਰਮਾਂਸਕ (ਰੂਸ): ਦੁਨੀਆ ਦੇ ਸਭ ਤੋਂ ਪਹਿਲੇ ਪਰਮਾਣੂ ਊਰਜਾ ਨਾਲ ਚੱਲਣ ਵਾਲੇ ਸ਼ਿਪ 'ਲੇਨਿਨ' (Lenin Nuclear Icebreaker) ਦੀਆਂ ਸ਼ਾਨਦਾਰ ਤਸਵੀਰਾਂ ਅਤੇ ਵੀਡੀਓਜ਼ ਸਾਹਮਣੇ ਆਈਆਂ ਹਨ। ਰੂਸ ਦੇ ਉੱਤਰੀ ਬੰਦਰਗਾਹ ਸ਼ਹਿਰ ਮੁਰਮਾਂਸਕ ਵਿਖੇ ਸਥਿਤ ਇਹ ਇਤਿਹਾਸਕ ਬਰਫ਼ ਤੋੜ ਜਹਾਜ਼ (Icebreaker) ਹੁਣ ਰੂਸੀ ਨਿਊਕਲੀਅਰ ਤਕਨਾਲੋਜੀ ਅਤੇ ਆਰਕਟਿਕ ਖੋਜ ਦੀ ਵਿਰਾਸਤ ਦਾ ਵੱਡਾ ਪ੍ਰਤੀਕ ਬਣ ਚੁੱਕਾ ਹੈ।

ਰੋਸਾਟੌਮ (Rosatom) ਦੇ ਅਧੀਨ ਆਉਂਦੇ 'ਐਟਮਫ਼ਲੋਟ' (FSUE Atomflot) ਦੇ ਪਹਿਲੀ ਸ਼੍ਰੇਣੀ ਦੇ ਮਾਹਰ ਵਲਾਦੀਮੀਰ ਉਲਯਾਨਿਖਿਨ (Vladimir Ulyanikhin) ਨੇ ਇਸ ਇਤਿਹਾਸਕ ਜਹਾਜ਼ ਦੇ ਮਹੱਤਵ ਅਤੇ ਇਸ ਦੀਆਂ ਵਿਸ਼ੇਸ਼ਤਾਵਾਂ ਬਾਰੇ ਅਹਿਮ ਜਾਣਕਾਰੀ ਸਾਂਝੀ ਕੀਤੀ ਹੈ।

**ਨੀਂਹ ਅਤੇ ਸੇਵਾ ਦੀ ਸ਼ੁਰੂਆਤ:** ਇਸ ਵਿਸ਼ਵ-ਪ੍ਰਸਿੱਧ ਨਿਊਕਲੀਅਰ ਆਈਸਬ੍ਰੇਕਰ ਦੀ ਨੀਂਹ (Keel Laid Down) 17 ਜੁਲਾਈ 1956 ਨੂੰ ਸੈਂਟ ਪੀਟਰਸਬਰਗ ਦੇ 'ਐਡਮਿਰਲਟੀ ਸ਼ਿਪਯਾਰਡ' ਵਿਖੇ ਰੱਖੀ ਗਈ ਸੀ। ਤਕਨੀਕੀ ਜਾਂਚ ਤੋਂ ਬਾਅਦ ਇਸ ਨੇ 3 ਦਸੰਬਰ 1959 ਨੂੰ ਅਧਿਕਾਰਤ ਤੌਰ 'ਤੇ ਆਪਣੀ ਸੇਵਾ ਸ਼ੁਰੂ ਕੀਤੀ ਸੀ।

**30 ਸਾਲਾਂ ਦਾ ਬੇਮਿਸਾਲ ਸਫ਼ਰ :** 'ਲੇਨਿਨ' ਆਈਸਬ੍ਰੇਕਰ ਨੇ ਲਗਾਤਾਰ 30 ਸਾਲਾਂ ਤੱਕ ਨਾਰਦਰਨ ਸੀ ਰੂਟ (Northern Sea Route) ਅਧੀਨ ਆਰਕਟਿਕ ਖੇਤਰ ਵਿੱਚ 26 ਵੱਡੀਆਂ ਸਮੁੰਦਰੀ ਯਾਤਰਾਵਾਂ (Arctic Navigations) 'ਚ ਭਾਗ ਲਿਆ। ਇਸ ਦੌਰਾਨ ਇਸ ਨੇ ਭਾਰੀ ਬਰਫ਼ 'ਚ ਫਸੇ 3,741 ਸਮੁੰਦਰੀ ਜਹਾਜ਼ਾਂ ਨੂੰ ਸੁਰੱਖਿਅਤ ਰਸਤਾ ਮੁਹੱਈਆ ਕਰਵਾਇਆ ਅਤੇ ਕੁੱਲ 6,54,000 ਨੌਟੀਕਲ ਮੀਲ ਦੀ ਦੂਰੀ ਤੈਅ ਕੀਤੀ।

**ਨਵੀਂ ਤਕਨਾਲੋਜੀ ਦਾ ਸਫ਼ਲ ਪਰੀਖਣ:** ਇਸ ਪਹਿਲੇ ਪਰਮਾਣੂ ਆਈਸਬ੍ਰੇਕਰ ਦੀ ਵਰਤੋਂ ਮੁੱਖ ਤੌਰ 'ਤੇ ਨਵੀਂ ਨਿਊਕਲੀਅਰ ਰਿਐਕਟਰ ਤਕਨਾਲੋਜੀ ਦੇ ਸਫ਼ਲ ਪਰੀਖਣ ਅਤੇ ਸਮੁੰਦਰੀ ਸਫ਼ਰ ਦੌਰਾਨ ਇਸ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਕੀਤੀ ਗਈ ਸੀ, ਜਿਸ ਨੇ ਭਵਿੱਖ ਦੀਆਂ ਪਰਮਾਣੂ ਪਣਡੁੱਬੀਆਂ ਅਤੇ ਜਹਾਜ਼ਾਂ ਲਈ ਰਾਹ ਪੱਧਰਾ ਕੀਤਾ।

**ਦੁਨੀਆ 'ਚ ਰੂਸ ਦਾ ਸਭ ਤੋਂ ਵੱਡਾ ਆਈਸਬ੍ਰੇਕਰ ਫ਼ਲੀਟ:** ਅੱਜ ਦੇ ਸਮੇਂ ਵਿੱਚ ਰੂਸ ਕੋਲ ਪੂਰੀ ਦੁਨੀਆ ਵਿੱਚ ਆਈਸਬ੍ਰੇਕਰਾਂ ਦਾ ਸਭ ਤੋਂ ਵੱਡਾ ਬੇੜਾ (Fleet) ਹੈ। ਰੂਸੀ ਫ਼ਲੀਟ ਵਿੱਚ 48 ਤੋਂ ਵੱਧ ਅਤਿ-ਆਧੁਨਿਕ ਬਰਫ਼ ਤੋੜ ਜਹਾਜ਼ ਸ਼ਾਮਲ




ਹਨ, ਜਿਨ੍ਹਾਂ ਵਿੱਚੋਂ ਕਈ ਪਰਮਾਣੂ ਊਰਜਾ ਨਾਲ ਚੱਲਦੇ ਹਨ ਅਤੇ ਆਰਕਟਿਕ ਖੇਤਰ 'ਚ ਰੂਸੀ ਪ੍ਰਭਾਵ ਨੂੰ ਬਣਾਏ ਰੱਖਣ 'ਚ ਅਹਿਮ ਭੂਮਿਕਾ ਨਿਭਾਉਂਦੇ ਹਨ।

### ਧੀਆਂ, ਧਰਤੀ ਅਤੇ ਧੜਕਣਾਂ ਦਾ ਲੋਕ-ਰੰਗ — 'ਤੀਆਂ ਤੀਜ ਦੀਆਂ'

'ਜਦੋਂ ਅੰਬਰ 'ਤੇ ਕਾਲੀਆਂ ਘਟਾਵਾਂ ਘਿਰ ਆਉਂਦੀਆਂ ਹਨ ਅਤੇ ਤਪਦੀ ਧਰਤੀ 'ਤੇ ਸਾਉਣ ਦੀਆਂ ਪਹਿਲੀਆਂ ਕਣੀਆਂ ਪੈਂਦੀਆਂ ਹਨ, ਤਾਂ ਸਿਰਫ਼ ਮੌਸਮ ਹੀ ਨਹੀਂ ਬਦਲਦਾ—ਇੱਕ ਪੂਰਾ ਸੱਭਿਆਚਾਰ ਝੂਮ ਉੱਠਦਾ ਹੈ।' 'ਤੀਜ' (ਜਾਂ ਤੀਆਂ) ਸਿਰਫ਼ ਇੱਕ ਤਿਉਹਾਰ ਨਹੀਂ, ਸਗੋਂ ਔਰਤ ਮਨ ਦੇ ਅਹਿਸਾਸਾਂ, ਧੀਆਂ-ਭੈਣਾਂ ਦੇ ਪਿਆਰ, ਸਹੇਲੀਆਂ ਦੇ ਮਿਲਣ ਅਤੇ ਕੁਦਰਤ ਦੀ ਰੂਹਾਨੀ ਖ਼ੁਸ਼ੀ ਦਾ ਉਹ ਰੰਗਲਾ ਸੰਗਮ ਹੈ ਜੋ ਸਰਹੱਦਾਂ ਅਤੇ ਸਮੇਂ ਦੀਆਂ ਸੀਮਾਵਾਂ ਤੋਂ ਪਰੇ ਹੈ। ਪੀੜ੍ਹੀਆਂ ਤੋਂ ਇਹ ਤਿਉਹਾਰ ਔਰਤਾਂ ਲਈ ਇੱਕ ਅਜਿਹਾ ਵਿਹੜਾ ਸਾਜਦਾ ਆਇਆ ਹੈ ਜਿੱਥੇ ਉਹ ਆਪਣੇ ਹਰ ਗ਼ਮ ਨੂੰ ਭੁਲਾ ਕੇ ਜੀਅ ਭਰ ਕੇ ਹੱਸਦੀਆਂ ਅਤੇ ਗਾਉਂਦੀਆਂ ਹਨ। ਇੱਕ ਪਾਸੇ ਜਿੱਥੇ ਪੂਰੀ ਦੁਨੀਆ ਵਿੱਚ ਵਸਦੇ ਹਿੰਦੂ ਇਸ ਤਿਉਹਾਰ ਨੂੰ ਸ਼ਿਵ-ਪਾਰਵਤੀ ਦੇ ਪਵਿੱਤਰ ਮਿਲਣ ਅਤੇ ਅਖੰਡ ਸੁਹਾਗ ਦੀ ਧਾਰਮਿਕ ਆਸਥਾ ਦਾ ਪ੍ਰਤੀਕ ਵਜੋਂ ਮਨਉਂਦੇ ਹਨ ਉੱਥੇ ਹੀ ਪੰਜਾਬੀ ਰਹਿਣੀ-ਬਹਿਣੀ ਵਿੱਚ ਇਹ ਧੀਆਂ ਦਾ ਆਪਣੇ ਪੇਕੇ ਘਰ ਆ ਕੇ ਪਿੱਪਲਾਂ 'ਤੇ ਪੀਂਘਾਂ ਝੂਟਣ, ਹੱਥਾਂ 'ਤੇ ਮਹਿੰਦੀ ਸਜਾਉਣ ਅਤੇ ਢੋਲਕ ਦੀ ਥਾਪ 'ਤੇ ਗਿੱਧਾ ਪਾਉਣ ਦਾ ਸਭ ਤੋਂ ਪਿਆਰਾ ਬਹਾਨਾ ਹੈ। ਇਸ ਖ਼ਾਸ ਲੇਖ ਵਿੱਚ ਅਸੀਂ ਪਾਠਕਾਂ ਨੂੰ ਇੱਕ ਵਿਸ਼ੇਸ਼ ਸਫ਼ਰ 'ਤੇ ਲੈ ਕੇ ਚੱਲ ਰਹੇ ਹਾਂ: • ਆਸਥਾ ਅਤੇ ਸੱਭਿਆਚਾਰ ਦਾ ਸੰਗਮ: ਤੀਜ ਦੀਆਂ ਪੌਰਾਣਿਕ ਕਥਾਵਾਂ ਤੋਂ ਲੈ ਕੇ ਪੰਜਾਬ ਦੇ ਪਿੰਡਾਂ ਵਿੱਚ 'ਸਾਵੇਂ' ਮਨਾਉਣ ਦੀਆਂ ਜਿਉਂਦੀਆਂ-ਜਾਗਦੀਆਂ ਪਰੰਪਰਾਵਾਂ। • ਸਰਹੱਦਾਂ ਤੋਂ ਪਾਰ ਤੀਆਂ: ਰਾਜਸਥਾਨ ਦੇ ਸ਼ਾਹੀ ਰੰਗਾਂ ਤੋਂ ਲੈ ਕੇ ਨੇਪਾਲ, ਲਹਿੰਦੇ ਪੰਜਾਬ (ਪਾਕਿਸਤਾਨ) ਅਤੇ ਕੈਨੇਡਾ, ਅਮਰੀਕਾ, ਯੂ.ਕੇ. ਵਰਗੇ ਦੇਸ਼ਾਂ ਵਿੱਚ ਵਸਦੇ NRI ਭਾਈਚਾਰੇ ਤੱਕ ਇਸ ਦੀ ਗੂੰਜ। • ਵਿਸ਼ਵ-ਸੱਭਿਆਚਾਰ ਨਾਲ ਸਾਂਝ: ਦੁਨੀਆ ਭਰ ਦੇ ਹੋਰਨਾਂ ਦੇਸ਼ਾਂ—ਜਿਵੇਂ ਚੀਨ ਦੇ Qixi, ਜਾਪਾਨ ਦੇ Tanabata ਅਤੇ ਯੂਰਪ ਦੇ Midsummer—ਵਿੱਚ ਮਨਾਏ ਜਾਂਦੇ ਤਿਉਹਾਰਾਂ ਨਾਲ ਤੀਜ ਦੀ ਅਦਭੁਤ ਸਮਾਨਤਾ। ਆਓ, ਇਸ ਲੇਖ ਰਾਹੀਂ ਸਾਉਣ ਦੀ ਇਸ ਮਹਿਕ, ਮਹਿੰਦੀ ਦੇ ਰੰਗਾਂ, ਅਤੇ ਧੀਆਂ ਦੇ ਗਿੱਧੇ ਦੀ ਤਾਲ ਵਿੱਚ ਗੁਆਚੀਏ ਅਤੇ ਆਪਣੀਆਂ ਅਮੀਰ ਵਿਰਾਸਤੀ ਜੜ੍ਹਾਂ ਨਾਲ ਜੁੜੀਏ। - ਸਤਨਾਮ ਸਿੰਘ ਖਾਲਸਾ

# ਤੀਆਂ ਸਾਉਣ ਦੀਆਂ: ਧਾਰਮਿਕ ਆਸਥਾ, ਪੰਜਾਬੀ ਸੱਭਿਆਚਾਰ ਅਤੇ ਵਿਸ਼ਵ-ਵਿਆਪੀ ਪਛਾਣ



ਤੀਜ (ਜਾਂ ਤੀਆਂ) ਦਾ ਤਿਉਹਾਰ ਭਾਰਤੀ ਅਤੇ ਪੰਜਾਬੀ ਸੱਭਿਆਚਾਰ ਵਿੱਚ ਔਰਤਾਂ, ਖ਼ਾਸਕਰ ਧੀਆਂ-ਭੈਣਾਂ ਅਤੇ ਨਵ-ਵਿਆਹੀਆਂ ਮੁਟਿਆਰਾਂ ਦਾ ਸਭ ਤੋਂ ਪਿਆਰਾ ਅਤੇ ਰੰਗਲਾ ਤਿਉਹਾਰ ਹੈ। ਇਹ ਤਿਉਹਾਰ ਸਾਉਣ ਮਹੀਨੇ ਦੀ ਚਾਨਣੀ ਪੱਖ ਦੀ ਤੀਜੀ ਤਿੱਥ (ਤਾਰੀਖ਼) ਤੋਂ ਸ਼ੁਰੂ ਹੁੰਦਾ ਹੈ।

ਤੀਜ ਦਾ ਇਤਿਹਾਸ ਅਤੇ ਮਹੱਤਵ ਦੋ ਵੱਖ-ਵੱਖ ਪਹਿਲੂਆਂ ਨਾਲ ਜੁੜਿਆ ਹੋਇਆ ਹੈ—ਪੌਰਾਣਿਕ ਕਥਾ (ਧਾਰਮਿਕ ਪੱਖ) ਅਤੇ ਪੰਜਾਬੀ ਸੱਭਿਆਚਾਰਕ ਪਰੰਪਰਾ (ਕੁਦਰਤ ਤੇ ਅਪਣੱਤ ਦਾ ਪੱਖ)।

1. ਧਾਰਮਿਕ ਅਤੇ ਪੌਰਾਣਿਕ ਕਹਾਣੀ (ਸ਼ਿਵ-ਪਾਰਵਤੀ ਮਿਲਣ)

ਧਾਰਮਿਕ ਮਾਨਤਾਵਾਂ ਅਨੁਸਾਰ, ਤੀਜ ਦਾ ਤਿਉਹਾਰ ਮਾਤਾ ਪਾਰਵਤੀ ਅਤੇ ਭਗਵਾਨ ਸ਼ਿਵ ਜੀ ਦੇ ਪਵਿੱਤਰ ਮਿਲਣ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ।

**ਮਾਤਾ ਪਾਰਵਤੀ ਦੀ ਘੋਰ ਤਪੱਸਿਆ:** ਪੌਰਾਣਿਕ ਕਥਾ ਅਨੁਸਾਰ, ਮਾਤਾ ਪਾਰਵਤੀ ਜੀ ਭਗਵਾਨ ਸ਼ਿਵ ਨੂੰ ਪਤੀ ਰੂਪ ਵਿੱਚ ਪਾਉਣਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ ਕਈ ਜਨਮਾਂ ਤੱਕ ਘੋਰ ਤਪੱਸਿਆ ਅਤੇ ਵਰਤ ਰੱਖੇ।

**108ਵੇਂ ਜਨਮ 'ਚ ਪ੍ਰਵਾਨਗੀ:** ਮੰਨਿਆ ਜਾਂਦਾ ਹੈ ਕਿ ਮਾਤਾ ਪਾਰਵਤੀ ਦੀ 107 ਜਨਮਾਂ ਦੀ ਅਥੱਕ ਭਗਤੀ ਤੋਂ ਬਾਅਦ, 108ਵੇਂ ਜਨਮ ਵਿੱਚ ਸਾਉਣ ਮਹੀਨੇ ਦੀ ਤੀਜ ਵਾਲੇ ਦਿਨ ਭਗਵਾਨ ਸ਼ਿਵ ਜੀ ਨੇ ਉਨ੍ਹਾਂ ਦੀ ਤਪੱਸਿਆ ਤੋਂ ਪ੍ਰਸੰਨ ਹੋ ਕੇ ਉਨ੍ਹਾਂ ਨੂੰ ਆਪਣੀ ਪਤਨੀ ਵਜੋਂ ਪ੍ਰਵਾਨ ਕੀਤਾ।

**ਸੁਹਾਗ ਦਾ ਪ੍ਰਤੀਕ:** ਇਸੇ ਕਰਕੇ ਇਸ ਦਿਨ ਨੂੰ ਪਤੀ-ਪਤਨੀ ਦੇ ਪ੍ਰੇਮ, ਅਖੰਡ ਸੁਹਾਗ ਅਤੇ ਔਰਤ ਦੇ ਸਮਰਪਣ ਦੇ ਪ੍ਰਤੀਕ ਵਜੋਂ ਮਨਾਇਆ ਜਾਂਦਾ ਹੈ। ਔਰਤਾਂ ਆਪਣੇ ਸੁਹਾਗ ਦੀ ਲੰਮੀ ਉਮਰ ਲਈ ਇਸ ਦਿਨ ਪੂਜਾ-ਅਰਚਨਾ ਅਤੇ ਵਰਤ ਰੱਖਦੀਆਂ ਹਨ।

2. ਪੰਜਾਬੀ ਸੱਭਿਆਚਾਰਕ ਕਹਾਣੀ (ਤੀਆਂ ਤੀਜ ਦੀਆਂ)

ਪੰਜਾਬ ਵਿੱਚ ਇਸ ਤਿਉਹਾਰ ਨੂੰ 'ਤੀਆਂ' ਜਾਂ 'ਸਾਵੇਂ' ਵੀ ਕਿਹਾ ਜਾਂਦਾ ਹੈ। ਪੰਜਾਬੀ ਰਹਿਣੀ-ਬਹਿਣੀ ਵਿੱਚ ਇਸ ਦਾ ਸੰਬੰਧ ਧਰਤੀ ਦੀ ਹਰਿਆਲੀ, ਮਾਨਸੂਨ ਅਤੇ ਧੀਆਂ ਦੇ ਪੇਕੇ ਘਰ ਆਉਣ ਨਾਲ ਹੈ।

**ਧੀਆਂ ਦਾ ਪੇਕੇ ਆਉਣਾ:** ਪੁਰਾਣੀ ਰੀਤ ਅਨੁਸਾਰ, ਸਾਉਣ ਮਹੀਨਾ ਸ਼ੁਰੂ ਹੁੰਦਿਆਂ ਹੀ ਮਾਪੇ ਆਪਣੀਆਂ ਵਿਆਹੀਆਂ ਧੀਆਂ ਨੂੰ ਸਹੁਰੇ ਘਰੋਂ ਪੇਕੇ ਲੈ ਆਉਂਦੇ ਹਨ। ਨਵ-ਵਿਆਹੀਆਂ ਔਰਤਾਂ ਲਈ ਸਾਉਣ ਦਾ ਪਹਿਲਾ ਮਹੀਨਾ ਪੇਕੇ ਕੱਟਣਾ ਬਹੁਤ ਸ਼ੁਭ ਮੰਨਿਆ ਜਾਂਦਾ ਹੈ।

**ਸਹੇਲੀਆਂ ਦਾ ਮਿਲਣ:** ਸਹੁਰੇ ਘਰ ਦੀਆਂ ਜ਼ਿੰਮੇਵਾਰੀਆਂ ਤੋਂ ਮੁਕਤ ਹੋ ਕੇ ਧੀਆਂ ਆਪਣੇ ਪੇਕੇ ਪਿੰਡ ਆ ਕੇ ਬਚਪਨ ਦੀਆਂ ਸਹੇਲੀਆਂ ਨੂੰ ਮਿਲਦੀਆਂ ਹਨ। ਹੱਥਾਂ 'ਤੇ ਮਹਿੰਦੀ ਲਗਾਈ ਜਾਂਦੀ ਹੈ ਅਤੇ ਰੰਗ-ਬਿਰੰਗੀਆਂ ਚੂੜੀਆਂ ਚੜ੍ਹਾਈਆਂ ਜਾਂਦੀਆਂ ਹਨ।

**ਪਿੱਪਲਾਂ 'ਤੇ ਪੀਂਘਾਂ ਅਤੇ ਗਿੱਧਾ:** ਪਿੰਡ ਦੀਆਂ ਧੀਆਂ-ਭੈਣਾਂ ਅਤੇ ਮੁਟਿਆਰਾਂ ਢਲੀ ਦੁਪਹਿਰ ਪਿੰਡ ਦੀ ਕਿਸੇ ਸਾਂਝੀ ਥਾਂ (ਜਿਵੇਂ ਬੋਹੜ, ਪਿੱਪਲ ਜਾਂ ਬਰੋਟੇ) ਹੇਠ ਇਕੱਠੀਆਂ ਹੁੰਦੀਆਂ ਹਨ। ਰੁੱਖਾਂ ਨਾਲ ਪੀਂਘਾਂ ਪਾਈਆਂ ਜਾਂਦੀਆਂ ਹਨ ਅਤੇ ਢੋਲਕ ਦੀ ਥਾਪ 'ਤੇ ਗਿੱਧਾ ਪਾਇਆ ਜਾਂਦਾ ਹੈ।

**ਪਕਵਾਨ:** ਇਸ ਤਿਉਹਾਰ ਦੌਰਾਨ ਹਰ ਘਰ ਵਿੱਚ ਖ਼ਾਸ ਤੌਰ 'ਤੇ ਖੀਰ, ਮਾਲ੍ਹ-ਪੂੜੇ, ਗੁਲਗੁਲੇ ਅਤੇ ਹੋਰ ਮਿੱਠੇ ਪਕਵਾਨ ਪਕਾਏ ਜਾਂਦੇ ਹਨ।

3. ਤੀਜ ਦੇ ਮੁੱਖ ਰੂਪ

ਉੱਤਰ ਭਾਰਤ ਵਿੱਚ ਤੀਜ ਮੁੱਖ ਤੌਰ 'ਤੇ ਤਿੰਨ ਰੂਪਾਂ ਵਿੱਚ ਮਨਾਈ ਜਾਂਦੀ ਹੈ:

1. ਹਰੀਆਲੀ ਤੀਜ (Hariyali Teej): ਸਾਉਣ ਮਹੀਨੇ ਦੀ ਸ਼ੁਰੂਆਤ ਵਿੱਚ ਆਉਂਦੀ ਹੈ, ਜੋ ਚਾਰੇ ਪਾਸੇ ਹਰਿਆਲੀ, ਖੁਸ਼ਹਾਲੀ ਅਤੇ ਮਾਨਸੂਨ ਦੇ ਸਵਾਗਤ ਦਾ ਪ੍ਰਤੀਕ ਹੈ।
2. **ਕਜਰੀ ਤੀਜ (Kajari Teej):** ਭਾਦੋਂ ਮਹੀਨੇ ਵਿੱਚ ਮਨਾਈ ਜਾਂਦੀ ਹੈ, ਜਿਸ ਵਿੱਚ ਔਰਤਾਂ ਲੋਕ ਗੀਤ ਗਾਉਂਦੀਆਂ ਹਨ ਅਤੇ ਪੂਜਾ ਕਰਦੀਆਂ ਹਨ।
3. **ਹਰਤਾਲਿਕਾ ਤੀਜ (Hartalika Teej):** ਇਸ ਦਿਨ ਔਰਤਾਂ ਅਤੇ ਕੁਆਰੀਆਂ ਕੁੜੀਆਂ ਨਿਰਜਲਾ (ਬਿਨਾਂ ਜਲ) ਵਰਤ ਰੱਖ ਕੇ ਮਨਚਾਹੇ ਅਤੇ ਯੋਗ ਵਰ ਦੀ ਪ੍ਰਾਪਤੀ ਲਈ ਸ਼ਿਵ-ਪਾਰਵਤੀ ਦੀ ਅਰਾਧਨਾ ਕਰਦੀਆਂ ਹਨ।

**ਤੀਜ ਦੀ ਸਮਾਪਤੀ (ਬੱਲੋ/ਪੁੰਨਿਆ)**

ਤੀਆਂ ਦਾ ਇਹ ਮੇਲਾ ਸਾਉਣ ਦੀ ਪੂਰਨਮਾਸ਼ੀ (ਪੁੰਨਿਆਂ) ਵਾਲੇ ਦਿਨ ਸਮਾਪਤ ਹੁੰਦਾ ਹੈ। ਪੁੰਨਿਆਂ ਵਾਲੇ ਦਿਨ 'ਬੱਲੋ' ਪਾ ਕੇ ਤੀਆਂ ਨੂੰ ਵਿਦਾਇਗੀ ਦਿੱਤੀ ਜਾਂਦੀ ਹੈ। ਇਸ ਤੋਂ ਬਾਅਦ ਧੀਆਂ ਆਪਣੇ ਪੇਕਿਆਂ ਤੋਂ ਕੱਪੜੇ, ਬਿਸਕੁਟ ਅਤੇ ਸੰਧਾਰਾ ਲੈ ਕੇ ਮੁੜ ਆਪਣੇ ਸਹੁਰੇ ਘਰ ਸੁਖੀ-ਸਾਂਦੀ ਵਾਪਸ ਚਲੀਆਂ ਜਾਂਦੀਆਂ ਹਨ।

ਤੀਜ ਦਾ ਤਿਉਹਾਰ ਕਦੋਂ ਸ਼ੁਰੂ ਹੁੰਦਾ ਹੈ?

ਤੀਜ ਦਾ ਤਿਉਹਾਰ ਦੇਸੀ ਮਹੀਨੇ ਸਾਉਣ (ਸ਼ਰਵਣ) ਦੀ ਚਾਨਣੀ ਪੱਖ ਦੀ ਤੀਜੀ ਤਿੱਥ (ਤਾਰੀਖ਼) ਤੋਂ ਸ਼ੁਰੂ ਹੁੰਦਾ ਹੈ।

ਸਾਲ 2026 ਵਿੱਚ 'ਹਰੀਆਲੀ ਤੀਜ' ਸ਼ਨੀਵਾਰ, 15 ਅਗਸਤ 2026 ਨੂੰ ਹੈ।

ਪੰਜਾਬ ਵਿੱਚ ਇਹ ਮੇਲਾ ਸਾਉਣ ਮਹੀਨੇ ਦੀ ਸ਼ੁਰੂਆਤ ਤੋਂ ਹੀ ਸ਼ੁਰੂ ਹੋ ਜਾਂਦਾ ਹੈ ਅਤੇ ਪੂਰਾ ਮਹੀਨਾ ਚੱਲ ਕੇ ਸਾਉਣ ਦੀ ਪੂਰਨਮਾਸ਼ੀ (ਪੁੰਨਿਆਂ) ਵਾਲੇ ਦਿਨ ਸਮਾਪਤ ਹੁੰਦਾ ਹੈ।

2. ਭਾਰਤ ਦੇ ਕਿਹੜੇ-ਕਿਹੜੇ ਰਾਜਾਂ ਵਿੱਚ ਤੀਜ ਮਨਾਈ ਜਾਂਦੀ ਹੈ?

ਤੀਜ ਮੁੱਖ ਤੌਰ 'ਤੇ ਉੱਤਰ ਅਤੇ ਮੱਧ ਭਾਰਤ ਦੇ ਕਈ ਰਾਜਾਂ ਵਿੱਚ ਬਹੁਤ ਹੀ ਉਤਸ਼ਾਹ ਨਾਲ ਮਨਾਈ ਜਾਂਦੀ ਹੈ:

**ਪੰਜਾਬ ਅਤੇ ਹਰਿਆਣਾ:** ਇੱਥੇ ਇਸ ਨੂੰ 'ਤੀਆਂ' (Tiyan) ਕਿਹਾ ਜਾਂਦਾ ਹੈ। ਕੁੜੀਆਂ ਪੀਂਘਾਂ ਝੂਟਦੀਆਂ ਹਨ, ਗਿੱਧਾ ਪਾਉਂਦੀਆਂ ਹਨ ਅਤੇ ਪੇਕੇ ਆ ਕੇ ਇਹ ਤਿਉਹਾਰ ਮਨਾਉਂਦੀਆਂ ਹਨ।

**ਰਾਜਸਥਾਨ:** ਰਾਜਸਥਾਨ (ਖ਼ਾਸਕਰ ਜੈਪੁਰ) ਦੀ ਤੀਜ ਪੂਰੇ ਵਿਸ਼ਵ ਵਿੱਚ ਪ੍ਰਸਿੱਧ ਹੈ। ਇੱਥੇ ਮਾਤਾ ਪਾਰਵਤੀ ਦੀਆਂ ਵਿਸ਼ਾਲ ਸ਼ੋਭਾ ਯਾਤਰਾਵਾਂ ਕੱਢੀਆਂ ਜਾਂਦੀਆਂ ਹਨ।

**ਉੱਤਰ ਪ੍ਰਦੇਸ਼, ਬਿਹਾਰ ਅਤੇ ਝਾਰਖੰਡ:** ਇੱਥੇ 'ਹਰੀਆਲੀ ਤੀਜ' ਅਤੇ 'ਹਰਤਾਲਿਕਾ ਤੀਜ' ਵਜੋਂ ਔਰਤਾਂ ਪਤੀ ਦੀ ਲੰਮੀ ਉਮਰ ਲਈ ਨਿਰਜਲਾ (ਬਿਨਾਂ ਪਾਣੀ) ਵਰਤ ਰੱਖਦੀਆਂ ਹਨ।

**ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ:** ਇਨ੍ਹਾਂ ਰਾਜਾਂ ਵਿੱਚ ਵੀ ਸ਼ਿਵ-ਪਾਰਵਤੀ ਦੀ ਪੂਜਾ ਨਾਲ ਤੀਜ ਦਾ ਤਿਉਹਾਰ ਮਨਾਇਆ ਜਾਂਦਾ ਹੈ।

3. ਕੀ ਇਹ ਤਿਉਹਾਰ ਪਾਕਿਸਤਾਨ ਜਾਂ ਕਿਸੇ ਹੋਰ ਦੇਸ਼ ਵਿੱਚ ਵੀ ਮਨਾਇਆ ਜਾਂਦਾ ਹੈ?

ਹਾਂ, ਇਹ ਤਿਉਹਾਰ ਭਾਰਤ ਤੋਂ ਇਲਾਵਾ ਹੋਰਾਂ ਦੇਸ਼ਾਂ ਵਿੱਚ ਵੀ ਮਨਾਇਆ ਜਾਂਦਾ ਹੈ:

**ਪਾਕਿਸਤਾਨ (ਚੜ੍ਹਦਾ/ਲਹਿੰਦਾ ਪੰਜਾਬ):**

ਵੰਡ (1947) ਤੋਂ ਪਹਿਲਾਂ ਪੂਰੇ ਅਣਵੰਡੇ ਪੰਜਾਬ (ਲਾਹੌਰ, ਸਿਆਲਕੋਟ, ਫੈਸਲਾਬਾਦ ਆਦਿ) ਵਿੱਚ ਮੁਸਲਮਾਨ, ਸਿੱਖ ਅਤੇ ਹਿੰਦੂ ਪਰਿਵਾਰਾਂ ਦੀਆਂ ਧੀਆਂ ਮਿਲ ਕੇ ਤੀਆਂ ਮਨਾਉਂਦੀਆਂ ਸਨ।

ਅੱਜ ਵੀ ਪਾਕਿਸਤਾਨੀ ਪੰਜਾਬ ਦੇ ਕੁਝ ਪੇਂਡੂ ਇਲਾਕਿਆਂ ਵਿੱਚ ਸੱਭਿਆਚਾਰਕ ਸੰਝ ਵਜੋਂ ਕੁੜੀਆਂ ਪੀਂਘਾਂ ਝੂਟਦੀਆਂ ਹਨ, ਪਰ ਧਾਰਮਿਕ ਪੂਜਾ ਦੀ ਥਾਂ ਇਹ ਸਿਰਫ਼ ਇੱਕ ਸੱਭਿਆਚਾਰਕ ਮੇਲੇ ਵਜੋਂ ਦੇਖਿਆ ਜਾਂਦਾ ਹੈ।

ਨੇਪਾਲ (Nepal):

ਨੇਪਾਲ ਵਿੱਚ 'ਤੀਜ' (Haritalika Teej) ਇੱਕ ਰਾਸ਼ਟਰੀ ਤਿਉਹਾਰ ਵਾਂਗ ਮਨਾਇਆ ਜਾਂਦਾ ਹੈ। ਉੱਥੇ ਔਰਤਾਂ ਲਈ ਸਰਕਾਰੀ ਛੁੱਟੀ ਹੁੰਦੀ ਹੈ। ਪਸ਼ੂਪਤੀਨਾਥ ਮੰਦਰ (ਕਾਠਮੰਡੂ) ਵਿਖੇ ਲੱਖਾਂ ਔਰਤਾਂ ਲਾਲ ਸਾੜੀਆਂ ਪਹਿਨ ਕੇ ਪੂਜਾ ਅਤੇ ਨ੍ਰਿਤ ਕਰਦੀਆਂ ਹਨ।

**ਵਿਦੇਸ਼ਾਂ ਵਿੱਚ (NRI ਭਾਈਚਾਰਾ):**

ਕੈਨੇਡਾ, ਇੰਗਲੈਂਡ (UK), ਅਮਰੀਕਾ (USA) ਅਤੇ ਆਸਟ੍ਰੇਲੀਆ ਵਿੱਚ ਵੱਸਦੇ ਪੰਜਾਬੀ ਅਤੇ ਭਾਰਤੀ ਭਾਈਚਾਰੇ ਵੱਲੋਂ ਹਰ ਸਾਲ ਵੱਡੇ ਪੱਧਰ 'ਤੇ 'ਤੀਆਂ ਦਾ ਮੇਲਾ' ਆਯੋਜਿਤ ਕੀਤਾ ਜਾਂਦਾ ਹੈ, ਜਿੱਥੇ ਗਿੱਧਾ, ਭੰਗੜਾ ਅਤੇ ਸੱਭਿਆਚਾਰਕ ਪ੍ਰੋਗਰਾਮ ਹੁੰਦੇ ਹਨ।

ਦੁਨੀਆ ਭਰ ਦੇ ਵੱਖ-ਵੱਖ ਦੇਸ਼ਾਂ ਅਤੇ ਸੱਭਿਆਚਾਰਾਂ ਵਿੱਚ 'ਤੀਜ/ਤੀਆਂ' ਵਰਗੇ ਕਈ ਤਿਉਹਾਰ ਮਨਾਏ ਜਾਂਦੇ ਹਨ। ਇਹ ਤਿਉਹਾਰ ਕੁਦਰਤ ਦੇ ਬਦਲਾਅ (ਬਸੰਤ/ਮਾਨਸੂਨ), ਫ਼ਸਲਾਂ ਦੀ ਬਜਾਈ, ਔਰਤਾਂ ਦੇ ਆਪਸੀ ਮੇਲ-ਜੋਲ, ਅਤੇ ਪ੍ਰੇਮ-ਸੁਹਾਗ ਦੀ ਸੁਖ-ਸ਼ਾਂਤੀ ਨੂੰ ਸਮਰਪਿਤ ਹੁੰਦੇ ਹਨ।

ਦੁਨੀਆ ਭਰ ਵਿੱਚ ਤੀਜ ਵਰਗੇ ਮੁੱਖ ਤਿਉਹਾਰਾਂ ਦੀ ਸੂਚੀ ਹੇਠਾਂ ਦਿੱਤੀ ਗਈ ਹੈ:

**1. ਔਰਤਾਂ ਅਤੇ ਪਿਆਰ/ਸੁਹਾਗ ਨਾਲ ਜੁੜੇ ਤਿਉਹਾਰ**

| ਤਿਉਹਾਰ ਦਾ ਨਾਂ | ਦੇਸ਼/ਸੱਭਿਆਚਾਰ | ਤੀਜ ਨਾਲ ਸਮਾਨਤਾ (ਸਾਂਝ) |
|---|---|---|
| ਕਿਓਕਸੀ ਫੈਸਟੀਵਲ (Qixi Festival) | ਚੀਨ (China) | ਇਸ ਨੂੰ 'ਚੀਨੀ ਵੈਲੇਨਟਾਈਨ ਡੇਅ' ਵੀ ਕਿਹਾ ਜਾਂਦਾ ਹੈ। ਇਹ ਤਿਉਹਾਰ ਅਸਮਾਨੀ ਦੇਵਤਿਆਂ ਦੀ ਪ੍ਰੇਮ ਕਹਾਣੀ 'ਤੇ ਆਧਾਰਿਤ ਹੈ। ਇਸ ਦਿਨ ਕੁੜੀਆਂ ਚੰਗੀ ਕਿਸਮਤ, ਹੁਨਰ ਅਤੇ ਯੋਗ ਵਰ (ਪਤੀ) ਲਈ ਪ੍ਰਾਰਥਨਾ ਕਰਦੀਆਂ ਹਨ। |
| ਤਾਨਾਬਾਤਾ (Tanabata) | ਜਾਪਾਨ (Japan) | ਚੀਨ ਦੇ ਕਿਓਕਸੀ ਤਿਉਹਾਰ ਵਾਂਗ ਜਾਪਾਨ ਵਿੱਚ ਮਨਾਇਆ ਜਾਂਦਾ ਹੈ। ਇਸ ਦਿਨ ਲੋਕ ਰੰਗ-ਬਿਰੰਗੇ ਕਾਗਜ਼ਾਂ 'ਤੇ ਆਪਣੀਆਂ ਇੱਛਾਵਾਂ ਲਿਖ ਕੇ ਬਾਂਸ ਦੇ ਪੌਦਿਆਂ ਨਾਲ ਬੰਨ੍ਹਦੇ ਹਨ ਅਤੇ ਖ਼ੁਸ਼ੀਆਂ ਮਨਾਉਂਦੇ ਹਨ। |
| ਹਾਈਵਾਨਾ (Hyangwon-je / Chilseok) | ਦੱਖਣੀ ਕੋਰੀਆ (South Korea) | ਇਹ ਮਾਨਸੂਨ/ਬਰਸਾਤ ਦੇ ਦਿਨਾਂ ਵਿੱਚ ਮਨਾਇਆ ਜਾਂਦਾ ਹੈ। ਇਸ ਦਿਨ ਪਰੰਪਰਾਗਤ ਪਕਵਾਨ (ਜਿਵੇਂ ਕਣਕ ਦੇ ਪਕੌੜੇ/ਰੋਟੀਆਂ) ਪਕਾਏ ਜਾਂਦੇ ਹਨ ਅਤੇ ਸੁਖ-ਸ਼ਾਂਤੀ ਲਈ ਪੂਜਾ ਕੀਤੀ ਜਾਂਦੀ ਹੈ। |

**2. ਕੁਦਰਤ, ਬਾਰਿਸ਼ ਅਤੇ ਹਰਿਆਲੀ ਦੇ ਤਿਉਹਾਰ**

| ਤਿਉਹਾਰ ਦਾ ਨਾਂ | ਦੇਸ਼/ਸੱਭਿਆਚਾਰ | ਤੀਜ ਨਾਲ ਸਮਾਨਤਾ (ਸਾਂਝ) |
|---|---|---|
| ਮੇ ਮਈਜ਼ / ਮੇ ਡੇਅ (May Day / Beltane) | ਯੂਰਪ (ਇੰਗਲੈਂਡ, ਸਕਾਟਲੈਂਡ ਆਦਿ) | ਬਸੰਤ ਅਤੇ ਗਰਮੀਆਂ ਦੇ ਆਗਮਨ 'ਤੇ ਮਨਾਇਆ ਜਾਂਦਾ ਹੈ। ਤੀਆਂ ਵਾਂਗ ਹੀ ਔਰਤਾਂ ਅਤੇ ਕੁੜੀਆਂ ਸ਼ਿੰਗਾਰ ਕਰਦੀਆਂ ਹਨ, ਖੁੱਲ੍ਹੇ ਮੈਦਾਨਾਂ 'ਚ ਲੱਕੜ ਦੇ ਥੰਮ੍ਹ (Maypole) ਦੁਆਲੇ ਰਿਬਨ ਬੰਨ੍ਹ ਕੇ ਨੱਚਦੀਆਂ ਹਨ ਅਤੇ ਫੁੱਲਾਂ ਦੇ ਤਾਜ ਪਹਿਨਦੀਆਂ ਹਨ। |
| ਮਿਡਸਮਰ ਫੈਸਟੀਵਲ (Midsummer) | ਸਵੀਡਨ ਅਤੇ ਸਕੈਂਡੀਨੇਵੀਆਈ ਦੇਸ਼ | ਗਰਮੀਆਂ ਦੇ ਮੌਸਮ ਅਤੇ ਹਰਿਆਲੀ ਦੀ ਖ਼ੁਸ਼ੀ ਵਿੱਚ ਮਨਾਇਆ ਜਾਣ ਵਾਲਾ ਸਭ ਤੋਂ ਵੱਡਾ ਤਿਉਹਾਰ ਹੈ। ਲੋਕ ਫੁੱਲਾਂ ਦੇ ਗਹਿਣੇ ਪਹਿਨਦੇ ਹਨ, ਪਰੰਪਰਾਗਤ ਨ੍ਰਿਤ (Dance) ਕਰਦੇ ਹਨ ਅਤੇ ਝੂਲੇ ਝੂਟਦੇ ਹਨ। |
| ਫਿਏਸਤਾ ਡੇ ਲਾ ਕਰੂਜ਼ (Fiesta de la Cruz) | ਸਪੇਨ ਅਤੇ ਲਾਤੀਨੀ ਅਮਰੀਕਾ | ਇਹ ਮਈ ਮਹੀਨੇ ਦੀ ਸ਼ੁਰੂਆਤ (ਬਾਰਿਸ਼ਾਂ ਦੇ ਮੌਸਮ) ਵਿੱਚ ਮਨਾਇਆ ਜਾਂਦਾ ਹੈ। ਘਰਾਂ ਅਤੇ ਗਲੀਆਂ ਨੂੰ ਫੁੱਲਾਂ ਨਾਲ ਸਜਾਇਆ ਜਾਂਦਾ ਹੈ ਅਤੇ ਔਰਤਾਂ ਪਰੰਪਰਾਗਤ ਕੱਪੜੇ ਪਾ ਕੇ ਨੱਚਦੀਆਂ ਹਨ। |

3. ਖ਼ੁਸ਼ੀਆਂ, ਝੂਲੇ ਅਤੇ ਲੋਕ-ਨਾਚ ਵਾਲੇ ਤਿਉਹਾਰ

ਮਿਹਰਗਾਨ (Mehregan - ਈਰਾਨ/ਫ਼ਾਰਸੀ ਸੱਭਿਆਚਾਰ):

ਇਹ ਪ੍ਰਾਚੀਨ ਫ਼ਾਰਸੀ ਤਿਉਹਾਰ ਹੈ ਜੋ ਪ੍ਰੇਮ, ਕੁਦਰਤ ਦੀ ਰਹਿਮਤ ਅਤੇ ਫ਼ਸਲਾਂ ਦੀ ਸੁਗਾਤ ਲਈ ਮਨਾਇਆ ਜਾਂਦਾ ਹੈ। ਇਸ ਵਿੱਚ ਪਰਿਵਾਰ ਅਤੇ ਦੋਸਤ ਇਕੱਠੇ ਹੋ ਕੇ ਨਵੇਂ ਕੱਪੜੇ ਪਹਿਨਦੇ ਹਨ, ਮਿੱਠੇ ਪਕਵਾਨ ਖਾਂਦੇ ਹਨ ਅਤੇ ਸੰਗੀਤ ਦਾ ਆਨੰਦ ਲੈਂਦੇ ਹਨ।

ਕਾਰਨੀਵਲ (Carnival - ਬ੍ਰਾਜ਼ੀਲ ਅਤੇ ਇਟਲੀ):

ਭਾਵੇਂ ਇਹ ਇੱਕ ਵੱਡਾ ਰਾਸ਼ਟਰੀ ਮੇਲਾ ਹੈ, ਪਰ ਤੀਆਂ ਵਾਂਗ ਇੱਥੇ ਵੀ ਔਰਤਾਂ ਰੰਗ-ਬਿਰੰਗੇ ਵਿਸ਼ੇਸ਼ ਪਹਿਰਾਵੇ ਪਹਿਨ ਕੇ ਗਲੀਆਂ-ਬਜ਼ਾਰਾਂ ਵਿੱਚ ਲੋਕ-ਨ੍ਰਿਤ (ਸਾਂਬਾ) ਕਰਦੀਆਂ ਹਨ।

# ਇਤਿਹਾਸਕ ਪ੍ਰਾਪਤੀ: ਅਹਿਮਦਾਬਾਦ ਕਰੇਗਾ ਰਾਸ਼ਟਰਮੰਡਲ ਖੇਡਾਂ ਦੇ ਸ਼ਤਾਬਦੀ ਸੰਸਕਰਣ (CWG Centenary Edition) ਦੀ ਮੇਜ਼ਬਾਨੀ

### ਗਲਾਸਗੋ ਸਮਾਪਨ ਸਮਾਰੋਹ 'ਚ ਭਾਰਤੀ ਓਲੰਪਿਕ ਸੰਘ ਦੀ ਪ੍ਰਧਾਨ ਪੀ.ਟੀ. ਊਸ਼ਾ ਨੇ ਪ੍ਰਾਪਤ ਕੀਤਾ CWG ਝੰਡਾ; ਗੁਜਰਾਤ ਦੇ ਉਪ-ਮੁੱਖ ਮੰਤਰੀ ਹਰਸ਼ ਸੰਘਵੀ ਅਤੇ ਓਲੰਪਿਕ ਗੋਲਡ ਮੈਡਲਿਸਟ ਨੀਰਜ ਚੋਪੜਾ ਰਹੇ ਮੌਜੂਦ

ਗਲਾਸਗੋ (ਸਕਾਟਲੈਂਡ) : ਭਾਰਤ ਲਈ ਇੱਕ ਵੱਡੀ ਇਤਿਹਾਸਕ ਖ਼ਬਰ ਸਾਹਮਣੇ ਆਈ ਹੈ। ਗੁਜਰਾਤ ਦਾ ਅਹਿਮਦਾਬਾਦ ਸ਼ਹਿਰ ਰਾਸ਼ਟਰਮੰਡਲ ਖੇਡਾਂ ਦੇ ਸ਼ਤਾਬਦੀ ਸੰਸਕਰਣ (Centenary Edition of CWG) ਦੀ ਮੇਜ਼ਬਾਨੀ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ।

ਗਲਾਸਗੋ ਦੇ 'ਓਵੀਓ ਹਾਈਡ੍ਰੋ' (OVO Hydro) ਵਿਖੇ ਆਯੋਜਿਤ ਰਾਸ਼ਟਰਮੰਡਲ ਖੇਡਾਂ 2026 ਦੇ ਸ਼ਾਨਦਾਰ ਸਮਾਪਨ ਸਮਾਰੋਹ ਦੌਰਾਨ ਭਾਰਤੀ ਓਲੰਪਿਕ ਸੰਘ (IOA) ਦੀ ਪ੍ਰਧਾਨ ਪੀ.ਟੀ. ਊਸ਼ਾ (PT Usha) ਨੇ ਅਧਿਕਾਰਤ ਤੌਰ 'ਤੇ ਰਾਸ਼ਟਰਮੰਡਲ ਖੇਡਾਂ ਦਾ ਪਵਿੱਤਰ ਝੰਡਾ ਪ੍ਰਾਪਤ ਕੀਤਾ।

ਇਸ ਇਤਿਹਾਸਕ ਪਲ ਦੇ ਗਵਾਹ ਬਣਨ ਲਈ ਗੁਜਰਾਤ ਦੇ ਉਪ-ਮੁੱਖ ਮੰਤਰੀ ਹਰਸ਼ ਸੰਘਵੀ (Harsh Sanghavi) ਅਤੇ ਭਾਰਤ ਦੇ ਸਟਾਰ ਐਥਲੀਟ ਤੇ ਓਲੰਪਿਕ ਗੋਲਡ ਮੈਡਲਿਸਟ ਨੀਰਜ ਚੋਪੜਾ (Neeraj Chopra) ਵੀ ਵਿਸ਼ੇਸ਼ ਤੌਰ 'ਤੇ ਸਮਾਰੋਹ ਵਿੱਚ ਮੌਜੂਦ ਸਨ।

**ਝੰਡਾ ਸੌਂਪਣ ਦੀ ਰਸਮ:** ਗਲਾਸਗੋ ਖੇਡਾਂ ਦੇ ਸਫ਼ਲਤਾਪੂਰਵਕ ਸਮਾਪਤ ਹੋਣ ਤੋਂ ਬਾਅਦ, ਖੇਡਾਂ ਦੇ ਅਗਲੇ ਸੰਸਕਰਣ ਦੀ ਮੇਜ਼ਬਾਨੀ ਭਾਰਤ ਨੂੰ ਸੌਂਪਣ ਦੇ ਪ੍ਰਤੀਕ ਵਜੋਂ CWG ਫਲੈਗ ਪੀ.ਟੀ. ਊਸ਼ਾ ਨੂੰ ਸੌਂਪਿਆ ਗਿਆ।

**ਅਹਿਮਦਾਬਾਦ 'ਚ ਵਿਸ਼ਵ ਪੱਧਰੀ ਤਿਆਰੀਆਂ:** ਗੁਜਰਾਤ ਸਰਕਾਰ ਅਹਿਮਦਾਬਾਦ ਨੂੰ ਇੱਕ ਅੰਤਰਰਾਸ਼ਟਰੀ ਸਪੋਰਟਸ ਹਬ ਵਜੋਂ ਵਿਕਸਿਤ ਕਰ ਰਹੀ ਹੈ। ਸਰਦਾਰ ਵੱਲਭਭਾਈ ਪਟੇਲ ਸਪੋਰਟਸ ਐਨਕਲੇਵ ਅਤੇ ਨਰੇਂਦਰ ਮੋਦੀ ਸਟੇਡੀਅਮ ਵਰਗੇ ਅਤਿ-ਆਧੁਨਿਕ ਢਾਂਚੇ ਨਾਲ ਅਹਿਮਦਾਬਾਦ ਇਨ੍ਹਾਂ ਖੇਡਾਂ ਦੀ ਮੇਜ਼ਬਾਨੀ ਲਈ ਪੂਰੀ ਤਰ੍ਹਾਂ ਤਿਆਰ ਕੀਤਾ ਜਾ ਰਿਹਾ ਹੈ।

**ਭਾਰਤੀ ਖੇਡਾਂ ਲਈ ਨਵਾਂ ਮੀਲ ਦਾ ਪੱਥਰ:**
2010 ਵਿੱਚ ਨਵੀਂ ਦਿੱਲੀ ਤੋਂ ਬਾਅਦ ਇਹ ਦੂਜਾ ਮੌਕਾ ਹੋਵੇਗਾ ਜਦੋਂ ਭਾਰਤ ਰਾਸ਼ਟਰਮੰਡਲ ਖੇਡਾਂ ਦੀ ਮੇਜ਼ਬਾਨੀ ਕਰੇਗਾ। ਸ਼ਤਾਬਦੀ ਸੰਸਕਰਣ ਦੀ ਮੇਜ਼ਬਾਨੀ ਮਿਲਣਾ ਭਾਰਤ ਦੀ ਖੇਡ ਸਮਰੱਥਾ ਅਤੇ ਅੰਤਰਰਾਸ਼ਟਰੀ ਮੰਚ 'ਚ ਵਧਦੇ ਪ੍ਰਭਾਵ ਨੂੰ ਦਰਸ਼ਾਉਂਦਾ ਹੈ।



ਫੋਟੋ : ਏਐੱਨਆਈ

# ਰਾਸ਼ਟਰਮੰਡਲ ਖੇਡਾਂ 2026 ਦੇ ਸਿਲਵਰ ਮੈਡਲ ਜੇਤੂ ਵੇਟਲਿਫ਼ਟਰ ਲਵਪ੍ਰੀਤ ਸਿੰਘ ਦਾ ਆਪਣੇ ਗ੍ਰਹਿ ਜ਼ਿਲ੍ਹੇ ਪਹੁੰਚਣ 'ਤੇ ਢੋਲ-ਧਮਾਕੇ ਨਾਲ ਸ਼ਾਨਦਾਰ ਸਵਾਗਤ

### ਮੈਨਜ਼ +110 ਕਿਲੋਗ੍ਰਾਮ ਹੈਵੀਵੇਟ ਸ਼੍ਰੇਣੀ 'ਚ ਦੇਸ਼ ਦਾ ਮਾਨ ਵਧਾਉਣ ਵਾਲੇ ਲਵਪ੍ਰੀਤ ਸਿੰਘ ਦੇ ਸਵਾਗਤ ਲਈ ਏਅਰਪੋਰਟ 'ਤੇ ਪਰਿਵਾਰ ਅਤੇ ਪ੍ਰਸ਼ੰਸਕਾਂ ਨੇ ਪਾਇਆ ਭੰਗੜਾ







ਅੰਮ੍ਰਿਤਸਰ, (ਏ.ਐੱਨ.ਆਈ.) : ਰਾਸ਼ਟਰਮੰਡਲ ਖੇਡਾਂ 2026 (Commonwealth Games 2026) ਵਿੱਚ ਵੇਟਲਿਫ਼ਟਿੰਗ ਦੇ ਮੈਨਜ਼ +110 ਕਿਲੋਗ੍ਰਾਮ ਹੈਵੀਵੇਟ (Men's +110kg Heavyweight) ਈਵੈਂਟ ਵਿੱਚ ਚਾਂਦੀ ਦਾ ਤਗ਼ਮਾ (Silver Medal) ਜਿੱਤਣ ਵਾਲੇ ਭਾਰਤੀ ਵੇਟਲਿਫ਼ਟਰ ਲਵਪ੍ਰੀਤ ਸਿੰਘ (Lovepreet Singh) ਦਾ ਆਪਣੇ ਗ੍ਰਹਿ ਜ਼ਿਲ੍ਹੇ ਅੰਮ੍ਰਿਤਸਰ ਪਹੁੰਚਣ 'ਤੇ ਅਭੂਤਪੂਰਵ ਸਵਾਗਤ ਕੀਤਾ ਗਿਆ।

ਅੰਮ੍ਰਿਤਸਰ ਦੇ ਸ਼੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਆਪਣੇ ਚਹੇਤੇ ਖਿਡਾਰੀ ਦੀ ਉਡੀਕ ਕਰ ਰਹੇ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ ਅਤੇ ਪ੍ਰਸ਼ੰਸਕਾਂ ਨੇ ਢੋਲ ਦੀ ਥਾਪ 'ਤੇ ਨੱਚ-ਗਾ ਕੇ ਅਤੇ ਭੰਗੜਾ ਪਾ ਕੇ ਖ਼ੁਸ਼ੀ ਦਾ ਇਜ਼ਹਾਰ ਕੀਤਾ।

**ਹਵਾਈ ਅੱਡੇ 'ਤੇ ਜਸ਼ਨ ਦਾ ਮਾਹੌਲ:** ਲਵਪ੍ਰੀਤ ਸਿੰਘ ਦੀ ਇਤਿਹਾਸਕ ਪ੍ਰਾਪਤੀ ਤੋਂ ਉਤਸ਼ਾਹਿਤ ਪ੍ਰਸ਼ੰਸਕਾਂ ਅਤੇ ਸਾਕ-ਸੰਬੰਧੀਆਂ ਨੇ ਏਅਰਪੋਰਟ 'ਤੇ ਫੁੱਲ-ਮਾਲਾਵਾਂ ਅਤੇ ਢੋਲ-ਧਮਾਕੇ ਨਾਲ ਮਾਹੌਲ ਨੂੰ ਖ਼ੁਸ਼ਗੁਆਰ ਬਣਾ ਦਿੱਤਾ। ਖਿਡਾਰੀ ਦੇ ਹਵਾਈ ਅੱਡੇ ਤੋਂ ਬਾਹਰ ਆਉਂਦਿਆਂ ਹੀ ਉਨ੍ਹਾਂ ਨੂੰ ਮੋਢਿਆਂ 'ਤੇ ਚੁੱਕ ਲਿਆ ਗਿਆ।

**ਅੰਤਰਰਾਸ਼ਟਰੀ ਪੱਧਰ 'ਤੇ ਸ਼ਾਨਦਾਰ ਪ੍ਰਦਰਸ਼ਨ:** ਲਵਪ੍ਰੀਤ ਸਿੰਘ ਨੇ +110 ਕਿਲੋਗ੍ਰਾਮ ਹੈਵੀਵੇਟ ਮੁਕਾਬਲੇ ਵਿੱਚ ਵਿਸ਼ਵ ਪੱਧਰੀ ਵੇਟਲਿਫ਼ਟਰਾਂ ਨੂੰ ਕੜੀ ਟੱਕਰ ਦਿੰਦਿਆਂ ਚਾਂਦੀ ਦਾ ਤਗ਼ਮਾ ਆਪਣੇ ਨਾਂ ਕੀਤਾ, ਜਿਸ ਨਾਲ ਪੰਜਾਬ ਅਤੇ ਪੂਰੇ ਭਾਰਤ ਵਿੱਚ ਖ਼ੁਸ਼ੀ ਦੀ ਲਹਿਰ ਛਾ ਗਈ।











# ਕੇਂਦਰੀ ਮੰਤਰੀ ਕਿਰਨ ਰਿਜਿਜੂ ਨੇ ਗਲਾਸਗੋ ਰਾਸ਼ਟਰਮੰਡਲ ਖੇਡਾਂ 2026 ਤੋਂ ਪਰਤੀ ਭਾਰਤੀ ਬਾਕਸਿੰਗ ਟੀਮ ਨਾਲ ਕੀਤੀ ਮੁਲਾਕਾਤ

## ਗਲਾਸਗੋ (ਸਕਾਟਲੈਂਡ) 'ਚ ਦੇਸ਼ ਦਾ ਮਾਣ ਵਧਾਉਣ ਵਾਲੇ ਮੁੱਕੇਬਾਜ਼ਾਂ ਦੀਆਂ ਪ੍ਰਾਪਤੀਆਂ ਦੀ ਕੀਤੀ ਸ਼ਲਾਘਾ; ਵਿਸ਼ੇਸ਼ ਗਰੁੱਪ ਫੋਟੋ ਕੀਤੀ ਸਾਂਝੀ

ਨਵੀਂ ਦਿੱਲੀ, (ਏ.ਐੱਨ.ਆਈ.) : ਗਲਾਸਗੋ (ਸਕਾਟਲੈਂਡ) ਵਿਖੇ ਸੰਪੰਨ ਹੋਈਆਂ ਰਾਸ਼ਟਰਮੰਡਲ ਖੇਡਾਂ 2026 (Glasgow Commonwealth Games 2026) ਵਿੱਚੋਂ ਸ਼ਾਨਦਾਰ ਪ੍ਰਦਰਸ਼ਨ ਕਰਕੇ ਭਾਰਤ ਪਰਤੇ ਭਾਰਤੀ ਬਾਕਸਿੰਗ ਦਲ (Indian Boxing Contingent) ਦਾ ਦੇਸ਼ ਦੀ ਰਾਜਧਾਨੀ ਨਵੀਂ ਦਿੱਲੀ ਵਿਖੇ ਨਿੱਘਾ ਸਵਾਗਤ ਕੀਤਾ ਗਿਆ।

ਇਸ ਮੌਕੇ ਕੇਂਦਰੀ ਮੰਤਰੀ ਕਿਰਨ ਰਿਜਿਜੂ (Union Minister Kiren Rijiju) ਨੇ ਭਾਰਤੀ ਮੁੱਕੇਬਾਜ਼ਾਂ, ਕੋਚਾਂ ਅਤੇ ਸਪੋਰਟ ਸਟਾਫ਼ ਨਾਲ ਉਚੇਚੇ ਤੌਰ 'ਤੇ ਮੁਲਾਕਾਤ ਕੀਤੀ ਅਤੇ ਮੰਗਲਵਾਰ ਨੂੰ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਦੀ ਹੌਸਲਾਅਫ਼ਜ਼ਾਈ ਕਰਦਿਆਂ ਇੱਕ ਯਾਦਗਾਰੀ ਗਰੁੱਪ ਫੋਟੋ (Group Photograph) ਵੀ ਕਰਵਾਈ।

ਖਿਡਾਰੀਆਂ ਦਾ ਸ਼ਾਨਦਾਰ ਪ੍ਰਦਰਸ਼ਨ: ਗਲਾਸਗੋ ਰਾਸ਼ਟਰਮੰਡਲ ਖੇਡਾਂ 2026 ਦੌਰਾਨ ਭਾਰਤੀ ਬਾਕਸਿੰਗ ਟੀਮ ਦੇ ਖਿਡਾਰੀਆਂ ਨੇ ਆਪਣੀ ਬੇਮਿਸਾਲ ਖੇਡ, ਮਿਹਨਤ ਅਤੇ ਹਿੰਮਤ ਨਾਲ ਕਈ ਮੈਡਲ ਜਿੱਤ ਕੇ ਅੰਤਰਰਾਸ਼ਟਰੀ ਪੱਧਰ 'ਤੇ ਤਿਰੰਗੇ ਦਾ ਮਾਨ ਵਧਾਇਆ ਹੈ।

ਕੇਂਦਰੀ ਮੰਤਰੀ ਵੱਲੋਂ ਵਧਾਈ: ਕੇਂਦਰੀ ਮੰਤਰੀ ਕਿਰਨ ਰਿਜਿਜੂ ਨੇ ਬਾਕਸਰਾਂ ਅਤੇ ਕੋਚਾਂ ਦੀ ਮਿਹਨਤ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਭਾਰਤੀ ਖਿਡਾਰੀਆਂ ਦੀਆਂ ਇਹ ਪ੍ਰਾਪਤੀਆਂ ਦੇਸ਼ ਦੇ ਲੱਖਾਂ ਉੱਭਰਦੇ ਯੁਵਾ ਖਿਡਾਰੀਆਂ ਲਈ ਪ੍ਰੇਰਨਾ ਸਰੋਤ ਹਨ। ਉਨ੍ਹਾਂ ਭਰੋਸਾ ਦਿੱਤਾ ਕਿ ਕੇਂਦਰ ਸਰਕਾਰ ਖਿਡਾਰੀਆਂ ਨੂੰ ਵਿਸ਼ਵ ਪੱਧਰੀ ਬੁਨਿਆਦੀ ਢਾਂਚਾ ਅਤੇ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।







ਕੇਂਦਰੀ ਯੁਵਕ ਮਾਮਲੇ ਅਤੇ ਖੇਡ ਮੰਤਰੀ ਮਨਸੁਖ ਮੰਡਾਵੀਆ ਨਵੀਂ ਦਿੱਲੀ ਵਿਖੇ ਗਲਾਸਗੋ ਰਾਸ਼ਟਰਮੰਡਲ ਖੇਡਾਂ 2026 ਲਈ ਭਾਰਤੀ ਪੈਰਾ-ਐਥਲੀਟ ਦਲ ਨਾਲ ਤਸਵੀਰ




ਵੱਲੂਰੀ ਅਜੈ ਬਾਬੂ ਨੇ CWG 2026 ਵਿੱਚ ਪੁਰਸ਼ਾਂ ਦੇ 79 ਕਿਲੋਗ੍ਰਾਮ ਵਰਗ ਵਿੱਚ ਚਾਂਦੀ ਦਾ ਤਗ਼ਮਾ ਜਿੱਤਿਆ।



ਮੁੱਕੇਬਾਜ਼ ਜੈਸਮੀਨ ਲੰਬੋਰੀਆ ਨੇ ਰਾਸ਼ਟਰਮੰਡਲ ਖੇਡਾਂ ਵਿੱਚ ਮਹਿਲਾਵਾਂ ਦੇ 57 ਕਿਲੋਗ੍ਰਾਮ ਮੁੱਕੇਬਾਜ਼ੀ ਮੁਕਾਬਲੇ ਵਿੱਚ ਸੋਨ ਤਗ਼ਮਾ ਜਿੱਤਿਆ।




CWG 2026 ਵਿੱਚ ਮਹਿਲਾਵਾਂ ਦੇ 63 ਕਿਲੋਗ੍ਰਾਮ ਜੂਡੋ ਮੁਕਾਬਲੇ ਦੀ ਕਾਂਸੀ ਤਗਮਾ ਜੇਤੂ, ਉੱਨਤੀ ਸ਼ਰਮਾ



ਵੇਟਲਿਫਟਰ ਮੀਰਾਬਾਈ ਚਾਨੂ ਅਤੇ ਮੁੱਕੇਬਾਜ਼ ਲਵਲੀਨਾ ਬੋਰਗੋਹੇਨ ਰਾਸ਼ਟਰਮੰਡਲ ਖੇਡਾਂ 2026 ਦੇ ਉਦਘਾਟਨੀ ਸਮਾਰੋਹ ਦੌਰਾਨ ਭਾਰਤੀ ਦਲ ਦੀ ਅਗਵਾਈ ਕਰਦਿਆਂ ਝੰਡਾ-ਬਰਦਾਰ ਵਜੋਂ ਸ਼ਾਮਲ ਹੋਣਗੀਆਂ।



ਮਹਿਲਾਵਾਂ ਦੇ ਸ਼ਾਟ ਪੁਟ ਮੁਕਾਬਲੇ ਦੀ ਕਾਂਸੀ ਤਗਮਾ ਜੇਤੂ, ਪੈਰਾ-ਐਥਲੀਟ ਸ਼ਿਲਪਾ ਸ਼ਾਇਲਾ।



ਪੁਰਸ਼ਾਂ ਦੇ 100-ਮੀਟਰ TDG ਫਾਈਨਲ ਦੇ ਸੋਨ ਤਗਮਾ ਜੇਤੂ, ਪੈਰਾ-ਐਥਲੀਟ ਦਿਲੀਪ ਗਾਵਿਤ



ਸੋਨ ਤ਼ਗਮਾ ਜੇਤੂ, ਪੈਰਾ-ਐਥਲੀਟ ਸੋਮਨ ਰਾਣਾ ਤਸਵੀਰ ਲਈ ਪੋਜ਼ ਦਿੰਦੇ ਹੋਏ।




ਪੁਰਸ਼ਾਂ ਦੇ 60 ਕਿਲੋਗ੍ਰਾਮ ਜੂਡੋ ਮੁਕਾਬਲੇ ਵਿੱਚ ਸੋਨ ਤਗਮਾ ਜੇਤੂ, ਹਰਸ਼ ਸਿੰਘ




ਮਹਿਲਾਵਾਂ ਦੇ 48 ਕਿਲੋਗ੍ਰਾਮ ਜੂਡੋ ਮੁਕਾਬਲੇ ਦੀ ਸੋਨ ਤਗਮਾ ਜੇਤੂ, ਅਸਮਿਤਾ ਡੇਅ



ਮਹਿਲਾਵਾਂ ਦੇ ਸ਼ਾਟ ਪੁਟ FEG ਮੁਕਾਬਲੇ ਦੀ ਸੋਨ ਤਗਮਾ ਜੇਤੂ, ਪੈਰਾ-ਐਥਲੀਟ ਸ਼ਰਮਿਲਾ ਧਨਖੜ



ਪੁਰਸ਼ਾਂ ਦੇ FEG ਸ਼ਾਟ ਪੁਟ ਮੁਕਾਬਲੇ ਵਿੱਚ ਚਾਂਦੀ ਦਾ ਤ਼ਗਮਾ ਜੇਤੂ, ਪੈਰਾ-ਐਥਲੀਟ ਸ਼ੁਭਮ ਜੁਯਾਲ



ਚਾਂਦੀ ਦਾ ਤ਼ਗਮਾ ਜੇਤੂ, ਪੈਰਾ-ਐਥਲੀਟ ਮੁਹੰਮਦ ਬਾਸਿਲ।



ਮਹਿਲਾਵਾਂ ਦੇ 57 ਕਿਲੋਗ੍ਰਾਮ ਜੂਡੋ ਮੁਕਾਬਲੇ ਦੀ ਚਾਂਦੀ ਦਾ ਤਗਮਾ ਜੇਤੂ, ਯਾਮਿਨੀ ਮੌਰਿਆ



ਭਾਰਤੀ ਮੁੱਕੇਬਾਜ਼ ਅਰੁੰਧਤੀ ਚੌਧਰੀ ਨੇ ਮਹਿਲਾਵਾਂ ਦੇ 70 ਕਿਲੋਗ੍ਰਾਮ ਮੁੱਕੇਬਾਜ਼ੀ ਵਰਗ ਵਿੱਚ ਸੋਨ ਤ਼ਗਮਾ ਜਿੱਤਿਆ।





ਛੱਤੀਸਗੜ੍ਹ ਦੇ ਮੁੱਖ ਮੰਤਰੀ ਵਿਸ਼ਨੂੰ ਦੇਓ ਸਾਈ ਨੇ ਰਾਸ਼ਟਰਮੰਡਲ ਖੇਡਾਂ ਦੀ ਚਾਂਦੀ ਦਾ ਤਗਮਾ ਜੇਤੂ ਗਿਆਨੇਸ਼ਵਰੀ ਯਾਦਵ ਦਾ ਸਨਮਾਨ ਕੀਤਾ



ਛੱਤੀਸਗੜ੍ਹ ਦੇ ਮੁੱਖ ਮੰਤਰੀ ਵਿਸ਼ਨੂੰ ਦੇਓ ਸਾਈ ਨੇ ਗਿਆਨੇਸ਼ਵਰੀ ਯਾਦਵ ਨੂੰ ਰਾਸ਼ਟਰਮੰਡਲ ਖੇਡਾਂ ਵਿੱਚ ਚਾਂਦੀ ਦੇ ਤਗਮੇ ਲਈ ਸਨਮਾਨਿਤ ਕੀਤਾ

# ਰਾਸ਼ਟਰਮੰਡਲ ਖੇਡਾਂ ਭਾਰਤ ਦਾ ਸ਼ਾਨਦਾਰ ਪ੍ਰਦਰਸ਼ਨ




ਮਨਸੁਖ ਮਾਂਡਵੀਆ ਨੇ ਰਾਸ਼ਟਰਮੰਡਲ ਖੇਡਾਂ 2026 ਦੀ ਕਾਂਸੀ ਤਮਗਾ ਜੇਤੂ ਪੈਰਾ-ਐਥਲੀਟ ਸ਼ਿਪਲਾ ਸ਼ੈਲਾ ਦਾ ਸਨਮਾਨ ਕੀਤਾ




ਕਾਮਨਵੈਲਥ ਖੇਡਾਂ 2026 ਦੇ ਉਦਘਾਟਨੀ ਸਮਾਰੋਹ ਦੌਰਾਨ ਭਾਰਤੀ ਦਲ ਸਮੂਹਿਕ ਤਸਵੀਰ ਲਈ ਪੋਜ਼ ਦਿੰਦਾ ਹੋਇਆ।









ਮਹਿਲਾ ਡਿਸਕਸ ਥਰੋਅ ਵਿੱਚ ਕਾਂਸੀ ਦਾ ਤਗਮਾ ਜਿੱਤਣ ਵਾਲੀ ਸੀਮਾ ਕਾਲੀਰਾਮਨਾ ਦਾ ਉਸ ਦੇ ਜੱਦੀ ਸ਼ਹਿਰ ਵਿੱਚ ਸ਼ਾਨਦਾਰ ਸਵਾਗਤ



ਗਿਆਨੇਸ਼ਵਰੀ ਯਾਦਵ ਨੇ CWG 2026 ਵਿੱਚ 53 ਕਿਲੋਗ੍ਰਾਮ ਵੇਟਲਿਫਟਿੰਗ ਮੁਕਾਬਲੇ ਵਿੱਚ ਚਾਂਦੀ ਦਾ ਤਗਮਾ ਜਿੱਤਿਆ।



ਭਾਰਤੀ ਮੁੱਕੇਬਾਜ਼ ਪ੍ਰੀਤੀ ਪਵਾਰ ਨੇ ਗਲਾਸਗੋ ਵਿਖੇ CWG 2026 ਵਿੱਚ ਸੋਨ ਤਗਮਾ ਜਿੱਤਿਆ।



ਹਰਜਿੰਦਰ ਕੌਰ ਨੇ ਮਹਿਲਾਵਾਂ ਦੇ 69 ਕਿਲੋਗ੍ਰਾਮ ਭਾਰ ਵਰਗ ਦੇ ਵੇਟਲਿਫਟਿੰਗ ਮੁਕਾਬਲੇ ਵਿੱਚ ਚਾਂਦੀ ਦਾ ਤਗਮਾ ਜਿੱਤਿਆ।



ਭਾਰਤ ਦੇ ਸਰਵੇਸ਼ ਕੁਸ਼ਾਰੇ ਨੇ ਰਾਸ਼ਟਰਮੰਡਲ ਖੇਡਾਂ 2026 ਵਿੱਚ ਪੁਰਸ਼ਾਂ ਦੇ ਉੱਚ ਛਾਲ (high jump) ਮੁਕਾਬਲੇ ਵਿੱਚ ਚਾਂਦੀ ਦਾ ਤਗਮਾ ਜਿੱਤਿਆ।



ਪ੍ਰਧਾਨ ਮੰਤਰੀ ਮੋਦੀ ਨੇ ਰਾਸ਼ਟਰਮੰਡਲ ਖੇਡਾਂ 2026 ਵਿੱਚ ਮਹਿਲਾਵਾਂ ਦੇ ਡਿਸਕਸ ਥਰੋਅ ਮੁਕਾਬਲੇ ਵਿੱਚ ਕਾਂਸੀ ਦਾ ਤਗਮਾ ਜਿੱਤਣ 'ਤੇ ਸੀਮਾ ਨੂੰ ਵਧਾਈ ਦਿੱਤੀ।



ਰਾਜਾ ਮੁਥੂਪਾਂਡੀ ਨੇ CWG 2026 ਵਿੱਚ ਪੁਰਸ਼ਾਂ ਦੇ 65 ਕਿਲੋਗ੍ਰਾਮ ਮੁਕਾਬਲੇ ਵਿੱਚ ਚਾਂਦੀ ਦਾ ਤਗਮਾ ਜਿੱਤਿਆ।

# ਰਾਸ਼ਟਰਮੰਡਲ ਖੇਡਾਂ ’ਚ ਗੋਲਡ ਮੈਡਲ ਜਿੱਤਣ ਵਾਲੀਆਂ ਭਾਰਤੀ ਮਹਿਲਾ ਮੁੱਕੇਬਾਜ਼ਾਂ ਦਾ ਏਅਰਪੋਰਟ ’ਤੇ ਭਰਵਾਂ ਸਵਾਗਤ; ਜੈਸਮੀਨ ਲੰਬੋਰੀਆ ਦੇ ਕੋਚ ਪਰਵਿੰਦਰ ਨੇ ਜਤਾਈ ਖ਼ੁਸ਼ੀ

## ਭਾਰਤੀ ਬਾਕਸਿੰਗ ਦਾ ਸ਼ਾਨਦਾਰ ਕਮਬੈਕ: 10 ਸਾਲਾਂ ਦੀ ਕਰੜੀ ਮਿਹਨਤ ਲਿਆਈ ਰੰਗ; ਭਾਰਤ ਨੇ 7 ਗੋਲਡ ਮੈਡਲਾਂ ਨਾਲ ਰਾਸ਼ਟਰਮੰਡਲ ’ਚ ਰਚਿਆ ਇਤਿਹਾਸ








ਨਵੀਂ ਦਿੱਲੀ: ਰਾਸ਼ਟਰਮੰਡਲ ਖੇਡਾਂ (Commonwealth Games) ਵਿੱਚ ਦੇਸ਼ ਦਾ ਨਾਂ ਰੌਸ਼ਨ ਕਰਨ ਵਾਲੀਆਂ ਭਾਰਤੀ ਮਹਿਲਾ ਬਾਕਸਿੰਗ ਗੋਲਡ ਮੈਡਲ ਜੇਤੂ ਖਿਡਾਰੀਆਂ ਦੇ ਦਿੱਲੀ ਪਹੁੰਚਣ ’ਤੇ ਸ਼ਾਨਦਾਰ ਅਤੇ ਨਿੱਘਾ ਸਵਾਗਤ ਕੀਤਾ ਗਿਆ। ਏਅਰਪੋਰਟ ’ਤੇ ਪ੍ਰਸ਼ੰਸਕਾਂ, ਖੇਡ ਪ੍ਰੇਮੀਆਂ ਅਤੇ ਪਰਿਵਾਰਕ ਮੈਂਬਰਾਂ ਵੱਲੋਂ ਢੋਲ-ਧਮਾਕੇ ਅਤੇ ਫੁੱਲ-ਮਾਲਾਵਾਂ ਨਾਲ ਖਿਡਾਰੀਆਂ ਦੀ ਜਿੱਤ ਦਾ ਜਸ਼ਨ ਮਨਾਇਆ ਗਿਆ।

ਇਸ ਮੌਕੇ ਬਾਕਸਰ ਜੈਸਮੀਨ ਲੰਬੋਰੀਆ (Jasmine Lamboria) ਦੇ ਕੋਚ ਪਰਵਿੰਦਰ ਸਿੰਘ (Parwinder) ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਭਾਰਤੀ ਮੁੱਕੇਬਾਜ਼ਾਂ ਦੀ ਇਤਿਹਾਸਕ ਸਫ਼ਲਤਾ ਅਤੇ ਬਾਕਸਿੰਗ ਦੇ ਬਦਲਦੇ ਦੌਰ ’ਤੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ।

**10 ਸਾਲਾਂ ਦੀ ਮਿਹਨਤ ਦਾ ਨਤੀਜਾ:** ਕੋਚ ਪਰਵਿੰਦਰ ਨੇ ਕਿਹਾ ਕਿ ਭਾਰਤੀ ਬਾਕਸਿੰਗ ਨੇ ਇੱਕ ਬਹੁਤ ਹੀ ਸ਼ਾਨਦਾਰ ਵਾਪਸੀ (Comeback) ਕੀਤੀ ਹੈ। ਲਗਭਗ 10 ਸਾਲ ਪਹਿਲਾਂ ਜੋ ਮਿਹਨਤ ਅਤੇ ਰਣਨੀਤੀ ਸ਼ੁਰੂ ਕੀਤੀ ਗਈ ਸੀ, ਅੱਜ ਉਸ ਦੇ ਸ਼ਾਨਦਾਰ ਨਤੀਜੇ ਦੇਸ਼ ਦੇ ਸਾਹਮਣੇ ਹਨ। ਉਨ੍ਹਾਂ ‘ਬਾਕਸਿੰਗ ਫੈਡਰੇਸ਼ਨ ਆਫ਼ ਇੰਡੀਆ’ (BFI) ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਇੱਕ ਮਜ਼ਬੂਤ ਅਤੇ ਸਮਰੱਥ ਟੀਮ ਤਿਆਰ ਕੀਤੀ।

**ਰਾਸ਼ਟਰਮੰਡਲ ’ਚ ਭਾਰਤ ਨੰਬਰ-1:** ਉਨ੍ਹਾਂ ਦੱਸਿਆ ਕਿ ਬਾਕਸਿੰਗ ਮੁਕਾਬਲਿਆਂ ਵਿੱਚ ਭਾਰਤ 7 ਗੋਲਡ ਮੈਡਲਾਂ (Gold Medals) ਨਾਲ ਰਾਸ਼ਟਰਮੰਡਲ ਖੇਡਾਂ ਵਿੱਚ ਪਹਿਲੇ ਨੰਬਰ ’ਤੇ ਰਿਹਾ ਹੈ, ਜਦਕਿ ਇੰਗਲੈਂਡ ਅਤੇ ਆਸਟ੍ਰੇਲੀਆ ਵਰਗੇ ਮਜ਼ਬੂਤ ਦੇਸ਼ ਦੂਜੇ ਅਤੇ ਤੀਜੇ ਸਥਾਨ ’ਤੇ ਰਹੇ।

**ਭਿਵਾਨੀ (Bhiwani) ਬਾਕਸਿੰਗ ਦਾ ਯੋਗਦਾਨ:** ਕੋਚ ਨੇ ਜ਼ਿਕਰ ਕੀਤਾ ਕਿ ਪਿਛਲੇ 30 ਸਾਲਾਂ ਵਿੱਚ ਹਰਿਆਣਾ ਦੇ ਭਿਵਾਨੀ ਖੇਤਰ ਨੇ ਦੇਸ਼ ਨੂੰ ਬਹੁਤ ਸਾਰੇ ਅੰਤਰਰਾਸ਼ਟਰੀ ਬਾਕਸਰ ਦਿੱਤੇ ਹਨ। ਉਨ੍ਹਾਂ ਖੇਡ ਮੰਤਰੀ ਨੂੰ ਅਪੀਲ ਕੀਤੀ ਕਿ ਭਿਵਾਨੀ ਅਤੇ ਆਲੇ-ਦੁਆਲੇ ਦੇ ਖੇਤਰਾਂ ਵਿੱਚ ਬਾਕਸਿੰਗ ਬੁਨਿਆਦੀ ਢਾਂਚੇ ਨੂੰ ਹੋਰ ਉਤਸ਼ਾਹਿਤ ਕੀਤਾ ਜਾਵੇ ਤਾਂ ਜੋ ਭਵਿੱਖ ਵਿੱਚ ਹੋਰ ਉੱਭਰਦੇ ਖਿਡਾਰੀ ਦੇਸ਼ ਲਈ ਮੈਡਲ ਜਿੱਤ ਸਕਣ।

# ਕਲਾਬੁਰਗੀ ਦੇ ਸਕੂਲ ’ਚ ਧੂਮਧਾਮ ਨਾਲ ਮਨਾਇਆ ਗਿਆ ‘ਮਾਤ੍ਰ-ਪਿਤ੍ਰ ਵੰਦਨਾ’ ਸਮਾਗਮ; ਪੁਲਿਸ ਕਮਿਸ਼ਨਰ ਸ਼ਰਨੱਪਾ ਐੱਸ.ਡੀ. ਨੇ ਕੀਤੀ ਸ਼ਿਰਕਤ

## ਬੱਚਿਆਂ ’ਚ ਨੈਤਿਕ ਕਦਰਾਂ-ਕੀਮਤਾਂ ਅਤੇ ਮਾਤਾ-ਪਿਤਾ ਪ੍ਰਤੀ ਆਦਰ-ਸਤਿਕਾਰ ਵਧਾਉਣ ਲਈ ਵਿਸ਼ੇਸ਼ ਉਪਰਾਲਾ; ਅਧਿਆਪਕਾਂ ਅਤੇ ਮਾਪਿਆਂ ਨੇ ਕੀਤੀ ਸ਼ਲਾਘਾ

ਕਲਾਬੁਰਗੀ (ਕਰਨਾਟਕ): ਕਰਨਾਟਕ ਦੇ ਕਲਾਬੁਰਗੀ ਸ਼ਹਿਰ ਦੇ ਇੱਕ ਸਕੂਲ ਵਿੱਚ ਬੱਚਿਆਂ ਅੰਦਰ ਨੈਤਿਕ ਸੰਸਕਾਰ ਅਤੇ ਮਾਤਾ-ਪਿਤਾ ਪ੍ਰਤੀ ਸਤਿਕਾਰ ਦੀ ਭਾਵਨਾ ਨੂੰ ਮਜ਼ਬੂਤ ਕਰਨ ਦੇ ਮਕਸਦ ਨਾਲ ‘ਮਾਤ੍ਰ-ਪਿਤ੍ਰ ਵੰਦਨਾ’ (Matru Pithru Vandhana Programme) ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਭਾਵਪੂਰਤ ਧਾਰਮਿਕ ਅਤੇ ਸਮਾਜਿਕ ਪ੍ਰੋਗਰਾਮ ਵਿੱਚ ਸਕੂਲੀ ਬੱਚਿਆਂ ਨੇ ਵਿਧੀ-ਵਿਧਾਨ ਨਾਲ ਆਪਣੇ ਮਾਤਾ-ਪਿਤਾ ਦੀ ਪੂਜਾ-ਅਰਚਨਾ ਕਰਕੇ ਉਨ੍ਹਾਂ ਦੇ ਚਰਨ ਛੂਹ ਕੇ ਆਸ਼ੀਰਵਾਦ ਲਿਆ।





ਇਸ ਸਮਾਗਮ ਵਿੱਚ ਕਲਾਬੁਰਗੀ ਸ਼ਹਿਰ ਦੇ ਪੁਲਿਸ ਕਮਿਸ਼ਨਰ ਸ਼ਰਨੱਪਾ ਐੱਸ.ਡੀ. (Sharanappa S D) ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਬੱਚਿਆਂ ਨੂੰ ਸੰਸਕਾਰਵਾਨ ਬਣਨ ਦੀ ਪ੍ਰੇਰਨਾ ਦਿੱਤੀ।

**ਪੁਲਿਸ ਕਮਿਸ਼ਨਰ ਸ਼ਰਨੱਪਾ ਐੱਸ.ਡੀ. ਦਾ ਬਿਆਨ:** ਸਮਾਗਮ ਨੂੰ ਸੰਬੋਧਨ ਕਰਦਿਆਂ ਪੁਲਿਸ ਕਮਿਸ਼ਨਰ ਸ਼ਰਨੱਪਾ ਐੱਸ.ਡੀ. ਨੇ ਕਿਹਾ ਕਿ ਅੱਜ ਦੇ ਆਧੁਨਿਕ ਅਤੇ ਡਿਜੀਟਲ ਯੁੱਗ ਵਿੱਚ ਬੱਚਿਆਂ ਨੂੰ ਅਕਾਦਮਿਕ ਸਿੱਖਿਆ ਦੇ ਨਾਲ-ਨਾਲ ਨੈਤਿਕ ਸੰਸਕਾਰ ਦੇਣਾ ਅਤਿਅੰਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਮਾਤਾ-ਪਿਤਾ ਦੀ ਸੇਵਾ ਅਤੇ ਆਦਰ ਕਰਨਾ ਹੀ ਜੀਵਨ ਦੀ ਸਭ ਤੋਂ ਵੱਡੀ ਪੂਜਾ ਹੈ।

**ਮਾਪਿਆਂ ਅਤੇ ਅਧਿਆਪਕਾਂ ਪ੍ਰਤੀਕਿਰਿਆ:**

ਰਾਜਸ਼ੇਖਰ (ਰਾਜਸ਼ੇਖਰ - ਬੱਚੇ ਦੇ ਪਿਤਾ): ਉਨ੍ਹਾਂ ਕਿਹਾ ਕਿ ਅਜਿਹੇ ਪ੍ਰੋਗਰਾਮਾਂ ਨਾਲ ਬੱਚਿਆਂ ਅਤੇ ਮਾਪਿਆਂ ਵਿਚਕਾਰ ਰਿਸ਼ਤਾ ਹੋਰ ਮਜ਼ਬੂਤ ਹੁੰਦਾ ਹੈ। ਸਕੂਲ ਵੱਲੋਂ ਕੀਤਾ ਗਿਆ ਇਹ ਉਪਰਾਲਾ ਬੱਚਿਆਂ ਦੀ ਮਾਨਸਿਕ ਅਤੇ ਸੰਸਕਾਰਿਕ ਘਾੜਤ ਲਈ ਸ਼ਲਾਘਾਯੋਗ ਹੈ।

**ਸਿੰਧੂ (ਅਧਿਆਪਕਾ):** ਸਕੂਲ ਅਧਿਆਪਕਾ ਸਿੰਧੂ ਨੇ ਦੱਸਿਆ ਕਿ ਸਕੂਲ ਦਾ ਮੁੱਖ ਮਕਸਦ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਭਾਰਤੀ ਸੰਸਕ੍ਰਿਤੀ ਅਤੇ ਪਰਿਵਾਰਕ ਮੁੱਲਾਂ ਨਾਲ ਜੋੜਨਾ ਹੈ ਤਾਂ ਜੋ ਉਹ ਭਵਿੱਖ ਵਿੱਚ ਜ਼ਿੰਮੇਵਾਰ ਨਾਗਰਿਕ ਬਣ ਸਕਣ।

# ਮੌਨਸੂਨ ਸੈਸ਼ਨ ਦੌਰਾਨ ਸੰਸਦ ਭਵਨ ’ਚ ਵਿਰੋਧੀ ਧਿਰ ਦਾ ਜ਼ੋਰਦਾਰ ਪ੍ਰਦਰਸ਼ਨ; ਰਾਹੁਲ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਦੀ ਅਗਵਾਈ ਹੇਠ ਕੱਢਿਆ ਗਿਆ ਰੋਸ ਮਾਰਚ

## ਪ੍ਰੇਰਣਾ ਸਥਲ ’ਚ ਗਾਂਧੀ ਬੁੱਤ ਤੋਂ ਮਕਰ ਦੁਆਰ ਤੱਕ ਮਾਰਚ; 20 ਜੁਲਾਈ ਦੇ ਪ੍ਰਦਰਸ਼ਨਕਾਰੀਆਂ ’ਤੇ ਪੁਲਿਸ ਕਾਰਵਾਈ ਅਤੇ ਅਯੋਧਿਆ ਰਾਮ ਮੰਦਰ ਚੰਦਾ ਘੋਟਾਲੇ ਦੇ ਦੋਸ਼ਾਂ ’ਤੇ ਕੇਂਦਰ ਸਰਕਾਰ ਨੂੰ ਘੇਰਿਆ

ਨਵੀਂ ਦਿੱਲੀ : ਸੰਸਦ ਦੇ ਚੱਲ ਰਹੇ ਮੌਨਸੂਨ ਸੈਸ਼ਨ (Monsoon Session) ਦੌਰਾਨ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ (Rahul Gandhi) ਅਤੇ ਕਾਂਗਰਸ ਸੰਸਦ ਮੈਂਬਰ ਪ੍ਰਿਅੰਕਾ ਗਾਂਧੀ ਵਾਡਰਾ (Priyanka Gandhi Vadra) ਦੀ ਅਗਵਾਈ ਹੇਠ ‘ਇੰਡੀਆ’ (INDIA) ਗਠਜੋੜ ਦੇ ਸੰਸਦ ਮੈਂਬਰਾਂ ਵੱਲੋਂ ਕੇਂਦਰ ਸਰਕਾਰ ਵਿਰੁੱਧ ਤਿੱਖਾ ਰੋਸ ਪ੍ਰਦਰਸ਼ਨ ਕੀਤਾ ਗਿਆ।

ਬੁੱਧਵਾਰ ਨੂੰ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੇ ਸੰਸਦ ਪਰਿਸਰ ਵਿੱਚ ਸਥਿਤ ਪ੍ਰੇਰਣਾ ਸਥਲ ਵਿਖੇ ਮਹਾਤਮਾ ਗਾਂਧੀ ਦੇ ਬੁੱਤ ਤੋਂ ਲੈ ਕੇ ਸੰਸਦ ਦੇ ਮੁੱਖ ਪ੍ਰਵੇਸ਼ ਦੁਆਰ ’ਮਕਰ ਦੁਆਰ’ (Makar Dwar) ਤੱਕ ਪੈਦਲ ਰੋਸ ਮਾਰਚ ਕੱਢਿਆ।

**ਮੁੱਖ ਮੁੱਦੇ ਅਤੇ ਮੰਗਾਂ:**

20 ਜੁਲਾਈ ਦੀ ਪੁਲਿਸ ਕਾਰਵਾਈ: ਵਿਰੋਧੀ ਧਿਰ ਨੇ 20 ਜੁਲਾਈ ਨੂੰ ਸੀ.ਜੇ.ਪੀ. (CJP) ਸਮਰਥਕਾਂ ਅਤੇ ਵਿਦਿਆਰਥੀਆਂ ’ਤੇ ਹੋਈ ਕਥਿਤ ਪੁਲਿਸ ਲਾਠੀਚਾਰਜ ਅਤੇ ਕਾਰਵਾਈ ਵਿਰੁੱਧ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਸਪੱਸ਼ਟੀਕਰਨ ਅਤੇ ਜਵਾਬਦੇਹੀ ਦੀ ਮੰਗ ਕੀਤੀ।

ਰਾਮ ਮੰਦਰ ਚੰਦਾ ਘੋਟਾਲੇ ਦੇ ਦੋਸ਼: ਵਿਰੋਧੀ ਧਿਰ ਨੇ ਅਯੋਧਿਆ ਰਾਮ ਮੰਦਰ ਦੇ ਦਾਨ/ਚੰਦੇ ਵਿੱਚ ਹੋਈ ਕਥਿਤ ਹੇਰਾਫੇਰੀ (Chanda Chori) ਦਾ ਮੁੱਦਾ ਚੁੱਕਦਿਆਂ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ।

**ਪ੍ਰਿਅੰਕਾ ਗਾਂਧੀ ਦਾ ਬਿਆਨ:** ਕਾਂਗਰਸ ਸੰਸਦ ਮੈਂਬਰ ਪ੍ਰਿਅੰਕਾ ਗਾਂਧੀ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਭਾਰਤ ਇੱਕ ਲੋਕਤੰਤਰ ਹੈ, ਕਿਸੇ ਦੀ ਰਿਆਸਤ ਨਹੀਂ। ਉਨ੍ਹਾਂ ਮੰਗ ਕੀਤੀ ਕਿ ਜਿਨ੍ਹਾਂ ਅਧਿਕਾਰੀਆਂ ਜਾਂ ਸ਼ਾਸਨ ਦੇ ਹੁਕਮਾਂ ’ਤੇ ਵਿਦਿਆਰਥੀਆਂ ’ਤੇ ਲਾਠੀਚਾਰਜ ਜਾਂ ਅੱਥਰੂ ਗੈਸ ਵਰਤੀ ਗਈ ਹੈ, ਉਨ੍ਹਾਂ ਦੀ ਜਵਾਬਦੇਹੀ ਤੈਅ ਕੀਤੀ ਜਾਣੀ ਚਾਹੀਦੀ ਹੈ।

ਸੰਸਦੀ ਕਾਰਵਾਈ ’ਚ ਰੁਕਾਵਟ:

ਵਿਰੋਧੀ ਧਿਰ ਦੇ ਹੰਗਾਮੇ ਅਤੇ ਸਰਕਾਰ ਵਿਰੋਧੀ ਨਾਅਰੇਬਾਜ਼ੀ ਕਾਰਨ ਸੰਸਦ ਦੇ ਦੋਵਾਂ ਸਦਨਾਂ (ਲੋਕ ਸਭਾ ਅਤੇ ਰਾਜ ਸਭਾ) ਦੀ ਕਾਰਵਾਈ ਬਾਰ-ਬਾਰ ਮੁਲਤਵੀ ਕਰਨੀ ਪਈ।



# ਸ਼ਹੀਦ ਊਧਮ ਸਿੰਘ ਬਾਰੇ ਪ੍ਰਚੱਲਤ ਕਹਾਣੀਆਂ ਅਤੇ ਅਸਲੀਅਤ ਦਾ ਨਿਖੇੜਾ



ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ ’ਤੇ ਸ੍ਰ. ਊਧਮ ਸਿੰਘ। ਸੰਨ 1937 ਸਥਾਨ : ਸ਼ੈਫਰਡਸ਼ਬੁਸ਼ ਲੰਡਨ

ਸ਼ਹੀਦ ਊਧਮ ਸਿੰਘ ਇਤਿਹਾਸ ਦਾ ਅਜਿਹਾ ਮਹਾਨ ਯੋਧਾ ਹੋਇਆ ਹੈ, ਜਿਸ ਨੇ ਗ਼ੁਲਾਮੀ ਦੇ ਸੰਗਲ ਤੋੜਨ ਅਤੇ ਬੇਗੁਨਾਹ ਲੋਕਾਂ ਦੇ ਸਮੂਹਿਕ ਕਤਲੇਆਮ ਖਿਲਾਫ਼, ਹਥਿਆਰਬੰਦ ਸੰਘਰਸ਼ ਦਾ ਰਾਹ ਅਪਨਾਇਆ। ਸ਼ਹੀਦ ਊਧਮ ਸਿੰਘ ਦੇ ਜੀਵਨ ’ਤੇ ਪੰਛੀ ਝਾਤ ਮਾਰਦਿਆਂ ਪਤਾ ਲੱਗਦਾ ਹੈ ਕਿ ਉਸ ਬਾਰੇ ਪ੍ਰਚਲਤ ਝੂਠੀਆਂ ਧਾਰਨਾਵਾਂ ਤੋਂ ਕੋਹਾਂ ਦੂਰ, ਅਸਲੀਅਤ ਵਿੱਚ ਪ੍ਰਮਾਣਿਕ ਦਸਤਾਵੇਜ਼ ਕੁਝ ਹੋਰ ਬਿਆਨ ਕਰਦੇ ਹਨ। ਇਸ ਲਿਖਤ ਦਾ ਮਨੋਰਥ ਅਜਿਹੇ ਕੱਚ ਅਤੇ ਸੱਚ ਦਾ ਨਿਖੇੜਾ ਕਰਨਾ ਹੈ। ਇਥੋਂ ਤੱਕ ਕਿ ਲੰਡਨ ਵਿੱਚ ਊਧਮ ਸਿੰਘ ਨੇ ਅਦਾਲਤ ਵਿੱਚ ਜੋ ਬਿਆਨ ਦਿੱਤੇ, ਉਹਨਾਂ ਵਿੱਚ ਵੀ ਕਈ ਤਰ੍ਹਾਂ ਦੇ ਭੁਲੇਖੇ ਪੈਦਾ ਹੁੰਦੇ ਹਨ। ਹੋ ਸਕਦਾ ਹੈ ਕਿ ਕੇਸ ਮੁਤਾਬਕ ਅਦਾਲਤੀ ਕਾਰਵਾਈ ਨੂੰ ਪ੍ਰਭਾਵਿਤ ਕਰਨ ਲਈ ਊਧਮ ਸਿੰਘ ਨੇ ਅਦਾਲਤੀ ਬਿਆਨ ਬਦਲੇ ਹੋਣ। ਇਸ ਲੇਖ ਵਿੱਚ ਪ੍ਰਮਾਣਿਕ ਸੱਚ ਨੂੰ ਅੱਗੇ ਰੱਖਿਆ ਗਿਆ ਹੈ, ਫਿਰ ਵੀ ਕੋਈ ਦਾਅਵਾ ਨਹੀਂ ਕਿ ਇਹ ਅੰਤਿਮ ਸੱਚਾਈ ਹੈ, ਭਵਿੱਖ ਵਿੱਚ ਨਵੀਂ ਖੋਜ ਅਤੇ ਦਸਤਾਵੇਜ਼ਾਂ ਅਨਸਾਰ ਇਸ ਨੂੰ ਵੀ ਸੋਧਿਆ ਜਾ ਸਕਦਾ ਹੈ।

**ਜਨਮ, ਮਾਤਾ-ਪਿਤਾ ਤੇ ਬਚਪਨ ਬਾਰੇ ਪ੍ਰਮਾਣਿਕ ਸੱਚ** : 26 ਦਸੰਬਰ 1899 ਵਿੱਚ ਪੰਜਾਬ ਦੇ ਸੁਨਾਮ ਨਗਰ ਦੇ ਮਿਹਨਤਕਸ਼ ਪਰਿਵਾਰ ’ਚ, ਮਾਤਾ ਹਰਨਾਮ ਕੌਰ ਅਤੇ ਪਿਤਾ ਟਹਿਲ ਸਿੰਘ ਦੇ ਘਰ ਜਨਮੇ ਊਧਮ ਸਿੰਘ ਦਾ ਪਹਿਲਾਂ ਨਾਂ ‘ਸ਼ੇਰ ਸਿੰਘ’ ਅਤੇ ਪੰਜ ਸਾਲ ਵੱਡੇ ਭਰਾ ਦਾ ਨਾਂ ਸਾਧੂ ਸਿੰਘ ਸੀ। ‘ਇਨਕਲਾਬੀ ਸ਼ਹੀਦ ਊਧਮ ਸਿੰਘ’ ਦੇ ਲਿਖਾਰੀ ਡਾ ਗੁਰਚਰਨ ਸਿੰਘ ਜ਼ੀਰਾ, ਕਿਤਾਬ ਦੇ ਪੰਨਾ 15 ’ਤੇ ਲਿਖਦੇ ਹਨ ਕਿ ਊਧਮ ਸਿੰਘ ਦੇ ਮਾਤਾ-ਪਿਤਾ ਗਰੀਬ ਕਿਸਾਨ ਪਰਿਵਾਰ ਨਾਲ ਸਬੰਧ ਰੱਖਦੇ ਸਨ। ਉਸ ਦੇ ਪਿਤਾ ਦਾ ਨਾਂ ਚੂਹੜ ਰਾਮ ਅਤੇ ਮਾਤਾ ਦਾ ਨਾਂ ਨਰਾਇਣੀ ਸੀ। ਮਗਰੋਂ ਦੋਹਾਂ ਨੇ ਕਪਤਾਨ ਰਾਮ ਸਿੰਘ ਦੇ ਪ੍ਰਚਾਰ ਦੇ ਪ੍ਰਭਾਵ ਅਧੀਨ ‘ਅੰਮ੍ਰਿਤਪਾਨ’ ਕੀਤਾ। ਅੰਮ੍ਰਿਤ ਛੱਕ ਕੇ ਚੂਹੜ ਰਾਮ ਦਾ ਨਾਂ ਟਹਿਲ ਸਿੰਘ ਰੱਖਿਆ ਗਿਆ ਅਤੇ ਨਰਾਇਣੀ ਦਾ ਨਵਾਂ ਨਾਂ ਹਰਨਾਮ ਕੌਰ ਰੱਖ ਦਿੱਤਾ ਗਿਆ। ਇਸ ਗਰੀਬ ਪਰਿਵਾਰ ਦੇ ਚਿਰਾਗ ਊਧਮ ਸਿੰਘ ਨੂੰ ਬਚਪਨ ਤੋਂ ਸਿੱਖੀ ਰਵਾਇਤਾਂ ਦੀ ਗੁੜਤੀ ਪ੍ਰਾਪਤ ਹੋਈ, ਜਿਸ ਕਰਕੇ ਉਸ ਨੇ ਅਣਖ ਦਾ ਪ੍ਰਮਾਣ ਦੇ ਕੇ ਇਤਿਹਾਸ ’ਤੇ ਅਮਿੱਟ ਛਾਪ ਛੱਡੀ। ਕਈ ਲੇਖਕਾਂ ਨੇ ਮਾਈਕਲ ਓਡਵਾਇਰ ਕਤਲ ਮੁਕਦਮੇ ਦੌਰਾਨ ਊਧਮ ਸਿੰਘ ਵੱਲੋਂ ਲਿਖਵਾਈ ਜਨਮ ਤਾਰੀਖ਼ ਮਾਰਚ 1903 ਜਾਂ ਫਿਰ ‘ਨੈਸ਼ਨਲ ਰਜਿਸਟਰੇਸ਼ਨ ਕਾਰਡ’ ਲੈਣ ਸਮੇਂ ਲੰਡਨ ਵਿੱਚ ਲਿਖਵਾਈ ਤਾਰੀਖ਼ 23 ਅਕਤੂਬਰ 1905 ਨੂੰ ਬਿਆਨ ਕੀਤਾ ਹੈ, ਜੋ ਕਿ ਸਹੀ ਨਹੀਂ। ਇਸੇ ਤਰ੍ਹਾਂ ਊਧਮ ਸਿੰਘ ਨੇ ਕੁਝ ਦਸਤਾਵੇਜ਼ਾਂ ’ਚ ਖ਼ੁਦ ਨੂੰ ਰਾਮਗੜੀਆ ਲਿਖਿਆ, ਇਸ ਗੱਲ ਨੂੰ ਕਈ ਲੇਖਕਾਂ ਨੇ ਵੀ ਆਧਾਰ ਬਣਾ ਲਿਆ, ਜਦ ਕਿ ਅਸਲੀਅਤ ਵਿੱਚ ਉਹ ਕੰਬੋਜ ਬਰਾਦਰੀ ਨਾਲ ਸੰਬੰਧਤ ਸਨ।

**ਸੈਂਟਰਲ ਸਿੱਖ ਯਤੀਮਖਾਨੇ ਵਿੱਚ ਸ਼ੇਰ ਸਿੰਘ ਤੋਂ ਉਦੇ ਸਿੰਘ ਦਾ ਸਫ਼ਰ** : ਊਧਮ ਸਿੰਘ ਦਾ ਜੀਵਨ ਆਰੰਭ ਤੋਂ ਹੀ ਸੰਘਰਸ਼ਮਈ ਰਿਹਾ। ਬਚਪਨ ਵਿੱਚ ਪਿਤਾ ਦੇ ਦੇਹਾਂਤ ਮਗਰੋਂ 24 ਅਕਤੂਬਰ 1907 ਵਿੱਚ ਊਧਮ ਸਿੰਘ ਤੇ ਉਹਨਾਂ ਦਾ ਭਰਾ ਸਾਧੂ ਸਿੰਘ ਸੈਂਟਰਲ ਸਿੱਖ ਯਤੀਮਖਾਨਾ ਅੰਮ੍ਰਿਤਸਰ ਸਾਹਿਬ ਵਿਖੇ ਆ ਗਏ ਤੇ ਇਥੋਂ ਹੀ ਸਿੱਖੀ ਜੀਵਨ ਤੇ ਸੇਵਾ ਦੀ ਪ੍ਰੇਰਨਾ ਲੈ ਕੇ ਵੱਡੇ ਹੋਏ। ਲੇਖਕ ਪ੍ਰੋਫੈਸਰ ਸੂਬਾ ਸਿੰਘ ਕੰਬੋਜ ‘ਇਨਕਲਾਬੀ ਯੋਧਾ ਊਧਮ ਸਿੰਘ’ ਕਿਤਾਬ ਵਿੱਚ ਪੰਨਾ 12 ਉੱਪਰ ਲਿਖਦੇ ਹਨ ਕਿ ਸੈਂਟਰਲ ਸਿੱਖ ਯਤੀਮਖਾਨੇ ਵਿੱਚ ਰਹਿੰਦਿਆਂ ਉਹ ਬਿਨਾ-ਨਾਗਾ ਦਰਬਾਰ ਸਾਹਿਬ ਜਾਂਦੇ, ਨਿਤਨੇਮ ਦੀ ਬਾਣੀ ਪੜ੍ਹਦੇ। ਇਸੇ ਲਗਨ ਸਦਕਾ ਦੋਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਦਰਸਾਏ ਮਾਰਗ ’ਤੇ ਚਲਦਿਆਂ ਅੰਮ੍ਰਿਤ ਛਕਿਆ। ਸ਼ੇਰ ਸਿੰਘ ਦਾ ਨਾਂ ਅੰਮ੍ਰਿਤ ਛਕਣ ਮਗਰੋਂ ਉਦੈ ਸਿੰਘ ਰੱਖਿਆ ਗਿਆ ਅਤੇ ਸਾਧੂ ਸਿੰਘ ਦਾ ਸਿੰਘ ਸਜਣ ਉਪਰੰਤ, ਨਵਾਂ ਨਾਂ ਮੁਕਤਾ ਸਿੰਘ ਰੱਖਿਆ ਗਿਆ। ਇਸ ਦੀ ਪ੍ਰੋੜਤਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪ੍ਰਕਾਸ਼ਤ ਡਾ. ਨਵਤੇਜ ਸਿੰਘ ਦੀ ਕਿਤਾਬ ਵਿੱਚ ਵੀ ਕੀਤੀ ਗਈ ਹੈ। ਸੈਂਟਰਲ ਸਿੱਖ ਯਤੀਮਖਾਨੇ ਦੇ ਪ੍ਰਬੰਧਕਾਂ ਨੇ ਦੋਹਾਂ ਭਰਾਵਾਂ ਨੂੰ ਖਾਲਸਾ ਸਕੂਲ ਵਿੱਚ ਦਾਖ਼ਲ ਕਰਾਇਆ। ਇਸ ਦੌਰਾਨ ਉਦੈ ਸਿੰਘ ਦੇ ਭਰਾ ਮੁਕਤਾ ਸਿੰਘ ਸਾਧੂ ਸਿੰਘ ਦਾ ਨਮੂਨੀਏ ਨਾਲ ਬਿਮਾਰ ਹੋ ਕੇ, ਦੇਹਾਂਤ ਹੋ ਗਿਆ। ਦਸਵੀਂ ਪਾਸ ਕਰਨ ਉਪਰੰਤ, ਊਧਮ ਸਿੰਘ ਨੇ 1917 ਵਿੱਚ ਸੈਂਟਰਲ ਸਿੱਖ ਯਤੀਮਖਾਨਾ ਛੱਡ ਦਿੱਤਾ।

**ਜਲ੍ਹਿਆਂਵਾਲਾ ਬਾ.ਗ ਦੇ ਖ਼ੂਨੀ ਸਾਕੇ ਸਮੇਂ ਊਧਮ ਸਿੰਘ ਦੀ ਮੌਜੂਦਗੀ ਦਾ ਸੱਚ** : ਜਦੋਂ 13 ਅਪ੍ਰੈਲ 1919 ਨੂੰ ਵਿਸਾਖੀ ਮੌਕੇ ਜਲ੍ਹਿਆਂਵਾਲਾ ਬਾਗ ਦਾ ਸ਼ਹੀਦੀ ਸਾਕਾ ਵਾਪਰਿਆ, ਸ਼ਹੀਦ ਊਧਮ ਸਿੰਘ ਉਥੇ ਨਹੀਂ ਸੀ। ਜ਼ਿਆਦਾਤਰ ਇਤਿਹਾਸਕਾਰ ਨਾਟਕੀ ਢੰਗ ਨਾਲ ਊਧਮ ਸਿੰਘ ਨੂੰ ਉਥੇ ਦਿਖਾ ਕੇ, ਓਡਵਾਇਰ ਤੋਂ ‘ਬਦਲਾ ਲੈਣ ਦੇ ਪ੍ਰਣ ਲੈਣ’ ਦੀ ਗੱਲ ਲਿਖ ਕੇ, ਆਪਣੇ ਮੁਤਾਬਕ ਅਰਥ ਕਰਦੇ ਹਨ, ਜਦ ਕਿ 1918 ਵਿੱਚ ਊਧਮ ਸਿੰਘ ਪੂਰਬੀ ਅਫ਼ਰੀਕਾ ਦੇ ਸ਼ਹਿਰ ਮੁਮਬਾਸਾ ਜਾ ਚੁੱਕੇ ਸਨ ਅਤੇ 1919 ਦੇ ਜੂਨ ਮਹੀਨੇ ਵਾਪਸ ਪਰਤੇ। ਮਗਰੋਂ ਫੇਰ ਉਹ ਅਫ਼ਰੀਕਾ ਚਲੇ ਗਏ, ਜਿੱਥੇ 2 ਸਾਲ ਯੁਗਾਂਡਾ ਰੇਲਵੇ ਵਰਕਸ਼ਾਪ ’ਚ ਮਕੈਨਿਕ ਵਜੋਂ ਨੌਕਰੀ ਕੀਤੀ। ਓਡਵਾਇਰ ਕਤਲ ਮੁਕਦਮੇ ਦੌਰਾਨ ਊਧਮ ਸਿੰਘ


ਡਾ. ਗੁਰਵਿੰਦਰ ਸਿੰਘ
604 825 1550




ਦੇ ਇਹ ਬਿਆਨ ਕਿ ਜਲ੍ਹਿਆਂਵਾਲਾ ਬਾ.ਗ ਦੇ ਖ਼ੂਨੀ ਸਾਕੇ ਸਮੇਂ ‘ਉਸ ਦਾ ਭਰਾ ਅਤੇ ਭੈਣ ਮਾਰੇ ਗਏ’, ਨੂੰ ਸਹੀ ਮੰਨ ਕੇ ਕਈ ਲੇਖਕਾਂ ਨੇ ਅਜਿਹਾ ਹੀ ਪ੍ਰਚਾਰ ਕਿਤਾਬਾਂ ਵਿੱਚ ਕੀਤਾ, ਜਦ ਕਿ ਇਹ ਸੱਚ ਨਹੀਂ। ‘ਸ਼ਹੀਦ ਊਧਮ ਸਿੰਘ ਦੀ ਜੀਵਨੀ’ ਦੇ ਲਿਖਾਰੀ ਅਤੇ ਖੋਜੀ ਵਿਦਵਾਨ ਡਾ. ਗੁਰਦੇਵ ਸਿੰਘ ਸਿੱਧੂ ਦਾ ਇਹ ਕਥਨ ਵਾਜਬ ਹੈ ਕਿ ਲੰਡਨ ਪੁਲਿਸ ਵੱਲੋਂ ਕੀਤੀ ਪੁੱਛ-ਪੜਤਾਲ ਦੇ ਉੱਤਰ ਵਿੱਚ ਕੀਤੇ ਪ੍ਰਗਟਾਵਿਆਂ ਨੂੰ ਸ਼ਬਦ-ਦਰ-ਸ਼ਬਦ ਮੰਨ ਲੈਣ ਨੇ ਵੀ ਬਹੁਤ ਸਾਰੀਆਂ ਭ੍ਰਾਂਤੀਆਂ ਨੂੰ ਜਨਮ ਦਿੱਤਾ ਅਤੇ ਕਈ ਜੀਵਨੀ ਲੇਖਕ ਭੁੱਲ ਗਏ ਕਿ ਮੁਕਦਮੇ ਦਾ ਸਾਹਮਣਾ ਕਰ ਰਿਹਾ ਵਿਅਕਤੀ, ਮੁਕਦਮੇ ਦੀ ਸਥਿਤੀ ਨੂੰ ਆਪਣੇ ਪੱਖ ਵਿੱਚ ਮੋੜਾ ਦੇਣ ਵਾਸਤੇ, ਬਿਆਨਾਂ ਵਿੱਚ ਕਈ ਗੱਲਾਂ ਲੁਕੋ ਜਾਂਦਾ ਹੈ ਅਤੇ ਬਹੁਤ ਕੁਝ ਹੋਰ ਮਨਘੜਤ ਬਿਆਨ ਕਰ ਦਿੰਦਾ ਹੈ।

**ਊਧਮ ਸਿੰਘ ਦੇ ਵੱਖ-ਵੱਖ ਪਾਸਪੋਰਟਾਂ ’ਤੇ ਵੱਖ-ਵੱਖ ਨਾਵਾਂ ਦੀ ਸੱਚਾਈ** : ਊਧਮ ਸਿੰਘ ਘੁਮੱਕੜ ਸੁਭਾਅ ਦੇ ਮਾਲਕ ਸਨ। ਉਹਨਾਂ ਦੇ ਵੱਖ-ਵੱਖ ਨਾਂ ਚਰਚਾ ਵਿੱਚ ਆਉਂਦੇ ਹਨ, ਜਿਵੇਂ ਕਿ ਊਧਮ ਸਿੰਘ, ਸ਼ੇਰ ਸਿੰਘ, ਉਦੈ ਸਿੰਘ, ਫਰੈਂਕ ਬ੍ਰਾਜ਼ੀਲ, ਬਾਵਾ, ਉਡਾਨ ਸਿੰਘ, ਯੂਐਸ ਸਿੱਧੂ, ਮੋਹਣ ਸਿੰਘ, ਯੂਐਸ ਆਜ਼ਾਦ, ਮੁਹੰਮਦ ਸਿੰਘ ਆਜ਼ਾਦ, ਐਮ ਸਿੰਘ ਆਦਿ। ਇਸੇ ਤਰੀਕੇ ਨਾਲ ਵੱਖ-ਵੱਖ ਨਾਵਾਂ ਦੇ ਪਾਸਪੋਰਟ ਬਣਾ ਕੇ ਉਹ ਅਮਰੀਕਾ, ਇੰਗਲੈਂਡ, ਹੋਲੈਂਡ, ਯੂਕਰੇਨ, ਸੋਵੀਅਤ ਯੂਨੀਅਨ, ਆਸਟਰੀਆ, ਬ੍ਰਿਟਿਸ਼ ਅਫਰੀਕਾ, ਮੈਕਸੀਕੋ, ਸਵਿਟਜ਼ਰਲੈਂਡ, ਪੋਲੈਂਡ, ਹੰਗਰੀ, ਜਰਮਨੀ, ਬੈਲਜੀਅਮ, ਫ਼ਰਾਂਸ, ਇਟਲੀ, ਇਸਟੋਨੀਆ, ਮੈਸੋਪਟਾਮੀਆ, ਲੈਟਵੀਆ ਮਿਡਲ ਈਸਟ ਆਦਿ ਦੇਸ਼ਾਂ ਵਿੱਚ ਗਏ। ਪ੍ਰਮਾਣਿਕ ਦਸਤਾਵੇਜ਼ਾਂ ਅਨੁਸਾਰ ਪੂਰਬੀ ਅਫਰੀਕਾ ਤੋਂ ਭਾਰਤ ਆ ਕੇ, ਊਧਮ ਸਿੰਘ ਨਵਾਂ ਪਾਸਪੋਰਟ ਬਣਾ ਕੇ 1922 ’ਚ ਲੰਡਨ, ਫਿਰ ਮੈਕਸਿਕੋ ਗਏ। ਮੌਜੀ ਬਿਰਤੀ ਦੇ ਮਾਲਕ ਊਧਮ ਸਿੰਘ ਨੇ ਅਦਾਕਾਰੀ ਦੇ ਸ਼ੌਕ ਅਧੀਨ ਉਸ ਨੇ ਇੰਗਲੈਂਡ ਵਿੱਚ ਫ਼ਿਲਮਾਂ’; ਸਾਬੂ ਦਾ ਐਲੀਫੈਂਟ ਬੁਆਏ, ਦਾ ਡਰੱਮ, ਦਾ ਫੋਰ ਫਾਦਰਜ਼, ਦਾ ਥੀਫ ਆਫ ਬਗਦਾਦ ਆਦਿ ਵਿੱਚ ਵੀ ਕੰਮ ਕੀਤਾ।

**ਊਧਮ ਸਿੰਘ ਦੇ ਗ਼ਦਰ ਲਹਿਰ ਨਾਲ ਜੁੜੇ ਹੋਣ ਦਾ ਸੱਚ** : ਊਧਮ ਸਿੰਘ 1923-24 ਦੌਰਾਨ ਅਮਰੀਕਾ ਰਹੇ। 2 ਸਾਲ ਕੈਲੀਫੋਰਨੀਆ ਰਹਿੰਦਿਆਂ ਮਿਹਨਤਕਸ਼ ਵਜੋਂ ਕੰਮ-ਕਾਰ ਕੀਤਾ ਅਤੇ ਗ਼ਦਰੀਆਂ ਦੇ ਸੰਪਰਕ ਵਿੱਚ ਰਹੇ। ਅੱਗੇ ਜਾ ਕੇ ਊਧਮ ਸਿੰਘ ਦੀ ਗ੍ਰਿਫਤਾਰੀ ਸਮੇਂ ਉਹਨਾਂ ਕੋਲੋਂ ਫੜਿਆ ਗਿਆ ‘ਗ਼ਦਰ ਲਿਟਰੇਚਰ’ ਵੀ ਉਹਨਾਂ ਦੀ ਪੰਜ ਸਾਲ ਕੈਦ ਦਾ ਕਾਰਨ ਬਣਿਆ ਸੀ। ਕੈਲੀਫੋਰਨੀਆ ’ਚ ਉਹ ਗ਼ਦਰ ਪਾਰਟੀ ਦੇ ਮੈਂਬਰ ਬਣ ਗਏ ਅਤੇ ਸਰਗਰਮੀਆਂ ’ਚ ਹਿੱਸਾ ਲੈਣ ਲੱਗੇ। ਇੱਥੇ ਹੀ ਗੁਰਦੁਆਰਾ ਖਾਲਸਾ ਦੀਵਾਨ ਸਟਾਕਟਨ, ਕੈਲੀਫੋਰਨੀਆ ਵਿਖੇ ਊਧਮ ਸਿੰਘ ਦਾ ਆਉਣ-ਜਾਣ ਰਿਹਾ। ਜ਼ਿਕਰਯੋਗ ਹੈ ਕਿ ਮਗਰੋਂ ਊਧਮ ਸਿੰਘ ਦੇ ਮੁਕਦਮੇ ਦੌਰਾਨ ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ ਸਟਾਕਟਨ ਦੀ ਪ੍ਰਬੰਧਕ ਕਮੇਟੀ ਨੇ ਸੰਗਤਾਂ ਵੱਲੋਂ ਕਾਨੂੰਨੀ ਮਦਦ ਲਈ ਮਾਇਆ ਭੇਜੀ ਸੀ।

**ਊਧਮ ਸਿੰਘ ਦੇ ਬਬਰ ਅਕਾਲੀ ਲਹਿਰ ਨਾਲ ਜੁੜੇ ਹੋਣ ਦਾ ਸੱਚ** : ਕਈ ਇਤਿਹਾਸਕਾਰ ਲਿਖਦੇ ਹਨ ਕਿ ਵਿਦੇਸ਼ ਤੋਂ ਪੰਜਾਬ ਵਾਪਸੀ ਮਗਰੋਂ ਉਹਨਾਂ ਦੀ ਮਿਲਣੀ ਬਬਰ ਅਕਾਲੀ ਆਗੂਆਂ ਨਾਲ ਹੋਈ। ਪੰਜਾਬ ਆ ਕੇ ਊਧਮ ਸਿੰਘ ਫਿਰ ਸਰਗਰਮ ਹੋਏ ਅਤੇ ਇਸ ਦੌਰਾਨ ਅੰਮ੍ਰਿਤਸਰ ਇੱਕ ਦੁਕਾਨ ਵੀ ਚਲਾਈ, ਜੋ ਸਮੇਂ-ਸਮੇਂ ਇਨਕਲਾਬੀਆਂ ਦਾ ਤਾਲ-ਮੇਲ ਕੇਂਦਰ ਬਣੀ ਰਹੀ। ਇਤਿਹਾਸਕਾਰ ਗਿਆਨੀ ਨਾਹਰ ਸਿੰਘ ਦੀ ਰਚਿਤ ‘ਆਜ਼ਾਦੀ ਦੀਆਂ ਲਹਿਰਾਂ’ ਕਿਤਾਬ ਵਿੱਚ ਲਿਖਿਆ ਹੈ ਕਿ ਬਬਰ ਅਕਾਲੀ ਲਹਿਰ ਦੀ ਇੱਕ ਸਾਖ ਮਾਲਵੇ ਵਿੱਚ ਬਣ ਚੁੱਕੀ ਸੀ, ਜਿਨਾਂ ਵਿੱਚ 15-16 ਮੈਂਬਰਾਂ ਵਿੱਚੋਂ, ਚੌਧਰੀ ਸ਼ੇਰ ਜੰਗ ਅਤੇ ਊਧਮ ਸਿੰਘ ਵੀ ਸਨ। ਸੰਨ 1932 ਦੀਆਂ ਘਟਨਾਵਾਂ ਬਾਰੇ ਗਿਆਨੀ ਨਾਹਰ ਸਿੰਘ ਅੱਗੇ ਲਿਖਦੇ ਹਨ, ‘ਜਥੇ ਵਿੱਚੋਂ ਊਧਮ ਸਿੰਘ ਸੁਨਾਮ, ਕਰਤਾਰ ਸਿੰਘ ਛੀਨੀਵਾਲ, ਭੋਲਾ ਸਿੰਘ ਲੋਹਾ ਖੇੜਾ, ਬਚਨ ਸਿੰਘ ਲੋਹਾ ਖੇੜਾ, ਕੁੰਡਾ ਸਿੰਘ ਗਾਜੀਆਣਾ, ਫਜ਼ਲ ਘੁੰਮਣ ਵਾਲਾ, ਸੰਤ ਸਿੰਘ ਬੜੀ ਟਿੱਬਾ, ਘੁੰਮਣ ਸਿੰਘ ਮਿਸਤਰੀ ਅਤੇ ਸਉਣ ਸਿੰਘ ਟਿੱਬਾ ਨੇ ਰਲ ਕੇ ਸਲਾਹ ਕੀਤੀ ਕਿ ‘ਗੁਰੂ ਕੇ ਬਾਗ’ ਵਿੱਚ ਅਕਾਲੀ ਸਿੰਘਾਂ ਉੱਪਰ ਬੇਦਰਦ ਲਾਠੀ ਚਾਰਜ ਕਰਵਾਉਣ ਅਤੇ ਗੁਰੂ ਸਾਹਿਬਾਨਾਂ ਦੀ ਸ਼ਾਨ ਵਿਰੁੱਧ ਕੁ-ਬਚਨ ਬੋਲਣ ਵਾਲੇ ਨੀਚ ਬੀਟੀ ਸੁਪਰਡੈਂਟ ਪੁਲਿਸ ਨੂੰ ਪਾਰ ਬੁਲਾਉਣਾ ਚਾਹੀਦਾ ਹੈ। ਇਸ ਕਾਰਜ ਨੂੰ ਸਿਰੇ ਚੜਾਉਣ ਲਈ ਕਰਤਾਰ ਸਿੰਘ ਛੀਨੀਵਾਲ, ਭੋਲਾ ਸਿੰਘ ਲੋਹਾ ਖੇੜਾ ਅਤੇ ਫਜ਼ਲ ਘੁੰਮਣ ਵਾਲੇ ਦੀ ਡਿਊਟੀ ਲਾਈ ਗਈ। ਮਗਰੋਂ ਜਥੇ ਦਾ ਮੈਂਬਰ ਊਧਮ ਸਿੰਘ ਸੁਨਾਮ ਆਪ ਵਲੈਤ ਨੂੰ ਕਿਸੇ ਗੁਝੇ ਮਕਸਦ ਲਈ ਰਵਾਨਾ ਹੋ ਗਿਆ। ਇਤਿਹਾਸਕਾਰ ਪ੍ਰਿੰਸੀਪਲ ਨਿਹਾਲ ਸਿੰਘ ਰਸ ‘ਬੱਬਰ ਅਕਾਲੀ’ ਕਿਤਾਬ ਦੇ ਪੰਨਾ 146-48 ਵਿੱਚ ‘ਗੁਰੂ ਕੇ ਬਾਗ ਦੇ ਮੋਰਚੇ’ ਅਤੇ ‘ਜਲ੍ਹਿਆਂਵਾਲੇ ਬਾਗ’ ਦੇ ਇਤਿਹਾਸ ਬਾਰੇ ਘਟਨਾਵਾਂ ਦਾ ਵੇਰਵਾ ਸਾਂਝਾ ਕਰਦਿਆਂ ਲਿਖਦੇ ਹਨ ਕਿ ਮਾਲਵੇ ਦੇ ਬਬਰ ਅਕਾਲੀਆਂ’ ਵਿੱਚ ਭਾਈ ਊਧਮ ਸਿੰਘ ਸ਼ਾਮਿਲ ਸਨ। ਬਬਰ ਅਕਾਲੀ ਸੁੰਦਰ ਸਿੰਘ ਬਬਰ ਆਪਣੀ ਕਿਤਾਬ ‘ਬੱਬਰ ਅਕਾਲੀ ਲਹਿਰ’ ਦੇ ਪੰਨਾ 310-11 ’ਤੇ ਲਿਖਦੇ ਹਨ ਕਿ ਗੁਰੂ ਕੇ ਬਾਗ ਮੋਰਚੇ ਦੌਰਾਨ ਜ਼ੁਲਮ ਕਰਨ ਵਾਲੇ ਪੁਲਿਸ ਸੁਪਰਡੈਂਟ ਬੀਟੀ ਦੇ ਕਤਲ ਵਿੱਚ ਜਿੱਥੇ ਬਬਰਾਂ ਨੇ ਅਹਿਮ ਭੂਮਿਕਾ ਨਿਭਾਈ, ਉਥੇ ਮਾਲਵੇ ਦੇ ਬਬਰਾਂ ’ਚੋਂ ਊਧਮ ਸਿੰਘ ਸੁਨਾਮ ਨੇ ਇੰਗਲੈਂਡ ਜਾ ਕੇ ਓਡਵਾਇਰ ਨੂੰ ਸੋਧਿਆ।




ਸ਼ਹੀਦ ਊਧਮ ਤਸਵੀਰਾਂ ਰਾਹੀਂ ਜੀਵਨ ਸਫ਼ਰ।
10, ਕੈਕਸਟਨ ਹਾਲ ਰੋਡ, ਲੰਡਨ ਦੇ ਬਾਹਰ ਲੇਖਕ।






**ਸ਼ਹੀਦ ਊਧਮ ਸਿੰਘ ਅਤੇ ਸ਼ਹੀਦ ਭਗਤ ਸਿੰਘ ਦੀਆਂ ਮੁਲਾਕਾਤਾਂ ਬਾਰੇ ਅਸਲੀਅਤ** : 30 ਅਗਸਤ 1927 ਨੂੰ ਊਧਮ ਸਿੰਘ ਅੰਗਰੇਜ਼ੀ ਭੇਸ ਵਿੱਚ ਅਸਲੇ ਸਮੇਤ ਕਟੜਾ ਸ਼ੇਰ ਸਿੰਘ, ਅੰਮ੍ਰਿਤਸਰ ਤੋਂ ਫੜਿਆ ਗਿਆ ਅਤੇ 1928 'ਚ ਊਧਮ ਸਿੰਘ ਨੂੰ 5 ਸਾਲ ਕੈਦ ਹੋਈ। 23 ਅਕਤੂਬਰ 1931 ਨੂੰ ਊਧਮ ਸਿੰਘ ਜੇਲ੍ਹ 'ਚੋਂ ਰਿਹਾਅ ਹੋਇਆ। ਕਈ ਲਿਖਾਰੀਆਂ ਨੇ ਊਧਮ ਸਿੰਘ ਤੇ ਭਗਤ ਸਿੰਘ ਦੀਆਂ ਮੁਲਾਕਾਤਾਂ ਦੇ ਵੇਰਵੇ ਦਿੱਤੇ ਹਨ। ਕਈਆਂ ਨੇ ਤਾਂ ਭਗਤ ਸਿੰਘ ਨੂੰ ਊਧਮ ਸਿੰਘ ਦਾ 'ਗੁਰੂ' ਕਹਿ ਕੇ ਵੀ ਸੰਬੋਧਨ ਕੀਤਾ ਤੇ ਮਾਨਾਂਵਾਲਾ ਥਾਂ 'ਤੇ ਭਗਤ ਸਿੰਘ ਅਤੇ ਊਧਮ ਸਿੰਘ ਵੱਲੋਂ ਰੇਲਵੇ ਲਾਈਨ 'ਤੇ 'ਕਰੰਸੀ ਅਤੇ ਪਿਸਤੌਲ ਬਰਾਮਦ ਕਰਨ ਦੀ ਕਹਾਣੀ' ਵੀ ਘੜ ਦਿੱਤੀ, ਜਦ ਕਿ ਅਸਲੀਅਤ ਵਿੱਚ ਇਹ ਮੁਲਾਕਾਤਾਂ ਕੋਰੀਆਂ ਕਲਪਨਾਵਾਂ ਹਨ। ਸ਼ਹੀਦ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੂੰ 23 ਮਾਰਚ 1931 ਨੂੰ ਫਾਂਸੀ ਹੋ ਗਈ ਸੀ, ਜਦ ਕਿ ਊਧਮ ਸਿੰਘ 1927 ਤੋਂ ਅਕਤੂਬਰ 1931 ਤੱਕ ਜੇਲ੍ਹ ਵਿੱਚ ਸੀ। ਇਉਂ ਇਹਨਾਂ ਦੋਹਾਂ ਦੀ ਮੁਲਾਕਾਤ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। 20 ਮਾਰਚ 1933 ਨੂੰ ਉਸ ਨੇ ਲਾਹੌਰ ਤੋਂ ਊਧਮ ਸਿੰਘ ਦੇ ਨਾਮ 'ਤੇ ਨਵਾਂ ਪਾਸਪੋਰਟ ਹਾਸਲ ਕਰ ਲਿਆ ਅਤੇ ਸੰਨ 1934 'ਚ ਇੰਗਲੈਂਡ ਪਹੁੰਚ ਗਿਆ ਸੀ। ਇਸ ਦਾ ਅਰਥ ਇਹ ਨਹੀਂ ਕਿ ਊਧਮ ਸਿੰਘ ਉੱਪਰ ਭਗਤ ਸਿੰਘ ਦੀ ਸ਼ਹਾਦਤ ਦਾ ਅਸਰ ਨਹੀਂ ਸੀ। ਸ਼ਹੀਦ ਊਧਮ ਸਿੰਘ ਜਿੱਥੇ ਗੁਰਬਾਣੀ ਅਤੇ ਸਿੱਖ ਇਤਿਹਾਸ ਤੋਂ ਪ੍ਰਭਾਵਿਤ ਸੀ, ਉਥੇ ਉਸ ਨੇ ਗ਼ਦਰ ਲਹਿਰ ਅਤੇ ਬਬਰ ਅਕਾਲੀ ਲਹਿਰ ਤੋਂ ਵੀ ਪ੍ਰਭਾਵ ਕਬੂਲਿਆ। ਉਸ ਦੀ ਸ਼ਖ਼ਸੀਅਤ ਉਪਰ ਗਦਰੀ ਯੋਧੇ ਭਾਈ ਕਰਤਾਰ ਸਿੰਘ ਸਰਾਭਾ ਅਤੇ ਸ਼ਹੀਦ ਭਗਤ ਸਿੰਘ ਦਾ ਗਹਿਰਾ ਅਸਰ ਸੀ। ਸ਼ਹੀਦ ਸਰਾਭਾ ਅਤੇ ਗਦਰ ਲਹਿਰ ਨਾਲ ਜੁੜੀ ਇਹ ਕਵਿਤਾ ਸ਼ਹੀਦ ਊਧਮ ਸਿੰਘ ਅਕਸਰ ਗੁਣਗੁਣਾਉਂਦੇ ਰਹਿੰਦੇ;

**'ਸੇਵਾ ਦੇਸ ਦੀ ਜਿੰਦੜੀਏ ਬੜੀ ਔਖੀ,**
**ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।**
**ਜਿਨਾਂ ਦੇਸ ਸੇਵਾ ਵਿੱਚ ਪੈਰ ਪਾਇਆ**
**ਉਹਨਾਂ ਲੱਖ ਮੁਸੀਬਤਾਂ ਝੱਲੀਆਂ ਨੇ।'**

**ਸ਼ਹੀਦ ਊਧਮ ਸਿੰਘ ਨੇ ਓਡਵਾਇਰ ਮਾਰਿਆ ਸੀ, ਨਾ ਕਿ ਡਾਇਰ** : ਜਲ੍ਹਿਆਂਵਾਲੇ ਬਾਗ਼ ਦੇ ਸ਼ਹੀਦੀ ਸਾਕੇ ਮੌਕੇ ਪੰਜਾਬ ਦਾ ਲੈਫਟੀਨੈਂਟ ਗਵਰਨਰ ਮਾਈਕਲ ਓਡਵਾਇਰ ਸੀ ਅਤੇ ਪੁਲਿਸ ਨੂੰ ਗੋਲੀਆਂ ਚਲਾਉਣ ਦਾ ਹੁਕਮ ਦੇਣ ਵਾਲਾ ਜਨਰਲ ਡਾਇਰ। ਇਹ ਤੱਥ ਜਗ ਜ਼ਾਹਰ ਹੈ ਕਿ ਸ਼ਹੀਦ ਊਧਮ ਸਿੰਘ ਨੇ ਡਾਇਰ ਨਹੀਂ, ਓਡਵਾਇਰ ਨੂੰ ਮਾਰਿਆ ਸੀ। ਮਾਈਕਲ ਓਡਵਾਇਰ ਜਦ ਪੰਜਾਬ ਦਾ ਲੈਫਟੀਨੈਂਟ ਗਵਰਨਰ ਸੀ, ਤਾਂ ਉਸ ਨੇ 42 ਇਨਕਲਾਬੀਆਂ ਨੂੰ ਮੌਤ ਦੀ ਸਜ਼ਾ,114 ਨੂੰ ਉਮਰ ਕੈਦ, ਅਨੇਕਾਂ ਹੋਰਾਂ ਨੂੰ ਵੱਖੋ-ਵੱਖ ਜੇਲ੍ਹ ਸਜ਼ਾਵਾਂ ਦਿੱਤੀਆਂ ਸਨ। ਜਲ੍ਹਿਆਂਵਾਲੇ ਬਾਗ ਦੇ ਖ਼ੂਨੀ ਸਾਕੇ ਦੀ ਅਗਵਾਈ ਵੀ, ਸਰਕਾਰ ਦੇ ਆਗੂ ਵਜੋਂ ਲੈਫਟੀਨੈਂਟ ਗਵਰਨਰ ਮਾਈਕਲ ਓਡਵਾਇਰ ਵੱਲੋਂ ਕੀਤੀ ਗਈ ਸੀ। ਇਸ ਖ਼ੂਨੀ ਸਾਕੇ ਦੌਰਾਨ ਮਨੁੱਖਤਾ ਦੇ ਡੁੱਲ੍ਹੇ ਲਹੂ ਦਾ ਹਿਸਾਬ ਊਧਮ ਸਿੰਘ ਨੇ 21 ਸਾਲ ਮਗਰੋਂ ਚੁਕਾਇਆ, ਪਰ ਕਈ ਲਿਖਾਰੀਆਂ ਨੇ ਟਪਲਾ ਖਾ ਕੇ 'ਡਾਇਰ' ਦਾ ਨਾਂ ਹੀ ਲਿਖ ਦਿੱਤਾ। ਇਥੋਂ ਤੱਕ ਕਿ ਅਮਰ ਸਿੰਘ ਤੇਗ ਨੇ ਪੱਤਰਕਾਰ ਹਰਭਜਨ ਹਲਵਾਰਵੀ ਨਾਲ 3 ਨਵੰਬਰ 1979 ਨੂੰ ਹੋਈ ਗੱਲਬਾਤ ਵਿੱਚ ਵੀ ਊਧਮ ਸਿੰਘ ਵੱਲੋਂ ਜਨਰਲ ਡਾਇਰ ਨੂੰ ਮਾਰਨ ਦਾ ਟਪਲਾ ਖਾਧਾ। ਅਸਲੀਅਤ ਇਹ ਹੈ ਕਿ ਜਰਨਲ ਡਾਇਰ ਦੀ ਮੌਤ, ਹੰਟਰ ਕਮਿਸ਼ਨ ਵੱਲੋਂ ਖ਼ੂਨੀ ਸਾਕੇ ਦਾ ਦੋਸ਼ੀ ਠਹਿਰਾਉਣ ਮਗਰੋਂ, ਜਬਰੀ ਸੇਵਾ ਮੁਕਤੀ ਦੌਰਾਨ 23 ਜੁਲਾਈ 1927 ਵਿੱਚ ਹੋ ਚੁੱਕੀ ਸੀ। ਇੱਥੋਂ ਤੱਕ ਕਿ ਅਗਾਂਹਵਧੂ ਕਵੀ ਹਰਭਜਨ ਸਿੰਘ 'ਹੁੰਦਲ' ਵੀ ਅਜਿਹਾ ਭੁਲੇਖਾ ਖਾਂਦੇ ਹੋਏ ਲਿਖਦੇ ਹਨ;

**'ਅਸੀਂ ਭਾਜੀਆਂ ਮੋੜਨਾ ਜਾਣਦੇ ਹਾਂ,**
**ਜਾ ਕੇ ਪੁੱਛ ਲਓ ਮੁਗ਼ਲ ਦਰਬਾਰ ਕੋਲੋਂ।**
**ਜੇਕਰ ਫਿਰ ਵੀ ਕਿਸੇ ਨੂੰ ਸ਼ੱਕ ਹੋਵੇ,**
**ਜਾ ਕੇ ਪੁੱਛ ਲਓ 'ਡਾਇਰ' ਪਰਿਵਾਰ ਕੋਲੋਂ।'**

**ਊਧਮ ਸਿੰਘ ਵੱਲੋਂ 'ਕਿਤਾਬ ਵਿੱਚ ਪਿਸਤੌਲ ਲੁਕਾ ਕੇ ਲਿਜਾਣ' ਦਾ ਸੱਚ** : ਸ਼ਹੀਦ ਊਧਮ ਸਿੰਘ 13 ਮਾਰਚ 1940 ਨੂੰ ਕਾਰਤੂਸਾਂ ਨਾਲ ਭਰਿਆ ਪਿਸਤੌਲ ਲੈ ਕੇ ਕੈਕਸਟਨ ਹਾਲ ਲੰਡਨ ਜਾ ਪੁੱਜਿਆ। ਕਈ ਲਿਖਾਰੀ ਆਖਦੇ ਹਨ ਕਿ ਉਸ ਨੇ ਪਿਸਤੌਲ ਕਿਤਾਬ ਵਿੱਚ ਲੁਕੋਇਆ ਹੋਇਆ ਸੀ, ਜਦ ਕਿ ਇਹ ਪਿਸਤੌਲ ਕਿਤਾਬ ਵਿੱਚ ਨਹੀਂ ਲੁਕੋਇਆ ਸੀ, ਬਲਕਿ ਊਧਮ ਸਿੰਘ ਦੇ ਕੋਟ ਦੀ ਜੇਬ ਵਿੱਚ ਸੀ। ਊਧਮ ਸਿੰਘ ਦੇ ਕੈਕਸਟਨ ਹਾਲ ਵਿੱਚ ਦਾਖਲ ਹੋਣ ਬਾਰੇ ਵੀ ਗਲਤ ਧਾਰਨਾ ਹੈ ਕਿ ਊਧਮ ਸਿੰਘ ਦੀ 'ਪ੍ਰੇਮਿਕਾ' ਉਸ ਨੂੰ ਨਾਲ ਲੈ ਕੇ ਗਈ। ਦਰਅਸਲ 13 ਮਾਰਚ 1940 ਦੀ ਮੀਟਿੰਗ 'ਈਸਟ ਇੰਡੀਆ ਐਸੋਸੀਏਸ਼ਨ' ਅਤੇ 'ਰਾਇਲ ਸੈਂਟਰਲ ਏਸ਼ੀਅਨ ਸੁਸਾਇਟੀ' ਵੱਲੋਂ ਸੱਦੀ ਗਈ ਸੀ। ਮੀਟਿੰਗ ਵਿੱਚ ਦਾਖਲਾ ਕੇਵਲ ਪਾਸ ਰਾਹੀਂ ਹੋ ਸਕਦਾ ਸੀ ਤੇ ਇੱਕ ਪਾਸ 'ਤੇ ਦੋ ਵਿਅਕਤੀ ਜਾ ਸਕਦੇ ਸਨ। ਊਧਮ ਸਿੰਘ ਕੈਕਸਟਨ ਹਾਲ ਦੇ ਬਾਹਰ ਮੌਜੂਦ ਸੀ ਅਤੇ ਦਾਖਲ ਹੋਣ ਲਈ ਉਸ ਨੇ ਇੱਕ ਮਹਿਮਾਨ ਔਰਤ ਨੂੰ ਗੁਜ਼ਾਰਿਸ਼ ਕੀਤੀ, ਜਿਸ ਕੋਲ ਇੱਕ ਵਿਅਕਤੀ ਨਾਲ ਲਿਜਾਣ ਦੀ ਗੁੰਜਾਇਸ਼ ਸੀ। ਇਸ ਤਰ੍ਹਾਂ ਫ਼ੁਰਤੀ ਨਾਲ ਉਹ ਹਾਲ ਵਿੱਚ ਦਾਖਲ ਹੋਇਆ।

**ਊਧਮ ਸਿੰਘ ਦਾ ਮਕਸਦ 'ਬ੍ਰਿਟਿਸ਼ ਬਸਤੀਵਾਦ' ਚੁਣੌਤੀ ਦੇਣਾ ਸੀ, ਨਾਕਿ ਇਕੱਲੇ ਓਡਵਾਇਰ ਨੂੰ ਮਾਰਨਾ** : ਜ਼ਿਆਦਾਤਰ ਲੇਖਕ ਊਧਮ ਸਿੰਘ ਦਾ ਮਕਸਦ ਲੰਡਨ ਵਿੱਚ ਓਡਵਾਇਰ ਨੂੰ ਮਾਰਨ ਤੱਕ ਸੀਮਤ ਕਰਦੇ ਹਨ, ਜਦ ਕਿ ਊਧਮ ਸਿੰਘ ਦਾ ਮਕਸਦ ਇਸ ਤੋਂ ਵੱਡਾ ਸੀ। ਮਾਈਕਲ ਓਡਵਾਇਰ ਨੂੰ ਊਧਮ ਸਿੰਘ ਲੰਡਨ ਵਿੱਚ ਕਈ ਮੌਕਿਆਂ 'ਤੇ ਮਿਲਦਾ ਰਿਹਾ, ਪਰ ਉਸ ਨੂੰ ਮਾਰ ਕੇ ਮਹਿਜ਼ ਬਦਲਾ ਲੈਣ ਤੱਕ ਊਧਮ ਸਿੰਘ ਦੀ ਸੋਚ ਸੀਮਤ ਨਹੀਂ ਸੀ। ਉਹ ਬ੍ਰਿਟਿਸ਼ ਬਸਤੀਵਾਦ ਨੂੰ ਚੁਣੌਤੀ ਦੇਣਾ ਚਾਹੁੰਦਾ ਸੀ। ਬੀਤੇ ਵਰ੍ਹਿਆਂ ਦੌਰਾਨ ਮੇਰੇ ਲਈ ਉਹ ਪਲ ਇਤਿਹਾਸਕ ਸਨ, ਜਦੋਂ ਲੰਡਨ ਦੇ ਕੈਕਸਟਨ ਹਾਲ ਦੀ ਜਗ੍ਹਾ 'ਤੇ ਜਾਣ ਦਾ ਸੁਭਾਗ ਮਿਲਿਆ, ਜਿੱਥੇ ਸ਼ਹੀਦ ਊਧਮ ਸਿੰਘ ਨੇ ਓਡਵਾਇਰ ਨੂੰ ਸੋਧਿਆ ਸੀ। ਚਾਹੇ ਉਸ ਜਗ੍ਹਾ 'ਤੇ ਸ਼ਹੀਦ ਊਧਮ ਸਿੰਘ ਦੀ ਕੋਈ ਯਾਦਗਾਰ ਸਥਾਪਤ ਨਹੀਂ, ਪਰ ਉੱਥੇ ਖੜਦਿਆਂ ਹੀ 'ਰੂਹ ਤੱਕ ਝਰਨਾਹਟ' ਛਿੜ ਜਾਂਦੀ ਹੈ।



ਜਨਰਲ ਓਡਵਾਇਰ ਨੂੰ ਗੋਲੀ ਮਾਰਨ ਤੋਂ ਬਾਅਦ ਗ੍ਰਿਫ਼ਤਾਰੀ ਸਮੇਂ ਸ੍ਰ. ਊਧਮ ਸਿੰਘ
ਮਿਤੀ : 13 ਮਾਰਚ 1940 ਸਥਾਨ : ਕੈਕਸਟਨ ਹਾਲ ਲੰਡਨ

13 ਮਾਰਚ 1940 ਕੈਕਸਟਨ ਹਾਲ ਵਿਖੇ ਭਾਸ਼ਣ ਦੇਣ ਵਾਲਿਆਂ ਵਿੱਚ ਸਾਬਕਾ ਵਜ਼ੀਰੇ-ਹਿੰਦ ਲਾਰਡ ਜੈਟਲੈਂਡ, ਲਾਰਡ ਲਮਿੰਗਟਨ ਅਤੇ ਪੰਜਾਬ ਦੇ ਸਾਬਕਾ ਲੈਫਟੀਨੈਂਟ ਗਵਰਨਰ ਸਰ ਲੁਈ ਡੇਨ ਤੇ ਮਾਈਕਲ ਓਡਵਾਇਰ ਸ਼ਾਮਿਲ ਸਨ। ਬ੍ਰਿਟਿਸ਼ ਇੰਡੀਅਨ ਸਟੇਟ ਦੇ ਇਹਨਾਂ ਮੁਖੀਆਂ ਉੱਪਰ ਊਧਮ ਸਿੰਘ ਨੇ 6 ਗੋਲੀਆਂ ਚਲਾਈਆਂ। ਓਡਵਾਇਰ ਦੀ ਪਿੱਠ 'ਤੇ ਦੋ ਗੋਲੀਆਂ ਲੱਗੀਆਂ ਤੇ ਉਹ ਮੌਕੇ 'ਤੇ ਹੀ ਮਾਰਿਆ ਗਿਆ। ਲਾਰਡ ਲਿਮਿੰਗਟਨ ਦੇ ਸੱਜੇ ਹੱਥ 'ਤੇ ਗੋਲੀ ਲੱਗੀ, ਸਰ ਲੁਈ ਡੇਨ ਦੇ ਬਾਂਹ 'ਤੇ ਗੋਲੀ ਲੱਗੀ ਅਤੇ ਲਾਰਡ ਜੈਟਲੈਂਡ ਫਰਸ਼ 'ਤੇ ਡਿੱਗ ਕੇ ਬਚਿਆ। ਊਧਮ ਸਿੰਘ ਦਾ ਰਿਵਾਲਵਰ ਪਹਿਲੇ ਵਿਸ਼ਵ ਯੁੱਧ ਵੇਲੇ ਦਾ ਸੀ, ਜੋ ਕਾਫੀ ਪੁਰਾਣਾ ਸੀ। ਰਿਵਾਲਵਰ ਤੇ ਗੋਲੀਆਂ 'ਚ ਕੁਝ ਨੁਕਸ ਹੋਣ ਕਾਰਨ ਕਈਆਂ ਦਾ ਬਚਾਅ ਹੋ ਗਿਆ। ਪਿਸਤੌਲ ਬਾਰੇ ਮਾਹਿਰ ਰੋਬਰਟ ਚਰਚਲ ਦੇ ਦੱਸਣ ਅਨੁਸਾਰ ਗੋਲੀਆਂ ਪਿਸਤੌਲ ਦੀ ਚੈਂਬਰ 'ਚ ਪੂਰੀਆਂ ਫਿਟ ਨਹੀਂ ਸਨ, ਜਿਸ ਕਾਰਨ ਨਿਸ਼ਾਨਾ ਠੀਕ ਨਹੀਂ ਬੈਠਿਆ। ਇਥੋਂ ਤੱਕ ਕਿ ਜਿਹੜੀਆਂ ਗੋਲੀਆਂ ਨਾਲ ਓਡਵਾਇਰ ਮਰਿਆ, ਉਹ ਵੀ 6 ਤੋਂ 8 ਇੰਚ ਦੇ ਫਾਸਲੇ ਤੋਂ ਲੱਗਣ ਕਾਰਨ ਹੀ ਸਹੀ ਨਿਸ਼ਾਨੇ 'ਤੇ ਲੱਗੀਆਂ ਸਨ।

ਡਾਕਟਰ ਜੇ.ਐਸ. ਗਰੇਵਾਲ 'ਲੈਟਰਜ਼ ਆਫ ਊਧਮ ਸਿੰਘ' ਵਿੱਚ ਪੰਨਾ 20 'ਤੇ ਲਿਖਦੇ ਹਨ ਕਿ ਊਧਮ ਸਿੰਘ ਨੇ ਸਾਰਜੈਂਟ ਸਿਡਨੀ ਜੋਨਜ਼ ਨੂੰ ਪੁੱਛਿਆ, 'ਕੀ ਜੈਟਲੈਂਡ ਮਰ ਗਿਆ ਹੈ। ਉਸ ਨੂੰ ਮਰਨਾ ਚਾਹੀਦਾ ਸੀ। ਮੈਂ ਉਸ ਨੂੰ ਵੀ ਦੋ ਗੋਲੀਆਂ ਖੱਬੇ ਪਾਸੇ ਮਿਅਦੇ ਵਿੱਚ ਮਾਰੀਆਂ ਸਨ।' ਇਸ ਤੋਂ ਸਪਸ਼ਟ ਹੈ ਕਿ ਊਧਮ ਸਿੰਘ 'ਬ੍ਰਿਟਿਸ਼ ਬਸਤੀਵਾਦ' ਦੇ ਜ਼ੁਲਮ ਖਿਲਾਫ ਹਥਿਆਰਬੰਦ ਕਾਰਵਾਈ ਕਰ ਰਿਹਾ ਸੀ, ਨਾ ਕਿ 'ਇੱਕ ਵਿਅਕਤੀ ਵਿਸ਼ੇਸ਼' ਖਿਲਾਫ਼ ਬਦਲਾ-ਲਊ ਕਾਰਵਾਈ। 5 ਜੂਨ 1940 ਨੂੰ ਜੱਜ ਵੱਲੋਂ ਫਾਂਸੀ ਸੁਣਾਈ ਜਾਣ ਵੇਲੇ ਊਧਮ ਸਿੰਘ ਨੇ ਅੰਗਰੇਜ਼ੀ, ਗੁਰਮੁਖੀ ਅਤੇ ਉਰਦੂ ਵਿੱਚ 8 ਪੰਨਿਆਂ ਦੇ ਬਿਆਨ ਰਾਹੀਂ ਇਹ ਸੱਚਾਈ ਬਿਆਨ ਕੀਤੀ ਕਿ ਉਹ ਬ੍ਰਿਟਿਸ਼ ਸਾਮਰਾਜ ਖਿਲਾਫ਼ ਲੜਾਈ ਲੜ ਰਿਹਾ ਹੈ ਅਤੇ ਦੁਨੀਆ ਅੱਗੇ ਉਸ ਦੇ ਜ਼ੁਲਮ ਨੂੰ ਨੰਗਾ ਕਰਨਾ ਚਾਹੁੰਦਾ ਹੈ। ਸੱਚ ਤਾਂ ਇਹ ਹੈ ਕਿ ;

**ਲੰਡਨ ਬਸਤੀਵਾਦ ਦਾ, ਜਦ ਹੁੰਦਾ ਸੀ ਗੜ੍ਹ।**
**ਊਧਮ ਸਿੰਘ ਸਰਦਾਰ ਨੇ, ਤਦ ਭੰਨੀ ਸੀ ਤੜ।**

**ਊਧਮ ਸਿੰਘ ਵੱਲੋਂ ਅਦਾਲਤ 'ਚ ਹੀਰ 'ਤੇ ਹੱਥ ਧਰ ਕੇ ਸਹੁੰ ਖਾਣ ਦਾ ਸੱਚ** : 4 ਜੂਨ 1940 ਨੂੰ ਊਧਮ ਸਿੰਘ ਦੇ ਲੰਡਨ ਦੀ ਅਦਾਲਤ ਵਿੱਚ ਬਿਆਨ ਹੋਣ ਮੌਕੇ 'ਸੱਚ ਬੋਲਣ ਦੀ ਸਹੁੰ ਖਾਣ' ਲਈ 'ਹੀਰ ਦੀ ਕਿਤਾਬ 'ਤੇ ਹੱਥ ਰੱਖਣ' ਦੀ ਕਹਾਣੀ ਮਨਘੜਤ ਅਤੇ ਸੰਕੀਰਨ ਸੋਚ ਤੋਂ ਪ੍ਰੇਰਿਤ ਹੈ। ਅਸਲੀਅਤ ਇਹ ਹੈ ਕਿ ਜੱਜ ਨੇ ਕੈਦੀ ਊਧਮ ਸਿੰਘ ਨੂੰ ਜਦੋਂ ਬਾਈਬਲ ਉੱਪਰ ਹੱਥ ਰੱਖ ਕੇ ਸਹੁੰ ਖਾਣ ਦੀ ਗੱਲ ਕੀਤੀ, ਤਾਂ ਊਧਮ ਸਿੰਘ ਨੇ ਸਹੁੰ ਖਾਣ ਤੋਂ ਇਨਕਾਰ ਕਰ ਦਿੱਤਾ। ਅਜਿਹੀ ਹਾਲਤ ਵਿੱਚ 'ਹੱਥ ਉਤਾਹਾਂ ਚੁੱਕ ਕੇ ਸੱਚ ਬੋਲਣ ਦਾ ਪ੍ਰਣ ਲੈਣ ਦੀ ਵਿਧੀ' ਊਧਮ ਸਿੰਘ ਵੱਲੋਂ ਅਪਣਾਈ ਗਈ, ਜੋ ਕਿ ਅਦਾਲਤ ਵੱਲੋਂ ਪ੍ਰਵਾਨ ਕੀਤੀ ਗਈ। ਇਸ ਪ੍ਰਚਲਤ ਗ਼ਲਤ ਧਾਰਨਾ ਬਾਰੇ ਖੋਜਾਰਥੀ ਸੁਖਦੀਪ ਸਿੰਘ ਬਰਨਾਲਾ ਵੱਲੋਂ ਵਿਸ਼ੇਸ਼ ਡਾਕੂਮੈਂਟਰੀ ਰਾਹੀਂ ਸ਼ਹੀਦ ਊਧਮ ਸਿੰਘ ਬਾਰੇ ਪ੍ਰਮਾਣਿਕ ਦਸਤਾਵੇਜ਼ ਇਕੱਤਰ ਕਰਕੇ, ਹੀਰ ਦੀ ਸਹੁੰ ਖਾਣ ਬਾਰੇ ਸੱਚਾਈ ਉਜਾਗਰ ਕੀਤੀ ਗਈ ਹੈ। ਬੇਸ਼ੱਕ ਊਧਮ ਸਿੰਘ 'ਹੀਰ' ਦਾ ਪਾਠਕ ਸੀ ਅਤੇ ਇਸ ਕਿਤਾਬ ਉਸ ਨੇ ਆਪਣੇ ਮਿੱਤਰ ਨੂੰ ਸੌਂਪੀ ਸੀ, ਪਰ ਇਸ 'ਤੇ ਹੱਥ ਰੱਖ ਕੇ ਸਹੁੰ ਖਾਣ ਦਾ ਬਿਰਤਾਂਤ ਗੁਮਰਾਹਕੁਨ ਹੈ।

**ਸ਼ਹੀਦ ਊਧਮ ਸਿੰਘ ਦੇ ਨਾਂ 'ਮੁਹੰਮਦ ਸਿੰਘ ਆਜ਼ਾਦ' ਬਾਰੇ ਅਸਲੀਅਤ** : ਸ਼ਹੀਦ ਊਧਮ ਸਿੰਘ ਦੇ ਅਨੇਕਾਂ ਨਾਵਾਂ 'ਚੋਂ ਇੱਕ ਖ਼ਾਸ ਨਾਮ ਮੁਹੰਮਦ ਸਿੰਘ ਆਜ਼ਾਦ' ਸੀ। ਲੇਖਕ ਰਾਕੇਸ਼ ਕੁਮਾਰ ਨੇ ਨਵੀਆਂ ਲਿਖਤਾਂ ਵਿੱਚ ਇਸ ਬਾਰੇ ਵਿਸਤਾਰਪੂਰਵਕ ਹਵਾਲੇ ਦਰਜ ਕੀਤੇ ਹਨ, ਪਰ ਕਈ ਫਿਲਮਕਾਰਾਂ, ਨਾਵਲਕਾਰਾਂ ਅਤੇ ਸਿਆਸਤਦਾਨਾਂ ਵੱਲੋਂ ਨਾਂ ਪ੍ਰਚੱਲਤ ਕਰ ਦਿੱਤਾ ਗਿਆ ਹੈ, 'ਰਾਮ ਮੁਹੰਮਦ ਸਿੰਘ ਆਜ਼ਾਦ'। ਦਰਅਸਲ ਸ਼ਹੀਦ ਊਧਮ ਸਿੰਘ ਦਾ ਮਿਥ ਕੇ ਸੰਘੀਕਰਣ ਕੀਤਾ ਜਾ ਰਿਹਾ ਹੈ। ਫਾਸ਼ੀਵਾਦੀ ਅਤੇ ਸੰਘੀ ਏਜੰਡੇ ਅਨੁਸਾਰ ਸ਼ਹੀਦ ਊਧਮ ਸਿੰਘ ਦਾ ਨਾਂ 'ਰਾਮ ਮੁਹੰਮਦ ਸਿੰਘ ਆਜ਼ਾਦ' ਪ੍ਰਚਾਰਿਆ ਜਾ ਰਿਹਾ ਹੈ, ਜੋ ਕਿ ਮਨਘੜਤ ਹੈ। ਭਾਰਤੀ ਮੀਡੀਆ ਨੇ ਵੀ ਸੰਘੀ ਪ੍ਰਣਾਲੀ ਥੱਲੇ ਜਾਣ-ਬੁੱਝ ਕੇ ਊਧਮ ਸਿੰਘ ਦਾ ਨਾਂ ਵਿਗਾੜਿਆ ਹੈ। ਸ਼ਹੀਦ ਊਧਮ ਸਿੰਘ ਨੇ ਜਦ ਖ਼ੁਦ ਆਪਣਾ ਨਾਂ 'ਮੁਹੰਮਦ ਸਿੰਘ ਆਜ਼ਾਦ' ਲਿਖਿਆ ਹੈ, ਤਾਂ ਕਿਸੇ ਨੂੰ ਉਸ ਦਾ ਨਾਂ ਵਿਗਾੜਨ ਦਾ ਕੋਈ ਹੱਕ ਨਹੀਂ।



ਸ. ਊਧਮ ਸਿੰਘ, ਕੈਪਟਨ ਬਚਨ ਸਿੰਘ ਅਤੇ ਮਨਜੀਤ ਸਿੰਘ ਕਾਸ਼ਿਦ ਦੇ ਵਿਚਕਾਰ ਖੜ੍ਹੇ ਹੋਏ ਅਤੇ ਗੋਦ ਵਿਚ ਰਘਵੀਰ ਸਿੰਘ ਰਿਟਾਇਰਡ ਈ.ਓ.
ਸੰਨ 1933 ਸਥਾਨ : ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ), ਸੁਨਾਮ

**ਸ਼ਹੀਦ ਊਧਮ ਸਿੰਘ ਦੇ ਵਿਰੋਧ ਵਿੱਚ ਕੌਣ ਅਤੇ ਹੱਕ ਵਿੱਚ ਕੌਣ ਨਿਤਰੇ ?**

ਸ਼ਹੀਦ ਊਧਮ ਸਿੰਘ ਵੱਲੋਂ ਓਡਵਾਇਰ ਨੂੰ ਸੋਧਣ ਦੀ ਕਾਰਵਾਈ ਮਗਰੋਂ 79, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਿੰਕਲੇਅਰ ਰੋਡ ਸ਼ੈਫਰਡਜ਼ ਬੁਸ਼ ਲੰਡਨ ਦੇ ਪ੍ਰਬੰਧਕ ਸਾਹਿਬਾਨਾਂ ਅਤੇ ਖਾਲਸਾ ਜਥੇ ਨੇ ਸ਼ਹੀਦ ਊਧਮ ਸਿੰਘ ਦੀ ਫਾਂਸੀ ਵੇਲੇ, ਕਨੂੰਨੀ ਪੱਧਰ 'ਤੇ ਮਾਇਕ ਮਦਦ ਕੀਤੀ। ਗੁਰਦੁਆਰੇ ਦੇ ਸਕੱਤਰ ਭਾਈ ਸ਼ਿਵ ਸਿੰਘ ਜੌਹਲ, ਭਾਈ ਸੌਦਾਗਰ ਸਿੰਘ ਤੇ ਭਾਈ ਰਤਨ ਸਿੰਘ ਸਮੇਤ ਕਈ ਹਮਦਰਦ ਮੁਕਦਮੇ ਦੌਰਾਨ ਲਗਾਤਾਰ ਸਰਗਰਮ ਰਹੇ। ਦੂਜੇ ਪਾਸੇ ਲੰਡਨ ਰਹਿੰਦੇ ਅੰਗਰੇਜ਼ ਪੱਖੀ ਭਾਰਤੀਆਂ ਦੀਆਂ ਸੰਸਥਾਵਾਂ, ਭਾਰਤ ਵਿੱਚ ਅੰਗਰੇਜ਼-ਪ੍ਰਸਤ ਕਾਂਗਰਸੀਆਂ, ਮੋਹਨ ਦਾਸ ਕਰਮ ਚੰਦ ਗਾਂਧੀ ਦੇ ਅਖ਼ਬਾਰ 'ਹਰੀਜਨ' ਅਤੇ ਲਾਲਾ ਲਾਜਪਤ ਰਾਏ ਆਦ ਦੀਆਂ ਧਿਰਾਂ ਵੱਲੋਂ ਵੱਲੋਂ ਊਧਮ ਸਿੰਘ ਖਿਲਾਫ਼ ਬਿਆਨਬਾਜ਼ੀ ਕੀਤੀ। ਗਾਂਧੀ ਨੇ ਤਾਂ ਓਡਵਾਇਰ ਦੇ ਕਤਲ ਕਾਰਨ ਊਧਮ ਸਿੰਘ ਨੂੰ 'ਅੱਤਵਾਦੀ' ਵੀ ਗਰਦਾਨਿਆ। ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਨ 'ਤੇ ਅੱਜ ਕੱਲ ਰਸਮੀ ਤੌਰ ਤੇ ਸ਼ਹੀਦ ਦੇ ਬੁੱਤ 'ਤੇ ਹਾਰ ਪਾਉਣ ਵਾਲੇ ਰਾਸ਼ਟਰਵਾਦੀਆਂ ਦੀਆਂ ਸਿਆਸੀ ਪਾਰਟੀਆਂ ਊਧਮ ਸਿੰਘ ਵੱਲੋਂ ਓਡਵਾਇਰ ਨੂੰ ਸੋਧਣ ਦੇ ਖ਼ਿਲਾਫ਼ ਸਨ।

ਲੰਡਨ ਦੀ ਸਿੱਖ ਸੰਸਥਾ ਖਾਲਸਾ ਜੱਥਾ ਅਤੇ ਸੈਂਟਰਲ ਗੁਰਦੁਆਰਾ ਸਿੰਘ ਸਭਾ ਦੇ ਸੇਵਾਦਾਰ ਊਧਮ ਸਿੰਘ ਲਈ ਨੰਗੇ ਧੜ ਖੜ੍ਹੇ ਸਨ। ਇਸ ਲੇਖਕ ਨੂੰ ਸ਼ਹੀਦ ਊਧਮ ਸਿੰਘ ਨਾਲ ਜੁੜੀਆਂ ਯਾਦਗਾਰਾਂ ਦੇ ਦਰਸ਼ਨ ਕਰਨ ਦੀ ਇੱਛਾ ਨਾਲ, ਲੰਡਨ ਵਿੱਚ ਸ੍ਰੀ ਗੁਰੂ ਸਿੰਘ ਸਭਾ ਸਿੰਕਲੇਅਰ ਰੋਡ ਸ਼ੈਫਰਡਜ਼ ਬੁਸ਼ ਵਿਖੇ ਜਾਣ ਦਾ ਮੌਕਾ ਮਿਲਿਆ। ਉਸ ਅਸਥਾਨ ਦੇ ਦਰਸ਼ਨ ਕੀਤੇ, ਜਿੱਥੇ ਸ਼ਹੀਦ ਊਧਮ ਸਿੰਘ ਕਿਤੇ ਲੰਗਰ ਵਿੱਚ ਸੇਵਾ ਕਰਦੇ ਅਤੇ ਕਿਤੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਅਤੇ ਸਕੱਤਰ ਨਾਲ ਵਿਚਾਰਾਂ ਕਰਦੇ। ਗੁਰਦੁਆਰਾ ਸਾਹਿਬ ਵਿਖੇ ਅਸੀਂ ਉਹ ਇਤਿਹਾਸਕ ਤਸਵੀਰ ਵੀ ਦੇਖੀ, ਜੋ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਦਿਹਾੜਾ ਤੇ 1937 ਵਿੱਚ ਗੁਰਦੁਆਰਾ ਸਾਹਿਬ ਦੀ ਸੰਗਤ ਨਾਲ ਊਧਮ ਸਿੰਘ ਨੇ ਫੋਟੋ ਖਿਚਵਾਈ ਸੀ। ਕੁਝ ਤਸਵੀਰਾਂ ਲੇਖ ਨਾਲ ਦਿੱਤੀਆਂ ਗਈਆਂ ਹਨ। ਇਤਿਹਾਸਿਕ ਦਸਤਾਵੇਜ਼ਾਂ ਅਨੁਸਾਰ ਸ਼ਹੀਦ ਊਧਮ ਸਿੰਘ ਨੇ ਜੇਲ੍ਹ 'ਚੋਂ ਆਪਣੇ ਕਈ ਪੱਤਰਾਂ ਦੇ ਆਰੰਭ ਵਿੱਚ ਇਕ ਓਂਕਾਰ ਅਤੇ ਬਾਣੀ ਦੀਆਂ ਤੁਕਾਂ ਵੀ ਅੰਕਿਤ ਕੀਤੀਆਂ। ਜੇਲ੍ਹ 'ਚੋਂ ਉਸ ਨੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੂੰ ਪੱਤਰ ਲਿਖਿਆ ਕਿ ਉਸ ਨੂੰ ਗੁਟਕਾ ਸਾਹਿਬ ਭੇਜੇ ਜਾਣ।

**ਪੈਂਟਨਵਿਲੇ ਜੇਲ੍ਹ ਲੰਡਨ 'ਚ ਊਧਮ ਸਿੰਘ ਨੂੰ ਫਾਂਸੀ ਮਗਰੋਂ ਦਫ਼ਨਾਏ ਜਾਣ ਦੀ ਸਚਾਈ** : ਬ੍ਰਿਟਿਸ਼ ਬਸਤੀਵਾਦ ਦੀ ਜੜ੍ਹ ਪੁੱਟਣ ਵਾਲੇ ਯੋਧੇ ਸ਼ਹੀਦ ਊਧਮ ਸਿੰਘ ਨੂੰ 31 ਜੁਲਾਈ 1940 ਨੂੰ ਪੈਂਟਨਵਿਲੇ ਜੇਲ੍ਹ ਲੰਡਨ ਵਿਖੇ ਸਵੇਰੇ 9 ਵਜੇ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਗਿਆ। ਲੰਡਨ ਦੇ ਸਿੱਖਾਂ ਦੀ ਬੇਨਤੀ ਦੇ ਬਾਵਜੂਦ ਬ੍ਰਿਟਿਸ਼ ਸਰਕਾਰ ਨੇ ਵੱਡੇ ਵਿਰੋਧ ਦੇ ਡਰੋਂ, ਊਧਮ ਸਿੰਘ ਦੀ ਦੇਹ ਅੰਤਿਮ ਸਸਕਾਰ ਲਈ ਸਿੱਖਾਂ ਦੇ ਸਪੁਰਦ ਨਹੀਂ ਕੀਤੀ ਗਈ, ਬਲਕਿ ਜੇਲ੍ਹ ਅੰਦਰ ਹੀ ਦਫਨਾ ਦਿੱਤੀ ਗਈ। ਲੰਮਾ ਅਰਸਾ ਮਗਰੋਂ 31 ਜੁਲਾਈ 1974 ਨੂੰ ਊਧਮ ਸਿੰਘ ਦੀਆਂ ਅਸਥੀਆਂ ਭਾਰਤ ਲਿਆ ਕੇ, ਪੰਜਾਬ ਚ ਨਗਰ ਸੁਨਾਮ ਸਮੇਤ ਵੱਖ-ਵੱਖ ਥਾਵਾਂ ਤੇ ਲੋਕਾਂ ਨੂੰ ਦਰਸ਼ਨ ਕਰਵਾਏ ਗਏ। ਊਧਮ ਸਿੰਘ ਦੀ ਸ਼ਹਾਦਤ ਨੂੰ ਪ੍ਰਣਾਮ ਕਰਦੇ ਹੋਏ 6 ਤੋਂ 8 ਅਗਸਤ, 2026 ਨੂੰ ਸ਼ਹੀਦ ਊਧਮ ਸਿੰਘ ਸੁਸਾਇਟੀ ਆਫ਼ ਕੈਨੇਡਾ ਵੱਲੋਂ ਗੁਰੂ ਨਾਨਕ ਸਿੱਖ ਗੁਰਦੁਆਰਾ, ਸਰੀ ਵਿਖੇ ਸ਼ਹੀਦੀ ਸਮਾਗਮ ਕਰਵਾਏ ਜਾ ਰਹੇ ਹਨ। 8 ਅਗਸਤ ਦਿਨ ਐਤਵਾਰ ਨੂੰ ਸਵੇਰ ਦੇ ਦੀਵਾਨਾਂ 'ਚ ਸ਼ਹੀਦ ਊਧਮ ਸਿੰਘ ਦੇ ਜੀਵਨ ਬਾਰੇ ਵਿਚਾਰਾਂ ਹੋਣਗੀਆਂ ਅਤੇ ਸੰਗਤਾਂ ਨੂੰ ਵੱਧ-ਚੜ੍ਹ ਕੇ ਸ਼ਾਮਿਲ ਹੋਣ ਲਈ ਸੱਦਾ ਹੈ। ਸ਼ਹੀਦ ਊਧਮ ਸਿੰਘ ਨੂੰ ਇਹ 'ਕਾਵਿ-ਬੰਦ' ਸਮਰਪਿਤ ਕਰ ਰਹੇ ਹਾਂ, ਜੋ ਮਹਾਨ ਯੋਧੇ ਵੱਲੋਂ ਲੰਡਨ ਦਾ ਕਿਲ੍ਹਾ ਢਾਹੁਣ ਦੀ ਗਵਾਹੀ ਭਰਦੇ ਹਨ;

**ਲੰਡਨ ਨੇ ਕੀਤੇ ਸਦਾ, ਹਮਲੇ ਤਾਬੜਤੋੜ।**
**ਲੰਡਨ ਜਾ ਕੇ ਸ਼ੇਰ ਨੇ, ਭਾਜੀ ਦਿੱਤੀ ਮੋੜ।**

# ਮਾਂ ਮਾਤੇਸ਼ਵਰੀ ਮੰਦਿਰ ਢੋਲਵਾਲ ਜਨੌੜੀ ਵਿਖੇ 9 ਰੋਜ਼ਾ ਭੰਡਾਰੇ ਦੀਆਂ ਤਿਆਰੀਆਂ ਸ਼ੁਰੂ : ਰਵੀ ਗਾਂਧੀ

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਵਣ ਮਹੀਨੇ ਵਿੱਚ ਮਾਂ ਚਿੰਤਪੁਰਨੀ ਮੰਦਿਰ ਵਿਖੇ ਮੱਥਾ ਟੇਕਣ ਜਾਣ ਵਾਲੇ ਲੱਖਾਂ ਸ਼ਰਧਾਲੂਆਂ ਦੇ ਖਾਣ-ਪੀਣ ਲਈ ਭੰਡਾਰਾ ਸ਼ੁਰੂ ਕਰਨ ਅਤੇ ਉਨ੍ਹਾਂ ਦੇ ਆਰਾਮ ਕਰਨ ਤੋਂ ਇਲਾਵਾ ਰਾਤ ਠਹਿਰਣ ਦੀਆਂ ਕੀਤੀਆਂ ਜਾ ਰਹੀਆਂ ਤਿਆਰੀਆਂ ਸਬੰਧੀ ਵਿਚਾਰ ਵਿਟਾਂਦਰਾ ਕਰਨ ਲਈ ਮਾਂ ਮਾਤੇਸ਼ਵਰੀ ਚਿੰਤਪੁਰਨੀ ਮੰਦਿਰ ਢੋਲਵਾਹ ਜਨੌੜੀ ਦੇ ਸੰਸਥਾਪਕ ਅਤੇ ਮੰਦਰ ਕਮੇਟੀ ਦੇ ਸਰਪ੍ਰਸਤ ਠਾਕੁਰ ਰਵੀ ਗਾਂਧੀ ਦੀ ਅਗਵਾਈ ਵਿੱਚ ਕਮੇਟੀ ਦੇ ਹੈਡ ਆਫਿਸ ਟਾਂਡਾ ਵਿਖੇ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਵੱਖ-ਵੱਖ ਸੰਸਥਾਵਾਂ ਦੇ ਆਗੂਆਂ ਤੋਂ ਇਲਾਵਾ ਮੰਦਰ ਕਮੇਟੀ ਮੈਂਬਰਾਂ ਨੇ ਭਾਗ ਲਿਆ।





ਭੰਡਾਰੇ ਦੀ ਤਿਆਰੀਆਂ ਸਬੰਧੀ ਜਾਣਕਾਰੀ ਦਿੰਦੇ ਰਵੀ ਗਾਂਧੀ ਅਤੇ ਮੰਦਰ ਦੀ ਸਫਾਈ ਕਰਦੇ ਸ਼ਰਧਾਲੂ।

ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਠਾਕੁਰ ਰਵੀ ਗਾਂਧੀ ਨੇ ਕਿਹਾ ਕਿ ਸਾਵਣ ਮਹੀਨੇ ਦੇ ਮੇਲਿਆਂ ਦੌਰਾਨ ਢੋਲਵਾਹਾ ਡੈਮ ਤੋਂ ਦੌਲਤਪੁਰ ਰੋਡ ਤੇ ਪੈਂਦੇ ਸਥਾਨ ਪਰੋ ਨੇੜੇ ਪਿੰਡ ਟੱਪਾ ਵਿਖੇ ਮਾਂ ਚਿੰਤਪੁਰਨੀ ਮੰਦਿਰ ਮਾਤਾ ਦੇ ਦਰਸ਼ਨਾਂ ਨੂੰ ਪੈਦਲ ਅਤੇ ਵਹੀਕਲਾਂ ਰਾਹੀ ਜਾਣ ਵਾਲੇ ਲੱਖਾਂ ਸ਼ਰਧਾਲੂਆਂ ਦੇ ਖਾਣ ਪੀਣ ਅਤੇ ਉਨ੍ਹਾਂ ਦੇ ਆਰਾਮ ਕਰਨ ਤੋਂ ਇਲਾਵਾ ਸੰਗਤ ਦੇ ਰਾਤ ਠਹਿਰਣ ਦੀਆਂ ਤਿਆਰੀਆਂ ਮੰਦਰ ਕਮੇਟੀ ਵੱਲੋਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਉਨ੍ਹਾਂ 13 ਤੋਂ 21 ਅਗਸਤ ਤੱਕ 9 ਰੋਜ਼ਾ ਚੱਲਣ ਵਾਲੇ ਭੰਡਾਰੇ ਵਿੱਚ ਪਿੰਡ ਟੱਪਾ ਦੇ ਲੋਕਾਂ ਵੱਲੋਂ ਮਿਲ ਰਹੇ ਸਹਿਯੋਗ ਦੀ ਸਲਾਘਾ ਕਰਦੇ ਹੋਏ ਕਿਹਾ ਕਿ ਪਿੰਡ ਟੱਪਾ ਦੇ ਨਿਵਾਸੀਆਂ ਵੱਲੋਂ ਹਰ ਸਾਲ ਸ਼ਰਧਾਲੂਆਂ ਦੀ ਸੇਵਾ ਵਿੱਚ ਭਰਪੂਰ ਸਹਿਯੋਗ ਪਾਇਆ ਜਾਂਦਾ ਹੈ ਅਤੇ ਇਸ ਸਾਲ ਵੀ ਸੰਗਤ ਦੀ ਸੇਵਾ ਲਈ ਪਿੰਡ ਨਿਵਾਸੀਆਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮਾਤਾ ਜੀ ਦੇ ਸ਼ਰਧਾਲੂਆਂ ਨੂੰ ਹਰ ਪ੍ਰਕਾਰ ਦੀ ਸਹੂਲਤਾਂ ਮੁਹਈਆ ਕਰਵਾਉਣ ਲਈ ਮੰਦਿਰ ਦੀ ਸਾਫ਼ ਸਫ਼ਾਈ ਦਾ ਕੰਮ ਜੰਗੀ ਪੱਧਰ ਤੇ ਸ਼ੁਰੂ ਕੀਤਾ ਗਿਆ ਹੈ ਤਾਂ ਜੋ ਮਾਤਾ ਜੀ ਦੇ ਭਗਤਾਂ ਨੂੰ ਕਿਸੇ ਵੀ ਪ੍ਰਕਾਰ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਠਾਕੁਰ ਰਵੀ ਗਾਂਧੀ ਨੇ ਕਿਹਾ ਕਿ 13 ਅਗਸਤ ਨੂੰ ਪੂਰੀ ਵਿਧੀ ਪੂਰਵਕ ਪੂਜਾ ਅਰਚਨਾ ਕਰਨ ਉਪਰੰਤ ਮੰਦਿਰ ਵਿਖੇ ਗਾਂਧੀ ਪਰਿਵਾਰ ਵੱਲੋਂ ਝੰਡਾ ਚੜ੍ਹਾਉਣ ਦੀ ਰਸਮ ਅਦਾ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ 13 ਅਗਸਤ ਤੋਂ 20 ਅਗਸਤ ਤੱਕ ਰੋਜ਼ਾਨਾ ਸਵੇਰੇ ਮੰਦਿਰ ਵਿਖੇ ਮੁੱਖ ਅਚਾਰਿਆ ਰਜਿੰਦਰ ਕੁਮਾਰ ਸ਼ਰਮਾ ਕੋਟ ਵਾਲੇ, ਸ਼ਾਸਤਰੀ ਭੂਸ਼ਣ, ਸ਼ਾਸਤਰੀ ਦੀਪਕ, ਸ਼ਾਸਤਰੀ ਵਿਨੋਦ, ਸ਼ਾਸਤਰੀ ਤਰਸੇਮ ਅਤੇ ਸ਼ਾਸਤਰੀ ਵਿਸ਼ਾਲ ਵੱਲੋਂ ਮੰਤਰ ਜਾਪ ਕਰਦੇ ਹੋਏ ਹਵਨ ਯੱਗ ਸ਼ੁਰੂ ਕੀਤਾ ਜਾਵੇਗਾ ਜਿਸ ਵਿੱਚ ਗਾਂਧੀ ਪਰਿਵਾਰ ਪੂਰਨ ਅਹੂਤੀ ਸਮੱਗਰੀ ਪਾ ਕੇ ਹਵਨ ਯੱਗ ਸੰਪੂਰਨ ਕਰਨਗੇ। ਉਨ੍ਹਾਂ ਕਿਹਾ ਕਿ ਮਾਂ ਮਾਤੇਸਵਰੀ ਚਿੰਤਪੁਰਨੀ ਮੰਦਿਰ ਢੋਲਵਾਹਾ ਜਨੌੜੀ ਵਿਖੇ ਚੱਲਣ ਵਾਲੇ ਇਸ 9 ਰੋਜ਼ਾ ਭੰਡਾਰੇ ਵਿੱਚ ਪਿੰਡ ਟੱਪਾ ਤੋਂ ਇਲਾਵਾ ਪਿੰਡ ਪਟਿਆਲ, ਪਿੰਡ ਬਹੇੜਾ, ਪਿੰਡ ਬਾਰੀ ਖੱਡ ਅਤੇ ਪਿੰਡ ਢੋਲਵਾਹਾ ਜਨੌੜੀ ਦੀਆਂ ਭਜਨ ਮੰਡਲੀਆਂ ਆਪਣੇ ਭਜਨਾਂ ਰਾਹੀਂ ਸ਼ਰਧਾਲੂਆਂ ਨੂੰ ਮਾਤਾ ਜੀ ਦੇ ਚਰਨਾਂ ਨਾਲ ਜੋੜਨਗੀਆਂ।

ਅਰਵਿੰਦ ਠਾਕੁਰ ਨੇ ਕਿਹਾ ਕਿ 9 ਰੋਜ਼ਾ ਚੱਲਣ ਵਾਲੇ ਭੰਡਾਰੇ ਦੌਰਾਨ ਮੁਫਤ ਮੈਡੀਕਲ ਚੈੱਕ ਅਪ ਕੈਂਪ ਲਗਾਇਆ ਜਾਵੇਗਾ ਤਾਂ ਜੋ ਕਿਸੇ ਵੀ ਸ਼ਰਧਾਲੂ ਦੀ ਸਿਹਤ ਖਰਾਬ ਹੋਣ ਤੇ ਉਨ੍ਹਾਂ ਨੂੰ ਮੁਫਤ ਮੈਡੀਕਲ ਸਹਾਇਤਾ ਦਿੱਤੀ ਜਾ ਸਕੇ। ਉਨ੍ਹਾਂ ਕਿਹਾ ਕਿ ਮਾਤਾ ਜੀ ਦੇ ਸ਼ਰਧਾਲੂਆਂ ਨੂੰ ਹਰ ਪ੍ਰਕਾਰ ਦੀ ਸੁਵਿਧਾ ਮੁਹਈਆ ਕਰਵਾਉਣ ਲਈ ਮੰਦਿਰ ਕਮੇਟੀ ਦੇ ਵਲੰਟੀਅਰਾਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ ਲਗਾਈਆਂ ਜਾ ਰਹੀਆਂ ਹਨ ਤਾਂ ਜੋ ਸੰਗਤ ਨੂੰ ਕਿਸੇ ਵੀ ਪ੍ਰਕਾਰ ਦੀ ਔਕੜ ਦਾ ਸਾਹਮਣਾ ਨਾ ਕਰਨਾ ਪਵੇ।

ਇਸ ਮੌਕੇ ਤੇ ਸਾਬਕਾ ਸਰਪੰਚ ਠਾਕੁਰ ਮੰਗਤ ਰਾਮ ਢੋਲਵਾਹਾ, ਸਾਬਕਾ ਸਰਪੰਚ ਕ੍ਰਿਸ਼ਨ ਲਾਲ ਬਾਰੀ ਖੱਡ, ਰਾਕੇਸ਼ ਟੱਪਾ, ਸੋਨੂੰ, ਰਮੇਸ਼, ਹੈਰੀ, ਵਿਨੋਦ, ਮਨੋਜ, ਬਿੱਲਾ ਪ੍ਰਧਾਨ, ਸ਼ੌਂਕਾ, ਮੰਜੂ, ਵੰਸ਼, ਨੱਥੂ, ਲਾਡੀ, ਰਕੇਸ਼, ਪਵਨ ਕੁਮਾਰ, ਬਿੱਟੂ, ਪ੍ਰਿੰਸ, ਬੰਟੂ, ਸੁਨੀਲ, ਰਿੱਕੀ, ਸੰਗਮ, ਅਮਨ, ਅਭਿਸ਼ੇਕ, ਵਿਸ਼ਾਲ, ਹਰਸ਼, ਅੰਕੁਸ਼, ਵਿਪਨ, ਅਭੀ, ਲਵ, ਦਿਲਜੀਤ, ਲੰਬੀ, ਮਾਨਵ ਅਤੇ ਵਿਕਾਸ ਤੋਂ ਇਲਾਵਾ ਹੋਰ ਮੈਂਬਰਾਂ ਨੇ ਆਪਣੇ ਆਪਣੇ ਆਪਣੇ ਵਿਚਾਰ ਸਾਂਝੇ ਕੀਤੇ।

# ਸਾਡੀ ਸਰਕਾਰ ਬਣਨ ਤੇ ਬੰਦੀ ਸਿੰਘਾਂ ਨੂੰ ਰਿਹਾਅ ਕਰਵਾਕੇ ਪੰਜਾਬ ਨਸ਼ਾ ਮੁਕਤ ਕੀਤਾ ਜਾਵੇਗਾ : ਬਾਪੂ ਤਰਸੇਮ ਸਿੰਘ, ਅਵਤਾਰ ਸੋਖੋ

## ਟਾਂਡਾ ਦਫ਼ਤਰ ਦਾ ਕੀਤਾ ਉਦਘਾਟਨ

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਅਕਾਲੀ ਦਲ ਵਾਰਸ ਪੰਜਾਬ ਦੇ ਹਲਕਾ ਟਾਂਡਾ ਇੰਚਾਰਜ ਅਤੇ ਜ਼ਿਲ੍ਹਾ ਪ੍ਰਧਾਨ ਅਵਤਾਰ ਸਿੰਘ ਸੇਖੋਂ ਵੱਲੋਂ ਟਾਂਡਾ ਵਿਖੇ ਖੋਲੇ ਜਾ ਰਹੇ ਪਾਰਟੀ ਦਫਤਰ ਦੇ ਉਦਘਾਟਨ ਸਬੰਧੀ ਇੱਕ ਸਮਾਰੋਹ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਇਲਾਕੇ ਦੀਆਂ ਵੱਖ-ਵੱਖ ਸੰਸਥਾਵਾਂ ਦੇ ਆਗੂਆਂ ਤੋਂ ਇਲਾਵਾ ਪਾਰਟੀ ਵਰਕਰ ਭਾਰੀ ਗਿਣਤੀ ਵਿੱਚ ਸ਼ਾਮਿਲ ਹੋਏ। ਇਸ ਨਵੇਂ ਖੋਲੇ ਗਏ ਦਫ਼ਤਰ ਦਾ ਉਦਘਾਟਨ ਵਿਸ਼ੇਸ਼ ਤੌਰ ਤੇ ਪਹੁੰਚੇ ਮੁੱਖ ਮਹਿਮਾਨ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਪਿਤਾ ਅਤੇ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਬਾਪੂ ਤਰਸੇਮ ਸਿੰਘ ਨੇ ਕੀਤਾ। ਇਸ ਮੌਕੇ ਤੇ ਉਨਾਂ ਨਾਲ ਦੋਆਬਾ ਜੋਨ ਇੰਚਾਰਜ ਪਰਮਜੀਤ ਸਿੰਘ ਜੌਹਲ, ਪੰਜਾਬ ਪੰਜ ਮੈਂਬਰੀ ਕਮੇਟੀ ਪ੍ਰਧਾਨ ਅਮਰਜੀਤ ਸਿੰਘ ਵੰਨਚਿੜੀ ਤੇ ਪੰਜਾਬ ਯੂਥ ਪ੍ਰਧਾਨ ਸੁਖਦੇਵ ਸਿੰਘ ਕਾਦੀਆਂ ਹਾਜਰ ਸਨ।



ਦਫ਼ਤਰ ਦਾ ਉਦਘਾਟਨ ਕਰਦੇ ਬਾਪੂ ਤਰਸੇਮ ਸਿੰਘ, ਅਵਤਾਰ ਸੇਖੋਂ ਅਤੇ ਹੋਰ।



ਸਮਾਰੋਹ ਚ ਸ਼ਾਮਿਲ ਭਾਰੀ ਇਕੱਠ।

ਇਸ ਮੌਕੇ ਤੇ ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਬਾਪੂ ਤਰਸੇਮ ਸਿੰਘ ਨੇ ਕਿਹਾ ਕਿ ਮਾਨ ਸਰਕਾਰ ਜਦੋਂ ਤੋਂ ਸੱਤਾ ਵਿੱਚ ਆਈ ਹੈ ਇਸਨੇ ਪੰਜਾਬ ਦੇ ਲੋਕਾਂ ਨਾਲ ਕੀਤੇ ਹੋਏ ਕਿਸੇ ਵੀ ਵਾਅਦੇ ਨੂੰ ਅੱਜ ਤੱਕ ਪੂਰਾ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਨਸ਼ਿਆਂ ਜਿਹੀਆਂ ਅਲਾਮਤਾਂ ਨੂੰ ਖ਼ਤਮ ਕਰ ਦੇਣ ਦੇ ਵਾਅਦੇ ਕਰਨ ਵਾਲੀ ਮਾਨ ਸਰਕਾਰ ਨੇ ਨਸ਼ੇ ਖ਼ਤਮ ਤਾਂ ਕੀ ਕਰਨੇ ਸਨ ਸਗੋਂ ਨਸ਼ਿਆਂ ਦੇ ਸੌਦਾਗਰਾਂ ਨੂੰ ਸ਼ਹਿ ਦੇ ਕੇ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਵਿੱਚ ਹੋਰ ਗਰਤ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੂੰ ਕਈ ਵਾਰ ਅਪੀਲਾਂ ਕੀਤੀਆਂ ਜਾ ਚੁੱਕੀਆਂ ਹਨ ਕਿ ਐਮ.ਪੀ ਅੰਮ੍ਰਿਤਪਾਲ ਸਿੰਘ ਅਤੇ ਬੰਦੀ ਸਿੰਘਾਂ ਨੂੰ ਜੇਲ ਤੋਂ ਰਿਹਾ ਕਰਵਾਇਆ ਜਾਵੇ, ਪਰ ਇਸ ਸਰਕਾਰ ਨੇ ਜ਼ੁਲਮ ਢਾਉਂਦੇ ਹੋਏ ਅੱਜ ਤੱਕ ਉਨ੍ਹਾਂ ਨੂੰ ਜੇਲ ਤੋਂ ਬਾਹਰ ਲਿਆਉਣ ਲਈ ਕੋਈ ਵੀ ਠੋਸ ਉਪਰਾਲਾ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਪਾਰਟੀ ਦੇ ਜਿਹੜੇ ਵੀ ਵਰਕਰ ਇਸ ਜ਼ੁਲਮ ਖਿਲਾਫ਼ ਆਵਾਜ਼ ਬੁਲੰਦ ਕਰਦੇ ਹਨ ਮਾਨ ਸਰਕਾਰ ਉਨ੍ਹਾਂ ਤੇ ਬੇਬੁਨਿਆਦੀ ਤੇ ਝੂਠੇ ਪਰਚੇ ਦਰਜ ਕਰ ਰਹੀ ਹੈ ਜਿਸਨੂੰ ਅਕਾਲੀ ਦਲ ਵਾਰਸ ਪੰਜਾਬ ਦੇ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕਰੇਗਾ। ਪਰਮਜੀਤ ਸਿੰਘ ਜੌਹਲ ਅਤੇ ਸੁਖਦੇਵ ਸਿੰਘ ਕਾਦੀਆਂ ਨੇ ਪਾਰਟੀ ਦੀਆਂ ਨੀਤੀਆਂ ਤੇ ਕਾਰਗੁਜ਼ਾਰੀ ਤੋਂ ਇਲਾਵਾ ਭਵਿੱਖ ਦੀਆਂ ਯੋਜਨਾਵਾਂ ਸਬੰਧੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸਾਡੀ ਪਾਰਟੀ ਵੱਲੋਂ ਆਪਣੀਆਂ ਕੀਤੀਆਂ ਗਈਆਂ ਪ੍ਰਾਪਤੀਆਂ ਸਬੰਧੀ ਆਮ ਜਨਤਾ ਨੂੰ ਜਾਗ੍ਰਿਤ ਕਰਨ ਲਈ ਪੰਜਾਬ ਦੇ ਵੱਖ-ਵੱਖ ਜਿਲਿਆਂ ਤੋਂ ਇਲਾਵਾ ਕਸਬਿਆਂ ਵਿੱਚ ਲੋਕਾਂ ਨਾਲ ਤਾਲਮੇਲ ਵਧਾਉਣ ਲਈ ਜਿਹੜੀ ਮੁਹਿੰਮ ਚਲਾਈ ਹੋਈ ਹੈ ਉਸ ਵਿੱਚ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸਾਡੀ ਸਰਕਾਰ ਬਣਨ ਤੇ ਪੰਜਾਬ ਵਿੱਚ ਅਮਨ ਸ਼ਾਂਤੀ ਕਾਇਮ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮਾਫ਼ੀਆ ਅਤੇ ਗੈਂਗਸਟਰਾਂ ਨੂੰ ਨਕੇਲ ਪਾਈ ਜਾਵੇਗੀ ਤਾਂ ਜੋ ਪੰਜਾਬ ਦੇ ਲੋਕਾਂ ਦੇ ਦਿਲਾਂ ਚ ਬੈਠੇ ਡਰ ਦੇ ਮਾਹੌਲ ਨੂੰ ਹਮੇਸ਼ਾ ਲਈ ਖ਼ਤਮ ਕੀਤਾ ਜਾ ਸਕੇ।

ਹਲਕਾ ਟਾਂਡਾ ਇੰਚਾਰਜ ਅਤੇ ਜ਼ਿਲ੍ਹਾ ਪ੍ਰਧਾਨ ਅਵਤਾਰ ਸਿੰਘ ਸੇਖੋਂ ਨੇ ਕਿਹਾ ਕਿ ਪਾਰਟੀ ਦੀ ਨਵੀਂ ਰਣਨੀਤੀ ਸਬੰਧੀ ਆਮ ਜਨਤਾ ਨੂੰ ਜਾਗ੍ਰਿਤ ਕਰਨ ਲਈ ਨੁੱਕੜ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕੀਤਾ ਹੋਇਆ ਹੈ ਤਾਂ ਜੋ ਨੌਜਵਾਨ ਪੀੜੀ ਨੂੰ ਆਪਣੀ ਪਾਰਟੀ ਨਾਲ ਜੋੜਿਆ ਜਾ ਸਕੇ। ਉਨ੍ਹਾਂ ਕਿਹਾ ਕਿ ਇਨ੍ਹਾਂ ਮੀਟਿੰਗਾਂ ਵਿੱਚ ਜਨਤਾ ਵੱਲੋਂ ਜਿਸ ਤਰ੍ਹਾਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਉਸ ਤੋਂ ਇਵੇਂ ਜਾਪਦਾ ਹੈ ਜਿਵੇਂ ਮਾਨ ਸਰਕਾਰ ਨੂੰ ਚਲਦਾ ਕਰਨ ਅਤੇ ਅਕਾਲੀ ਦਲ ਵਾਰਸ ਪੰਜਾਬ ਦੇ ਦੀ ਸਰਕਾਰ ਬਣਾਉਣ ਲਈ ਪੰਜਾਬ ਦੇ ਲੋਕ ਪੱਕਾ ਮਨ ਬਣਾਈ ਬੈਠੇ ਹਨ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਬਣਨ ਤੇ ਬੰਦੀ ਸਿੰਘਾਂ ਨੂੰ ਰਿਹਾ ਕਰਵਾਕੇ ਪੰਜਾਬ ਨੂੰ ਨਸ਼ਾ ਮੁਕਤ ਕੀਤਾ ਜਾਵੇਗਾ। ਇਸ ਮੌਕੇ ਤੇ ਉਨ੍ਹਾਂ ਨੇ ਆਏ ਹੋਏ ਮਹਿਮਾਨਾਂ ਨੂੰ ਸਿਰੋਪੇ ਪਾ ਕੇ ਸਨਮਾਨਿਤ ਕੀਤਾ।

ਇਸ ਮੌਕੇ ਤੇ ਆਈ.ਟੀ ਸੈੱਲ ਇੰਚਾਰਜ ਹੁਸ਼ਿਆਰਪੁਰ ਗੁਰਜੀਤ ਸਿੰਘ, ਯੂਥ ਪ੍ਰਧਾਨ ਹੁਸ਼ਿਆਰਪੁਰ ਸੁਖਵਿੰਦਰ ਸਿੰਘ ਨੂਰਾ, ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਮਨਜਿੰਦਰ ਰੜਾ, ਮੀਤ ਪ੍ਰਧਾਨ ਮਨਦੀਪ ਤਗੜ, ਸਰਕਲ ਦਸੂਹਾ ਪ੍ਰਧਾਨ ਅਮਰੀਕ ਜਲੋਟਾ, ਸਰਕਲ ਕੰਧਾਲਾ ਜੱਟਾਂ ਪ੍ਰਧਾਨ ਜਸਵਿੰਦਰ ਚੌਹਾਨ, ਸਰਕਲ ਗੜਦੀਵਾਲਾ ਪ੍ਰਧਾਨ ਮਨਿੰਦਰ ਰੂਪੋਵਾਲ, ਬੀਬੀ ਰਣਜੀਤ ਕੌਰ ਜੀ, ਜਸਦੀਪ ਕੌਰ, ਸਿਮਰ ਰਾਣੀ, ਸੁਨੀਤਾ, ਲਵਪ੍ਰੀਤ ਕੌਰ, ਗੁਰਿੰਦਰ ਕੌਰ, ਸਿਮਰਨਜੀਤ ਕੌਰ, ਬਲਜੀਤ ਕੌਰ, ਅਮਨਦੀਪ ਕੌਰ, ਨਿਰਮਲ ਸਿੰਘ, ਗੁਰਪ੍ਰੀਤ ਟਾਂਡਾ, ਬਿਕਰਮ ਟਾਂਡਾ, ਸਰਬਜੀਤ ਟਾਂਡਾ, ਜਸਵੀਰ ਟਾਂਡਾ, ਮਨਪ੍ਰੀਤ ਟਾਂਡਾ, ਸੁਰਤੀ ਰਾਮ, ਮਹਿੰਦਰ ਮੁਕੇਰੀਆ, ਰੂਮੀ ਹਾਜੀਪੁਰ, ਦਵਿੰਦਰ ਸਿੰਘ ਅਤੇ ਹੋਰ ਹਾਜ਼ਰ ਅਕਾਲੀ ਵਰਕਰਾਂ ਨੇ ਸਾਡਾ ਐਮ.ਪੀ ਅਤੇ ਬੰਦੀ ਸਿੰਘਾਂ ਨੂੰ ਰਿਹਾ ਕਰੋ ਦੇ ਨਾਅਰੇ ਲਗਾਏ।

# ਅਗਲੀ ਰਾਸ਼ਟਰਪਤੀ ਚੋਣ ਲੜਨ ਬਾਰੇ ਅਜੇ ਮੈ ਕੋਈ ਫੈਸਲਾ ਨਹੀਂ ਲਿਆ : ਹੈਰਿਸ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਸਾਡੇ ਲੋਕ) : ਕਮਲਾ ਹੈਰਿਸ ਨੇ ਡੈਮੋਕ੍ਰੇਟਸ ਨੂੰ ਅਗਲੇ ਸਾਲ ਹੋਣ ਵਾਲੀਆਂ ਮੱਧਕਾਲੀ ਚੋਣਾਂ ਲਈ ਰਿਕਾਰਡ ਗਿਣਤੀ ਵਿੱਚ ਵੋਟਰਾਂ ਨੂੰ ਲਾਮਬੰਦ ਕਰਨ ਦੀ ਅਪੀਲ ਕੀਤੀ ਤੇ ਕਿਹਾ ਕਿ ਭਾਰੀ ਵੋਟਿੰਗ ਮੱਤਦਾਤਾ ਨੂੰ ਅਖੋਂ ਪਰੋਖੇ ਕਰਨ ਦੀਆਂ ਕੋਸ਼ਿਸ਼ਾਂ ਦਾ ਠੋਸ ਜਵਾਬ ਹੋਵੇਗਾ? ਨੈਸ਼ਵਿਲ ਵਿੱਚ ਨੈਸ਼ਨਲ ਅਰਬਨ ਲੀਗ ਦੇ ਸਾਲਾਨਾ ਸੰਮੇਲਨ ਵਿੱਚ ਬੋਲਦੇ ਹੋਏ, ਸਾਬਕਾ ਉਪ ਰਾਸ਼ਟਰਪਤੀ ਨੇ ਵੋਟਰ ਰਜਿਸਟਰੇਸ਼ਨ, ਪੋਲੰਗ ਸਥਾਨਾਂ ਦੀ ਜਾਂਚ ਅਤੇ ਭਾਰੀ ਮੱਤਦਾਨ ਉਪਰ ਵਾਰ ਵਾਰ ਜੋਰ ਦਿੱਤਾ? ਉਨਾਂ ਕਿਹਾ ਕਿ ਸਾਨੂੰ ਹੁਣ ਲੋਕਾਂ ਨੂੰ ਦੱਸਣਾ ਪਵੇਗਾ ਕਿ ਉਹ ਆਪਣੀ ਵੋਟਰ ਵਜੋਂ ਰਜਿਸਟਰੇਸ਼ਨ ਸਥਿਤੀ ਦੀ ਜਾਂਚ ਕਰਨ ਤੇ ਉਹ ਇਹ ਗੱਲ ਯੀਕੀਨੀ ਬਣਾਉਣ ਕਿ ਉਨਾਂ ਦੇ ਨਾਮ ਵੋਟਰ ਸੂਚੀਆਂ ਤੋਂ ਗਲਤ ਢੰਗ ਨਾਲ ਨਹੀਂ ਹਟਾਏ ਗਏ ਹਨ ਵੋਟਰ ਆਪਣੇ ਪੋਲੰਗ ਸਥਾਨਾਂ ਦੀ ਪੁਸ਼ਟੀ ਕਰਨ ਕਿਉਂਕ ਚੋਣ ਅਧਿਕਾਰੀ ਵੋਟਿੰਗ ਸਥਾਨਾਂ ਨੂੰ ਤਬਦੀਲ ਕਰ ਸਕਦੇ ਹਨ? ਹਮਲਾਵਰ ਵੋਟਰ ਲਾਮਬੰਦੀ ਯਤਨਾਂ ਉਪਰ ਜੋਰ ਦਿੰਦਿਆਂ ਹੈਰਿਸ ਨੇ ਕਿਹਾ ਕਿ ਸਾਡੇ ਵਿਰੋਧੀ ਬੇਰਹਿਮ ਹਨ ਇਸ ਲਈ ਸਾਨੂੰ ਵੀ ਬੇਰਹਿਮ ਬਣਨਾ ਪਵੇਗਾ? ਉਨਾਂ ਕਿਹਾ ਕਿ ਇਸ ਵੇਲੇ ਉਨਾਂ ਦਾ ਧਿਆਨ 2026 ਦੀਆਂ ਮੱਧਕਾਲੀ ਚੋਣਾਂ 'ਤੇ ਕੇਂਦ੍ਰਿਤ ਹੈ ਅਤੇ ਅਜੇ ਤੱਕ ਮੈ ਇਹ ਫੈਸਲਾ ਨਹੀਂ ਕੀਤਾ ਕਿ 2028 ਵਿੱਚ ਰਾਸ਼ਟਰਪਤੀ ਅਹੁਦੇ ਦੀ ਚੋਣ ਲੜੇਗੀ ਜਾਂ ਨਹੀਂ ਇਸ ਤੋਂ ਇਲਾਵਾ, ਹੈਰਿਸ ਨੇ ਕਈ ਪ੍ਰਗਤੀਸ਼ੀਲ ਪ੍ਰਸਤਾਵਾਂ ਦੀ ਗੱਲ ਕੀਤੀ ਜਿਨਾਂ ਵਿੱਚ ਅਮਰੀਕੀ ਸੁਪਰੀਮ ਕੋਰਟ ਦਾ ਵਿਸਥਾਰ ਕਰਨਾ, ਇਲੈਕਟੋਰਲ ਕਾਲਜ ਨੂੰ ਮੁੜ ਵਿਚਾਰਨਾ ਅਤੇ ਵਾਸ਼ਿੰਗਟਨ, ਡੀ.ਸੀ. ਤੋਂ ਇਲਾਵਾ ਪੋਰਟੋ ਰੀਕੋ ਨੂੰ ਰਾਜ ਦਾ ਦਰਜਾ ਦਿਵਾਉਣਾ ਸ਼ਾਮਲ ਹਨ।



# ਟਾਂਡਾ ਡਾਕਘਰ 10 ਦਿਨਾਂ ਵਿੱਚ ਚਾਲੂ ਨਾ ਕੀਤਾ ਤਾਂ ਉੜਮੁੜ ਡਾਕਘਰ ਦਾ ਕਰਾਂਗੇ ਘਿਰਾਓ : ਅਜੀਤ ਸਿੰਘ

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਭਾਰਤ ਦੇ ਸੀਨੀਅਰ ਸਿਟੀਜਨ ਨੂੰ ਹਰ ਪ੍ਰਕਾਰ ਦੀਆਂ ਸਹੂਲਤਾਂ ਮੁਹਈਆ ਕਰਵਾਉਣ ਦੇ ਵਾਅਦੇ ਕਰਨ ਵਾਲੀ ਭਾਜਪਾ ਦੀ ਕੇਂਦਰ ਸਰਕਾਰ ਨੇ ਸਹੂਲਤਾਂ ਤਾਂ ਕੀ ਦੇਣੀਆਂ ਸਨ ਉਲਟਾ ਸੀਨੀਅਰ ਸਿਟੀਜ਼ਨਾਂ ਨੂੰ ਭਾਰੀ ਪਰੇਸ਼ਾਨੀਆਂ ਵਿੱਚ ਪਾ ਦਿੱਤਾ ਹੈ ਜਿਸਦੀ ਇਕ ਤਾਜ਼ਾ ਮਿਸਾਲ ਹੈ ਟਾਂਡਾ ਡਾਕਘਰ ਨੂੰ ਬੀਤੇ ਕਈ ਸਾਲਾਂ ਤੋਂ ਬੰਦ ਕਰ ਦਿੱਤਾ ਗਿਆ ਹੈ। ਇਸ ਡਾਕਘਰ ਨੂੰ ਮੁੜ ਚਾਲੂ ਕਰਨ ਲਈ ਕੇਂਦਰ ਦੀ ਮੋਦੀ ਸਰਕਾਰ ਨੂੰ ਵੀ ਕਈ ਵਾਰ ਅਪੀਲਾਂ ਕੀਤੀਆਂ ਜਾ ਚੁੱਕੀਆਂ ਹਨ। ਟਾਂਡਾ ਡਾਕਘਰ ਚਾਲੂ ਨਾ ਕਰਨ ਕਾਰਨ ਉੱਘੇ ਸਮਾਜ ਸੇਵੀ ਅਜੀਤ ਸਿੰਘ ਦੀ ਅਗਵਾਈ ਵਿੱਚ ਟਾਂਡਾ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਹੁਸ਼ਿਆਰਪੁਰ ਡਾਕਘਰ ਅਤੇ ਕੇਂਦਰ ਸਰਕਾਰ ਖਿਲਾਫ ਰੋਸ ਪ੍ਰਗਟਾਵਾ ਕਰਨ ਲਈ ਟਾਂਡਾ ਵਿਖੇ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ।



ਕੇਂਦਰ ਸਰਕਾਰ ਖਿਲਾਫ ਨਾਅਰੇਬਾਜ਼ੀ ਕਰਦੇ ਅਜ਼ੀਤ ਸਿੰਘ ਅਤੇ ਹੋਰ।

ਮੀਟਿੰਗ ਚ ਸ਼ਾਮਿਲ ਅਜ਼ੀਤ ਸਿੰਘ, ਸੰਗਤ ਸਿੰਘ, ਭੁਪਿੰਦਰ ਸਿੰਘ, ਤਾਰਾ ਸਿੰਘ, ਨਿਰਮਲ ਸਿੰਘ, ਭੁਪਿੰਦਰ ਸਿੰਘ ਟਾਂਡਾ, ਸੰਤਾਂ ਸਿੰਘ, ਬਲਬੀਰ ਸਿੰਘ, ਗੁਰਪਾਲ ਸਿੰਘ, ਵਿਜੇ ਕੁਮਾਰ, ਸੁਰਿੰਦਰ ਕੌਰ, ਦਵਿੰਦਰ ਕੌਰ, ਸਰਵਣ ਹੋਰ, ਗੁਰਬਚਨ ਸਿੰਘ, ਹਰਭਜਨ ਕੌਰ, ਗੁਰਮਿੰਦਰ ਕੌਰ, ਮਹਿੰਦਰ ਕੌਰ, ਸਤਵੰਤ ਕੌਰ ਅਤੇ ਵੱਖ ਵੱਖ ਸੰਸਥਾਵਾਂ ਦੇ ਆਗੂਆਂ ਤੋਂ ਇਲਾਵਾ ਇਲਾਕੇ ਦੇ ਲੋਕਾਂ ਨੇ ਕੇਂਦਰ ਦੀ ਮੋਦੀ ਸਰਕਾਰ ਅਤੇ ਹੁਸ਼ਿਆਰਪੁਰ ਡਾਕਘਰ ਦੇ ਸੀਨੀਅਰ ਸੁਪਰਡੈਂਟ ਖਿਲਾਫ਼ ਰੋਸ ਦਾ ਪ੍ਰਗਟਾਵਾ ਕਰਦੇ ਹੋਏ ਜੰਮਕਰ ਨਾਅਰੇਬਾਜ਼ੀ ਕੀਤੀ।

ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਅਜੀਤ ਸਿੰਘ ਨੇ ਕਿਹਾ ਕਿ ਟਾਂਡਾ ਡਾਕਘਰ ਬੀਤੇ ਕਰੀਬ 100 ਸਾਲ ਤੋਂ ਅੰਗਰੇਜ਼ ਸਰਕਾਰ ਦੇ ਸਮੇਂ ਤੋਂ ਚਲਦਾ ਆ ਰਿਹਾ ਸੀ, ਪਰ ਬੀਤੇ ਕਈ ਸਾਲਾਂ ਤੋਂ ਇਸ ਡਾਕਘਰ ਨੂੰ ਬੰਦ ਕਰ ਦਿੱਤਾ ਗਿਆ ਹੈ ਜਿਸ ਕਾਰਨ ਟਾਂਡਾ ਇਲਾਕੇ ਦੇ ਹਜ਼ਾਰਾਂ ਸੀਨੀਅਰ ਸਿਟੀਜ਼ਨਾਂ ਨੂੰ ਕਈ ਪ੍ਰਕਾਰ ਦੀਆਂ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਵਾਰ ਵਾਰ ਲਿਖਤੀ ਅਪੀਲਾਂ ਕਰਨ ਤੇ 6 ਅਕਤੂਬਰ 2022 ਨੂੰ ਮੋਦੀ ਸਰਕਾਰ ਦੇ ਹੈਡ ਦਫ਼ਤਰ ਤੋਂ ਸਾਨੂੰ ਇੱਕ ਪੱਤਰ ਮਿਲਿਆ ਕਿ ਟਾਂਡਾ ਡਾਕਘਰ ਨੂੰ ਮੁੜ ਚਾਲੂ ਕਰਨ ਦੇ ਹੁਕਮ ਦੇ ਦਿੱਤੇ ਗਏ ਹਨ ਅਤੇ ਜ਼ਲਦ ਹੀ ਇਹ ਡਾਕਘਰ ਮੁੜ ਚਾਲੂ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਟਾਂਡਾ ਤੋਂ ਇੱਕ ਵਫ਼ਦ ਇਹ ਪੱਤਰ ਲੈ ਕੇ ਹੁਸ਼ਿਆਰਪੁਰ ਡਾਕਘਰ ਦੇ ਸੀਨੀਅਰ ਸੁਪਰਡੈਂਟ ਨੂੰ ਮਿਲਿਆ ਸੀ ਅਤੇ ਉਨ੍ਹਾਂ ਨੇ ਭਰੋਸਾ ਦਿੱਤਾ ਸੀ ਕਿ ਜਲਦ ਹੀ ਟਾਂਡਾ ਡਾਕਘਰ ਚਾਲੂ ਹੋ ਜਾਵੇਗਾ, ਪਰ 4 ਸਾਲ ਦਾ ਸਮਾਂ ਬੀਤ ਜਾਣ ਤੇ ਵੀ ਅੱਜ ਤੱਕ ਟਸ ਤੋਂ ਮਸ ਨਾ ਹੁੰਦਿਆਂ ਹੋਇਆਂ ਟਾਂਡਾ ਡਾਕਘਰ ਚਾਲੂ ਨਹੀਂ ਕੀਤਾ ਗਿਆ।

ਅਜੀਤ ਸਿੰਘ ਨੇ ਕਿਹਾ ਕਿ ਚੋਣਾਂ ਤੋਂ ਪਹਿਲਾਂ ਭਾਜਪਾ ਦੀ ਕੇਂਦਰ ਸਰਕਾਰ ਹਮੇਸ਼ਾ ਇਹ ਕਹਿੰਦੀ ਹੈ ਕਿ ਸਾਡੀ ਸਰਕਾਰ ਬਣਨ ਤੇ ਮਹਾਰਾਜਾ ਰਣਜੀਤ ਸਿੰਘ ਵਰਗਾ ਰਾਜ ਦਿੱਤਾ ਜਾਵੇਗਾ ਅਤੇ ਹਰ ਵਰਗ ਦੇ ਲੋਕਾਂ ਦੀਆਂ ਪਰੇਸ਼ਾਨੀਆਂ ਨੂੰ ਪਹਿਲ ਦੇ ਆਧਾਰ ਤੇ ਖ਼ਤਮ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਸੀਨੀਅਰ ਸਿਟੀਜਨ ਦੀ ਜੇਕਰ ਆਵਾਜ਼ ਨਹੀਂ ਸੁਣਦੀ ਅਤੇ ਉਨ੍ਹਾਂ ਨੂੰ ਦਰਪੇਸ਼ ਆ ਰਹੀਆਂ ਔਕੜਾਂ ਦਾ ਹੱਲ ਨਹੀਂ ਕਰਦੀ ਤਾਂ ਭਾਜਪਾ ਸਰਕਾਰ ਲਈ ਇਸਦੇ ਸਿੱਟੇ ਬਹੁਤ ਮਾੜੇ ਨਿਕਲਣਗੇ। ਉਨ੍ਹਾਂ ਕਿਹਾ ਕਿ ਇੱਕ ਪਾਸੇ ਤਾਂ ਭਾਜਪਾ ਆਏ ਦਿਨ ਇਹ ਬਿਆਨ ਦੇ ਰਹੀ ਹੈ ਕਿ ਸਾਡੀ ਸਰਕਾਰ ਹਰ ਵਰਗ ਦੇ ਸੀਨੀਅਰ ਸਿਟੀਜਨ ਨੂੰ ਘਰ ਬੈਠੇ ਹਰ ਤਰ੍ਹਾਂ ਦੀ ਸਹੂਲਤ ਉਪਲਬਧ ਕਰਵਾਏਗੀ ਅਤੇ ਆਮ ਜਨਤਾ ਨੂੰ ਇਕ ਕਿਲੋਮੀਟਰ ਦੇ ਅੰਦਰ ਸਾਰੀਆਂ ਸਹੂਲਤਾਂ ਦਿੱਤੀਆਂ ਜਾਣਗੀਆਂ ਤਾਂ ਫਿਰ ਟਾਂਡਾ ਦੇ ਲੋਕਾਂ ਅਤੇ ਸੀਨੀਅਰ ਸਿਟੀਜ਼ਨਾਂ ਨੂੰ ਆਪਣਾ ਕੰਮ ਕਰਵਾਉਣ ਲਈ ਤਿੰਨ ਕਿਲੋਮੀਟਰ ਦੂਰ ਕਿਉਂ ਜਾਣਾ ਪੈ ਰਿਹਾ ਹੈ।

ਅਜੀਤ ਸਿੰਘ ਨੇ ਕੇਂਦਰ ਸਰਕਾਰ ਅਤੇ ਹੁਸ਼ਿਆਰਪੁਰ ਡਾਕਘਰ ਦੇ ਸੀਨੀਅਰ ਸੁਪਰਡੈਂਟ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਸਬੰਧਤ ਵਿਭਾਗ ਨੇ 10 ਦਿਨਾਂ ਵਿੱਚ ਟਾਂਡਾ ਡਾਕਘਰ ਚਾਲੂ ਨਾ ਕੀਤਾ ਤਾਂ ਟਾਂਡਾ ਨਿਵਾਸੀ ਇਲਾਕੇ ਦੀਆਂ ਵੱਖ-ਵੱਖ ਸੰਸਥਾਵਾਂ ਦੇ ਸਹਿਯੋਗ ਨਾਲ ਉੜਮੁੜ ਡਾਕਘਰ ਦਾ ਘਿਰਾਓ ਕਰਦੇ ਹੋਏ ਸੰਘਰਸ਼ ਦਾ ਬਿਗੁਲ ਵਜਾ ਦੇਣਗੇ ਜਿਸ ਵਿੱਚ ਸੜਕ ਜਾਮ ਤੋਂ ਇਲਾਵਾ ਕੇਂਦਰ ਸਰਕਾਰ ਦੇ ਪੁਤਲੇ ਫੂਕ ਪ੍ਰਦਰਸ਼ਨ ਵੀ ਕੀਤੇ ਜਾਣਗੇ।

# ਮੈਡੀਕਲ ਚੈੱਕਅਪ ਕੈਂਪ ਰਾਹੀਂ ਲਾਚਾਰ ਮਰੀਜ਼ਾਂ ਦਾ ਮੁਫ਼ਤ ਇਲਾਜ ਕਰਨਾ ਰੱਬ ਦੀ ਪੂਜਾ ਬਰਾਬਰ : ਡਾ. ਅਮਰਪ੍ਰੀਤ ਸਿੰਘ



ਮਰੀਜ਼ਾਂ ਦਾ ਚੈੱਕਅਪ ਕਰਦੇ ਡਾ. ਅਮਰਪ੍ਰੀਤ ਸਿੰਘ ਅਤੇ ਹੋਰ।

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਸਕਿਨ ਫਾਸਟ ਕਲੀਨਿਕ ਮਿਆਨੀ ਰੋਡ ਟਾਂਡਾ ਵੱਲੋਂ ਚਮੜੀ ਦੇ ਰੋਗਾਂ ਦੀ ਜਾਂਚ ਪੜਤਾਲ ਕਰਨ ਅਤੇ ਉਨ੍ਹਾਂ ਦੇ ਇਲਾਜ ਸਬੰਧੀ ਮੁਫਤ ਚੈੱਕਅਪ ਕੈਂਪ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਚਮੜੀ ਰੋਗਾਂ ਦੇ ਸਪੈਸ਼ਲਿਸਟ ਡਾਕਟਰ ਅਮਰਪ੍ਰੀਤ ਸਿੰਘ ਅਤੇ ਉਨ੍ਹਾਂ ਦੀ ਟੀਮ ਵੱਲੋਂ 100 ਤੋਂ ਵੱਧ ਮਰੀਜ਼ਾਂ ਦਾ ਚੈੱਕਅਪ ਕਰਕੇ ਉਨ੍ਹਾਂ ਦਾ ਇਲਾਜ ਕੀਤਾ ਗਿਆ।

ਕੈਂਪ ਚ ਸ਼ਾਮਿਲ ਇਕੱਠ ਨੂੰ ਸੰਬੋਧਨ ਕਰਦੇ ਹੋਏ ਡਾਕਟਰ ਅਮਰਪ੍ਰੀਤ ਸਿੰਘ ਨੇ ਕਿਹਾ ਕਿ ਦਿਨ-ਬ-ਦਿਨ ਹਵਾ ਵਿੱਚ ਫੈਲ ਰਹੇ ਪ੍ਰਦੂਸ਼ਨ ਅਤੇ ਮਿਲਾਵਟੀ ਖੁਰਾਕਾਂ ਖਾਣ ਕਾਰਨ ਜਿੱਥੇ ਕਈ ਪ੍ਰਕਾਰ ਦੀਆਂ ਬਿਮਾਰੀਆਂ ਵਿੱਚ ਵਾਧਾ ਹੋ ਰਿਹਾ ਹੈ ਉੱਥੇ ਚਮੜੀ ਦੇ ਰੋਗਾਂ ਵਿੱਚ ਵੀ ਕਈ ਪ੍ਰਕਾਰ ਦੀਆਂ ਬਿਮਾਰੀਆਂ ਪੈਦਾ ਹੋ ਰਹੀਆਂ ਹਨ ਜਿਨ੍ਹਾਂ ਦਾ ਸਮੇਂ ਸਿਰ ਇਲਾਜ ਕਰਵਾਉਣਾ ਬਹੁਤ ਜਰੂਰੀ ਹੈ। ਉਨ੍ਹਾਂ ਕਿਹਾ ਕਿ ਅਜੋਕੇ ਮਹਿੰਗਾਈ ਭਰੇ ਯੁਗ ਵਿੱਚ ਕਈ ਮਰੀਜ਼ ਮਾਲੀ ਹਾਲਾਤਾ ਠੀਕ ਨਾ ਹੋਣ ਕਾਰਨ ਆਪਣਾ ਇਲਾਜ ਪੂਰਾ ਨਹੀਂ ਕਰਵਾ ਪਾਉਂਦੇ ਉਨ੍ਹਾਂ ਦੇ ਲਈ ਅਜਿਹੇ ਮੁਫਤ ਜਾਂਚ ਕੈਂਪ ਕਾਫੀ ਲਾਹੇਵੰਦ ਸਾਬਿਤ ਹੁੰਦੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਕੈਂਪਾਂ ਰਾਹੀਂ ਲਾਚਾਰ ਮਰੀਜ਼ਾਂ ਨੂੰ ਕਾਫ਼ੀ ਰਾਹਤ ਮਿਲਦੀ ਹੈ। ਉਨ੍ਹਾਂ ਕਿਹਾ ਕਿ ਕੈਂਪਾਂ ਰਾਹੀਂ ਮਰੀਜ਼ਾਂ ਦਾ ਇਲਾਜ ਕਰਨਾ ਰੱਬ ਦੀ ਪੂਜਾ ਬਰਾਬਰ ਹੁੰਦਾ ਹੈ। ਉਨ੍ਹਾਂ ਇਲਾਕੇ ਦੇ ਲੋਕਾਂ ਨੂੰ ਪੁਰਜ਼ੋਰ ਅਪੀਲ ਕਰਦੇ ਹੋਏ ਕਿਹਾ ਕਿ ਮੁਫ਼ਤ ਮੈਡੀਕਲ ਕੈਂਪਾਂ ਦਾ ਵੱਧ ਤੋਂ ਵੱਧ ਲਾਭ ਉਠਾਣਾ ਚਾਹੀਦਾ ਹੈ ਤਾਂ ਜੋ ਸਮਾਂ ਰਹਿੰਦੇ ਹਰ ਬਿਮਾਰੀ ਦਾ ਪੂਰਾ ਇਲਾਜ ਹੋ ਸਕੇ।

ਡਾ. ਅਮਰਪ੍ਰੀਤ ਸਿੰਘ ਨੇ ਕਿਹਾ ਕਿ ਸ਼ਰੀਰ ਤੇ ਹੋਏ ਜਖਮ ਜਾਂ ਅਲਰਜੀ ਨੂੰ ਅਕਸਰ ਲੋਕ ਮਮੂਲੀ ਜਿਹਾ ਸਮਝ ਕੇ ਅਣਗਹਿਲੀਆਂ ਕਰ ਜਾਂਦੇ ਹਨ ਪਰ ਅਜਿਹਾ ਕਰਨ ਨਾਲ ਇਸ ਵਿੱਚ ਵਾਧਾ ਹੋਣ ਤੇ ਮਰੀਜ਼ ਨੂੰ ਕਾਫੀ ਜਿਆਦਾ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਨ੍ਹਾਂ ਕਿਹਾ ਕਿ ਸਕਿਨ ਫਸਟ ਕਲੀਨਿਕ ਮਿਆਨੀ ਰੋਡ ਟਾਂਡਾ ਵੱਲੋਂ ਆਏ ਦਿਨ ਅਜਿਹੇ ਜਾਂਚ ਕੈਂਪ ਆਯੋਜਿਤ ਕੀਤੇ ਜਾ ਰਹੇ ਹਨ ਤਾਂ ਜੋ ਸਕਿਨ ਦੀ ਬਿਮਾਰੀ ਤੋਂ ਪੀੜਤ ਹਰ ਮਰੀਜ਼ ਆਪਣਾ ਇਲਾਜ ਕਰਵਾ ਸਕੇ। ਉਨ੍ਹਾਂ ਇਲਾਕੇ ਦੀਆਂ ਸਾਰੀਆਂ ਧਾਰਮਿਕ ਸਮਾਜਿਕ ਅਤੇ ਸਵੈਸੇਵੀ ਸੰਸਥਾਵਾਂ ਨੂੰ ਪੁਰਜੋਰ ਅਪੀਲ ਕਰਦੇ ਹੋਏ ਕਿਹਾ ਕਿ ਅਜੇਹੇ ਮੁਫਤ ਜਾਂਚ ਕੈਂਪ ਜਰੂਰ ਆਯੋਜਿਤ ਕਰਨੇ ਚਾਹੀਦੇ ਹਨ ਇਸ ਨਾਲ ਜਿੱਥੇ ਲਾਚਾਰ ਮਰੀਜ਼ ਆਪਣਾ ਪੂਰਾ ਤੇ ਸਹੀ ਇਲਾਜ ਕਰਵਾ ਲੈਂਦੇ ਹਨ ਉੱਥੇ ਮਰੀਜ਼ਾਂ ਦੀਆਂ ਮਿਲੀਆਂ ਦੁਆਵਾਂ ਰੱਬ ਦੇ ਘਰ ਵਿੱਚ ਚੰਗੇ ਕਰਮਾਂ ਦੀ ਹਾਜ਼ਰੀਆਂ ਵੀ ਲਗਵਾ ਦਿੰਦੀਆਂ ਹਨ।

# ਸ਼ਿਵ ਵਿਆਜ ਚ ਸ਼ਾਮਿਲ ਹੋਣ ਨਾਲ ਪ੍ਰਭੂ ਦੇ ਚਰਨਾਂ ਨਾਲ ਜੁੜਨ ਦੀ ਪ੍ਰੇਰਨਾ ਮਿਲਦੀ ਹੈ : ਵਿੱਕੀ ਮਹਿੰਦਰੂ, ਮਨੀਸ਼ ਸੋਂਧੀ

## ਅਹਿਆਪੁਰ ਚ ਸ਼ਿਵ ਵਿਵਾਹ ਸਮਾਰੋਹ ਬਣਿਆ ਆਕਰਸ਼ਣ ਦਾ ਕੇਂਦਰ



ਸ਼ਿਵ ਵਿਵਾਹ ਰਚਾਉਂਦੇ ਜੰਗਮ, ਸਰੂਪ ਬਣੇ ਕਲਾਕਾਰ ਅਤੇ ਹਾਜਰ ਸ਼ਿਵ ਭਗਤਾਂ ਦਾ ਇਕੱਠ।

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਭਗਵਤੀ ਸਮਿਤੀ ਦੱਤ ਅਹਿਆਪੁਰ ਵੱਲੋਂ ਵਿੱਕੀ ਮਹਿੰਦਰੂ ਅਤੇ ਮਨੀਸ਼ ਸੋਂਦੀ ਦੀ ਰਹਿਨੁਮਾਈ ਹੇਠ ਵੱਖ-ਵੱਖ ਸੰਸਥਾਵਾਂ ਦੇ ਸਹਿਯੋਗ ਨਾਲ ਰਾਮ ਗਲੀ ਅਹਿਆਪੁਰ ਵਿਖੇ ਸ਼ਿਵ ਵਿਵਾਹ ਜਾਗੋ ਕੱਢਣ ਉਪਰੰਤ ਸ਼ਿਵ ਵਿਵਾਹ ਰਚਾਉਣ ਸਬੰਧੀ ਇਕ ਸਮਾਰੋਹ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਵੱਖ-ਵੱਖ ਧਾਰਮਿਕ, ਸਮਾਜਿਕ ਅਤੇ ਸਵੈ ਸੇਵੀ ਸੰਸਥਾਵਾਂ ਦੇ ਆਗੂਆਂ ਤੋਂ ਇਲਾਵਾ ਸ਼ਹਿਰ ਨਿਵਾਸੀਆਂ ਨੇ ਆਪਣੀ ਹਾਜ਼ਰੀ ਲਗਵਾਈ।

ਸ਼ਿਵ ਸਮਾਰੋਹ ਚ ਸ਼ਾਮਿਲ ਸੰਤ ਮਹਾਂਪੁਰਸ਼ ਜੋਗੀ ਰੇਵਾਈ ਨਾਥ ਜੀ ਮਹਾਰਾਜ ਅਤੇ ਮਹੰਤ ਚੰਦਰ ਗਿਰੀ ਜੀ ਮਹਾਰਾਜ ਨੇ ਸ਼ਿਵ ਭੋਲੇ ਨਾਥ ਜੀ ਦੀ ਮਹਿਮਾ ਦਾ ਗੁਣਗਾਨ ਕਰਦੇ ਹੋਏ ਸ਼ਿਵ ਸ਼ਰਧਾਲੂਆਂ ਨੂੰ ਪ੍ਰਭੂ ਚਰਨਾਂ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ। ਸ਼ਿਵ ਵਿਵਾਹ ਦੇ ਮੌਕੇ ਤੇ ਜੰਗਮ ਪਾਰਟੀਆਂ ਦੇ ਕਲਾਕਾਰਾਂ ਨੇ ਵੱਖ-ਵੱਖ ਪੋਸ਼ਾਕਾਂ ਵਿੱਚ ਭੂਤ, ਪ੍ਰੇਤ, ਪਿਸ਼ਾਚ ਤੋਂ ਇਲਾਵਾ ਹੋਰ ਕਈ ਪ੍ਰਕਾਰ ਦੇ ਸਰੂਪਾਂ ਵਿੱਚ ਸ਼ਿਵ ਵਿਵਾਹ ਕਰਦੇ ਹੋਏ ਆਪਣੀ ਕਲਾ ਦਾ ਬੜੀ ਹੀ ਖੂਬਸੂਰਤ ਢੰਗ ਨਾਲ ਪ੍ਰਦਰਸ਼ਨ ਕੀਤਾ ਜਿਸਨੂੰ ਵੇਖ ਕੇ ਭੋਲੇਨਾਥ ਜੀ ਦੇ ਸ਼ਰਧਾਲੂ ਗਦਗਦ ਹੋ ਗਏ। ਇਸ ਮੌਕੇ ਤੇ ਵੱਖ-ਵੱਖ ਪਾਰਟੀਆਂ ਦੇ ਕਲਾਕਾਰਾਂ ਨੇ ਸ਼ਿਵ ਵਿਵਾਹ ਬਰਾਤ ਵੀ ਕੱਢੀ ਜਿਸ ਵਿੱਚ ਸ਼ਾਮਿਲ ਹੋ ਕੇ ਸ਼ਰਧਾਲੂ ਝੂਮਦੇ ਗਾਉਂਦੇ ਹੋਏ ਭੋਲੇਨਾਥ ਦੇ ਪਿਆਰ ਵਿੱਚ ਆਪਣੇ ਆਪ ਨੂੰ ਰੰਗ ਰਹੇ ਸਨ। ਅਹਿਆਪੁਰ ਚ ਸ਼ਿਵ ਵਿਵਾਹ ਸਮਾਰੋਹ ਬਣਿਆ ਆਕਰਸ਼ਣ ਦਾ ਕੇਂਦਰ ਬਣਿਆ ਹੋਇਆ ਸੀ।

ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਸੇਵਾਦਾਰ ਵਿੱਕੀ ਮਹਿੰਦਰੂ ਅਤੇ ਮਨੀਸ਼ ਸੋਂਧੀ ਨੇ ਕਿਹਾ ਕਿ ਹਿੰਦੂ ਧਰਮ ਵਿੱਚ ਭਗਵਾਨ ਸ਼ਿਵ ਭੋਲੇਨਾਥ ਅਤੇ ਦੇਵੀ ਪਾਰਵਤੀ ਜੀ ਦੇ ਪਵਿੱਤਰ ਮਿਲਾਪ ਦੀ ਇਸ ਰਸਮ ਨੂੰ ਬੜੀ ਸ਼ਰਧਾ ਤੇ ਪੂਰੀ ਵਿਧੀ ਪੂਰਵਕ ਪੂਰਾ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸ਼ਿਵ ਸ਼ੰਕਰ ਭੋਲੇਨਾਥ ਦੀ ਰੋਜ਼ਾਨਾ ਪੂਜਾ ਅਰਚਨਾ ਕਰਨ ਤੋਂ ਇਲਾਵਾ ਜਿਹੜਾ ਇਨਸਾਨ ਉਨ੍ਹਾਂ ਦਾ ਨਾਮ ਜਪਦੇ ਹੋਏ ਆਪਣੀ ਸੂਰਤ ਨੂੰ ਭਗਵਾਨ ਸ਼ਿਵ ਭੋਲੇਨਾਥ ਦੇ ਚਰਨਾਂ ਨਾਲ ਜੋੜ ਲੈਂਦਾ ਹੈ ਉਹ ਇਨਸਾਨ ਦੁਨੀਆਂ ਦੇ ਇਸ ਆਵਾਗਮਨ ਤੋਂ ਹਮੇਸ਼ਾ ਲਈ ਛੁਟਕਾਰਾ ਪਾ ਲੈਂਦਾ ਹੈ। ਉਨ੍ਹਾਂ ਕਿਹਾ ਕਿ ਸ਼ਿਵ ਸ਼ੰਕਰ ਜੀ ਦੀ ਪੂਜਾ ਕਰਨ ਨਾਲ ਇਨਸਾਨ ਦੇ ਮਨ ਵਿੱਚ ਹੰਕਾਰ ਦਾ ਤਿਆਗ ਹੋ ਜਾਂਦਾ ਹੈ ਅਤੇ ਉਸਦੀ ਪ੍ਰਵੀਤੀ ਪ੍ਰਭੂ ਦੇ ਚਰਨਾਂ ਨਾਲ ਜੁੜ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸ਼ਿਵ ਪਾਰਵਤੀ ਜੀ ਦੇ ਵਿਵਾਹ ਦਾ ਅਸਲ ਮਕਸਦ ਸ਼ਿਵ ਭਗਤਾਂ ਨੂੰ ਭਗਵਾਨ ਸ਼ਿਵਜੀ ਦੀ ਦੇ ਚਰਨਾਂ ਨਾਲ ਜੋੜਨਾ ਹੈ।

ਸ਼ਿਵ ਵਿਵਾਹ ਉਪਰੰਤ ਸ਼ਰਧਾਲੂਆਂ ਨੇ ਹਰ ਹਰ ਮਹਾਦੇਵ ਦੇ ਜੈਕਾਰੇ ਲਗਾਉਂਦੇ ਹੋਏ ਸ਼ਿਵਜੀ ਜੀ ਦਾ ਪ੍ਰਸਾਦ ਲੰਗਰ ਗ੍ਰਹਿਣ ਕੀਤਾ। ਸਾਰੀ ਰਾਤ ਬਾਬਾ ਜੀ ਦਾ ਅਤੁੱਟ ਲੰਗਰ ਚੱਲਦਾ ਰਿਹਾ। ਇਸ ਮੌਕੇ ਤੇ ਭਾਜਪਾ ਪੰਜਾਬ ਐਗਜੈਕਟਿਵ ਮੈਂਬਰ ਸੁਰਿੰਦਰ ਜਾਜਾ, ਸੰਦੀਪ ਭਾਗੀਆਂ, ਰਾਜਵਿੰਦਰ ਸਿੰਘ, ਸੋਨੂੰ ਪੁਰੀ, ਮੰਨਾ ਮਹਿਰਾ, ਅੰਕੁਰ ਮਹਿੰਦਰੂ, ਗੌਰਵ ਮੰਗਲ, ਚੇਤਨ ਸੋਂਧੀ, ਅਨੁਰੁਧ ਮਹਿੰਦਰੂ, ਬਿਮਲ ਅਰੋੜਾ, ਅਸ਼ੋਕ ਕੁਮਾਰ ਭੱਲਾ, ਬ੍ਰਿਜ ਅਰੋੜਾ, ਕਾਲਾ ਮੰਗਲ, ਗੋਰਾ ਮੰਗਲ, ਕੁਲਦੀਪ ਦੱਤਾ, ਆਸ਼ੂ ਵੈਦ, ਰਾਜੂ ਜਸਰਾ, ਅਰੁਣ ਪੁਰੀ, ਰੂਬਲ ਅਤੇ ਬਾਬੀ ਸ਼ਰਮਾ ਤੋਂ ਇਲਾਵਾ ਹੋਰ ਸ਼ਿਵ ਭਗਤਾਂ ਨੇ ਛੇਵੇਂ ਪਾਤਸ਼ਾਹ ਮਹਾਰਾਜ ਆਪਣੀ ਹਾਜਰੀ ਲਗਵਾ ਕੇ ਬਾਬਾ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ।

# ਭਗਤ ਪੂਰਨ ਸਿੰਘ ਜੀ

## 4 ਜੂਨ 1904 - 5 ਅਗਸਤ 1992





ਪ੍ਰਮਿੰਦਰ ਸਿੰਘ 'ਪ੍ਰਵਾਨਾ'
ਕੈਲੀਫੋਰਨੀਆ
ਯੂ.ਐਸ.ਏ.)
(510) 415-9377


ਸਿੱਖ ਧਰਮ ਵਿੱਚ ਸੇਵਾ ਦਾ ਬੜਾ ਮਹੱਤਵ ਹੈ। ਸਿੱਖ ਧਰਮ ਦੀ ਸਥਾਪਨਾ 'ਸੱਭ ਦਾ ਭਲਾ' ਦੇ ਸਿਧਾਂਤ ਤੇ ਕੀਤੀ ਗਈ ਹੈ। ਸੱਭ ਦੇ ਸਾਂਝੇ ਭਲੇ ਲਈ ਕੰਮ, ਪਰਮਾਤਮਾ ਪ੍ਰਤੀ ਸ਼ਰਧਾ ਵਜੋਂ ਮਨੁੱਖਤਾ ਦੀ ਸੇਵਾ ਅਤੇ ਉੱਨਤੀ ਲਈ ਕੰਮ ਕਰਨਾ। ਸੇਵਾ ਸਿੱਖ ਕਦਰਾਂ-ਕੀਮਤਾਂ ਨੂੰ ਦਰਸਾਉਂਦੀ ਹੈ। ਸੇਵਾ ਦਾ ਅਰਥ ਨਿਰਸਵਾਰਥ ਸੇਵਾ। ਸੰਸਕ੍ਰਿਤ ਦੇ ਮੂਲ ਸ਼ਬਦ 'ਸੇਵ' ਦਾ ਅਰਥ ਹੈ ਸੇਵਾ ਕਰਨਾ। ਸੇਵਾ ਤਨ, ਮਨ, ਧਨ ਨਾਲ ਕੀਤੀ ਜਾਂਦੀ ਹੈ। ਮਨੁੱਖਤਾ ਦੀ ਸੇਵਾ ਸਿੱਖੀ ਦਾ ਆਦਰਸ਼ ਹੈ। ਸੇਵਾ ਜੀਵਨ ਸ਼ੈਲੀ ਦਾ ਇੱਕ ਮਹੱਤਵਪੂਰਨ ਅੰਗ ਹੈ। ਸੇਵਾ ਵਿੱਚ ਇੱਕ ਵਿਅਕਤੀ ਕਿਸੇ ਵੀ ਭੌਤਿਕ ਤਰੀਕੇ ਨਾਲ, ਬਿਨ੍ਹਾਂ ਮੁਆਵਜ਼ੇ ਦੇ ਦੂਜਿਆਂ ਲਈ ਜਾਂ ਕਿਸੇ ਸਾਂਝੇ ਉਦੇਸ਼ ਲਈ ਕੰਮ ਕਰਦਾ ਹੈ।

ਪੁਰਾਤਨ ਸਮਿਆਂ ਵਿੱਚ ਜਦ ਸਿਹਤ ਸਹੂਲਤਾਂ ਘੱਟ ਸਨ ਅਤੇ ਚੰਗੇ ਇਲਾਜ ਉਪਲਬਧ ਨਹੀਂ ਸਨ, ਦਵਾ ਨਾਲੋਂ ਦੁਆਵਾਂ ਦਾ ਅਸਰ ਹੀ ਸਹਾਰਾ ਸੀ। ਧਾਰਮਿਕ ਉਪਦੇਸ਼ ਆਰਾਮ ਤੇ ਧਰਵਾਸ ਦੇਂਦੇ ਸਨ। ਮੱਧ-ਕਾਲੀਨ ਜੁੱਗ ਵਿੱਚ ਦੱਖਣੀ ਏਸ਼ੀਆ ਦੇ ਪੰਜਾਬ ਖਿੱਤੇ ਵਿੱਚ ਸਿੱਖ ਧਰਮ ਦੇ ਗੁਰੂ ਸਾਹਿਬਾਨ ਜੀ ਨੇ ਮਨੁੱਖਤਾ ਦੀ ਸੇਵਾ ਨੂੰ ਲਾਚਾਰ ਅਤੇ ਬੀਮਾਰਾਂ ਦੀ ਸੇਵਾ, ਆਫਤ ਵਿੱਚ ਘਿਰੇ ਲੋਕਾਂ ਦੀ ਸੇਵਾ, ਦੇਖ-ਭਾਲ ਨਿੱਜੀ ਸਵਾਰਥ ਤੋਂ ਉੱਪਰ ਉੱਠ ਕੇ ਕਰਨ ਦਾ ਉਪਦੇਸ਼ ਦਿੱਤਾ। ਸੇਵਾ ਦੀ ਭਾਵਨਾ ਨੂੰ ਮੁਕਤੀ ਨਾਲ ਜੋੜ ਦਿੱਤਾ। ਇਸ ਤਰ੍ਹਾਂ ਸਿਹਤਮੰਦ ਸਮਾਜ ਦੀ ਉਸਾਰੀ ਕੀਤੀ। ਅੱਜੋਕੇ ਸਮੇਂ ਵਿੱਚ ਵੀ ਗੁਰੂ ਸਾਹਿਬਾਨ ਜੀ ਦੀ ਸਿੱਖਿਆ ਅਤੇ ਗੁਰਬਾਣੀ ਤੋਂ ਸੇਧ ਲੈ ਕੇ ਸ਼ਰਧਾਲੂਆਂ ਨੂੰ ਸੇਵਾ ਕਰਨ ਦਾ ਉਤਸ਼ਾਹ ਮਿਲਦਾ ਹੈ।



ਅੰਮ੍ਰਿਤਸਰ ਦੇ ਇਤਿਹਾਸ ਵਿੱਚ ਇੱਕ ਸ਼ਰਧਾਲੂ ਭਗਤ ਪੂਰਨ ਸਿੰਘ ਦਾ ਨਾਉਂ ਉੱਭਰ ਕੇ ਆਉਂਦਾ ਹੈ, ਜਿਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਮਨੁੱਖਤਾ ਦੀ ਸੇਵਾ ਲਈ ਸਮਰਪਿਤ ਕਰ ਦਿੱਤੀ।

ਭਗਤ ਪੂਰਨ ਸਿੰਘ ਦਾ ਜਨਮ ਜ਼ਿਲ੍ਹਾ ਲੁਧਿਆਣਾ ਦੀ ਤਹਿਸੀਲ ਖੰਨਾ ਦੇ ਪਿੰਡ ਰਾਜੇਵਾਲ ਵਿਖੇ 4 ਜੂਨ 1904 ਨੂੰ ਮਾਤਾ ਮਹਿਤਾਬ ਕੌਰ ਦੀ ਕੁੱਖੋਂ ਹੋਇਆ। ਉਨ੍ਹਾਂ ਦਾ ਪਿਤਾ ਲਾਲਾ ਸਿਬੂ ਮੱਲ, ਪਿੰਡ ਦਾ ਧਨਾਢ ਸ਼ਾਹੂਕਾਰ ਸੀ। ਉਸ ਦੀ ਮਾਂ ਧਾਰਮਿਕ ਖਿਆਲਾਂ ਵਾਲੀ ਸੂਝਵਾਨ ਸੀ। ਉਨ੍ਹਾਂ ਨੂੰ ਰਾਮਜੀ ਦਾਸ ਦਾ ਨਾਉਂ ਦਿੱਤਾ ਗਿਆ ਸੀ।

ਭਗਤ ਜੀ ਦੇ ਮਨ ਤੇ ਆਪਣੀ ਮਾਂ ਦੀ ਸ਼ਖਸ਼ੀਅਤ ਦਾ ਬੜਾ ਪ੍ਰਭਾਵ ਸੀ, ਜਿਸ ਨਾਲ ਆਪ ਜੀ ਦੇ ਮਨ ਵਿੱਚ ਸੇਵਾ ਭਾਵਨਾ ਉਤਪੰਨ ਹੋਈ। ਸੰਨ 1905 ਵਿੱਚ ਪਲੇਗ ਪਈ ਤਾਂ ਉਨ੍ਹਾਂ ਦੀ ਮਾਂ ਘਰ-ਘਰ ਜਾ ਕੇ ਲੋਕਾਂ ਦਾ ਹਾਲ ਪੁੱਛਦੀ। ਸੰਨ 1913 ਵਿੱਚ ਜਦ ਮੀਂਹ ਨਾ ਪੈਣ ਕਰਕੇ ਸੋਕਾ ਅਤੇ ਕਾਲ ਪੈ ਗਿਆ, ਤਾਂ ਉਨ੍ਹਾਂ ਦੀ ਮਾਂ ਨੇ ਰਾਮਜੀ ਦਾਸ ਨੂੰ ਨਾਲ ਲੈ ਕੇ ਗਰੀਬਾਂ ਦੀ ਮਦਦ ਕੀਤੀ, ਲੋਕਾਂ ਨੂੰ ਅਨਾਜ ਦੀ ਵੀ ਮਦਦ ਕੀਤੀ। ਲੋਕਾਂ ਕੋਲੋਂ ਵਾਪਿਸ ਪੈਸੇ ਨਾ ਮਿਲਣ ਕਰਕੇ ਉਨ੍ਹਾਂ ਦਾ ਕਾਰੋਬਾਰ ਬੰਦ ਹੋ ਗਿਆ। ਘਰ ਵਿੱਚ ਗਰੀਬੀ ਆ ਗਈ। ਪਿਤਾ ਜੀ ਦੀ ਮੌਤ ਵੀ ਹੋ ਗਈ। ਮਾਤਾ ਜੀ ਨੇ ਘਰੇਲੂ ਨੌਕਰ ਵਜੋਂ ਕੰਮ ਕਰਕੇ ਭਗਤ ਜੀ ਦੀ ਪੜ੍ਹਾਈ ਜਾਰੀ ਰੱਖਣ ਲਈ ਖੰਨਾ ਦੇ ਹਾਈ ਸਕੂਲ ਦੇ ਹੋਸਟਲ ਵਿੱਚ ਭੇਜਿਆ, ਜਿੱਥੇ ਉਹ 1916-1923 ਤੱਕ ਸਾਧਾਰਨ ਰਹੇ। ਮਾਂ ਉਸ ਨੂੰ ਖਰਚਾ ਭੇਜਦੀ ਰਹੀ।

ਭਗਤ ਜੀ ਦਸਵੀਂ ਜਮਾਤ ਵਿੱਚੋਂ ਫੇਲ੍ਹ ਹੋ ਗਏ। ਮਾਂ ਨੇ ਵਾਪਿਸ ਲਾਹੌਰ ਬੁਲਾ ਲਿਆ ਅਤੇ ਇੱਕ ਸਥਾਨਕ ਸਕੂਲ ਵਿੱਚ ਦਾਖਲ ਕਰਵਾਇਆ। ਭਗਤ ਜੀ ਦੀ ਦੁਨਿਆਵੀ ਵਿਦਿਆ ਵਿੱਚ ਰੁਚੀ ਨਹੀਂ ਸੀ। ਪਰ ਉਹ ਇੱਕ ਸਾਹਿਤ ਰਸੀਏ ਸਨ। ਉਹ ਦਿਆਲ ਸਿੰਘ ਲਾਇਬ੍ਰੇਰੀ ਵਿੱਚ ਗਿਆਨ ਪ੍ਰਾਪਤੀ ਲਈ ਘੰਟਿਆਂ ਬੱਧੀ ਅਖ਼ਬਾਰਾਂ, ਰਸਾਲੇ ਅਤੇ ਕਿਤਾਬਾਂ ਪੜ੍ਹਦੇ। ਉਹ ਸਵੈ-ਪ੍ਰਕਾਸ਼ਕ ਵੀ ਸਨ। ਉਨ੍ਹਾਂ ਨੇ ਆਬਾਦੀ ਦੇ ਵਾਧੇ, ਪ੍ਰਦੂਸ਼ਣ, ਹਵਾ-ਪਾਣੀ-ਧਰਤੀ ਦੇ ਦੂਸ਼ਿਤ ਹੋਣ, ਪੈਟਰੋਲ, ਡੀਜ਼ਲ ਤੇ ਕੋਲੇ ਦੀ ਬੇਤਹਾਸ਼ਾ ਖਪਤ, ਧਰਤੀ ਦੇ ਖੋਰੇ, ਡੈਮਾਂ ਦੇ ਭਰਨ, ਸਮਾਜਿਕ ਬੁਰਾਈਆਂ, ਬੇਰੁਜ਼ਗਾਰੀ ਅਤੇ ਹੋਰ ਸਮਾਜ ਤੇ ਪੈ ਰਹੇ ਭੈੜੇ ਅਸਰਾਂ ਨੂੰ ਸੋਚਿਆ-ਵਿਚਾਰਿਆ ਤੇ ਇਹਨਾਂ ਵਿਸ਼ਿਆਂ ਤੇ ਚੋਣਵਾਂ ਸਾਹਿਤ ਛਾਪਿਆ ਅਤੇ ਮੁਫ਼ਤ ਵੰਡਿਆ।

ਭਗਤ ਜੀ ਜਵਾਨ ਹੋਏ ਤਾਂ ਸਿੱਖ ਧਰਮ ਤੋਂ ਪ੍ਰਭਾਵਿਤ ਹੋ ਕੇ ਲਾਹੌਰ ਵਿੱਚ ਗੁਰਦੁਆਰਾ ਡੇਹਰਾ ਸਾਹਿਬ ਜਾਣ ਲੱਗ ਪਏ। ਇੱਥੇ ਉਸ ਦਾ ਨਾਉਂ ਪੂਰਨ ਸਿੰਘ ਰੱਖਿਆ ਗਿਆ, ਅੱਗੇ ਚੱਲ ਕੇ ਗਿਆਨੀ ਕਰਤਾਰ ਸਿੰਘ ਨੇ ÷ਭਗਤ÷ ਨਾਲ ਜੋੜ ਦਿੱਤਾ। ਇਸ ਤਰ੍ਹਾਂ ਉਹ ਰਾਮਜੀ ਦਾਸ ਤੋਂ ਭਗਤ ਪੂਰਨ ਸਿੰਘ ਬਣ ਗਏ।

ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਖੇ ਉਹ ਸੇਵਾ ਕਰਨ ਲੱਗ ਪਏ ਜਿਵੇਂ; ਹਲਵਾਈ ਨਾਲ ਕੰਮ ਕਰਨਾ, ਝੋਟੇ ਨੂੰ ਨਹਾਉਣਾ, ਦੁੱਧ ਦੇਣ ਵਾਲੇ ਪਸ਼ੂਆਂ ਦੀ ਸੰਭਾਲ ਕਰਦੇ, ਲੰਗਰਾਂ ਵਿੱਚ ਪ੍ਰਸ਼ਾਦਾ ਪਕਾਉਂਦੇ, ਲੰਗਰ ਵਰਤਾਉਂਦੇ, ਜੂਠੇ ਭਾਂਡੇ ਮਾਂਜਦੇ, ਤੱਪੜ ਵਿਛਾਉਂਦੇ, ਯਾਤਰੂਆਂ ਦੇ ਸੌਣ ਦਾ ਪ੍ਰਬੰਧ ਕਰਦੇ, ਬੇ-ਸਹਾਰਾ ਰੋਗੀਆਂ ਅਤੇ ਅਪਾਹਜਾਂ ਦੀ ਸੇਵਾ-ਸੰਭਾਲ ਕਰਦੇ, ਉਸ ਨੂੰ ਹਸਪਤਾਲ ਲੈ ਜਾਂਦੇ, ਜੋੜਿਆਂ ਅਤੇ ਸਾਈਕਲ ਸਟੈਂਡ ਦੀ ਸੇਵਾ ਤੇ ਬੈਠਦੇ, ਗੁਰਦੁਆਰੇ ਦਾ ਫਰਸ਼ ਸਾਫ਼ ਕਰਦੇ। ਉਹ ਲਾਹੌਰ ਦੀਆਂ ਗਲੀਆਂ ਦੀ ਵੀ ਸਫ਼ਾਈ ਕਰ ਜਾਂਦੇ। ਉਪਰੰਤ ਗੁਰਬਾਣੀ ਸਰਵਣ ਕਰਦੇ ਰਹਿੰਦੇ।

23 ਜੂਨ 1930 ਨੂੰ ਉਸ ਦੀ ਮਾਂ ਦੀ ਮੌਤ ਹੋ ਗਈ। ਉਹ ਆਪਣੀ ਮਾਂ ਦੀ ਸਿੱਖਿਆ ਅਨੁਸਾਰ ਮਾਤਰ-ਦੁਖੀ ਤੇ ਬੇ-ਸਹਾਰਾ ਮਨੁੱਖਤਾ ਦੀ ਸੇਵਾ ਕਰਨ ਬਾਰੇ ਗੰਭੀਰਤਾ ਨਾਲ ਸੋਚਣ ਲੱਗਾ। ਮਨੁੱਖਤਾ ਦੀ ਸੇਵਾ ਉਨ੍ਹਾਂ ਦੇ ਜੀਵਨ ਦਾ ਮਨੋਰਥ ਬਣ ਗਿਆ ਸੀ। ਉਨ੍ਹਾਂ ਦੀ ਸਿੱਖ ਗੁਰੂਆਂ ਦੇ ਉਪਦੇਸ਼ ਵਿੱਚ ਬੜੀ ਸ਼ਰਧਾ ਸੀ। ਉਹ ਇੱਧਰ-ਉੱਧਰ ਘੁੰਮ ਕੇ ਵੇਖਦੇ, ਜ਼ਖਮੀਆਂ ਤੇ ਸਰੀਰਕ ਤੌਰ ਤੇ ਅਪਾਹਜਾਂ ਨੂੰ ਲੱਭਦੇ ਅਤੇ ਹਸਪਤਾਲ ਛੱਡ ਆਉਂਦੇ।

ਸੰਨ 1934 ਦੀ ਰਾਤ ਕੋਈ ਚਾਰ ਕੁ ਸਾਲ ਦਾ ਬੱਚਾ, ਜੋ ਕੋੜ੍ਹ ਨਾਲ ਗ੍ਰਸਤ ਸੀ, ਉਸ ਲੜਕੇ ਨੂੰ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੇ ਦਰਵਾਜ਼ੇ ਤੇ ਛੱਡ ਗਿਆ। ਗੁਰਦੁਆਰੇ ਦੇ ਮੁੱਖ ਜਥੇਦਾਰ ਅੱਛਰ ਸਿੰਘ ਜੀ ਨੇ ਬੱਚਾ ਭਗਤ ਜੀ ਦੇ ਹਵਾਲੇ ਕਰ ਦਿੱਤਾ। ਇਸ ਤਰ੍ਹਾਂ ਉਸੇ ਦਿਨ ਹੀ ਸਮਝੋ ਕਿ 'ਪਿੰਗਲਵਾੜਾ' ਦੀ ਨੀਂਹ ਰੱਖੀ ਗਈ।

ਭਗਤ ਜੀ ਨੇ ਬੱਚੇ ਨੂੰ ਪਿਆਰ ਨਾਲ ਰੱਖਿਆ ਅਤੇ ਉਸ ਦਾ ਨਾਉਂ ਪਿਆਰਾ ਸਿੰਘ ਰੱਖ ਦਿੱਤਾ। 1934-1947 ਤੱਕ ਭਗਤ ਜੀ ਨੇ ਆਪਣੀ ਪਿੱਠ ਅਤੇ ਮੋਢਿਆਂ ਨੂੰ ਉਸ ਦਾ ਟਿਕਾਣਾ ਬਣਾਈ ਰੱਖਿਆ। ਫਿਰ ਉਹ ਸੇਵਾ ਵਿੱਚ ਜੁੱਟ ਗਏ ਅਤੇ ਵਧਦੇ ਗਏ।

1947 ਵਿੱਚ ਦੇਸ਼ ਦੀ ਵੰਡ ਸਮੇਂ ਉਹ 18 ਅਗਸਤ 1947 ਨੂੰ ਲਾਹੌਰ ਤੋਂ ਖਾਲਸਾ ਕਾਲਜ ਅੰਮ੍ਰਿਤਸਰ ਦੇ ਰਿਫਿਊਜੀ ਕੈਂਪ ਵਿੱਚ ਪਹੁੰਚੇ, ਜਿਸ ਵਿੱਚ 25,000 ਤੋਂ ਵੱਧ ਸ਼ਰਨਾਰਥੀ ਸਨ। ਜੋ ਗੰਭੀਰ ਰੂਪ ਵਿੱਚ ਜ਼ਖਮੀ ਸਨ ਅਤੇ ਆਪਾ ਸੰਭਾਲਣ ਦੇ ਯੋਗ ਨਹੀਂ ਸਨ, ਸਰਕਾਰ ਦੀ ਮਦਦ ਦੀ ਸਮਰੱਥਾ ਤੋਂ ਵੀ ਵਾਂਝੇ ਸਨ। ਭਗਤ ਜੀ ਨੇ ਆਪ ਅੱਗੇ ਹੋ ਕੇ ਜ਼ਖਮੀਆਂ ਦਾ ਇਲਾਜ ਕਰਨਾ ਸ਼ੁਰੂ ਕੀਤਾ। ਸ਼ਰਨਾਰਥੀ ਕੈਂਪ ਦਸੰਬਰ 1947 ਤੱਕ ਚੱਲਿਆ, ਪਰ ਭਗਤ ਜੀ ਨੇ ਆਪਣੀ ਸੇਵਾ ਦਾ ਕੰਮ ਜਾਰੀ ਰੱਖਿਆ।

ਖਾਲਸਾ ਕਾਲਜ ਤੋਂ ਨਿਕਲ ਕੇ ਚੀਫ਼ ਖਾਲਸਾ ਦੀਵਾਨ ਦੇ ਅੱਗੇ ਰੇਲਵੇ ਸਟੇਸ਼ਨ ਦੀ ਸੜਕ ਦੇ ਕੰਢੇ ਅਤੇ 1 ਅਕਤੂਬਰ 1948 ਤੋਂ ਹਸਪਤਾਲ ਦੇ ਬੂਹੇ ਅੱਗੇ ਰਾਮ ਬਾਗ ਦੇ ਦਰਵਾਜ਼ੇ ਨੇੜੇ ਬੋਹੜ ਦੇ ਰੁੱਖ ਹੇਠ ਭਗਤ ਜੀ ਨੇ ਆਪਣੇ ਮਰੀਜ਼ਾਂ ਸਮੇਤ ਡੇਰਾ ਲਾਇਆ। ਇਸ ਤਰ੍ਹਾਂ ਡੇਢ ਸਾਲ ਤੁਰਦੇ-ਫਿਰਦੇ ਮਰੀਜ਼ਾਂ ਦੀ ਸੇਵਾ-ਸੰਭਾਲ ਕੀਤੀ, ਜਿਨ੍ਹਾਂ ਦੀ ਗਿਣਤੀ ਵਧਦੀ ਗਈ। ਸੇਵਾ ਵਿੱਚ ਘਰਾਂ ਤੋਂ ਪ੍ਰਸ਼ਾਦਾ ਲਿਆਉਣਾ, ਹਸਪਤਾਲ ਜਾਣਾ, ਬੋਹਕਰ ਦੇਣੀ, ਭਾਂਡੇ ਮਾਂਜਣੇ ਆਦਿ ਸ਼ਾਮਲ ਸਨ। ਪੈਸਾ ਕੋਲ ਹੈ ਨਹੀਂ ਸੀ। ਭਗਤ ਜੀ ਇਕੱਲੇ ਕੰਮ ਕਰਦੇ। ਜਦੋਂ 22 ਮਰੀਜ਼ ਹੋ ਗਏ ਤਾਂ ਕੰਮ ਲਈ ਸਵੇਰੇ ਇੱਕ ਸਮੇਂ ਵਾਸਤੇ ਇੱਕ ਸਫ਼ਾਈ ਸੇਵਕ ਰੱਖਿਆ ਸੀ। ਰਿਕਸ਼ੇ ਨੂੰ ਕਿਰਾਏ ਤੇ ਲੈ ਕੇ ਉਸ ਨੂੰ ਆਪ ਧੱਕ ਕੇ ਮਰੀਜ਼ ਹਸਪਤਾਲ ਲੈ ਕੇ ਜਾਂਦੇ ਸਨ।

ਉਨ੍ਹਾਂ ਨੇ ਸਿਵਲ ਸਰਜਨ ਦੇ ਦਫ਼ਤਰ ਨੇੜੇ ਇੱਕ ਨਿਕਾਲੀ ਕੋਠੀ ਮੁੱਲ ਲਈ, ਜੋ ਬਾਅਦ ਵਿੱਚ ਖਾਲੀ ਕਰਨੀ ਪਈ। ਫਿਰ 1950 ਵਿੱਚ ਇੰਦਰ ਪ੍ਰਕਾਸ਼ ਸਿੰਘ ਦੀ ਅਧੂਰੀ ਇਮਾਰਤ ਅਤੇ ਰਾਮ ਤਲਾਈ ਦੀ ਸਰਾਂ ਵਿੱਚ ਡੇਰੇ ਲਾਏ। ਨਵੰਬਰ 27, 1958 ਨੂੰ ਹੁਣ ਦੇ ਮੁੱਖ ਦਫ਼ਤਰ ਵਾਲੀ ਥਾਂ 16,964 ਰੁਪਏ ਵਿੱਚ ਖਰੀਦ ਲਈ। ਇਸ ਤਰ੍ਹਾਂ ਪਿੰਗਲਵਾੜਾ ਬਕਾਇਦਾ ਤੌਰ ਤੇ ਹੋਂਦ ਵਿੱਚ ਆ ਗਿਆ। 'ਆਲ ਇੰਡੀਆ ਪਿੰਗਲਵਾੜਾ ਸੋਸਾਇਟੀ (ਰਜਿ:) ਅੰਮ੍ਰਿਤਸਰ' ਦੇ ਰੂਪ ਵਿੱਚ ਰਜਿਸਟ੍ਰੇਸ਼ਨ 06/03/1957 ਨੂੰ ਹੋਈ।

ਪਿੰਗਲਵਾੜਾ ਦਾ ਸਾਲਾਨਾ ਬਜਟ ਉਸ ਸਮੇਂ 12.5 ਮਿਲੀਅਨ ਸੀ। ਇਹ ਸੰਸਥਾ ਤਹਿਸੀਲਪੁਰਾ ਜੀ.ਟੀ. ਰੋਡ ਅੰਮ੍ਰਿਤਸਰ ਵਿਖੇ ਹੈ। ਸੰਸਥਾ ਦੇ ਹੋਰ ਕੇਂਦਰ ਹਨ ਜਿਵੇਂ ਕਿ ਅੰਮ੍ਰਿਤਸਰ, ਜਲੰਧਰ, ਸੰਗਰੂਰ, ਮਾਨਾਵਾਲਾ, ਪਲਸੋਰਾ ਅਤੇ ਗੋਇੰਦਵਾਲ, ਜਿਨ੍ਹਾਂ ਵਿੱਚ ਪੀੜਤ ਮਰੀਜ਼ ਦਾਖਲ ਹਨ।

ਉਸ ਦੀ ਸੇਵਾ-ਸੰਭਾਲ ਵਾਸਤੇ ਲੋੜੀਂਦੇ ਕਰਮਚਾਰੀ ਤਾਇਨਾਤ ਰਹਿੰਦੇ ਹਨ। ਪਿੰਗਲਵਾੜਾ ਦੀਆਂ ਮੁੱਢਲੀ ਡਾਕਟਰੀ ਸਹਾਇਤਾ ਦੀਆਂ ਗੱਡੀਆਂ ਜੀ.ਟੀ. ਰੋਡ ਤੇ ਹੁੰਦੇ ਹਾਦਸਿਆਂ ਦੇ ਪੀੜਤਾਂ ਲਈ ਹਮੇਸ਼ਾ ਤਿਆਰ ਰਹਿੰਦੀਆਂ ਹਨ। ਪਿੰਗਲਵਾੜਾ ਦਾ ਇੱਕ ਬਨਾਵਟੀ ਅੰਗ ਕੇਂਦਰ ਹੈ, ਜਿੱਥੇ ਅਪਾਹਜਾਂ ਨੂੰ ਮੁਫ਼ਤ ਅੰਗ ਲਗਾਏ ਜਾਂਦੇ ਹਨ। ਖਾਸ ਤਰ੍ਹਾਂ ਦੇ ਬੱਚਿਆਂ ਲਈ ਵਿਦਿਅਕ ਅਦਾਰੇ ਹਨ। ਪਿੰਗਲਵਾੜੇ ਵਿੱਚੋਂ ਮਰਨ ਵਾਲਿਆਂ ਦੀਆਂ ਲਾਵਾਰਸ ਲਾਸ਼ਾਂ ਨੂੰ ਸਰੀਰ ਵਿਗਿਆਨ ਪੜ੍ਹਾਉਣ ਲਈ ਸਥਾਨਕ ਮੈਡੀਕਲ ਕਾਲਜ ਭੇਜਿਆ ਜਾਂਦਾ ਹੈ।

ਆਪ ਇੱਕ ਪਰਪੱਕ ਵਾਤਾਵਰਣ ਪ੍ਰੇਮੀ ਅਤੇ ਦਾਰਸ਼ਨਿਕ ਸਨ। ਉਨ੍ਹਾਂ ਨੇ ਰੁੱਖ ਲਗਾਉਣ ਦੀ ਮੁਹਿੰਮ ਸ਼ੁਰੂ ਕੀਤੀ। ਵਾਤਾਵਰਣ ਦੇ ਵਿਸ਼ਿਆਂ ਤੇ ਭਾਸ਼ਣ ਦਿੱਤੇ, ਸੈਮੀਨਾਰਾਂ ਦਾ ਆਯੋਜਨ ਕੀਤਾ ਤੇ ਲਿਖਤੀ ਸਾਹਿਤ ਵੰਡਿਆ। ਉਨ੍ਹਾਂ ਨੇ ਕਈ ਧਿਰਵੀ ਰੁੱਖ ਲਗਾਏ ਹਨ।

ਉਨ੍ਹਾਂ ਨੂੰ ਪਦਮ ਸ਼੍ਰੀ (1981) ਮਿਲਿਆ, ਜੋ ਉਨ੍ਹਾਂ ਨੇ 1984 ਦੀ ਦੁਖਦਾਈ ਘਟਨਾ ਦੇ ਰੋਸ ਵਿੱਚ ਵਾਪਿਸ ਕਰ ਦਿੱਤਾ ਸੀ। ਭਗਤ ਜੀ ਇੱਕ ਸੰਸਥਾ ਸਨ। ਉਹ ਇੱਕ ਸਮਰਪਿਤ ਸਿੱਖ ਸਨ ਅਤੇ ਪੁਰਾਤਨ ਸਮੇਂ ਦੇ ਮਿਆਰੀ ਸਿੱਖ ਸਨ। ਉਨ੍ਹਾਂ ਨੇ ਵਿਸ਼ਵ ਪੱਧਰ ਤੇ ਆਪਣੇ ਮਾਨਵਵਾਦੀ ਵਿਚਾਰਾਂ ਅਤੇ ਸੇਵਾ ਲਈ ਸਨਮਾਨ ਪ੍ਰਾਪਤ ਕੀਤਾ ਹੈ।

ਭਗਤ ਜੀ 5 ਅਗਸਤ, 1992 ਨੂੰ ਅੰਮ੍ਰਿਤਸਰ ਵਿਖੇ ਸਦੀਵੀ ਵਿਛੋੜਾ ਦੇ ਗਏ। ਉਹ ਗੁਰਮਤਿ ਆਸ਼ੇ ਅਨੁਸਾਰ ਨਿਸ਼ਕਾਮ ਅਤੇ ਨਿਰਸਵਾਰਥ ਸੇਵਾ ਲਈ ਹਮੇਸ਼ਾ ਯਾਦ ਰਹਿਣਗੇ। ਉਸ ਦੀ ਵਿਰਾਸਤ ਦੀ ਸੰਭਾਲ ਵਿੱਚ ਡਾਕਟਰ ਬੀਬੀ ਇੰਦਰਜੀਤ ਕੌਰ ਜੁਟੇ ਹੋਏ ਹਨ। ਭਗਤ ਜੀ ਦੀ ਵਿਰਾਸਤ ਨੂੰ ਅਗਾਂਹ ਤੋਰਨ ਵਿੱਚ ਉਸ ਦੀ ਜਨਮ ਸ਼ਤਾਬਦੀ ਅਤੇ ਹੋਰ ਮੌਕਿਆਂ ਤੇ ਸਮਾਗਮਾਂ ਵਿੱਚ ਉਸ ਦੀ ਸੋਚ ਤੇ ਵਿਚਾਰ ਨੂੰ ਅਗਾਹ ਤੋਰਿਆ ਗਿਆ।

ਉਨ੍ਹਾਂ ਦੀ ਜੀਵਨੀ ਉੱਤੇ 'Garland Around My Neck' (432 ਪੰਨੇ) ਸੁਰਿੰਦਰ ਕੌਰ ਦੁਆਰਾ ਲਿਖੀ ਗਈ ਹੈ। ਸੈਮੀਨਾਰ, ਦਸਤਾਵੇਜ਼ੀ ਫਿਲਮਾਂ ਅਤੇ ਲਿਖਤਾਂ ਰਾਹੀਂ ਭਗਤ ਜੀ ਦੀ ਵਿਰਾਸਤ ਨੂੰ ਅਗਾਂਹ ਤੋਰਿਆ ਜਾ ਰਿਹਾ ਹੈ।

**ਅੰਤਿਕਾ:** 'ਜਿਹੜਾ ਸੇਵਕ ਸਿੱਖਿਆ ਵਾਸਤੇ, ਗੁਰੂ ਦੇ ਘਰ ਵਿੱਚ ਗੁਰੂ ਦੇ ਦਰ ਤੇ ਰਹਿੰਦਾ ਹੈ ਤੇ ਗੁਰੂ ਦਾ ਹੁਕਮ ਮੰਨਦਾ ਹੈ (ਆਪਣੇ ਆਪ ਨੂੰ ਵੱਡਾ ਨਹੀਂ ਜਤਾਉਂਦਾ), ਉਹ ਪ੍ਰਭੂ ਦਾ ਨਾਮ ਸਦਾ ਹਿਰਦੇ ਵਿੱਚ ਧਿਆਉਂਦਾ ਹੈ। ਜੋ ਆਪਣਾ ਮਨ ਸਤਿਗੁਰੂ ਅੱਗੇ ਵੇਚ ਦੇਂਦਾ ਹੈ, ਭਾਵ ਗੁਰੂ ਦੇ ਹਵਾਲੇ ਕਰ ਦੇਂਦਾ ਹੈ, ਉਸ ਸੇਵਕ ਦੇ ਸਾਰੇ ਕੰਮ ਸਿਰੇ ਚੜ੍ਹ ਜਾਂਦੇ ਹਨ। ਜੋ ਸੇਵਕ ਗੁਰੂ ਦੀ ਸੇਵਾ ਕਰਦਿਆਂ ਹੋਇਆਂ ਕਿਸੇ ਫਲ ਦੀ ਖਾਹਿਸ਼ ਨਹੀਂ ਰੱਖਦਾ, ਉਸ ਨੂੰ ਮਾਲਕ ਪ੍ਰਭੂ ਮਿਲ ਪੈਂਦਾ ਹੈ।

ਹੇ ਨਾਨਕ! ਉਹ ਸੇਵਕ ਸਤਿਗੁਰੂ ਦੀ ਸਿੱਖਿਆ ਲੈਂਦਾ ਹੈ, ਜਿਸ ਤੇ ਪ੍ਰਭੂ ਆਪਣੀ ਮੇਹਰ ਕਰਦਾ ਹੈ।' (ਅੰਗ- 286)



# ਵਿਦੇਸ਼ ਨੀਤੀ ’ਚ ਸੁਣੀ ਜਾਵੇ ਸੂਬਿਆਂ ਦੀ ਆਵਾਜ਼



ਪ੍ਰਧਾਨ ਮੰਤਰੀ ਨਰਿੰਦਰ ਮੋਦੀ 12-13 ਸਤੰਬਰ ਨੂੰ ਹੋਣ ਵਾਲੇ ਬਰਿਕਸ (BRICS) ਸੰਮੇਲਨ ਵਿੱਚ ਦੁਨੀਆ ਦੇ ਵੱਡੇ ਨੇਤਾਵਾਂ ਦਾ ਸਵਾਗਤ ਕਰਨ ਦੀ ਤਿਆਰੀ ਕਰ ਰਹੇ ਹਨ। ਇਸ ਤਿਆਰੀ ਵਿੱਚ ਉਹ ਸਿਰਫ਼ ਆਪਣੇ ਦੇਸ਼ ਦੇ ਅੰਦਰੂਨੀ ਹਾਲਾਤ ਨੂੰ ਸੁਧਾਰਨ ਤੱਕ ਹੀ ਸੀਮਿਤ ਨਹੀਂ ਹਨ, ਜਿਵੇਂ ਕਿ ਨੌਜਵਾਨਾਂ ਨੂੰ ਆਪਣੇ ਨਾਲ ਜੋੜਨ ਲਈ ਇੰਸਟਾਗ੍ਰਾਮ ’ਤੇ ਸੈਲਫੀਜ਼ ਸਾਂਝੀਆਂ ਕਰਨੀਆਂ, ਸੰਸਦ ਵਿੱਚ ਰਿਕਾਰਡ ਸਮੇਂ ਵਿੱਚ ਪੇਪਰ ਲੀਕ ਵਿਰੋਧੀ ਕਾਨੂੰਨ ਪਾਸ ਕਰਨਾ ਜਾਂ ਪ੍ਰਦਰਸ਼ਨਕਾਰੀਆਂ ’ਤੇ ਦਰਜ ਕੇਸ ਵਾਪਸ ਲੈਣਾ। ਸਗੋਂ, ਉਹ ਇਸ ਤੋਂ ਵੀ ਅੱਗੇ ਵਧ ਕੇ ਅਮਰੀਕਾ ਦੀ ਮਰਜ਼ੀ ਦੇ ਖ਼ਿਲਾਫ਼ ਜਾ ਕੇ ਉਨ੍ਹਾਂ ਦੇਸ਼ਾਂ ਅਤੇ ਨੇਤਾਵਾਂ ਨੂੰ ਵੀ ਨਵੀਂ ਦਿੱਲੀ ਸੱਦ ਰਹੇ ਹਨ, ਜਿਨ੍ਹਾਂ ਨੂੰ ਅਮਰੀਕਾ ਵੱਲੋਂ ਅਲੱਗ-ਥਲੱਗ ਕੀਤਾ ਜਾ ਰਿਹਾ ਹੈ। ਇਨ੍ਹਾਂ ਵਿੱਚੋਂ ਇੱਕ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਵੀ ਹਨ। ਅਮਰੀਕੀ ਸੈਨੇਟ ਨੇ ਇਸ ਹਫ਼ਤੇ ਉਨ੍ਹਾਂ ਦੇ ਦੇਸ਼ ਖਿਲਾਫ਼ ‘ਲਿੰਡਸੇ ਓ ਗ੍ਰਾਹਮ ਸੈਂਕਸ਼ਨਿੰਗ ਰਸ਼ੀਆ ਐਕਟ 2026’ ਨੂੰ ਭਾਰੀ ਬਹੁਮਤ (86 ਦੇ ਮੁਕਾਬਲੇ 12 ਵੋਟਾਂ) ਨਾਲ ਪਾਸ ਕੀਤਾ ਹੈ। ਇਸ ਕਾਨੂੰਨ ਤਹਿਤ ਜਿਹੜੇ ਦੇਸ਼ ਰੂਸ ਤੋਂ ਊਰਜਾ (ਤੇਲ, ਗੈਸ ਆਦਿ) ਜਾਂ ਫ਼ੌਜੀ ਸਾਜ਼ੋ-ਸਾਮਾਨ ਖਰੀਦਣਗੇ, ਉਨ੍ਹਾਂ ’ਤੇ 100 ਫ਼ੀਸਦੀ ਤੱਕ ਟੈਰਿਫ ਲਗਾਇਆ ਜਾ ਸਕੇਗਾ। ਇਸ ਐਕਟ ਵਿੱਚ ਰਾਸ਼ਟਰਪਤੀ ਪੂਤਿਨ ਅਤੇ ਰੂਸੀ ਰੱਖਿਆ ਉਦਯੋਗ ਨਾਲ ਜੁੜੇ ਹੋਰ 20 ਵੱਡੇ ਅਧਿਕਾਰੀਆਂ ’ਤੇ ਵੀ ਨਵੀਆਂ ਪਾਬੰਦੀਆਂ ਲਗਾਉਣ ਦੀ ਵਿਵਸਥਾ ਕੀਤੀ ਗਈ ਹੈ।

ਸਭ ਤੋਂ ਪਹਿਲਾਂ ਕੁਝ ਠੋਸ ਹਕੀਕਤਾਂ ’ਤੇ ਝਾਤੀ ਮਾਰੀਏ। ਚੀਨ, ਭਾਰਤ ਅਤੇ ਤੁਰਕੀ ਰੂਸੀ ਊਰਜਾ (ਤੇਲ ਅਤੇ ਗੈਸ) ਦੇ ਸਭ ਤੋਂ ਵੱਡੇ ਖਰੀਦਦਾਰਾਂ ਵਿੱਚ ਸ਼ਾਮਲ ਹਨ। ਭਾਵੇਂ ਅਮਰੀਕਾ ਨਾਲ ਹੋਏ ਰੱਖਿਆ ਸਮਝੌਤੇ ਤਹਿਤ ਜ਼ਮੀਨ, ਹਵਾ, ਪਾਣੀ, ਪੁਲਾੜ ਅਤੇ ਸਾਈਬਰ ਖੇਤਰ ਵਿੱਚ ਆਪਸੀ ਤਾਲਮੇਲ ਨੂੰ ਮਜ਼ਬੂਤ ਕਰਨ ਦਾ ਵਾਅਦਾ ਕੀਤਾ ਗਿਆ ਹੈ, ਪਰ ਭਾਰਤ ਅਜੇ ਵੀ ਰੂਸੀ ਹਥਿਆਰਾਂ ਦਾ ਮੁੱਖ ਗਾਹਕ ਹੈ। ਅਮਰੀਕੀ ਕਾਂਗਰਸ (ਸੰਸਦ) ਦੇ ਅੰਕੜਿਆਂ ਮੁਤਾਬਿਕ 2008 ਤੋਂ ਲੈ ਕੇ ਹੁਣ ਤੱਕ ਭਾਰਤ ਦੀ ਰੱਖਿਆ ਦਰਾਮਦ ਦਾ 59 ਫ਼ੀਸਦੀ ਹਿੱਸਾ ਰੂਸ ਤੋਂ, 12 ਫ਼ੀਸਦੀ ਫਰਾਂਸ ਤੋਂ, 10 ਫ਼ੀਸਦੀ ਅਮਰੀਕਾ ਤੋਂ ਅਤੇ 9.5 ਫ਼ੀਸਦੀ ਇਜ਼ਰਾਈਲ ਤੋਂ ਆਇਆ ਹੈ।

ਰੂਸ ਤੋਂ ਮਿਲੇ ਇਨ੍ਹਾਂ ਸਾਜ਼ੋ-ਸਾਮਾਨ ਵਿੱਚੋਂ ਸਿਰਫ਼ ਦੋ ਚੀਜ਼ਾਂ ਐੱਸ-400 ਮਿਜ਼ਾਈਲ ਸਿਸਟਮ ਅਤੇ ਬ੍ਰਹਮੋਸ ਮਿਜ਼ਾਈਲ ਨੇ ਅਪਰੇਸ਼ਨ ਸਿੰਧੂਰ ਦੌਰਾਨ ਪਾਕਿਸਤਾਨ ਵਿਰੁੱਧ ਭਾਰਤ ਦਾ ਪੱਲੜਾ ਭਾਰੀ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ। (ਇਹ ਵੱਖਰੀ ਗੱਲ ਹੈ ਕਿ ਡੋਨਲਡ ਟਰੰਪ ਦਾ ਦਾਅਵਾ ਹੈ ਕਿ ਉਨ੍ਹਾਂ ਨੇ ਭਾਰਤ-ਪਾਕਿਸਤਾਨ ਵਿਚਾਲੇ ਜੰਗ ਖ਼ਤਮ ਕਰਵਾਈ ਸੀ, ਜਿਸ ਤੋਂ ਭਾਰਤ ਸਖ਼ਤੀ ਨਾਲ ਇਨਕਾਰ ਕਰਦਾ ਹੈ।)

ਰੂਸੀ ਊਰਜਾ ਦੀ ਖਰੀਦ ਦੀ ਗੱਲ ਕਰੀਏ ਤਾਂ ਰੀਅਲ-ਟਾਈਮ ਗਲੋਬਲ ਡਾਟਾ ਅਤੇ ਵਿਸ਼ਲੇਸ਼ਣ ਦੇਣ ਵਾਲੀ ਸੰਸਥਾ ‘ਕੇਪਲਰ’ ਮੁਤਾਬਿਕ ਮਾਰਚ ਤੋਂ ਜੂਨ 2026 ਦੌਰਾਨ ਭਾਰਤ ਵੱਲੋਂ ਰੂਸੀ ਕੱਚੇ ਤੇਲ ਦੀ ਖਰੀਦ 20 ਲੱਖ ਬੈਰਲ ਪ੍ਰਤੀ ਦਿਨ ਨੂੰ ਪਾਰ ਕਰ ਗਈ ਹੈ ਅਤੇ ਇਹ ਜਲਦੀ ਹੀ 30 ਲੱਖ ਬੈਰਲ ਪ੍ਰਤੀ ਦਿਨ ਤੱਕ ਪਹੁੰਚਣ ਦੇ ਰਾਹ ’ਤੇ ਹੈ। (ਇਸ ਸਮੇਂ ਦੌਰਾਨ ਭਾਰਤ ਨੇ ਰੂਸ ਤੋਂ 24 ਕਰੋੜ 48 ਲੱਖ 89 ਹਜ਼ਾਰ ਬੈਰਲ, ਯੂ ਏ ਈ ਤੋਂ 5 ਕਰੋੜ 85 ਲੱਖ 70 ਹਜ਼ਾਰ ਬੈਰਲ ਅਤੇ ਸਾਊਦੀ ਅਰਬ ਤੋਂ 5 ਕਰੋੜ 76 ਲੱਖ 20 ਹਜ਼ਾਰ ਬੈਰਲ ਤੇਲ ਖਰੀਦਿਆ।) ਇਸ ਦਾ ਮਤਲਬ ਇਹ ਹੈ ਕਿ ਅੱਜ ਰੂਸ ਤੋਂ ਹੋਣ ਵਾਲੀ ਊਰਜਾ ਦਰਾਮਦ ਭਾਰਤ ਦੀਆਂ ਕੁੱਲ ਊਰਜਾ ਲੋੜਾਂ ਦਾ ਲਗਪਗ 50 ਫ਼ੀਸਦੀ ਬਣ ਚੁੱਕੀ ਹੈ।

ਅਮਰੀਕਾ ਅਤੇ ਇਰਾਨ ਵਿਚਕਾਰ ਲੰਬੇ ਸਮੇਂ ਤੋਂ ਚੱਲ ਰਹੇ ਤਣਾਅ ਕਾਰਨ ਹੋਰਮੁਜ਼ ਜਲਡਮਰੂ ਅਜੇ ਵੀ ਬੰਦ ਹੈ ਅਤੇ ਲਾਲ ਸਾਗਰ ਵਿੱਚ ਵੀ ਹਾਲਾਤ ਸੁਧਰ ਨਹੀਂ ਰਹੇ। ਇਸ ਸਭ ਦੇ ਚੱਲਦਿਆਂ ਭਾਰਤ ਨੂੰ ਇੱਕ ਵਾਰ ਫਿਰ ਮਜਬੂਰ ਹੋ ਕੇ ਸਸਤਾ ਰੂਸੀ ਤੇਲ ਖਰੀਦਣ ਦੇ ਰਾਹ ਪਰਤਣਾ ਪਿਆ ਹੈ, ਭਾਵੇਂ ਕਿ ਪਹਿਲਾਂ ਉਸ ਨੇ ਅਮਰੀਕੀ ਟੈਰਿਫਾਂ ਦੇ ਡਰੋਂ ਇਸ ਨਿਰਭਰਤਾ ਨੂੰ ਛੱਡਣ ਦੇ ਦਾਅਵੇ ਅਤੇ ਵਾਅਦੇ ਕੀਤੇ ਸਨ। ਸਵਾਲ ਇਹ ਉੱਠਦਾ ਹੈ ਕਿ ਕੀ ਰੂਸ ਐਕਟ ਦੇ ਪਾਸ ਹੋਣ ਤੋਂ ਬਾਅਦ ਅਮਰੀਕੀ ਪਾਬੰਦੀਆਂ ਤੋਂ ਬਚਣ ਲਈ ਭਾਰਤ ਆਪਣੇ ਇਸ ਵੱਡੇ ਫ਼ਾਇਦੇ ਨੂੰ ਛੱਡ ਦੇਵੇਗਾ? ਸਾਫ਼ ਹੈ ਕਿ ਇਸ ਦਾ ਜਵਾਬ ‘ਨਹੀਂ’ ਹੈ। ਭਾਰਤ ਦੀ ਅਰਥਵਿਵਸਥਾ ਦੇ ਪਹੀਏ ਨੂੰ ਚਲਦਾ ਰੱਖਣ ਅਤੇ ਗ਼ਰੀਬੀ ਤੇ ਬੇਰੁਜ਼ਗਾਰੀ ਵਰਗੀਆਂ ਬੁਰੀਆਂ ਤਾਕਤਾਂ ਨੂੰ ਦੂਰ ਰੱਖਣ ਲਈ ਰੂਸੀ ਕੱਚੇ ਤੇਲ ਦੀ ਲੋੜ ਹੈ। ਇਹ ਸਮਝਣ ਲਈ ਕੋਈ ਬਹੁਤਾ ਵੱਡਾ ਵਿਗਿਆਨੀ ਹੋਣ ਦੀ ਲੋੜ ਨਹੀਂ ਹੈ ਕਿ ਜੈੱਨ-ਜ਼ੀ ਦੇ ਪ੍ਰਦਰਸ਼ਨ ਸਿਰਫ਼ ‘ਨੀਟ’ ਪੇਪਰ ਲੀਕ ਕਾਰਨ ਹੀ ਨਹੀਂ ਸਗੋਂ ਵਧ ਰਹੀ ਮਹਿੰਗਾਈ ਅਤੇ ਨੌਕਰੀਆਂ ਦੀ ਘਾਟ ਕਾਰਨ ਪੈਦਾ ਹੋਈ ਡੂੰਘੀ ਨਿਰਾਸ਼ਾ ਕਾਰਨ ਭੜਕੇ ਸਨ।

ਵਿਦੇਸ਼ ਨੀਤੀ ਅਤੇ ਰਾਸ਼ਟਰ ਹਿੱਤ ਨੂੰ ਲੈ ਕੇ ਚੱਲ ਰਹੀ ਮੌਜੂਦਾ ਬਹਿਸ ਵਿੱਚ ਅਸਲ ਸਮੱਸਿਆ ਇਹ ਹੈ ਕਿ ਇੱਥੇ ਕੋਈ ਅਸਲ ਬਹਿਸ ਹੈ ਹੀ ਨਹੀਂ। ਦਿੱਲੀ ਦਾ ਨੀਤੀ-ਘਾੜਾ ਕੁਲੀਨ ਵਰਗ ਆਲੋਚਨਾ ਨੂੰ ਦੋ ਕਾਰਨਾਂ ਕਰਕੇ ਹੰਕਾਰ ਨਾਲ ਨਕਾਰ ਦਿੰਦਾ ਹੈ, ਪਹਿਲਾ: ਸੂਬਿਆਂ ਦੇ ਨਜ਼ਰੀਏ ਨੂੰ ‘ਪ੍ਰੋਵਿੰਸ਼ੀਅਲ’ (ਸੂਬਾਈ ਜਾਂ ਖੇਤਰੀ) ਸਮਝਿਆ ਜਾਂਦਾ ਹੈ ਕਿਉਂਕਿ ਉਨ੍ਹਾਂ ਦਾ ਮੰਨਣਾ ਹੈ ਕਿ ਅਸੀਂ ਵੱਡੀ ਤਸਵੀਰ ਯਾਨੀ ਅੰਤਰਰਾਸ਼ਟਰੀ ਹਾਲਾਤ ਨੂੰ ਚੰਗੀ ਤਰ੍ਹਾਂ ਨਹੀਂ ਸਮਝਦੇ। ਇਸ ਲਈ ਅਜਿਹੇ ਕਈ ਮੁੱਦੇ ਹਨ ਜਿਵੇਂ ਪੰਜਾਬ ਅਤੇ ਗੁਜਰਾਤ ਦੇ ਉਨ੍ਹਾਂ ਲੋਕਾਂ ਦਾ ਦੁੱਖ ਜਿਨ੍ਹਾਂ ਨੂੰ ਗ਼ੈਰ-ਕਾਨੂੰਨੀ ਢੰਗ ਨਾਲ ਹੱਥਾਂ-ਪੈਰਾਂ ਵਿੱਚ ਬੇੜੀਆਂ ਪਾ ਕੇ ਅਮਰੀਕਾ ’ਚੋਂ ਬਾਹਰ ਕੱਢ ਦਿੱਤਾ ਗਿਆ ਜਾਂ ਕੇਂਦਰ ਸਰਕਾਰ ਵੱਲੋਂ ਕਰਤਾਰਪੁਰ ਸਾਹਿਬ ਦਾ ਲਾਂਘਾ ਨਾ ਖੋਲ੍ਹਣਾ ਜਾਂ ਮਿਆਂਮਾਰ ਦੇ ਫ਼ੌਜੀ ਜਵਾਨਾਂ ਦਾ ਜਾਨ ਬਚਾਉਣ ਲਈ ਸਰਹੱਦ ਪਾਰ ਕਰਕੇ ਮਿਜ਼ੋਰਮ ਵਿੱਚ ਪਨਾਹ ਲੈਣਾ ਜਾਂ ਸਿੱਕਮ ਦੀ ਚੀਨ ਨਾਲ ਸਰਹੱਦੀ ਵਪਾਰ ਮੁੜ ਸ਼ੁਰੂ ਕਰਨ ਦੀ ਮੰਗ ਅਤੇ ਬਿਹਾਰ ਦੇ ਲੋਕਾਂ ਦੀ ਨੇਪਾਲ ਦੇ ਤਰਾਈ ਇਲਾਕੇ ਨਾਲ ‘ਰੋਟੀ-ਬੇਟੀ’ ਦੇ ਸਾਂਝੇ ਰਿਸ਼ਤਿਆਂ ਵਿੱਚ

**ਜਯੋਤੀ ਮਲਹੋਤਰਾ**

ਆ ਰਹੀਆਂ ਰੁਕਾਵਟਾਂ ’ਤੇ ਚਿੰਤਾ। ਭਾਰਤ ਦੇ ਸੂਬਿਆਂ ਅਤੇ ਉਨ੍ਹਾਂ ਦੇ ਗੁਆਂਢ ਨਾਲ ਜੁੜੇ ਇਹ ਸਾਰੇ ਮੁੱਦੇ ਜ਼ਰੂਰੀ ਤਾਂ ਮੰਨੇ ਜਾਂਦੇ ਹਨ ਪਰ ਦੇਸ਼ ਦੀ ਵਿਦੇਸ਼ ਨੀਤੀ ਨੂੰ ਤੈਅ ਕਰਨ ਵੇਲੇ ਇਨ੍ਹਾਂ ਨੂੰ ਬਹੁਤਾ ਮਹੱਤਵ ਨਹੀਂ ਦਿੱਤਾ ਜਾਂਦਾ।

ਦੂਜਾ ਕਾਰਨ ਜਿਸ ਨੂੰ ‘ਜੁਰਾਸਿਕ ਯੁੱਗ’ (ਪੁਰਾਣੇ ਜ਼ਮਾਨੇ) ਵਾਲੀ ਸੋਚ ਕਿਹਾ ਜਾ ਸਕਦਾ ਹੈ, ਦਾ ਮਤਲਬ ਹੈ ਕਿ ਜੇਕਰ ਤੁਸੀਂ ਰਾਸ਼ਟਰ ਹਿੱਤ ਬਾਰੇ ਦਿੱਲੀ ਦੇ ਕੁਲੀਨ ਵਰਗ ਦੀ ਰਾਏ ਨਾਲ ਸਹਿਮਤ ਨਹੀਂ ਹੋ ਜਾਂ ਇਹ ਮੰਨਦੇ ਹੋ ਕਿ ਭਾਰਤ ਨੂੰ ਗੁੱਟ ਨਿਰਲੇਪ (ਨਾਨ-ਅਲਾਈਨਡ) ਰਹਿਣਾ ਚਾਹੀਦਾ ਹੈ ਜਾਂ ਭਾਰਤ ਕੋਲ ਮੌਕੇ ਮੁਤਾਬਿਕ ਕਿਸੇ ਨਾਲ ਵੀ ਜੁੜਨ ਦੀ ਆਜ਼ਾਦੀ ਹੋਣੀ ਚਾਹੀਦੀ ਹੈ ਤਾਂ ਤੁਹਾਨੂੰ ਕੂਟਨੀਤਕ ਤੌਰ ’ਤੇ ਇੱਕ ਪੁਰਾਣੇ ਖ਼ਿਆਲਾਂ ਵਾਲਾ ‘ਡਾਇਨਾਸੌਰ’ ਕਰਾਰ ਦੇ ਦਿੱਤਾ ਜਾਂਦਾ ਹੈ।

ਇੱਥੇ ਹੀ ‘ਬ੍ਰਿਕਸ’ (BRICS) ਸੰਮੇਲਨ ਦੀ ਭੂਮਿਕਾ ਸਾਹਮਣੇ ਆਉਂਦੀ ਹੈ। ਉੱਪਰੋਂ ਦੇਖਣ ਨੂੰ ਇੰਝ ਲੱਗਦਾ ਹੈ ਕਿ ਇਸ ਮੰਚ ਦੀ ਪ੍ਰਧਾਨਗੀ ਕਰਕੇ ਭਾਰਤ, ਅਮਰੀਕਾ ਦੀ ਅਗਵਾਈ ਵਾਲੇ ਮੌਜੂਦਾ ਵਿਸ਼ਵ ਪ੍ਰਬੰਧ ਦੇ ਵਿਕਲਪ ਦਾ ਸਮਰਥਨ ਕਰ ਰਿਹਾ ਹੈ। ਪਰ ਅਸਲ ਵਿੱਚ ਭਾਰਤ ਅਮਰੀਕਾ ਦੇ ਬਰਾਬਰ ਇੱਕ ਗਲੋਬਲ ਤਾਕਤ ਵਜੋਂ ਚੀਨ ਦੇ ਉਭਾਰ ਤੋਂ ਘਬਰਾਇਆ ਹੋਇਆ ਹੈ; ਰੂਸ ਨਾਲ ਆਪਣੇ ਸਬੰਧਾਂ (ਊਰਜਾ ਅਤੇ ਰੱਖਿਆ ਦੋਵਾਂ ਮੋਰਚਿਆਂ ’ਤੇ) ਨੂੰ ਲੈ ਕੇ ਉਹ ਸਿਰਫ਼ ਆਪਣੇ ਸਵਾਰਥ ਤੱਕ ਸੀਮਤ ਹੈ; ਅਤੇ ਬ੍ਰਾਜ਼ੀਲ ਤੇ ਦੱਖਣੀ ਅਫ਼ਰੀਕਾ ਨੂੰ ਲੈ ਕੇ ਉਹ ਲਗਭਗ ਬੇਪਰਵਾਹ ਜਿਹਾ ਹੈ। ਸੱਚਾਈ ਇਹ ਹੈ ਕਿ ਭਾਰਤ ‘ਰੂਸ ਐਕਟ’ ਦੇ ਅਮਰੀਕਾ ਨਾਲ ਉਸ ਦੇ ਸਬੰਧਾਂ ’ਤੇ ਪੈਣ ਵਾਲੇ ਸੰਭਾਵੀ ਪ੍ਰਭਾਵ ਨੂੰ ਲੈ ਕੇ ਬਹੁਤ ਚਿੰਤਤ ਹੈ ਕਿਉਂਕਿ ਉਹ ਨਹੀਂ ਚਾਹੁੰਦਾ ਕਿ ਦਿੱਲੀ ਅਤੇ ਵਾਸ਼ਿੰਗਟਨ (ਡੀ ਸੀ) ਵਿਚਕਾਰਲੇ ਇਸ ਅਤਿ-ਮਹੱਤਵਪੂਰਨ ਰਿਸ਼ਤੇ ਨੂੰ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਪਹੁੰਚੇ। ਪਰ ਨਾਲ ਹੀ ਉਹ ਇਸ ਗੱਲ ਤੋਂ ਵੀ ਮੁੱਕਰ ਨਹੀਂ ਸਕਦਾ ਕਿ ਰੂਸ ਨੇ ਭਾਰਤ ਨੂੰ ਮੁਸ਼ਕਲ ਸਮੇਂ ਵਿੱਚੋਂ ਬਾਹਰ ਕੱਢਿਆ ਹੈ, ਖ਼ਾਸਕਰ ਊਰਜਾ ਦੇ ਮੋਰਚੇ ’ਤੇ।

ਇਸੇ ਕਰਕੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਅਤੇ ਅਮਰੀਕੀ ਵਿਦੇਸ਼ ਸਕੱਤਰ ਮਾਰਕੋ ਰੂਬੀਓ ਵਿਚਕਾਰ ਮਨੀਲਾ ਵਿਖੇ ਹੋਈ ਤਾਜ਼ਾ ਮੀਟਿੰਗ ਬਹੁਤ ਅਹਿਮ ਸੀ। ਸਾਨੂੰ ਇਹ ਨਹੀਂ ਪਤਾ ਕਿ ਉਸ ਮੀਟਿੰਗ ਵਿੱਚ ਕੀ ਨਤੀਜਾ ਨਿਕਲਿਆ, ਸਿਵਾਏ ਇਸ ਇੱਕ ਰਸਮੀ ਬਿਆਨ ਦੇ ਕਿ ਦੋਵਾਂ ਨੇਤਾਵਾਂ ਨੇ ਹਰ ਮੁੱਦੇ ’ਤੇ ਚਰਚਾ ਕੀਤੀ, ਜਿਸ ਵਿੱਚ ‘ਟੀ’ (ਟੈਰਿਫ) ਵੀ ਸ਼ਾਮਲ ਸੀ।

ਇਹੀ ਕਾਰਨ ਹੈ ਕਿ ‘ਬ੍ਰਿਕਸ’ (BRICS) ਸੰਮੇਲਨ ਤੋਂ ਪਹਿਲਾਂ ਵਾਲੇ ਛੇ ਹਫ਼ਤੇ ਬਹੁਤ ਅਹਿਮ ਹੋਣਗੇ। ਇਹ ਦੇਖਣਾ ਦਿਲਚਸਪ ਹੋਵੇਗਾ ਕਿ ਕੀ ਸ਼ੀ ਜਿਨਪਿੰਗ ਅਤੇ ਵਲਾਦੀਮੀਰ ਪੂਤਿਨ ਵਰਗੇ ਵੱਡੇ ਨੇਤਾ ਇਸ ਵਿੱਚ ਸ਼ਾਮਲ ਹੋਣਗੇ। ਯਕੀਨੀ ਤੌਰ ’ਤੇ ਸ਼ੀ ਜਿਨਪਿੰਗ ਦਾ ਆਉਣਾ ਅਜੇ ਤੈਅ ਨਹੀਂ ਹੈ ਅਤੇ ਇਹ ਵੀ ਸਪੱਸ਼ਟ ਨਹੀਂ ਹੈ ਕਿ ਉਹ ਇਸ ਸੰਮੇਲਨ ਵਿੱਚ ਆਉਣਾ ਲਾਹੇਵੰਦ ਸਮਝਦੇ ਵੀ ਹਨ ਜਾਂ ਨਹੀਂ। ਜੇਕਰ ਪੂਤਿਨ ਆ ਵੀ ਜਾਂਦੇ ਹਨ (ਕਿਉਂਕਿ ਉਨ੍ਹਾਂ ਅਤੇ ਪ੍ਰਧਾਨ ਮੰਤਰੀ ਮੋਦੀ ਵਿਚਕਾਰ ਨਿੱਜੀ ਤੌਰ ’ਤੇ ਵਧੀਆ ਸਮੀਕਰਨ ਹੈ) ਤਾਂ ਵੀ ਇਹ ਸਵਾਲ ਬਣਿਆ ਰਹੇਗਾ ਕਿ ਕੀ ਪ੍ਰਧਾਨ ਮੰਤਰੀ ਭਾਰਤ ਦੀ ਨੀਤੀ ਨੂੰ ਸੱਚੇ ਅਰਥਾਂ ਵਿੱਚ ‘ਬਹੁ-ਗੁੱਟਬੰਦੀ’ ਵੱਲ ਮੋੜ ਸਕਣਗੇ?

ਇੱਕ ਅਜਿਹੀ ਨੀਤੀ, ਜਿੱਥੇ ਭਾਰਤ ਆਪਣੇ ਦੋਸਤ ਅਤੇ ਭਾਈਵਾਲ ਸਿਰਫ਼ ਆਪਣੇ ਰਾਸ਼ਟਰ ਹਿੱਤ ਨੂੰ ਧਿਆਨ ਵਿੱਚ ਰੱਖ ਕੇ ਚੁਣੇ ਅਤੇ ਇਹ ਰਾਸ਼ਟਰ ਹਿੱਤ ਸਿਰਫ਼ ਨਵੀਂ ਦਿੱਲੀ ਦੇ ਕੁਲੀਨ ਵਰਗ ਵੱਲੋਂ ਨਾ ਤੈਅ ਕੀਤਾ ਜਾਵੇ ਸਗੋਂ ਸੂਬਿਆਂ ਵਿੱਚ ਵੱਸਦੇ ਆਮ ਨਾਗਰਿਕਾਂ ਦੀ ਆਵਾਜ਼ ਵੀ ਇਸ ਵਿੱਚ ਸ਼ਾਮਲ ਹੋਵੇ।

ਪਿਛਲੇ ਕੁਝ ਦਿਨਾਂ ਵਿੱਚ ਪ੍ਰਧਾਨ ਮੰਤਰੀ ਨੇ ਭਾਜਪਾ ਵੱਲੋਂ ਖ਼ੁਦ ਪੈਦਾ ਕੀਤੀਆਂ ਉਲਝਣਾਂ ਵਿੱਚੋਂ ਨਿਕਲ ਕੇ ਭਾਰਤ ਦੇ ਨਿਰਾਸ਼ ਨੌਜਵਾਨ ਵਰਗ ਤੱਕ ਸਿੱਧੀ ਪਹੁੰਚ ਕੀਤੀ ਹੈ। ਸ਼ਾਇਦ ਹੁਣ ਸਮਾਂ ਆ ਗਿਆ ਹੈ ਕਿ ਵਿਦੇਸ਼ ਨੀਤੀ ਵੱਲ ਵੀ ਇਹੀ ਪਹੁੰਚ ਅਪਣਾਈ ਜਾਵੇ ਅਤੇ ਮੌਜੂਦਾ ਹਾਲਾਤ ਦੀ ਇਮਾਨਦਾਰੀ ਨਾਲ ਪੜਚੋਲ ਕੀਤੀ ਜਾਵੇ ਕਿ ਭਾਰਤ ਅਸਲ ਵਿੱਚ ਕੀ ਚਾਹੁੰਦਾ ਹੈ? ਅਤੇ ਕੌਣ ਇਸ ਦੇ ਭਰੋਸੇਯੋਗ ਦੋਸਤ ਹਨ?

# ਚੜ੍ਹਾਵਾ ਚੋਰੀ ’ਤੇ ਤਮਾਸ਼ਾ




ਅਯੁੱਧਿਆ ਦੇ ਰਾਮ ਮੰਦਰ ਵਿਚ ਚੜ੍ਹਾਵਾ ਚੋਰੀ ਦੇ ਮਾਮਲੇ ਵੱਲ ਧਿਆਨ ਖਿੱਚਣ ਲਈ ਪਿਛਲੇ ਦਿਨੀਂ ਸੰਸਦ ਕੰਪਲੈਕਸ ਵਿਚ ਜੋ ਕੁਝ ਕੀਤਾ ਗਿਆ, ਉਹ ਸਿਰਫ਼ ਵਿਰੋਧੀ ਪਾਰਟੀਆਂ ਦੀ ਬੁਨਿਆਦੀ ਅਤੇ ਸਸਤੀ ਸਿਆਸਤ ਦਾ ਪ੍ਰਤੀਕ ਹੀ ਨਹੀਂ, ਸਗੋਂ ਸੰਤ ਸਮਾਜ ਅਤੇ ਹਿੰਦੂਆਂ ਦੀਆਂ ਭਾਵਨਾਵਾਂ ਨੂੰ ਵੀ ਢਾਹ ਲਾਉਣ ਵਾਲਾ ਵਰਤਾਰਾ ਹੈ। ਜੋ ਹਿੰਦੂ ਸਮਾਜ ਚੜ੍ਹਾਵਾ ਚੋਰੀ ਦੇ ਮਾਮਲੇ ਕਾਰਨ ਪਹਿਲਾਂ ਹੀ ਦੁਖੀ ਹੈ, ਉਸ ਨੂੰ ਹੋਰ ਦੁਖੀ ਕਰਨ ਵਾਲੇ ਇਹੀ ਲੋਕ ਹਨ, ਜਿਨ੍ਹਾਂ ਨੇ ਰਾਮ ਮੰਦਰ ਦੇ ਬਣਨ ਦਾ ਕਦੇ ਸਵਾਗਤ ਨਹੀਂ ਕੀਤਾ। ਕੁਝ ਨੇ ਤਾਂ ਇਸ ਦੇ ਉਦਘਾਟਨ ਵਿਚ ਸੱਦਾ ਪੱਤਰ ਨੂੰ ਅਸਵੀਕਾਰ ਕਰਨ ਦਾ ਕੰਮ ਵੀ ਕੀਤਾ ਅਤੇ ਇਸ ਨੂੰ ਦਰੁਸਤ ਵੀ ਠਹਿਰਾਇਆ। ਹੁਣ ਉਹ ਇਸ ਤਰ੍ਹਾਂ ਦਿਖਾ ਰਹੇ ਹਨ ਕਿ ਚੜ੍ਹਾਵਾ ਚੋਰੀ ਦੀ ਘਟਨਾ ਕਾਰਨ ਸਭ ਤੋਂ ਵੱਧ ਦੁਖੀ ਉਹੀ ਹਨ। ਇਸ ਲਈ ਉਨ੍ਹਾਂ ਨੇ ਜੋ ਨਾਟਕ ਕੀਤਾ, ਉਹ ਇਕ ਤਰ੍ਹਾਂ ਨਾਲ ਭਗਵਾ ਭੇਸ ਧਾਰਨ ਕਰਨ ਵਾਲਿਆਂ ਨੂੰ ਅਪਮਾਨਤ ਕਰਨ ਵਾਲਾ ਹੈ। ਇਹ ਯਾਦ ਰੱਖਣਾ ਚਾਹੀਦਾ ਹੈ ਕਿ ਚੜ੍ਹਾਵਾ ਚੋਰੀ ਵਿਚ ਕਿਸੇ ਸੰਤ ਦਾ ਨਾਂ ਨਹੀਂ ਆਇਆ ਹੈ। ਦਾਨ ਹੜੱਪਣ ਦੇ ਮਾਮਲੇ ਵਿਚ ਜੋ ਲੋਕ ਗ੍ਰਿਫ਼ਤਾਰ ਕੀਤੇ ਗਏ ਹਨ ਅਤੇ ਜਿਨ੍ਹਾਂ ’ਤੇ ਆਪਣੀ ਜ਼ਿੰਮੇਵਾਰੀ ਨੂੰ ਸਹੀ ਤਰੀਕੇ ਨਾਲ ਨਾ ਨਿਭਾਉਣ ਦੇ ਦੋਸ਼ ਲੱਗੇ ਹਨ, ਉਨ੍ਹਾਂ ਵਿੱਚੋਂ ਕੋਈ ਵੀ ਸਾਧੂ ਨਹੀਂ ਹੈ। ਇਸ ਦੇ ਬਾਵਜੂਦ, ਸੰਸਦ ਕੰਪਲੈਕਸ ਵਿਚ ਸੰਸਦ ਮੈਂਬਰ ਪੱਪੂ ਯਾਦਵ ਸਾਧੂ ਦੇ ਭੇਸ ਵਿਚ ਦਾਨ ਮੰਗਦੇ ਦਿਖਾਈ ਦਿੱਤੇ। ਉਨ੍ਹਾਂ ਨੂੰ ਦਾਨ ਦੇਣ ਦਾ ਨਾਟਕ ਰਾਹੁਲ ਗਾਂਧੀ ਸਮੇਤ ਹੋਰ ਕਈ ਸੰਸਦ ਮੈਂਬਰਾਂ ਨੇ ਕੀਤਾ। ਇਸ ਵਿਚ ਮੁੱਖ ਤੌਰ ’ਤੇ ਸਪਾ ਦੇ ਸੰਸਦ ਮੈਂਬਰਾਂ ਦੀ ਭਾਗੀਦਾਰੀ ਰਹੀ। ਇਸ ਤੋਂ ਬਾਅਦ ਪੱਪੂ ਯਾਦਵ ਦਾਨ ਪਾਤਰ ਲੈ ਕੇ ਭੱਜਦੇ ਦਿਖਾਈ ਦਿੱਤੇ।

ਇਕ ਸੰਜੀਦਾ ਮਾਮਲੇ ਨੂੰ ਮਜ਼ਾਹੀਆ ਤਰੀਕੇ ਨਾਲ ਚੁੱਕਣਾ ਇਹ ਦਰਸਾਉਂਦਾ ਹੈ ਕਿ ਰਾਮ ਮੰਦਰ ਵਿਚ ਚੜ੍ਹਾਵਾ ਚੋਰੀ ’ਤੇ ਵਿਰੋਧੀ ਧਿਰ ਦਾ ਇੱਕੋ-ਇੱਕ ਟੀਚਾ ਤਨਜ਼ ਕੱਸਣਾ ਅਤੇ ਤਮਾਸ਼ਾ ਦਿਖਾਉਣਾ ਹੈ। ਇਸ ਕੋਸ਼ਿਸ਼ ਵਿਚ ਉਹ ਇਹ ਵੀ ਦੇਖਣ ਨੂੰ ਤਿਆਰ ਨਹੀਂ ਕਿ ਆਖ਼ਰ ਸੰਤ ਸਮਾਜ ਅਤੇ ਭਗਵਾ ਨੂੰ ਅਪਮਾਨਤ ਕਰ ਕੇ ਉਸ ਨੂੰ ਕੀ ਹਾਸਲ ਹੋਣ ਵਾਲਾ ਹੈ? ਅਜਿਹਾ ਕੰਮ ਉਹੀ ਕਰ ਸਕਦਾ ਹੈ, ਜੋ ਚੜ੍ਹਾਵਾ ਚੋਰੀ ਦੇ ਮਾਮਲੇ ਤੋਂ ਸਹੀ ਤਰੀਕੇ ਨਾਲ ਜਾਣੂ ਨਾ ਹੋਵੇ ਜਾਂ ਫਿਰ ਜਿਸ ਦਾ ਮਕਸਦ ਨਾਅਰੇਬਾਜ਼ੀ ਵਾਲੀ ਸਿਆਸਤ ਕਰਨਾ ਜਾਂ ਸੰਤ ਸਮਾਜ ਨੂੰ ਅਪਮਾਨਤ ਕਰਨਾ ਹੋਵੇ। ਇਸ ਤੋਂ ਵੱਡੀ ਵਿਡੰਬਨਾ ਹੋਰ ਕੋਈ ਨਹੀਂ ਕਿ ਸਾਧੂ ਬਣਨ ਦਾ ਨਾਟਕ ਉਸ ਪੱਪੂ ਯਾਦਵ ਨੇ ਕੀਤਾ, ਜੋ ਸਿਰਫ਼ ਦਾਗ਼ੀ ਅਕਸ ਵਾਲੇ ਸੰਸਦ ਮੈਂਬਰ ਹੀ ਨਹੀਂ, ਸਗੋਂ ਉਨ੍ਹਾਂ ’ਤੇ ਹੱਤਿਆ ਦੇ ਯਤਨ, ਗ਼ੈਰ-ਕਾਨੂੰਨੀ ਕਬਜ਼ਾ ਕਰਨ, ਰੰਗਦਾਰੀ ਮੰਗਣ ਸਮੇਤ ਲਗਪਗ 40 ਮਾਮਲੇ ਦਰਜ ਹਨ। ਇਨ੍ਹਾਂ ਮਾਮਲਿਆਂ ਦਾ ਜ਼ਿਕਰ ਉਨ੍ਹਾਂ ਨੇ ਪਿਛਲੀਆਂ ਲੋਕ ਸਭਾ ਚੋਣਾਂ ਵਿਚ ਆਪਣੇ ਸਹੁੰ ਪੱਤਰ ਵਿਚ ਕੀਤਾ ਸੀ। ਰਾਮ ਮੰਦਰ ਵਿਚ ਚੜ੍ਹਾਵਾ ਚੋਰੀ ਦੇ ਮਾਮਲੇ ਵਿਚ ਵਿਰੋਧੀ ਧਿਰ ਨੇ ਕੇਂਦਰ ਸਰਕਾਰ ਅਤੇ ਖ਼ਾਸ ਤੌਰ ’ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਵੀ ਕਟਹਿਰੇ ਵਿਚ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ। ਆਖ਼ਰ ਉਨ੍ਹਾਂ ਦਾ ਇਸ ਮਾਮਲੇ ਨਾਲ ਕੀ ਲੈਣਾ-ਦੇਣਾ? ਕੀ ਉਹ ਦੇਸ਼ ਵਿਚ ਹਰ ਜਗ੍ਹਾ ਚੋਰੀ-ਗਬਨ ਲਈ ਜ਼ਿੰਮੇਵਾਰ ਹੋਣਗੇ? ਸਪੱਸ਼ਟ ਹੈ ਕਿ ਵਿਰੋਧੀ ਧਿਰ ਚੜ੍ਹਾਵਾ ਚੋਰੀ ਦੇ ਮਾਮਲੇ ਦਾ ਇਸਤੇਮਾਲ ਸਿਰਫ਼ ਸਿਆਸੀ ਰੋਟੀਆਂ ਸੇਕਣ ਲਈ ਕਰ ਰਹੀ ਹੈ। ਇਸ ’ਤੇ ਕੋਈ ਰੋਕ-ਟੋਕ ਨਹੀਂ ਹੈ ਪਰ ਕਿਸੇ ਮੁੱਦੇ ਨੂੰ ਹੋਛੇ ਤਰੀਕੇ ਨਾਲ ਚੁੱਕਣਾ ਅਜਿਹਾ ਕਰਨ ਵਾਲਿਆਂ ਦੀ ਨੀਅਤ ’ਤੇ ਸਵਾਲ ਉਠਾਉਂਦਾ ਹੈ।

# ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ



ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਸਿੱਖਾਂ ਦੇ ਅੱਠਵੇਂ ਗੁਰੂ ਹਨ। ਗੁਰੂ ਹਰਿ ਰਾਇ ਸਾਹਿਬ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਗੁਰੂ ਨਾਨਕ ਦੀ ਗੁਰਤਾਗੱਦੀ ਦਾ ਅਗਲਾ ਵਾਰਸ ਐਲਾਨ ਦਿੱਤਾ ਸੀ। ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਦੂਸਰੇ ਪੁੱਤਰ ਸਨ। ਪਹਿਲਾ ਪੁੱਤਰ ਰਾਮ ਰਾਇ ਗੁਰੂ ਮਰਿਆਦਾ ਤੋਂ ਥਿੜਕ ਗਿਆ ਸੀ ਅਤੇ ਉਸ ਨੇ ਗੁਰਬਾਣੀ ਦੀ ਤੁਕ ਨਿੱਜੀ ਸੁਆਰਥ ਲਈ ਅਤੇ ਔਰੰਗਜ਼ੇਬ ਨੂੰ ਖੁਸ਼ ਕਰਨ ਲਈ ਬਦਲ ਦਿੱਤੀ ਸੀ। ਜਿਸ ਤੋਂ ਨਾਰਾਜ਼ਗੀ ਜ਼ਾਹਿਰ ਕਰਦਿਆਂ ਗੁਰੂ ਹਰਿ ਰਾਇ ਸਾਹਿਬ ਨੇ ਉਸ ਨੂੰ ਸਿੱਖੀ ਵਿਚੋਂ ਸਦਾ ਲਈ ਖਾਰਜ ਕਰ ਦਿੱਤਾ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਜੁਲਾਈ ਮਹੀਨੇ 1656 ਈਸਵੀ (ਬਿਕਰਮੀ ਸੰਮਤ 1713), ਸਾਵਣ ਵਦੀ 10 ਅਤੇ 8 ਸਾਵਣ ਨੂੰ ਕੀਰਤਪੁਰ ਸਾਹਿਬ ਵਿਖੇ ਗੁਰੂ ਹਰਿ ਰਾਇ ਸਾਹਿਬ ਜੀ ਦੇ ਘਰ ਮਾਤਾ ਕ੍ਰਿਸ਼ਨ ਕੌਰ ਜੀ (ਜਿਨ੍ਹਾਂ ਨੂੰ ਸੁਲੱਖਣੀ ਜੀ ਵੀ ਕਿਹਾ ਜਾਂਦਾ ਹੈ), ਦੇ ਉਦਰ ਤੋਂ ਹੋਇਆ। ਦੁਨਿਆਵੀ ਤੌਰ 'ਤੇ ਆਪ ਜੀ ਦੀ ਉਮਰ ਉਸ ਵੇਲੇ ਕੇਵਲ ਪੰਜ ਕੁ ਸਾਲ ਦੀ ਸੀ ਜਦੋਂ ਉਨ੍ਹਾਂ ਨੂੰ ਗੁਰੂ ਐਲਾਨ ਦਿੱਤਾ ਗਿਆ ਪਰੰਤੂ ਆਤਮਿਕ ਅਵਸਥਾ ਬਹੁਤ ਉੱਚੀ ਸੀ ਕਿਉਂਕਿ ਜੋਤ ਤਾਂ ਗੁਰੂ ਨਾਨਕ ਦੇਵ ਜੀ ਦੀ ਹੀ ਸੀ। ਗੁਰੂ ਸਾਹਿਬ ਜੀ ਨਾਲ ਕਈ ਕਰਾਮਾਤਾਂ ਵੀ ਜੁੜੀਆਂ ਹੋਈਆਂ ਹਨ।

ਜਦੋਂ ਗੁਰੂ ਹਰਿ ਰਾਇ ਸਾਹਿਬ ਜੀ ਨੇ ਬਾਬਾ ਰਾਮ ਰਾਇ ਨੂੰ ਸਿੱਖੀ ਵਿਚੋਂ ਖਾਰਜ ਕਰ ਦਿੱਤਾ ਅਤੇ ਉਨ੍ਹਾਂ ਨੂੰ ਕਹਿ ਦਿੱਤਾ ਕਿ ਉਹ ਦੁਬਾਰਾ ਗੁਰੂ ਸਾਹਿਬ ਦੇ ਮੱਥੇ ਨਾ ਲੱਗਣ ਤਾਂ ਰਾਮਰਾਇ ਦੇਹਰਾਦੂਨ ਚਲਾ ਗਿਆ। ਜਿੱਥੇ ਕਿ ਔਰੰਗਜ਼ੇਬ ਨੇ ਉਨ੍ਹਾਂ ਨੂੰ ਜਗੀਰ ਬਖਸ਼ ਦਿੱਤੀ। ਦੇਹਰਾਦੂਨ ਦੀਆਂ ਖੁੱਲ੍ਹੀਆਂ ਆਬਾਦੀਆਂ ਵਿਚ ਰਾਮ ਰਾਇ ਜੀ ਨੇ ਆਪਣਾ ਡੇਰਾ ਬਣਾ ਲਿਆ ਪ੍ਰੰਤੂ ਮਨ ਦੇ ਵਿਚ ਇਸ ਗੱਲ ਪ੍ਰਤੀ ਰੋਸ ਸੀ ਕਿ ਗੁਰਗੱਦੀ ਉਨ੍ਹਾਂ ਨੂੰ ਕਿਉਂ ਨਹੀਂ ਦਿੱਤੀ ਗਈ। ਇਸ ਲਈ ਉਨ੍ਹਾਂ ਨੇ ਆਪਣੇ ਭਰਾ ਦੇ ਵਿਰੁੱਧ ਬਾਦਸ਼ਾਹ ਔਰੰਗਜ਼ੇਬ ਕੋਲ ਸ਼ਿਕਾਇਤ ਵੀ ਕੀਤੀ। ਔਰੰਗਜ਼ੇਬ ਨੇ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਬਾਰੇ ਕਾਫੀ ਸੁਣ ਰੱਖਿਆ ਸੀ।

ਔਰੰਗਜ਼ੇਬ ਗੁਰੂ ਸਾਹਿਬ ਜੀ ਦੀ ਵਧਦੀ ਜਾ ਰਹੀ ਲੋਕਪ੍ਰਿਅਤਾ ਤੋਂ ਕਾਫ਼ੀ ਚਿੰਤਿਤ ਸੀ ਇਸ ਲਈ ਉਸ ਨੇ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਦਿੱਲੀ ਬੁਲਾਵਾ ਭੇਜਿਆ। ਵੈਸੇ ਔਰੰਗਜ਼ੇਬ ਨੂੰ ਇਸ ਗੱਲ ਦਾ ਪਤਾ ਸੀ ਕਿ ਗੁਰੂ ਜੀ ਉਨ੍ਹਾਂ ਦੇ ਬੁਲਾਵੇ 'ਤੇ ਨਹੀਂ ਆਉਣਗੇ ਇਸ ਲਈ ਔਰੰਗਜ਼ੇਬ ਨੇ ਅੰਬੇਰ ਦੇ ਰਾਜਾ ਜੈ ਸਿੰਘ ਨੂੰ ਇਹ ਕੰਮ ਸੌਂਪਿਆ ਕਿ ਉਹ ਗੁਰੂ ਹਰਿਕ੍ਰਿਸ਼ਨ ਜੀ ਨੂੰ ਦਿੱਲੀ ਵਿਖੇ ਲੈ ਕੇ ਆਉਣ। ਜਦੋਂ ਰਾਜਾ ਜੈ ਸਿੰਘ ਦਾ ਇਕ ਦੂਤ ਗੁਰੂ ਸਾਹਿਬ ਜੀ ਕੋਲ ਇਹ ਸੁਨੇਹਾ ਲੈ ਕੇ ਪੁੱਜਾ ਤਾਂ ਇੱਕ ਵਾਰ ਤਾਂ ਗੁਰੂ ਜੀ ਨੇ ਇਨਕਾਰ ਕਰ ਦਿੱਤਾ। ਅਸਲ ਵਿਚ ਗੁਰੂ ਹਰਿ ਰਾਇ ਸਾਹਿਬ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਗੁਰਗੱਦੀ ਦੇਣ ਸਮੇਂ ਇਹ ਤਾਕੀਦ ਕੀਤੀ ਸੀ ਕਿ ਔਰੰਗਜ਼ੇਬ ਜੇਕਰ ਦਿੱਲੀ ਬੁਲਾਵੇ ਤਾਂ ਬਿਲਕੁਲ ਵੀ ਉਸ ਦੇ ਮੱਥੇ ਨਹੀਂ ਲੱਗਣਾ।

ਇਸੇ ਗੱਲ ਨੂੰ ਜ਼ਿਹਨ ਵਿਚ ਰੱਖਦਿਆਂ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਦਿੱਲੀ ਜਾਣ ਤੋਂ ਇਨਕਾਰ ਕਰ ਦਿੱਤਾ ਪਰ ਰਾਜਾ ਜੈ ਸਿੰਘ ਵੱਲੋਂ ਵਾਰ ਵਾਰ ਆ ਰਹੀਆਂ ਬੇਨਤੀਆਂ ਅਤੇ ਦਿੱਲੀ ਦੀ ਸੰਗਤ ਦੇ ਸਤਿਕਾਰ ਨੂੰ ਵੇਖਦਿਆਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਦਿੱਲੀ ਜਾਣ ਦਾ ਫ਼ੈਸਲਾ ਕਰ ਲਿਆ। ਨਾਲ ਹੀ ਕਿਹਾ ਕਿ ਉਹ ਦਿੱਲੀ ਤਾਂ ਜਾਣਗੇ ਪਰ 'ਨਹਿ ਮਲੇਛ ਕੋ ਦਰਸ਼ਨ ਦੇ ਹੈਂ। ਨਹਿ ਮਲੇਛ ਕਾ ਦਰਸ਼ਨ ਲੈ ਹੈਂ।' ਕਿ ਨਾ ਤਾਂ ਉਹ ਔਰੰਗਜ਼ੇਬ ਦੇ ਮੱਥੇ ਲੱਗੇ ਤੇ ਨਾ ਹੀ ਉਸ ਨੂੰ ਦਰਸ਼ਨ ਦੇਣਗੇ। ਇਹ ਕਹਿੰਦੇ ਹੋਏ ਗੁਰੂ ਸਾਹਿਬ ਰੋਪੜ, ਬਨੂੜ, ਪੰਜੋਖਰਾ ਸਾਹਿਬ (ਅੰਬਾਲਾ) ਆਦਿ ਥਾਵਾਂ ਨੂੰ ਹੁੰਦੇ ਹੋਏ ਦਿੱਲੀ ਵੱਲ ਰਵਾਨਾ ਹੋ ਗਏ। ਜਦੋਂ ਗੁਰੂ ਹਰਿਕ੍ਰਿਸ਼ਨ ਸਾਹਿਬ ਅੰਬਾਲਾ ਦੇ ਨੇੜੇ ਪੰਜੋਖਰਾ ਸਾਹਿਬ ਪਿੰਡ ਵਿਚ ਪਹੁੰਚੇ ਤਾਂ ਉਥੇ ਪੇਸ਼ਾਵਰ, ਕਾਬੁਲ ਅਤੇ ਕਸ਼ਮੀਰ ਤੋਂ ਵੱਡੀ ਗਿਣਤੀ ਵਿਚ ਸੰਗਤ ਅੱਗਿਓਂ ਗੁਰੂ ਜੀ ਦੇ ਦਰਸ਼ਨਾਂ ਦੀ ਤਾਂਘ ਵਿਚ ਆਈ ਹੋਈ ਸੀ। ਸੰਗਤ ਨੇ ਗੁਰੂ ਜੀ ਨੂੰ ਇੱਕ ਰਾਤ ਇੱਥੇ ਹੀ ਰੁਕਣ ਲਈ ਬੇਨਤੀ ਕੀਤੀ ਤਾਂ ਇਹ ਬੇਨਤੀ ਸਵੀਕਾਰ ਹੋ ਗਈ। ਗੁਰੂ ਸਾਹਿਬ ਜੀ ਦਾ ਸ਼ਾਹੀ ਸਤਿਕਾਰ ਅਤੇ ਠਾਠ ਬਾਠ ਵੇਖ ਕੇ ਪੰਜੋਖਰੇ ਦਾ ਹੀ ਇਕ ਨਿਵਾਸੀ ਪੰਡਤ ਲਾਲ ਚੰਦ ਮਨ ਹੀ ਮਨ ਵਿਚ ਬਹੁਤ ਕ੍ਰੋਧਿਤ ਹੋਇਆ। ਉਹ ਈਰਖਾ ਦੀ ਅੱਗ ਵਿਚ ਸੜਨ ਲੱਗਾ।

ਉਸ ਨੇ ਪੁੱਛਿਆ ਕਿ ਇਸ ਬਾਲਕ ਦਾ ਨਾਂ ਕੀ ਹੈ ਤਾਂ ਸੰਗਤਾਂ ਨੇ ਦੱਸਿਆ ਕਿ ਇਹ ਬਾਲਕ ਨਹੀਂ ਸਗੋਂ ਸਿੱਖਾਂ ਦੇ ਅੱਠਵੇਂ ਗੁਰੂ ਹਨ। ਇਨ੍ਹਾਂ ਦਾ ਨਾਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਹੈ। ਪੰਡਤ ਲਾਲ ਚੰਦ ਗੁੱਸੇ ਵਿਚ ਅੱਗ ਬਬੂਲਾ ਹੋਇਆ ਕਹਿਣ ਲੱਗਾ ਕਿ ਸਾਡੇ ਕ੍ਰਿਸ਼ਨ ਭਗਵਾਨ ਨੇ ਗੀਤਾਂ ਦੀ ਰਚਨਾ ਕੀਤੀ ਸੀ ਪ੍ਰੰਤੂ ਇਹ ਕੱਲ੍ਹ ਦਾ ਬੱਚਾ ਆਪਣਾ ਨਾਂ ਹਰਿਕ੍ਰਿਸ਼ਨ ਰਖਵਾਈ ਬੈਠਾ ਹੈ। ਉਹ ਗੁਰੂ ਸਾਹਿਬ ਜੀ ਦੇ ਕੋਲ ਆ ਗਿਆ। ਗੁਰੂ ਸਾਹਿਬ ਜੀ ਉਸ ਦੇ ਮਨ ਦੀ ਗੱਲ ਬੁੱਝ ਗਏ ਅਤੇ ਉਸਦਾ ਨਾਂ ਲੈ ਕੇ ਬੁਲਾਇਆ ਕਿ ਆਓ ਲਾਲ ਚੰਦ ਜੀ ਬੈਠੋ।

ਉਸ ਨੇ ਗੁਰੂ ਜੀ ਅੱਗੇ ਸ਼ੰਕਾ ਪ੍ਰਗਟ ਕੀਤੀ ਕਿ ਕੀ ਉਹ ਗੀਤਾ ਦੇ ਅਰਥ ਕਰਕੇ ਸੁਣਾ ਸਕਦੇ ਹਨ। ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਕਿਹਾ ਕਿ ਆਪਣੇ ਪਿੰਡ ਵਿਚੋਂ ਕਿਸੇ ਵੀ ਵਿਅਕਤੀ ਨੂੰ ਲੈ

ਗੁਰਪ੍ਰੀਤ ਸਿੰਘ ਨਿਆਮੀਆਂ

ਆਓ, ਉਸ ਦੇ ਕੋਲੋਂ ਹੀ ਗੀਤਾ ਦੇ ਅਰਥ ਕਰਵਾ ਦਿਆਂਗੇ। ਉਸ ਪਿੰਡ ਵਿਚ ਛੱਜੂ ਨਾਂ ਦਾ ਇੱਕ ਗੂੰਗਾ ਵਿਅਕਤੀ ਰਹਿੰਦਾ ਸੀ । ਲਾਲ ਚੰਦ ਛੱਜੂ ਜੀ ਨੂੰ ਗੁਰੂ ਜੀ ਦੇ ਅੱਗੇ ਲੈ ਆਏ। ਉਸ ਨੂੰ ਪਤਾ ਸੀ ਕਿ ਇਹ ਨਾ ਬੋਲ ਸਕਦਾ ਹੈ ਤੇ ਨਾ ਇਸ ਨੂੰ ਸੁਣਦਾ ਹੈ ਪਰ ਫਿਰ ਵੀ ਉਹ ਛੱਜੂ ਨੂੰ ਗੁਰੂ ਜੀ ਦੇ ਕੋਲ ਲੈ ਆਏ ਤਾਂ ਜੋ ਗੁਰੂ ਜੀ ਦੀ ਪਰਖ ਕਰ ਸਕੇ। ਗੁਰੂ ਜੀ ਨੇ ਛੱਜੂ ਨੂੰ ਨੇੜੇ ਹੀ ਇਕ ਛੱਪੜ ਵਿਚ ਇਸ਼ਨਾਨ ਕਰਵਾ ਕੇ ਸਵੱਛ ਬਸਤਰ ਪਹਿਨਾ ਕੇ ਉਸ ਨੂੰ ਆਪਣੇ ਕੋਲ ਬਿਠਾ ਲਿਆ।

ਫਿਰ ਆਪਣੇ ਹੱਥ ਵਿਚ ਫੜੀ ਹੋਈ ਛੜੀ ਛੱਜੂ ਦੇ ਸਿਰ 'ਤੇ ਰੱਖ ਦਿੱਤੀ ਅਤੇ ਪੰਡਤ ਲਾਲ ਚੰਦ ਨੂੰ ਗੀਤਾ ਦਾ ਕੋਈ ਸ਼ਲੋਕ ਬੋਲਣ ਲਈ ਕਿਹਾ। ਇਸ ਵੇਲੇ ਤਕ ਆਸ ਪਾਸ ਦੇ ਪਿੰਡਾਂ ਤੋਂ ਵੀ ਵੱਡੀ ਗਿਣਤੀ ਵਿਚ ਸੰਗਤ ਇੱਥੇ ਇਕੱਠੀ ਹੋ ਚੁੱਕੀ ਸੀ। ਜਦੋਂ ਪੰਡਤ ਲਾਲ ਚੰਦ ਨੇ ਸ਼ਲੋਕ ਉਚਾਰਨ ਕੀਤਾ ਤਾਂ ਉਸਨੇ ਸਲੋਕ ਹੀ ਗਲਤ ਪੜ੍ਹ ਦਿੱਤਾ। ਛੱਜੂ ਨੇ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਕਿਹਾ ਪੰਡਤ ਜੀ ਤੁਸੀਂ ਤਾਂ ਸਲੋਕ ਹੀ ਗ਼ਲਤ ਪੜ੍ਹ ਰਹੇ ਹੋ। ਅਸਲੀ ਸ਼ਲੋਕ ਇਹ ਹੈ ਅਤੇ ਇਸ ਦਾ ਅਰਥ ਇਹ ਹੈ। ਜਦੋਂ ਦੋ ਤਿੰਨ ਵਾਰ ਅਜਿਹਾ ਹੀ ਵਾਪਰਿਆ ਤਾਂ ਪੰਡਤ ਲਾਲ ਚੰਦ ਜੀ ਦਾ ਹੰਕਾਰ ਚਕਨਾਚੂਰ ਹੋ ਗਿਆ ਅਤੇ ਉਹ ਗੁਰੂ ਜੀ ਦੇ ਚਰਨਾਂ 'ਤੇ ਢਹਿ ਪਿਆ।

ਪੰਡਤ ਲਾਲ ਚੰਦ ਜੀ ਅਤੇ ਬੇਅੰਤ ਸੰਗਤਾਂ ਨੂੰ ਤਾਰਦੇ ਹੋਏ ਗੁਰੂ ਹਰਿਕ੍ਰਿਸ਼ਨ ਜੀ ਦਿੱਲੀ ਲਈ ਰਵਾਨਾ ਹੋ ਗਏ। ਦਿੱਲੀ ਜਾ ਕੇ ਉਨ੍ਹਾਂ ਨੇ ਰਾਜਾ ਜੈ ਸਿੰਘ ਦੇ ਮਹਿਲ ਵਿਚ ਠਹਿਰਨਾ ਸਵੀਕਾਰ ਕੀਤਾ। ਔਰੰਗਜ਼ੇਬ ਨੇ ਕਈ ਸੁਨੇਹੇ ਭੇਜੇ ਪਰ ਗੁਰੂ ਜੀ ਨੇ ਜਾਣ ਤੋਂ ਇਨਕਾਰ ਕਰ ਦਿੱਤਾ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਔਰੰਗਜ਼ੇਬ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਦਰਸ਼ਨਾਂ ਲਈ ਰਾਜਾ ਜੈ ਸਿੰਘ ਦੇ ਮਹਿਲ ਦੇ ਬਾਹਰ ਕਾਫੀ ਚਿਰ ਖਲੋਤਾ ਰਿਹਾ ਪਰ ਗੁਰੂ ਜੀ ਨੇ ਉਸ ਨੂੰ ਬੇਰੰਗ ਮੋੜ ਦਿੱਤਾ।

ਇਸੇ ਦੌਰਾਨ ਦਿੱਲੀ ਵਿਖੇ ਚੇਚਕ ਅਤੇ ਹੈਜ਼ੇ ਦੀ ਬਿਮਾਰੀ ਫੈਲ ਗਈ। ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਬਣੇ ਸਰੋਵਰ ਵਾਲੀ ਥਾਂ 'ਤੇ ਮੌਜੂਦ ਛੱਪੜ ਵਿਚ ਆਪਣੇ ਪਵਿੱਤਰ ਚਰਨ ਧੋਤੇ ਅਤੇ ਦੁਖੀਆਂ ਬੀਮਾਰਾਂ ਨੂੰ ਉੱਥੇ ਇਸ਼ਨਾਨ ਕਰਨ ਲਈ ਕਿਹਾ। ਜੋ ਵੀ ਉੱਥੇ ਇਸ਼ਨਾਨ ਕਰਦਾ ਉਹ ਠੀਕ ਹੋ ਜਾਂਦਾ। ਇਸੇ ਤਰ੍ਹਾਂ ਗੁਰੂ ਜੀ ਦਿੱਲੀ ਵਿਖੇ ਦੁਖੀਆਂ ਤੇ ਲਾਚਾਰਾਂ ਦੀ ਹੱਥੀਂ ਸੇਵਾ ਕਰਦੇ ਰਹੇ ਤੇ ਲੱਖਾਂ ਹੀ ਲੋਕਾਂ ਨੂੰ ਤੰਦਰੁਸਤ ਕੀਤਾ। ਬਾਅਦ ਵਿਚ ਗੁਰੂ ਜੀ ਨੂੰ ਵੀ ਚੇਚਕ ਦੀ ਬਿਮਾਰੀ ਹੋ ਗਈ ਪਰ ਫਿਰ ਵੀ ਗੁਰੂ ਜੀ ਮਹਿਲ ਦੇ ਉੱਤੇ ਇਕ ਛੱਜੇ ਵਿਚ ਬੈਠ ਜਾਂਦੇ ਜਿੱਥੋਂ ਸਵੇਰੇ ਸੰਗਤਾਂ ਉਨ੍ਹਾਂ ਦੇ ਦਰਸ਼ਨ ਕਰਦੀਆਂ ਅਤੇ ਨਿਰੋਗ ਹੋ ਕੇ ਜਾਂਦੀਆਂ। ਅਖ਼ੀਰ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ 16 ਅਪ੍ਰੈਲ 1664 ਈਸਵੀ ਨੂੰ ਜੋਤੀ ਜੋਤ ਸਮਾ ਗਏ।

ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪਵਿੱਤਰ ਸਰੀਰ ਦਾ ਸਸਕਾਰ ਉਸ ਥਾਂ 'ਤੇ ਕੀਤਾ ਗਿਆ ਜਿੱਥੇ ਗੁਰਦੁਆਰਾ ਬਾਲਾ ਜੀ ਸਾਹਿਬ ਸਥਿਤ ਹੈ। ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀਆਂ ਪਵਿੱਤਰ ਅਸਥੀਆਂ ਕੀਰਤਪੁਰ ਸਾਹਿਬ ਵਿਖੇ ਲਿਆਂਦੀਆਂ ਗਈਆਂ ਜੋ ਕਿ ਹੁਣ ਵੀ ਗੁਰਦੁਆਰਾ ਪਤਾਲਪੁਰੀ ਸਾਹਿਬ ਵਿਖੇ ਸੁਸ਼ੋਭਿਤ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਆਪ ਜੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਫੁਰਮਾਇਆ ਹੈ, 'ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੇ ਸਭਿ ਦੁਖਿ ਜਾਇ।

# ਜਦੋਂ ਸਿੰਘਾਂ ਨੇ ਜੱਲਾਦ ਨੂੰ 'ਮੁਕਤ ਮਿੱਤਰਾ' ਆਖਿਆ

ਸਿੱਖ ਇਤਿਹਾਸ ਅਜਿਹਾ ਇਤਿਹਾਸ ਹੈ, ਜੋ ਸ਼ਹੀਦੀਆਂ ਤੇ ਖ਼ੂਨੀ ਸਾਕਿਆਂ ਨਾਲ ਭਰਿਆ ਪਿਆ ਹੈ। ਸਿੱਖ ਇਤਿਹਾਸ ਦਾ ਇਕ-ਇਕ ਪੰਨਾ ਸਿੱਖ ਯੋਧਿਆਂ ਦੀਆਂ ਕੁਰਬਾਨੀਆਂ ਤੇ ਅਦਭੁੱਤ ਸ਼ਹੀਦੀਆਂ ਦੀ ਦਾਸਤਾਂ ਬਿਆਨ ਕਰਦਾ ਹੈ। ਕਈ ਪੰਨੇ ਪੜ੍ਹਨ 'ਤੇ ਤਾਂ ਮਨੁੱਖ ਜਾਂ ਕਹਿ ਲਵੋ ਬੁੱਧੀਮਾਨ ਪਾਠਕ ਅਚੰਭਤ ਰਹਿ ਜਾਂਦਾ ਹੈ। ਮੌਤ ਨੂੰ ਮਖੌਲਾਂ ਕਰਨ ਵਾਲੇ ਧਰਮ ਤੇ ਦੇਸ਼ ਪਿਆਰ ਦੀ ਗੂੜ੍ਹ ਰੰਗਤ ਵਿਚ ਰੰਗੇ ਜਵਾਨੀਆਂ ਵਿਚ ਤਾਂ ਕੀ, ਬਚਪਨ ਤੇ ਬੁਢਾਪੇ 'ਚ ਵੀ ਮੌਤ ਨੂੰ ਭੱਜ-ਭੱਜ ਮਿਲਦੇ ਸਨ। ਉਨ੍ਹਾਂ ਦੀਆਂ ਕੁਰਬਾਨੀਆਂ ਨੇ ਹੀ ਤਾਂ ਪੰਜਾਬ ਦੀ ਧਰਤੀ ਨੂੰ ਸ਼ਹੀਦਾਂ ਦੀ ਧਰਤੀ ਦਾ ਮਾਣ ਦਿਵਾਇਆ ਹੈ। ਹੁਣ ਅਸੀਂ ਗੱਲ ਕਰਦੇ ਸਿੱਖ ਇਤਿਹਾਸ ਦੇ ਉਸ ਸਮੇਂ ਦੀ, ਜਦੋਂ ਬਾਬਾ ਬੰਦਾ ਸਿੰਘ ਬਹਾਦਰ ਅਨੇਕਾਂ ਸ਼ਾਨਦਾਰ ਜਿੱਤਾਂ ਤੋਂ ਬਾਅਦ ਗੁਰਦਾਸ ਨੰਗਲ ਦੀ ਕੱਚੀ ਗੜ੍ਹੀ ਦੇ ਘੇਰੇ ਵਿਚ ਆ ਗਏ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਸਾਥੀਆਂ ਸਮੇਤ ਕੈਦ ਕਰਕੇ ਅਬਦੁਲ ਸਮੇਦ ਖ਼ਾਂ ਲਾਹੌਰ ਲੈ ਗਿਆ। ਇਸ ਤੋਂ ਪਹਿਲਾਂ ਅੱਠਾਂ ਮਹੀਨਿਆਂ ਦੇ ਜ਼ਬਰਦਸਤ ਘੇਰੇ ਮਗਰੋਂ 7 ਦਸੰਬਰ 1715 ਨੂੰ ਮੁਗਲ ਫ਼ੌਜ ਗੜ੍ਹੀ ਦੇ ਦਰਵਾਜ਼ੇ ਭੰਨ ਕੇ ਅੰਦਰ ਜਾ ਵੜੀ ਅਤੇ ਬਾਬਾ ਬੰਦਾ ਸਿੰਘ ਤੇ ਉਨ੍ਹਾਂ ਦੇ ਭੁੱਖ ਨਾਲ ਨਿਰਬਲ ਹੋਏ ਸਾਥੀ ਕੈਦ ਕਰ ਲਏ ਗਏ।

ਸਿੱਖ ਇਤਿਹਾਸ ਅਨੁਸਾਰ ਪ੍ਰੋ. ਕਰਤਾਰ ਸਿੰਘ ਐਮ.ਏ. ਲਿਖਦੇ ਹਨ ਕਿ ਫਿਰ ਲਾਹੌਰ ਤੋਂ ਬਾਬਾ ਜੀ ਤੇ ਉਨ੍ਹਾਂ ਦੇ ਦੋ-ਤਿੰਨ ਸੌ ਸਾਥੀਆਂ ਨੂੰ ਅਬਦੁਲ ਸਮੇਦ ਖ਼ਾਂ ਦਾ ਪੁੱਤਰ ਜ਼ਕਰੀਆ ਖ਼ਾਂ ਦਿੱਲੀ ਵੱਲ ਲਈ ਜਾਂਦਾ ਸੀ ਤਾਂ ਉਸ ਨੂੰ ਖਿਆਲ ਆਇਆ ਕਿ ਬਾਦਸ਼ਾਹ ਨੂੰ ਖ਼ੁਸ਼ ਕਰਨ ਲਈ ਇਹ ਗਿਣਤੀ ਕਾਫ਼ੀ ਨਹੀਂ ਤਾਂ ਉਸ ਨੇ ਰਾਹ 'ਚੋਂ ਹੀ ਹੋਰ ਸਿੱਖਾਂ ਨੂੰ ਫੜਨਾ ਸ਼ੁਰੂ ਕਰ ਦਿੱਤਾ। ਇਨ੍ਹਾਂ 'ਚੋਂ ਕੁਝ ਕੁ ਨੂੰ ਜੂੜ ਕੇ ਕੈਦੀ ਬਣਾ ਲਿਆ ਤੇ ਬਹੁਤਿਆਂ ਦੇ ਸਿਰ ਵੱਢ ਕੇ ਨੇਜ਼ਿਆਂ 'ਤੇ ਟੰਗ ਲਏ ਗਏ। ਦੱਸਿਆ ਜਾਂਦਾ ਹੈ ਕਿ ਇਸ ਤਰ੍ਹਾਂ ਕੈਦੀਆਂ ਦੀ ਗਿਣਤੀ 740 ਅਤੇ ਨੇਜ਼ਿਆਂ 'ਤੇ ਟੰਗੇ ਸਿਰਾਂ ਦੀ ਗਿਣਤੀ 2000 ਦੇ ਕਰੀਬ ਹੋ ਗਈ। ਇਸ ਤੋਂ ਇਲਾਵਾ ਸੱਤ ਸੌ ਗੱਡੇ ਸਿੱਖਾਂ ਦੇ ਸੀਸਾਂ ਨਾਲ ਲੱਦੇ ਹੋਏ ਸਨ। ਸਿੱਖਾਂ ਵਿਰੁੱਧ ਆਪਣੀ ਦਹਿਸ਼ਤ ਫੈਲਾਉਣ ਲਈ ਜ਼ਕਰੀਆ ਖ਼ਾਂ ਜਲੂਸ ਦੀ ਸ਼ਕਲ 'ਚ 29 ਫਰਵਰੀ 1716 ਨੂੰ ਦਿੱਲੀ ਪੁੱਜਾ, ਆਗਰਾਬਾਦ ਤੋਂ ਸ਼ੁਰੂ ਹੋ ਕੇ ਦਿੱਲੀ ਦੇ ਲਾਹੌਰੀ ਦਰਵਾਜ਼ੇ ਤੱਕ ਤੇ ਅਗਾਂਹ ਕੋਤਵਾਲੀ ਤੱਕ। ਰਸਤੇ 'ਚ ਅਨੇਕਾਂ ਲੋਕ ਸੜਕ ਦੇ ਦੋਹੀਂ ਪਾਸੀ ਖੜ੍ਹੇ ਸਨ। ਪ੍ਰਸਿੱਧ ਸਮਕਾਲੀ ਲੇਖਕ ਮਿਰਜ਼ਾ ਮੁਹੰਮਦ ਹਰੀਸੀ ਨੇ ਇਹ ਸਭ ਕੁਝ ਆਪਣੀ ਅੱਖੀਂ ਡਿੱਠਾ ਤੇ ਉਹ ਇਨ੍ਹਾਂ ਝਾਕੀਆਂ ਨੂੰ ਤਮਾਸ਼ਾ ਕਹਿੰਦਾ ਹੈ ਅਤੇ ਬਿਆਨ ਕਰਦਾ ਹੈ ਕਿ ਦਿੱਲੀ ਵਿਚ ਸ਼ਾਇਦ ਹੀ ਕੋਈ ਅਜਿਹਾ ਇਨਸਾਨ ਹੋਵੇ, ਜਿਸ ਨੇ ਇਹ ਤਮਾਸ਼ਾ ਨਾ ਦੇਖਿਆ ਹੋਵੇ। ਇਸ ਸਭ ਕੁਝ ਦੇ ਬਾਵਜੂਦ ਸਿੱਖ ਕੈਦੀ ਉੱਚੀ-ਉੱਚੀ ਸ਼ਬਦ ਪੜ੍ਹ ਰਹੇ ਸਨ।

ਜਦੋਂ ਇਹ ਜਲੂਸ ਸ਼ਾਹੀ ਕਿਲ੍ਹੇ ਦੇ ਕੋਲ ਪੁੱਜਾ ਤਾਂ ਫਰੁੱਖਸੀਅਰ ਦੇ ਹੁਕਮਾਂ ਨਾਲ ਬਾਬਾ ਬੰਦਾ ਸਿੰਘ ਬਹਾਦਰ, ਬਾਬਾ ਬਾਜ ਸਿੰਘ, ਭਾਈ ਫ਼ਤਹਿ ਸਿੰਘ, ਬਾਬਾ ਕਾਨ੍ਹ ਸਿੰਘ ਤੇ ਕੁਝ ਹੋਰ ਮੁੱਖ ਸਿੱਖਾਂ ਨੂੰ ਵੱਖ ਕਰ ਕੇ ਬੰਦੀਖਾਨੇ ਭੇਜ ਦਿੱਤਾ ਗਿਆ। ਬਾਬਾ ਜੀ ਦੇ ਤਿੰਨ ਵਰ੍ਹਿਆਂ ਦੇ ਸਪੁੱਤਰ, ਉਨ੍ਹਾਂ ਦੀ ਪਤਨੀ ਤੇ ਮਾਤਾ ਨੂੰ ਦਰਬਾਰ ਖ਼ਾਂ ਨਾਜ਼ਮ ਦੇ ਜ਼ਨਾਨਾਖਾਨੇ 'ਚ ਰੱਖਿਆ ਗਿਆ। ਬਾਕੀ ਸਿੱਖਾਂ ਨੂੰ ਸਰਬਰਾਹ ਖ਼ਾਂ ਕੋਤਵਾਲ ਦੇ ਹਵਾਲੇ



ਕਰ ਦਿੱਤਾ ਗਿਆ। ਪ੍ਰੋ. ਕਰਤਾਰ ਸਿੰਘ ਲਿਖਦੇ ਹਨ ਕਿ ਫਿਰ 5 ਮਾਰਚ 1716 ਨੂੰ ਕੋਤਵਾਲੀ ਦੇ ਨੇੜੇ ਹੀ ਇਨ੍ਹਾਂ ਸਿੰਘਾਂ ਦੀ ਸ਼ਹੀਦੀ ਦਾ ਸਿਲਸਿਲਾ ਸ਼ੁਰੂ ਹੋਇਆ। ਹਰ ਰੋਜ਼ ਇਕ ਸੌ ਸਿੰਘ ਸ਼ਹੀਦ ਕੀਤਾ ਜਾਂਦਾ, ਜਦਕਿ ਇਸ ਤੋਂ ਪਹਿਲਾਂ ਉਨ੍ਹਾਂ ਨੂੰ ਧਰਮ ਤਿਆਗ ਕੇ ਮੁਸਲਮਾਨ ਬਣਨ ਲਈ ਕਈ ਤਰ੍ਹਾਂ ਦੇ ਲਾਲਚ ਤੇ ਤਸੀਹੇ ਦਿੱਤੇ ਜਾਂਦੇ। ਉਸ ਸਮੇਂ ਦੇ ਅੰਗਰੇਜ਼ ਇਤਿਹਾਸਕਾਰ ਨੇ ਲਿਖਿਆ ਹੈ ਕਿ ਇਕ ਵੀ ਸਿੱਖ ਨੇ ਆਪਣਾ ਧਰਮ ਬਦਲਣ ਦੀ ਹਾਮੀ ਨਹੀਂ ਭਰੀ, ਸਗੋਂ ਹਸੂੰ-ਹਸੂੰ ਕਰਦਿਆਂ ਸ਼ਹੀਦੀਆਂ ਪਾਈਆਂ। ਇਸ ਸਾਕੇ ਨੂੰ ਜਿਨ੍ਹਾਂ ਹਿੰਦੁਸਤਾਨੀਆਂ ਤੇ ਯੂਰਪ ਦੇ ਇਤਿਹਾਸਕਾਰਾਂ ਨੇ ਅੱਖੀਂ ਡਿੱਠਾ, ਉਸ ਦਾ ਵਰਨਣ ਕੀਤਾ ਹੈ। ਉਸ ਸਮੇਂ ਅਨੁਸਾਰ ਅੰਗਰੇਜ਼ ਇਤਿਹਾਸਕਾਰ ਇਵਨ ਨੇ ਲਿਖਿਆ ਹੈ ਕਿ ਉਨ੍ਹਾਂ ਸਾਰੇ ਇਤਿਹਾਸਕਾਰਾਂ ਦਾ ਇਕ ਹੀ ਮਤ ਸੀ ਕਿ ਇਨ੍ਹਾਂ ਸਿੰਘਾਂ ਕੋਲ ਹੈਰਾਨ ਕਰਨ ਵਾਲਾ ਸਬਰ ਤੇ ਇਰਾਦੇ ਸਨ ਅਤੇ ਹਰ ਸਿਤਮ ਨੂੰ ਉਹ ਖੁਸ਼ੀ-ਖੁਸ਼ੀ ਝੱਲਦੇ ਸਨ। ਉਨ੍ਹਾਂ ਦੇ ਮਨਾਂ 'ਚ ਮੌਤ ਦਾ ਕੋਈ ਖ਼ੌਫ਼ ਨਹੀਂ ਸੀ, ਸਗੋਂ ਉਹ ਤਾਂ ਜੱਲਾਦ ਨੂੰ ਵੀ 'ਮੁਕਤ ਮਿੱਤਰਾ' ਕਹਿ ਕਹਿ ਕੇ ਆਵਾਜ਼ਾਂ ਲਾ ਰਹੇ ਸਨ, ਜੋ ਉਨ੍ਹਾਂ ਨੂੰ ਆਜ਼ਾਦੀ ਤੇ ਮੁਕਤੀ ਦਿਵਾ ਸਕਦਾ ਹੈ। ਉਨ੍ਹਾਂ ਦੇ ਮਨਾਂ 'ਚ ਸ਼ਹੀਦ ਹੋਣ ਦਾ ਇੰਨਾ ਉਤਸ਼ਾਹ ਸੀ ਕਿ ਉਨ੍ਹਾਂ ਵਿਚ ਇਕ-ਦੂਜੇ ਤੋਂ ਪਹਿਲਾਂ ਸ਼ਹਾਦਤ ਪ੍ਰਾਪਤ ਕਰਨ ਦਾ ਚਾਅ ਉਬਾਲੇ ਖਾ ਰਿਹਾ ਸੀ। ਇਸ ਸੰਬੰਧੀ ਇਕ ਪ੍ਰਸਿੱਧ ਮੁਸਲਮਾਨ ਇਤਿਹਾਸਕਾਰ ਗੁਲਾਮ ਹੁਸੈਨ ਆਪਣੀ ਪੁਸਤਕ 'ਸਿਆਰੁਲ ਮੁਤਾਖਰੀਨ' ਵਿਚ ਇਸ ਗੱਲ ਦਾ ਵਿਖਿਆਨ ਕਰਦਾ ਹੈ, 'ਇਹ ਗੱਲ ਬੜੀ ਅਨੋਖੀ ਸੀ ਕਿ ਇਹ ਲੋਕ ਸ਼ਹੀਦ ਹੋਣ ਸਮੇਂ ਪੱਕੇ ਤੇ ਅਡੋਲ ਰਹਿੰਦੇ ਅਤੇ ਮਰਨ ਲਈ ਪਹਿਲ ਵਾਸਤੇ ਝਗੜਦੇ, ਹਰ ਕੋਈ ਕਹਿੰਦਾ ਸੀ ਕਿ ਪਹਿਲਾਂ ਮੇਰੀ ਵਾਰੀ ਏ, ਹਰ ਕੋਈ ਜੱਲਾਦ ਨੂੰ ਮਨਾਉਣ ਅਤੇ ਪ੍ਰੇਰਿਤ ਕਰਨ ਲਈ ਯਤਨ ਕਰਦਾ ਕਿ ਪਹਿਲੀ ਵਾਰੀ ਮੈਨੂੰ ਦੇਵੀਂ।' ਪ੍ਰਸਿੱਧ ਇਤਿਹਾਸਕ ਪੁਸਤਕ 'ਤਾਰੀਖਿ-ਮੁਹੰਮਦ ਸ਼ਾਹੀ' ਦੇ ਹਵਾਲੇ ਤੋਂ ਇਕ ਗੱਭਰੂ ਦੀ ਸ਼ਹੀਦੀ ਦਾ ਹਾਲ ਲਿਖਿਆ ਮਿਲਦਾ ਹੈ, ਜੋ ਇਸ ਸ਼ਹੀਦੀ ਸਾਕੇ ਨੂੰ ਹੋਰ ਪ੍ਰਪੱਕ ਕਰਦਾ ਹੈ। ਕਿਹਾ ਜਾਂਦਾ ਹੈ ਕਿ ਜਦੋਂ ਜ਼ਕਰੀਆ ਖ਼ਾਂ ਸਿੰਘਾਂ ਨੂੰ ਦਿੱਲੀ ਵੱਲ ਲਿਜਾ ਰਿਹਾ ਸੀ ਤਾਂ ਇਕ ਪਿੰਡ 'ਚ ਇਕ ਗੱਭਰੂ ਨਵਾਂ-ਨਵਾਂ ਸਿੱਖ ਬਣਿਆ, ਜਿਸ ਦਾ ਨਵਾਂ-ਨਵਾਂ ਹੀ ਵਿਆਹ ਹੋਇਆ ਸੀ। ਉਸ ਨੂੰ ਵੀ ਮੁਗਲਾਂ ਨੇ ਫੜ ਲਿਆ ਤੇ ਦਿੱਲੀ ਲੈ ਆਏ। ਜਦੋਂ ਉਸ ਦੀ ਵਿਧਵਾ ਮਾਂ ਨੂੰ ਪਤਾ ਲੱਗਾ ਤਾਂ ਉਹ ਆਪਣੀ ਨਵ-ਵਿਆਹੀ ਨੂੰਹ ਨੂੰ ਨਾਲ ਲੈ ਕੇ ਬਾਦਸ਼ਾਹ ਦੇ ਦਰਬਾਰ ਆ ਕੇ ਕੁਰਲਾਉਣ ਲੱਗੀ। ਬਾਦਸ਼ਾਹ ਨੇ ਉਸ ਲੜਕੇ ਨੂੰ ਛੱਡ ਦੇਣ ਦਾ ਹੁਕਮ ਦਿੱਤਾ, ਪਰ ਜਦੋਂ ਉਸ ਗੱਭਰੂ ਨੂੰ ਪਤਾ ਲੱਗਾ ਤਾਂ ਉਹ ਤਿਲਮਿਲਾ ਉੱਠਿਆ ਤੇ ਕਹਿਣ ਲੱਗਾ ਕਿ ਇਹ ਔਰਤ ਉਸ ਦੀ ਮਾਂ ਨਹੀਂ ਤੇ ਉਹ ਵੀ ਉਸ ਦੀ ਵਹੁਟੀ ਨਹੀਂ। ਇਸ ਤਰ੍ਹਾਂ ਭਾਵੇਂ ਉਸ ਗੱਭਰੂ ਨੇ ਸ਼ਹੀਦੀ ਪਾ ਲਈ ਪਰ ਧਰਮ ਨੂੰ ਆਂਚ ਨਹੀਂ ਆਉਣ ਦਿੱਤੀ।

ਇਤਿਹਾਸ ਗਵਾਹ ਹੈ ਕਿ ਇਹ ਸ਼ਹੀਦੀ ਸਾਕਾ ਜਿਸ ਵਿਚ ਬੁੱਚੜਪੁਣੇ ਨੇ ਹਰ ਹੱਦਾਂ ਪਾਰ ਕਰ ਦਿੱਤੀਆਂ ਸਨ, ਲਗਾਤਾਰ ਸੱਤ ਦਿਨ ਤੱਕ ਚਲਦਾ ਰਿਹਾ ਅਤੇ ਸਾਰੇ ਦੇ ਸਾਰੇ ਸਿੱਖਾਂ ਨੂੰ ਸ਼ਹੀਦ ਕਰ ਦਿੱਤਾ ਗਿਆ। ਇਸ ਤੋਂ ਵੀ ਘਿਨੌਣੀ ਹਰਕਤ ਇਹ ਕੀਤੀ ਜਾਂਦੀ ਰਹੀ ਕਿ ਰਾਤ ਨੂੰ ਸ਼ਹੀਦਾਂ ਦੀਆਂ ਮ੍ਰਿਤਕ ਦੇਹਾਂ ਗੱਡਿਆਂ ਉੱਪਰ ਲੱਦ ਕੇ ਬਾਹਰ ਲਿਜਾ ਕੇ ਰੁੱਖਾਂ ਨਾਲ ਟੰਗ ਦਿੱਤੀਆਂ ਜਾਂਦੀਆਂ। ਇਨ੍ਹਾਂ ਸ਼ਹੀਦੀਆਂ ਤੋਂ ਬਾਅਦ ਅੰਤ ਵਿਚ 9 ਜੂਨ 1716 ਨੂੰ ਬਾਬਾ ਬੰਦਾ ਸਿੰਘ ਬਹਾਦਰ ਦੇ ਸ਼ਹੀਦ ਹੋਣ ਦੀ ਵਾਰੀ ਆਈ, ਜਿਨ੍ਹਾਂ ਨੂੰ ਬਹੁਤ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ।

# ਗਲੇ ਦੀ ਖਰਾਸ਼ ਤੋਂ ਪ੍ਰੇਸ਼ਾਨ ਹਰ ਹੈ ਹਰ ਦੂਜਾ ਆਦਮੀ

*''ਮੌਸਮ 'ਚ ਹੋ ਰਹੀ ਤਬਦੀਲੀ, ਅਲਰਜੀ ਕਾਰਨ ਹਰ ਉਮਰ ਦਾ ਵਿਅਕਤੀ ਗਲੇ ਅੰਦਰ ਪੀੜ ਅਤੇ ਖਰਾਸ਼ ਮਹਿਸੂਸ ਕਰ ਰਿਹਾ ਹੈ। ਲਾਪ੍ਰਵਾਹੀ ਛੱਡ ਕੇ ਬਿਨਾ ਦੇਰੀ ਇਲਾਜ਼ ਦੀ ਲੋੜ ਹੈ''-ਡਾ ਅਨਿਲ ਧੀਰ. ਕਾਲਮਨਿਸਟ. ਥੈਰਾਪਿਸਟ. ਲੇਖਕ 'ਸੇਲਫ-ਕੇਅਰ ਟਿੱਪਸ ਐਨਸਾਈਕਲੋਪੀਡੀਆ'*

ਮੌਸਮ 'ਚ ਹੋ ਰਹੀ ਤਬਦੀਲੀ ਕਾਰਨ ਕਈ ਲੋਕ ਅਲਰਜੀ ਕਾਰਨ ਛਿੱਕਾਂ 'ਤੇ ਗਲੇ ਅੰਦਰ ਦਰਦ ਦੇ ਨਾਲ ਖਰਾਸ਼ ਮਹਿਸੂਸ ਕਰ ਰਹੇ ਹਨ। ਆਮਤੌਰ 'ਤੇ ਇਸ ਮੌਸਮ 'ਚ ਬੱਚੇ, ਨੌਜਵਾਨ, ਮੱਧ ਉਮਰ, ਅਤੇ ਸੀਨੀਅਰਜ਼ ਆਮ ਸਮੱਸਿਆ ਗਲੇ ਅੰਦਰ ਦਰਦ ਦੇਖੀ ਜਾ ਰਹੀ ਹੈ। ਵਾਇਰਲ-ਬੈਕਟੀਰੀਅਲ ਗਲੇ ਦੀ ਇਨਫੈਕਸ਼ਨ ਦਾ ਆਮ ਕਾਰਨ ਗਰੁੱਪ ਸਟ੍ਰੈਪਟੋਕੋਕਸ (ਜੀ. ਏ. ਬੀ. ਐਚ. ਐਚ.) ਹੈ। ਇਹ ਵਾਇਰਸ 75%, 5 ਤੋਂ 16 ਸਾਲ ਦੀ ਉਮਰ 'ਚ ਦੇਖਣ ਨੂੰ ਮਿਲ ਰਿਹਾ ਹੈ। ਕਰੀਬਨ 96% ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ 'ਤੇ ਵੀ ਅਟੈਕ ਕਰਦਾ ਹੈ।

ਸੋਰ-ਥਰੋਟ ਦੀ ਹਾਲਤ 'ਚ ਖਾਣ-ਪੀਣ ਦੀ ਚੀਜ਼ ਨੂੰ ਨਿਗਲਨਾ ਔਖਾ ਹੋ ਜਾਂਦਾ ਹੈ। ਦਰਦ, ਖਰਾਸ਼, ਘੱਟ ਜਾਂ ਵੱਧ ਅਤੇ ਲੰਬੇ ਸਮੇਂ ਤੱਕ ਵੀ ਇਹ ਹਾਲਤ ਬਣੀ ਰਹਿ ਸਕਦੀ ਹੈ। ਗਲੇ ਅੰਦਰ ਨਾੜੀਆਂ ਸੁੱਜ ਜਾਂਦੀਆਂ ਹਨ। ਨਾਲ ਹੀ ਸਿਰ-ਪੀੜ, ਜਿਸਮ ਦੇ ਦਰਦ ਨਾਲ ਬੁਖਾਰ ਵੀ ਹੋ ਜਾਂਦਾ ਹੈ ਗਲੇ ਦੀ ਆਵਾਜ਼ ਭੈੜੀ, ਬੋਲਨਾ ਔਖਾ, ਅਤੇ ਟਾਨਸਿਲ ਲਾਲ ਦਿਸਦੇ ਹਨ। ਗਲੇ ਅੰਦਰ ਖਰਾਸ਼ ਵਾਇਰਲ- ਬੈਕਟੀਰੀਅਲ ਇਨਫੈਕਸ਼ਨ, ਜ਼ੁਕਾਮ, ਫਲੂ, ਖੰਘ, ਅਲਰਜੀ, ਖੁਸ਼ਕ ਹਵਾ, ਇੰਡਸਟਰੀਅਲ ਧੂੰਆ, ਮੌਸਮੀ ਪਰਦੂਸ਼ਨ, ਤੰਬਾਕੂਨੋਸ਼ੀ ਦਾ ਧੂੰਆ, ਮਸਾਲੇਦਾਰ ਭੋਜਨ, ਮਾਂਸਪੇਸ਼ੀ ਤਨਾਅ, ਜੀ. ਆਰ. ਡੀ. ਅਤੇ ਐਚ. ਆਈ. ਵੀ ਇਨਫੈਕਸ਼ਨ ਜੀਭ, 'ਤੇ ਗਲੇ ਦੇ ਕੈਂਸਰ ਦਾ ਕਾਰਨ ਵੀ ਬਣ ਸਕਦਾ ਹੈ।






ਅਨਿਲ ਧੀਰ
ਕਾਲਮਨਿਸਟ
healthmedia1@hotmail.com




**ਲੋੜ ਹੈ ਖਿਆਲ ਰੱਖਣ ਦੀ:**

- ਛੋਟੇ ਬੱਚੇ ਅਤੇ ਗਰਭਵਤੀ ਔਰਤਾਂ, ਗਲੇ ਅੰਦਰ ਦਰਦ ਦੀ ਸ਼ਿਕਾਇਤ ਕਰਨ ਦੀ ਹਾਲਤ 'ਚ ਬਿਨਾ ਦੇਰੀ ਜਾਂਚ 'ਤੇ ਇਲਾਜ਼ ਸ਼ੁਰੂ ਕਰੋ।
- ਆਪਣਾ ਖਾਣਾ-ਪੀਣਾ ਕਿਸੇ ਨਾਲ ਵੀ ਸਾਂਝਾ ਨਾ ਕਰੋ। ਬਰਤਨ ਅਲੱਗ ਹੀ ਰੱਖੋ। ਪਰਸਨਲ ਸਫਾਈ ਦੇ ਨਾਲ-ਨਾਲ ਘਰ ਦੇ ਅੰਦਰ 'ਤੇ ਬਾਹਰ ਆਪਣਾ ਨੱਕ-ਮੂੰਹ ਮਾਸਕ ਨਾਲ ਕਵਰ ਕਰਕੇ ਰੱਖੋ ਅਤੇ ਸੇਨੀਟਾਈਜ਼ਰ ਦਾ ਇਸਤੇਮਾਲ ਕਰੋ।
- ਘਲੇ ਅੰਦਰ ਸੋਜਿਸ਼ ਨੂੰ ਘੱਟ ਕਰਨ ਲਈ ਨਮਕ-ਪਾਣੀ ਦੇ ਗਰਾਰੇ ਅਤੇ ਕੈਮਿਸਟ ਤੋਂ ਮੇਡੀਕੇਟਿਡ ਗਾਰਗਲ ਲਈ ਲੀਕੀਉਡ ਲੈ ਸਕਦੇ ਹੋ। ਗਰਾਰੇ ਡੇਲੀ 4-5 ਬਾਰ ਵੀ ਕੀਤੇ ਜਾ ਸਕਦੇ ਹਨ।
- ਘਰ ਅੰਦਰ ਕੂਲ-ਫਾਸਟ ਵੱਪੋਰਾਈਜ਼ਰ ਜਾਂ ਹਿਮਡਿਫਾਇਰ ਬਰਤ ਸਕਦੇ ਹੋ। ਇਸ ਨਾਲ ਖੁਸ਼ਕੀ ਦੀ ਸਮੱਸਿਆ ਘੱਟ ਹੋ ਜਾਂਦੀ ਹੈ।
- ਛੋਟੇ ਬਚਿਆਂ ਨੂੰ ਸ਼ਹਿਦ ਚਟਾਓ। ਬੜੇ ਬੱਚੇ, ਵਿਅਸਕ ਅਦਰਕ ਵਾਲੇ ਪਾਣੀ 'ਚ 1 ਚਮਚ ਸ਼ਹਿਦ ਮਿਲਾ ਕੇ ਦਿਨ 'ਚ 3-4 ਬਾਰ ਸੇਵਨ ਕਰਨ ਨਾਲ ਆਰਾਮ ਮਿਲਦਾ ਹੈ।
- ਤਾਜ਼ੀ ਸਬਜ਼ੀਆਂ ਦਾ ਸੂਪ, ਗ੍ਰੀਨ ਟੀ, ਕੌਫੀ, ਅਤੇ ਚਿਕਨ-ਸੂਪ ਪੀਂਦੇ ਰਹੋ।
- ਪਿਪਰਮੈਂਟ ਵਾਲੀ ਖੰਘ-ਕੈਂਡੀ ਦੇ ਨਾਲ ਮੁਲੱਠੀ ਵੀ ਚੂਸ ਸਕਦੇ ਹੋ, ਆਰਾਮ ਮਿਲੇਗਾ। ਪਿਪਰਮੈਂਟ 'ਚ ਮੌਜੂਦ ਮੇਨਥੋਲ ਜੋ ਐਂਟੀ-ਇਨਫਲਾਮੈਂਟਰੀ ਅਤੇ ਐਂਟੀ-ਬੈਕਟੀਰੀਅਲ ਹੋਣ ਕਰਕੇ ਗਲੇ ਦੀ ਤਕਲੀਫ 'ਚ ਰਾਹਤ ਮਿਲਦੀ ਹੈ। ਚੂਸਨ ਵਾਲੀ ਵਿਟਾਮਿਨ



-ਸੀ ਵੀ ਲੈ ਸਕਦੇ ਹੋ।
- ਮੁਲੱਠੀ ਦੇ ਪਾਉਡਰ 'ਚ ਸ਼ਹਿਦ ਮਿਕਸ ਕਰਕੇ ਰੋਜ਼ਾਨਾ 3-4 ਬਾਰ ਲਵੋ।
- ਡਾਕਟਰੀ ਸਲਾਹ ਨਾਲ ਕਫ-ਸਿਰਪ ਅਤੇ ਐਂਟੀਬਾਇਟਿਕ 'ਤੇ ਦਰਦ ਨਾਸ਼ਕ ਗੋਲੀ ਵੀ ਲੈ ਸਕਦੇ ਹੋ।
- ਸਿਗਰੇਟ-ਬੀੜੀ ਤੋਂ ਰਹੋ ਦੂਰ। ਇਨਾਂ ਦਾ ਧੂੰਆ ਗਲੇ ਅੰਦਰ ਇਰੀਟੇਸ਼ਨ ਵਧਾ ਦਿੰਦਾ ਹੈ। ਬਿਮਾਰੀ ਤੋਂ ਛੁਟਕਾਰਾ ਵੀ ਦੇਰ ਨਾਲ ਮਿਲਦਾ ਹੈ।
- ਸਰੀਰ ਦੀ ਇਮਊਨਿਟੀ ਵਧਾਉਣ ਅਤੇ ਬਰਕਰਾਰ ਰੱਖਣ ਲਈ ਸਬਜ਼ੀਆਂ 'ਚ ਅਦਰਕ, ਲਸਣ, ਪਿਆਜ਼, ਸਲਾਦ 'ਚ ਕੱਚਾ ਆਂਵਲਾ, ਅਤੇ ਵਿਟਾਮਿਨ-ਸੀ, ਜ਼ਿੰਕ, ਮੈਗਨੀਸ਼ੀਅਮ ਸ਼ਾਮਲ ਕਰਨ ਦੀ ਲੋੜ ਹੁੰਦੀ ਹੈ।
- ਮਸਾਲੇਦਾਰ, ਜੰਕ-ਫੂਡ ਤਕਲੀਫ ਵਧਾ ਸਕਦੀ ਹੈ।
- ਬਿਮਾਰੀ ਦੌਰਾਨ ਅਲਕੋਹਲ ਤੋਂ ਦੂਰ ਰਹੋ।

ਨੋਟ: ਕੁੱਝ ਦਿਨ ਲਗਾਤਾਰ ਗਲੇ ਦੀ ਸ਼ਿਕਾਇਤ ਰਹਿਣ ਦੀ ਹਾਲਤ 'ਚ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਲਵੋ।

# ਖੇਡਣਾ ਜ਼ਰੂਰੀ ਹੈ ਬੱਚਿਆਂ ਦੀ ਸਿਹਤ ਲਈ



ਆਰ ਸੂਰਿਆ ਕੁਮਾਰੀ

ਖੇਡਾਂ ਦਾ ਆਪਣਾ ਹੀ ਮਹੱਤਵ ਹੈ। ਖੇਡਾਂ ਨਾਲ ਸਰੀਰ 'ਚ ਚੁਸਤੀ-ਫੁਰਤੀ ਆਉਂਦੀ ਹੈ ਅਤੇ ਬੱਚਿਆਂ ਦੀ ਕੰਮ ਕਰਨ ਦੀ ਤਾਕਤ ਵਧਦੀ ਹੈ। ਜਦੋਂ ਬੱਚੇ ਖੇਡਦੇ ਹਨ ਤਾਂ ਉਨ੍ਹਾਂ ਦਾ ਵਿਕਾਸ ਵੀ ਸਹੀ ਰਫ਼ਤਾਰ ਨਾਲ ਹੁੰਦਾ ਹੈ। ਖੇਡਣ ਵਾਲੇ ਤੇ ਇਕ ਹੀ ਥਾਂ ਹਮੇਸ਼ਾ ਡਟੇ ਰਹਿਣ ਵਾਲੇ ਬੱਚੇ ਕਾਫ਼ੀ ਮੋਟੇ ਤੇ ਆਲਸੀ ਬਣ ਜਾਂਦੇ ਹਨ। ਉਨ੍ਹਾਂ ਦੀ ਚਰਬੀ ਵਧ ਜਾਂਦੀ ਹੈ।

ਖੇਡਾਂ ਨਾਲ ਬੱਚਿਆਂ ਦੇ ਸਰੀਰ ਦੇ ਅੰਗ ਜ਼ਿਆਦਾ ਸਰਗਰਮ ਤੇ ਲਚੀਲੇ ਰਹਿੰਦੇ ਹਨ। ਇਸ ਨਾਲ ਉਨ੍ਹਾਂ ਨੂੰ ਸਮੇਂ ਸਿਰ ਭੁੱਖ ਲਗਦੀ ਹੈ ਤੇ ਚੰਗੀ ਨੀਂਦ ਆਉਂਦੀ ਹੈ। ਉਹ ਸਮੇਂ ਸਿਰ ਜਾਗ ਸਕਦੇ ਹਨ ਤੇ ਆਪਣੇ ਕੰਮ ਨਿਪਟਾ ਸਕਦੇ ਹਨ। ਖੇਡਣ ਦਾ ਕਾਫ਼ੀ ਮੌਕਾ ਨਾ ਪਾਉਣ ਵਾਲੇ ਬੱਚਿਆਂ ਵਿਚ ਹੱਡੀਆਂ ਦੀ ਕਮਜ਼ੋਰੀ ਤੇ ਦਰਦ ਦੀ ਸ਼ਿਕਾਇਤ ਵੀ ਦੇਖੀ ਜਾ ਸਕਦੀ ਹੈ। ਖੇਡਾਂ ਬੱਚਿਆਂ ਦੀਆਂ ਮਾਸਪੇਸ਼ੀਆਂ ਤੇ ਖੂਨ ਸੰਚਾਰ ਨੂੰ ਦਰੁਸਤ ਬਣਾਈ ਰੱਖਦੀਆਂ ਹਨ।

ਖੇਡਾਂ ਦਾ ਸਹੀ ਮੌਕਾ ਹਾਸਿਲ ਕਰਨ ਵਾਲੇ ਬੱਚਿਆਂ ਦਾ ਮਾਨਸਿਕ ਵਿਕਾਸ ਵੀ ਤੇਜ਼ ਰਫ਼ਤਾਰ ਨਾਲ ਹੁੰਦਾ ਹੈ। ਖੇਡਾਂ ਵਿਚ ਰੁੱਝੇ ਰਹਿ ਕੇ ਉਹ ਤਣਾਅ ਤੋਂ ਕਾਫ਼ੀ ਦੂਰ ਹੋ ਜਾਂਦੇ ਹਨ। ਇਸ ਨਾਲ ਉਹ ਕਾਇਰ ਤੇ ਸੁਸਤ ਹੋ ਜਾਂਦੇ ਹਨ। ਖੇਡਾਂ ਵਿਚ ਹਿੱਸਾ ਲੈਣ ਵਾਲੇ ਬੱਚੇ ਦਿਮਾਗ਼ੀ ਤਾਜ਼ਗੀ ਦੇ ਧਨੀ ਹੁੰਦੇ ਹਨ ਅਤੇ ਉਨ੍ਹਾਂ ਵਿਚ ਪੜ੍ਹਨ-ਲਿਖਣ ਦੀ ਤਾਕਤ ਦਾ ਵਿਕਾਸ ਹੁੰਦਾ ਹੈ।

ਖੇਡਣ ਨਾਲ ਬੱਚਿਆਂ ਦਾ ਸਮਾਜਿਕ ਵਿਕਾਸ ਮਜ਼ਬੂਤ ਰਹਿੰਦਾ ਹੈ। ਖੇਡਾਂ ਦਾ ਮੈਦਾਨ ਇਕ ਇਸ ਤਰ੍ਹਾਂ ਦੀ ਥਾਂ ਹੁੰਦੀ ਹੈ, ਜਿਥੇ ਹਰ ਵਰਗ ਤੇ ਹਰ ਤਬਕੇ ਦੇ ਬੱਚੇ ਖੇਡਣ ਲਈ ਆਉਂਦੇ ਹਨ। ਸਭ ਨਾਲ ਮਿਲ-ਜੁਲ ਕੇ ਖੇਡਣ ਵਾਲੇ ਬੱਚੇ ਸਮਾਜ ਨੂੰ ਸਮਝਦੇ ਹਨ। ਉਹ ਆਪਣੀ ਜ਼ਿੰਮੇਦਾਰੀ ਨਿਰਧਾਰਿਤ ਕਰਦੇ ਹਨ। ਖੇਡਾਂ ਦੌਰਾਨ ਵੀ ਬੱਚੇ ਸਕੂਲ ਦੀ ਤਰ੍ਹਾਂ ਆਪਣੇ ਪਿਆਰੇ ਮਿੱਤਰ ਨੂੰ ਲੱਭ ਪਾਉਂਦੇ ਹਨ ਅਤੇ ਉਨ੍ਹਾਂ ਦੇ ਨਾਲ ਬੈਠ ਪਾਉਂਦੇ ਹਨ। ਉਂਝ ਵੀ ਬੱਚਿਆਂ ਲਈ ਹਮਉਮਰ ਬੱਚਿਆਂ ਨਾਲ ਲਗਾਤਾਰ ਸਮਾਂ ਗੁਜ਼ਾਰਨਾ ਰੋਮਾਂਚਕ ਹੁੰਦਾ ਹੈ।

ਖੇਡਾਂ ਨਾਲ ਬੱਚਿਆਂ ਵਿਚ ਸਮਾਜਿਕ ਅਨੁਸ਼ਾਸਨ ਵੀ ਪੈਦਾ ਹੁੰਦਾ ਹੈ। ਬੱਚੇ ਖ਼ੁਦ ਨਿਰਧਾਰਿਤ ਕਰਨ ਲਗਦੇ ਹਨ ਕਿ ਉਨ੍ਹਾਂ ਨੂੰ ਕੀ ਤੇ ਕਿੰਨਾ ਖੇਡਣਾ ਚਾਹੀਦਾ ਹੈ। ਹੌਲੀ-ਹੌਲੀ ਉਹ ਖੇਡ ਦੀ ਪੂਰੀ ਮਹੱਤਤਾ ਨੂੰ ਸਮਝਣ ਲਗਦੇ ਹਨ। ਫਿਰ ਖੇਡਾਂ ਉਨ੍ਹਾਂ ਲਈ ਮਾਰ-ਕੁੱਟ ਤੇ ਹੰਗਾਮੇ ਦੀ ਚੀਜ਼ ਨਹੀਂ ਰਹਿ ਜਾਂਦੀਆਂ ਸਗੋਂ ਰੋਜ਼ਮਰ੍ਹਾ ਦੀ ਜ਼ਰੂਰਤ ਬਣ ਜਾਂਦੀਆਂ ਹਨ।

ਬੱਚਿਆਂ ਲਈ ਯਕੀਨਨ ਹੀ ਖੇਡਾਂ ਦਾ ਸਮਾਂ ਨਿਰਧਾਰਿਤ ਹੋਣਾ ਬਹੁਤ ਜ਼ਰੂਰੀ ਹੈ। ਜਦੋਂ ਸਕੂਲ ਲਗਦੇ ਹੋਣ ਤਾਂ ਸਕੂਲ ਤੋਂ ਆਉਣ ਤੋਂ ਬਾਅਦ ਸ਼ਾਮ ਨੂੰ ਉਨ੍ਹਾਂ ਨੂੰ ਡੇਢ-ਦੋ ਘੰਟੇ ਸਮਾਂ ਤਾਂ ਖੇਡਣ ਲਈ ਮਿਲਣਾ ਹੀ ਚਾਹੀਦਾ ਹੈ। ਗਰਮੀਆਂ ਦੀਆਂ ਛੁੱਟੀਆਂ ਵਿਚ ਸਵੇਰੇ ਛੇ ਵਜੇ ਤੋਂ ਸੱਤ ਵਜੇ ਤੱਕ ਸਮਾਂ ਖੇਡਾਂ ਲਈ ਸਹੀ ਹੁੰਦਾ ਹੈ।

ਸ਼ਾਮ ਦੀ ਖੇਡ ਵੀ ਲਗਾਤਾਰ ਹੋਣੀ ਚਾਹੀਦੀ ਹੈ। ਇਹ ਵੀ ਠੀਕ ਨਹੀਂ ਕਿ ਬੱਚਾ ਖੇਡਣ ਲਈ ਨਿਕਲੇ ਅਤੇ ਕਿਸੇ ਕੋਨੇ ਵਿਚ ਲੁੱਕ ਕੇ ਲੂਡੋ ਜਾਂ ਕੈਰਮ ਖੇਡਣ ਲੱਗੇ। ਬੱਚਿਆਂ ਦੇ ਖੇਡਣ ਦਾ ਮਤਲਬ ਹੈ ਕਸਰਤ ਨਾਲ ਹੀ ਹੈ। ਕ੍ਰਿਕਟ, ਫੁੱਟਬਾਲ, ਸਾਈਕਲਿੰਗ ਆਦਿ ਖੇਡਾਂ ਬੱਚਿਆਂ ਲਈ ਆਦਰਸ਼ ਖੇਡਾਂ ਹਨ।

ਉਂਝ ਵੀ ਖੇਡਾਂ ਬੱਚਿਆਂ ਦੀ ਉਮਰ 'ਤੇ ਨਿਰਭਰ ਕਰਦੀਆਂ ਹਨ। ਤਿੰਨ ਸਾਲ ਦੀ ਉਮਰ ਤੱਕ ਤਾਂ ਬੱਚੇ ਘਰ ਵਿਚ ਰਹਿਣਾ ਤੇ ਦਾਦਾ-ਦਾਦੀ, ਮਾਤਾ-ਪਿਤਾ ਤੇ ਭਰਾ-ਭੈਣ ਨਾਲ ਖੇਡਣਾ ਹੀ ਪਸੰਦ ਕਰਦੇ ਹਨ। ਪੰਜ-ਛੇ ਸਾਲ ਤੱਕ ਦੇ ਬੱਚਿਆਂ ਨੂੰ ਸਾਈਕਲ ਚਲਾਉਣਾ, ਹਮਉਮਰ ਬੱਚਿਆਂ ਨਾਲ ਖੇਡਣਾ ਪਸੰਦ ਆਉਂਦਾ ਹੈ। ਇਸ ਤੋਂ ਉੱਪਰ ਦੇ ਬੱਚਿਆਂ ਨੂੰ ਕ੍ਰਿਕਟ, ਫੁੱਟਬਾਲ ਵਗੈਰਾ ਚੰਗੇ ਲਗਦੇ ਹਨ।

ਹੁਣ ਇਸ ਤਰ੍ਹਾਂ ਦਾ ਸਮਾਂ ਆ ਗਿਆ ਹੈ ਕਿ ਬੱਚਿਆਂ ਵਿਚ ਖੇਡਣ ਪ੍ਰਤੀ ਇਕ ਤਰ੍ਹਾਂ ਦੀ ਉਦਾਸੀਨਤਾ ਘਰ ਕਰ ਰਹੀ ਹੈ ਅਤੇ ਉਨ੍ਹਾਂ ਨੂੰ ਕੰਪਿਊਟਰ ਜਾਂ ਟੀ.ਵੀ. ਦੇ ਪਰਦੇ ਨਾਲ ਚੁੰਬੜੇ ਰਹਿਣਾ ਜ਼ਿਆਦਾ ਚੰਗਾ ਲਗਦਾ ਹੈ ਪਰ ਇਸ ਤੋਂ ਬੱਚਿਆਂ ਦਾ ਮਨੋਰੰਜਨ ਘੱਟ ਹੁੰਦਾ ਹੈ ਅਤੇ ਉਨ੍ਹਾਂ ਦੇ ਦਿਮਾਗ਼ 'ਤੇ ਦਬਾਅ ਜ਼ਿਆਦਾ ਪੈਂਦਾ ਹੈ। ਇਸ ਲਈ ਮਾਤਾ-ਪਿਤਾ ਤੇ ਵੱਡਿਆਂ ਦਾ ਇਹ ਫ਼ਰਜ਼ ਬਣਦਾ ਹੈ ਕਿ ਬੱਚਿਆਂ ਨੂੰ ਲਗਾਤਾਰ ਖੇਡਣ ਲਈ ਉਤਸ਼ਾਹਿਤ ਕਰਨ ਕੰਪਿਊਟਰ ਅਤੇ ਟੀ.ਵੀ. ਤੋਂ ਉਨ੍ਹਾਂ ਦੀ ਦੂਰੀ ਬਣਾਈ ਰੱਖੋ।

ਮਾਤਾ-ਪਿਤਾ ਇਹ ਵੀ ਹਮੇਸ਼ਾ ਧਿਆਨ ਵਿਚ ਰੱਖਣ ਕਿ ਬੱਚਿਆਂ ਨੂੰ ਕਾਪੀਆਂ-ਕਿਤਾਬਾਂ ਵਿਚ ਖਪਾ ਦੇਣਾ ਮਹਿੰਗਾ ਪੈ ਸਕਦਾ ਹੈ ਕਿਉਂਕਿ ਦਿਮਾਗੀ ਅਤੇ ਸਰੀਰਕ ਤੌਰ 'ਤੇ ਬਰਾਬਰ ਦੌੜ ਲਗਾਉਣ ਵਿਚ ਹੀ ਖੁਸ਼ੀ ਦਾ ਖਜ਼ਾਨਾ ਲੁਕਿਆ ਹੈ।

# ਸਾਵਣ 'ਚ ਕਿਉਂ ਕੀਤਾ ਜਾਂਦਾ ਹੈ ਹਰੀਆਂ ਸਬਜ਼ੀਆਂ ਤੋਂ ਪਰਹੇਜ਼ ?



ਸਾਵਣ ਦਾ ਮਹੀਨਾ ਹਿੰਦੂ ਧਰਮ ਵਿੱਚ ਬਹੁਤ ਪਵਿੱਤਰ ਮੰਨਿਆ ਜਾਂਦਾ ਹੈ। ਇਸ ਦੌਰਾਨ ਭਗਵਾਨ ਸ਼ਿਵ ਦੀ ਪੂਜਾ-ਅਰਚਨਾ ਦੇ ਨਾਲ ਕਈ ਤਰ੍ਹਾਂ ਦੇ ਨਿਯਮਾਂ ਅਤੇ ਪਰੰਪਰਾਵਾਂ ਦਾ ਪਾਲਣ ਕੀਤਾ ਜਾਂਦਾ ਹੈ। ਇਨ੍ਹਾਂ ਪਰੰਪਰਾਵਾਂ ਵਿੱਚੋਂ ਇੱਕ ਹੈ ਸਾਵਣ ਦੇ ਮਹੀਨੇ ਵਿੱਚ ਹਰੀਆਂ ਪੱਤੇਦਾਰ ਸਬਜ਼ੀਆਂ ਦਾ ਸੇਵਨ ਕਰਨ ਤੋਂ ਬਚਣਾ। ਕਈ ਘਰਾਂ ਵਿੱਚ ਅੱਜ ਵੀ ਪਾਲਕ, ਮੇਥੀ, ਬਥੂਆ ਅਤੇ ਦੂਜੀਆਂ ਹਰੀਆਂ ਪੱਤੇਦਾਰ ਸਬਜ਼ੀਆਂ ਸਾਵਣ ਦੌਰਾਨ ਘੱਟ ਖਾਧੀਆਂ ਜਾਂਦੀਆਂ ਹਨ। ਪਰ ਕੀ ਇਸਦੇ ਪਿੱਛੇ ਸਿਰਫ ਧਾਰਮਿਕ ਮਾਨਤਾ ਹੈ ਜਾਂ ਫਿਰ ਇਸਦਾ ਕੋਈ ਵਿਗਿਆਨਕ ਕਾਰਨ ਵੀ ਹੈ?

ਹਿੰਦੂ ਪਰੰਪਰਾਵਾਂ ਵਿੱਚ ਸਾਵਣ ਨੂੰ ਸੰਜਮ ਅਤੇ ਸਾਤਵਿਕ ਜੀਵਨ ਦਾ ਮਹੀਨਾ ਮੰਨਿਆ ਜਾਂਦਾ ਹੈ। ਮਾਨਤਾ ਹੈ ਕਿ ਇਸ ਦੌਰਾਨ ਖਾਣ-ਪੀਣ ਵਿੱਚ ਸ਼ੁੱਧਤਾ ਅਤੇ ਸਾਤਵਿਕਤਾ ਦਾ ਧਿਆਨ ਰੱਖਣਾ ਚਾਹੀਦਾ ਹੈ। ਕਈ ਧਾਰਮਿਕ ਮਾਨਤਾਵਾਂ ਅਨੁਸਾਰ ਸਾਵਣ ਵਿੱਚ ਧਰਤੀ 'ਤੇ ਹਰਿਆਲੀ ਵਧਦੀ ਹੈ ਅਤੇ ਇਸ ਸਮੇਂ ਰੁੱਖਾਂ-ਪੌਦਿਆਂ ਵਿੱਚ ਵੀ ਜੀਵਨ ਸਰਗਰਮ ਰਹਿੰਦਾ ਹੈ, ਇਸ ਲਈ ਕੁਝ ਲੋਕ ਹਰੀਆਂ ਪੱਤੇਦਾਰ ਸਬਜ਼ੀਆਂ ਖਾਣ ਤੋਂ ਪਰਹੇਜ਼ ਕਰਦੇ ਹਨ। ਕੁਝ ਮਾਨਤਾਵਾਂ ਵਿੱਚ ਇਹ ਵੀ ਕਿਹਾ ਜਾਂਦਾ ਹੈ ਕਿ ਸਾਵਣ ਦੌਰਾਨ ਜੀਵ-ਜੰਤੂਆਂ ਦੀ ਗਿਣਤੀ ਵਧ ਜਾਂਦੀ ਹੈ। ਪੱਤੇਦਾਰ ਸਬਜ਼ੀਆਂ ਵਿੱਚ ਛੋਟੇ ਕੀੜੇ ਜਾਂ ਸੂਖਮ ਜੀਵ ਛੁਪੇ ਹੋ ਸਕਦੇ ਹਨ, ਇਸ ਲਈ ਇਨ੍ਹਾਂ ਨੂੰ ਖਾਣ ਤੋਂ ਬਚਣ ਦੀ ਸਲਾਹ ਦਿੱਤੀ ਜਾਂਦੀ ਸੀ।

**ਵਿਗਿਆਨ ਅਨੁਸਾਰ ਕੀ ਹੈ ਵਜ੍ਹਾ?**

ਬਰਸਾਤ ਦੇ ਮੌਸਮ ਵਿੱਚ ਨਮੀ ਦਾ ਪੱਧਰ ਵਧ ਜਾਂਦਾ ਹੈ, ਜਿਸ ਕਾਰਨ ਬੈਕਟੀਰੀਆ, ਫੰਗਸ ਅਤੇ ਛੋਟੇ ਕੀੜਿਆਂ ਦੀਆਂ ਗਤੀਵਿਧੀਆਂ ਵਧ ਸਕਦੀਆਂ ਹਨ। ਹਰੀਆਂ ਪੱਤੇਦਾਰ ਸਬਜ਼ੀਆਂ ਜ਼ਮੀਨ ਦੇ ਨੇੜੇ ਉੱਗਦੀਆਂ ਹਨ ਅਤੇ ਉਨ੍ਹਾਂ ਦੇ ਪੱਤਿਆਂ ਵਿੱਚ ਮਿੱਟੀ, ਕੀੜੇ ਜਾਂ ਸੂਖਮ ਜੀਵ ਆਸਾਨੀ ਨਾਲ ਚਿਪਕ ਸਕਦੇ ਹਨ। ਜੇਕਰ ਇਨ੍ਹਾਂ ਨੂੰ ਚੰਗੀ ਤਰ੍ਹਾਂ ਸਾਫ਼ ਨਾ ਕੀਤਾ ਜਾਵੇ ਤਾਂ ਪੇਟ ਨਾਲ ਜੁੜੀਆਂ ਪਰੇਸ਼ਾਨੀਆਂ ਹੋ ਸਕਦੀਆਂ ਹਨ।

ਇਸ ਮੌਸਮ ਵਿੱਚ ਪਾਚਨ ਤੰਤਰ ਵੀ ਥੋੜ੍ਹਾ ਕਮਜ਼ੋਰ ਹੋ ਸਕਦਾ ਹੈ। ਜ਼ਿਆਦਾ ਨਮੀ ਵਾਲੇ ਵਾਤਾਵਰਣ ਵਿੱਚ ਸਰੀਰ ਨੂੰ ਭੋਜਨ ਪਚਾਉਣ ਵਿੱਚ ਪਰੇਸ਼ਾਨੀ ਹੋ ਸਕਦੀ ਹੈ, ਇਸ ਲਈ ਪੁਰਾਣੇ ਸਮੇਂ ਵਿੱਚ ਹਲਕਾ ਅਤੇ ਆਸਾਨੀ ਨਾਲ ਪਚਣ ਵਾਲਾ ਭੋਜਨ ਖਾਣ ਦੀ ਸਲਾਹ ਦਿੱਤੀ ਜਾਂਦੀ ਸੀ।

**ਕੀ ਹਰੀਆਂ ਸਬਜ਼ੀਆਂ ਪੂਰੀ ਤਰ੍ਹਾਂ ਨੁਕਸਾਨਦੇਹ ਹਨ?**

ਵਿਗਿਆਨਕ ਰੂਪ ਵਿੱਚ ਹਰੀਆਂ ਪੱਤੇਦਾਰ ਸਬਜ਼ੀਆਂ ਪੌਸ਼ਟਿਕ ਤੱਤਾਂ ਨਾਲ ਭਰਪੂਰ ਹੁੰਦੀਆਂ ਹਨ। ਇਨ੍ਹਾਂ ਵਿੱਚ ਫਾਈਬਰ, ਆਇਰਨ, ਵਿਟਾਮਿਨ ਅਤੇ ਕਈ ਜ਼ਰੂਰੀ ਖਣਿਜ ਪਾਏ ਜਾਂਦੇ ਹਨ, ਜੋ ਸਰੀਰ ਲਈ ਫਾਇਦੇਮੰਦ ਹੁੰਦੇ ਹਨ। ਇਸ ਲਈ ਇਨ੍ਹਾਂ ਨੂੰ ਪੂਰੀ ਤਰ੍ਹਾਂ ਨੁਕਸਾਨਦੇਹ ਨਹੀਂ ਮੰਨਿਆ ਜਾ ਸਕਦਾ। ਜੇਕਰ ਸਾਵਣ ਵਿੱਚ ਹਰੀਆਂ ਸਬਜ਼ੀਆਂ ਖਾਣੀਆਂ ਹਨ ਤਾਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਧੋਣਾ, ਸਾਫ਼ ਕਰਨਾ ਅਤੇ ਸਹੀ ਤਰੀਕੇ ਨਾਲ ਪਕਾਉਣਾ ਜ਼ਰੂਰੀ ਹੈ। ਬਾਜ਼ਾਰ ਤੋਂ ਲਿਆਂਦੀਆਂ ਸਬਜ਼ੀਆਂ ਨੂੰ ਸਾਫ਼ ਪਾਣੀ ਨਾਲ ਕਈ ਵਾਰ ਧੋ ਕੇ ਹੀ ਇਸਤੇਮਾਲ ਕਰਨਾ ਚਾਹੀਦਾ ਹੈ।

**ਪਰੰਪਰਾ ਅਤੇ ਵਿਗਿਆਨ ਦੋਵਾਂ ਦਾ ਆਪਣਾ ਮਹੱਤਵ :** ਸਾਵਣ ਵਿੱਚ ਹਰੀਆਂ ਪੱਤੇਦਾਰ ਸਬਜ਼ੀਆਂ ਨਾ ਖਾਣ ਦੀ ਪਰੰਪਰਾ ਪੁਰਾਣੇ ਸਮੇਂ ਦੀਆਂ ਸਥਿਤੀਆਂ ਨਾਲ ਜੁੜੀ ਹੋ ਸਕਦੀ ਹੈ, ਜਦੋਂ ਸਾਫ਼-ਸਫਾਈ ਅਤੇ ਭੋਜਨ ਨੂੰ ਸੁਰੱਖਿਅਤ ਰੱਖਣ ਦੇ ਸਾਧਨ ਸੀਮਤ ਸਨ। ਉਸ ਸਮੇਂ ਬਰਸਾਤ ਵਿੱਚ ਸੰਕਰਮਣ ਤੋਂ ਬਚਣ ਲਈ ਅਜਿਹੀਆਂ ਸਾਵਧਾਨੀਆਂ ਅਪਣਾਈਆਂ ਜਾਂਦੀਆਂ ਸਨ।

# ਵੀਰ ਆਇਆ, ਸੰਧਾਰਾ ਲਿਆਇਆ

ਪੰਜਾਬੀ ਲੋਕ ਆਪਣੇ ਅਮੀਰ ਸੱਭਿਆਚਾਰ, ਰੀਤੀ-ਰਿਵਾਜਾਂ ਅਤੇ ਪਰਿਵਾਰਕ ਰਿਸ਼ਤਿਆਂ ਦੀ ਮਿਠਾਸ ਲਈ ਸੰਸਾਰ ਭਰ ਵਿੱਚ ਜਾਣੇ ਜਾਂਦੇ ਹਨ। ਜੇ ਗਹੁ ਨਾਲ ਵਾਚੀਏ ਤਾਂ ਪਤਾ ਲੱਗਦਾ ਹੈ ਕਿ ਹਰ ਤਿਉਹਾਰ ਅਤੇ ਰਸਮਾਂ ਰਿਵਾਜਾਂ ਨਾਲ ਸਾਡਾ ਕੋਈ ਨਾ ਕੋਈ ਰਿਸ਼ਤਾ ਵੀ ਜ਼ਰੂਰ ਜੁੜਿਆ ਹੋਇਆ ਹੁੰਦਾ ਹੈ। ਇਸ ਦਾ ਮਕਸਦ ਸਿੱਧੇ ਤੌਰ 'ਤੇ ਰਿਸ਼ਤਿਆਂ ਵਿੱਚ ਮਿਠਾਸ ਭਰ ਕੇ ਤਿਉਹਾਰ ਦੀ ਖ਼ੁਸ਼ੀ ਨੂੰ ਦੁੱਗਣਾ ਕਰਨਾ ਹੁੰਦਾ ਹੈ। ਉਂਜ ਤਾਂ ਹਰ ਦਿਨ-ਤਿਉਹਾਰ 'ਤੇ ਕਦੇ ਭੈਣਾਂ ਵੱਲੋਂ ਭਰਾਵਾਂ ਦਾ ਤੇ ਭਰਾਵਾਂ ਵੱਲੋਂ ਭੈਣਾਂ ਦਾ, ਮਾਪਿਆਂ ਵੱਲੋਂ ਧੀਆਂ ਦਾ ਮਾਣ ਵਧਾਇਆ ਜਾਂਦਾ ਹੈ, ਪਰ ਧੀਆਂ ਨੂੰ ਸੰਧਾਰਾ ਦੇਣ ਦਾ ਰਿਵਾਜ ਪੰਜਾਬੀ ਸੱਭਿਆਚਾਰ ਦਾ ਇੱਕ ਅਹਿਮ ਹਿੱਸਾ ਹੈ।

ਸੰਧਾਰਾ ਦੇਣ ਦਾ ਰਿਵਾਜ ਕੇਵਲ ਤੋਹਫ਼ੇ ਦੇਣ ਦੀ ਰਸਮ ਨਹੀਂ, ਸਗੋਂ ਧੀ ਪ੍ਰਤੀ ਪਿਆਰ, ਸਤਿਕਾਰ ਅਤੇ ਆਪਣੇਪਣ ਦੀ ਨਿਸ਼ਾਨੀ ਹੈ। ਸੰਧਾਰਾ ਪੇਕੇ ਘਰ ਦੀਆਂ ਉਨ੍ਹਾਂ ਭਾਵਨਾਵਾਂ ਦਾ ਪ੍ਰਗਟਾਵਾ ਹੈ ਜੋ ਵਿਆਹ ਤੋਂ ਬਾਅਦ ਵੀ ਧੀ ਨਾਲ ਦਿਲੋਂ ਅਤੇ ਭਾਵਨਾਤਮਕ ਤੌਰ 'ਤੇ ਜੁੜੀਆਂ ਰਹਿੰਦੀਆਂ ਹਨ। ਰਵਾਇਤੀ ਤੌਰ 'ਤੇ ਧੀਆਂ ਨੂੰ ਸਾਲ ਵਿੱਚ ਦੋ ਵਾਰ ਸੰਧਾਰਾ ਦਿੱਤਾ ਜਾਂਦਾ ਹੈ। ਇੱਕ ਸੰਧਾਰਾ ਸਾਉਣ ਦੇ ਮਹੀਨੇ ਖ਼ਾਸ ਕਰਕੇ ਤੀਆਂ ਦੇ ਤਿਉਹਾਰ ਮੌਕੇ ਵਿਆਹੀਆਂ ਧੀਆਂ ਨੂੰ ਦਿੱਤਾ ਜਾਂਦਾ ਹੈ। ਜਦੋਂ ਧੀਆਂ ਤੀਆਂ ਮਨਾਉਣ ਲਈ ਆਪਣੇ ਪੇਕੇ ਆਉਂਦੀਆਂ ਹਨ ਅਤੇ ਵਾਪਸ ਸਹੁਰੇ ਘਰ ਜਾਂਦੀਆਂ ਹਨ ਤਾਂ ਮਾਪੇ ਉਨ੍ਹਾਂ ਨੂੰ ਨਵੇਂ ਕੱਪੜੇ, ਚੂੜੀਆਂ, ਮਹਿੰਦੀ, ਮਿਠਾਈਆਂ, ਮੱਠੀਆਂ, ਬਿਸਕੁਟ, ਲੱਡੂ ਅਤੇ ਹੋਰ ਲੋੜੀਂਦਾ ਸਾਮਾਨ ਦੇ ਕੇ ਭੇਜਦੇ ਹਨ। ਕਈ ਪਰਿਵਾਰ ਆਪਣੀ ਸਮਰੱਥਾ ਅਨੁਸਾਰ ਗਹਿਣੇ ਜਾਂ ਹੋਰ ਕੀਮਤੀ ਤੋਹਫ਼ੇ ਵੀ ਦਿੰਦੇ ਹਨ। ਇਸ ਬਾਰੇ ਲੋਕ ਬੋਲੀਆਂ ਵਿੱਚ ਵੀ ਕੁੜੀਆਂ ਦੀਆਂ ਭਾਵਨਾਵਾਂ ਦਾ ਜ਼ਿਕਰ ਆਉਂਦਾ ਹੈ;

**ਵੀਰ ਮੇਰਾ ਅੰਬਰੋਂ ਤਾਰਾ ਲਿਆਇਆ!**
**ਖਾਣ ਨੂੰ ਪਿੰਨੇ, ਪਹਿਨਣ ਨੂੰ ਚੀਰ**
**ਮੈਂ ਵਾਰੀ ਜਾਵਾਂ ਆਪਣੇ ਵੀਰ!**

ਦੂਜਾ ਸੰਧਾਰਾ ਲੋਹੜੀ ਦੇ ਤਿਉਹਾਰ 'ਤੇ ਦਿੱਤਾ ਜਾਂਦਾ ਹੈ ਜਿਸ ਵਿੱਚ ਗੁੜ ਅਤੇ ਤਿਲ ਦੇ ਲੱਡੂ, ਚੌਲਾਂ ਦੀਆਂ ਪਿੰਨੀਆਂ, ਮੂੰਗਫਲੀ, ਰਿਓੜੀਆਂ ਅਤੇ ਭੁੱਗੇ ਦੀ ਮਠਿਆਈ ਆਦਿ ਖ਼ਾਸ ਤੌਰ 'ਤੇ ਮਾਪੇ ਜਾਂ ਭਰਾ ਆਪਣੀਆਂ ਧੀਆਂ-ਭੈਣਾਂ ਨੂੰ ਸਹੁਰੇ ਘਰ ਦੇ ਕੇ ਆਉਂਦੇ ਹਨ। ਇਸ ਤਰ੍ਹਾਂ ਸੰਧਾਰੇ ਦੀ ਰਸਮ ਨੂੰ ਕੁੜੀਆਂ ਦਾ ਸਹੁਰੇ ਘਰ ਵਿੱਚ ਮਾਣ ਵਧਾਉਣ ਦਾ ਇੱਕ ਜ਼ਰੀਆ ਵੀ ਮੰਨਿਆ ਜਾਂਦਾ ਹੈ। ਸੰਧਾਰਾ ਧੀ ਨੂੰ ਇਹ ਅਹਿਸਾਸ ਕਰਵਾਉਂਦਾ ਹੈ ਕਿ ਵਿਆਹ ਤੋਂ ਬਾਅਦ ਵੀ ਉਸ ਦਾ ਪੇਕਾ ਘਰ ਉਸ ਲਈ ਪਹਿਲਾਂ ਵਾਂਗ ਹੀ ਉਸ ਦਾ ਪੂਰਾ ਮਾਣ ਕਰਦਾ ਹੈ। ਇਹ ਰਿਵਾਜ ਧੀ ਦੇ ਸਨਮਾਨ, ਉਸ ਦੀਆਂ ਭਾਵਨਾਵਾਂ ਅਤੇ ਪਰਿਵਾਰਕ ਸਾਂਝ ਨੂੰ ਮਜ਼ਬੂਤ ਕਰਦਾ ਹੈ। ਸੰਧਾਰਾ ਸਿਰਫ਼ ਸੌਗਾਤਾਂ ਦਾ ਲੈਣ-ਦੇਣ ਨਹੀਂ, ਸਗੋਂ ਮਾਪਿਆਂ ਦੀਆਂ ਅਸੀਸਾਂ ਅਤੇ ਭੈਣ-ਭਰਾਵਾਂ ਦੇ



ਪਿਆਰ ਦਾ ਪ੍ਰਤੀਕ ਹੈ।

ਸਮੇਂ ਦੇ ਨਾਲ ਨਾਲ ਇਸ ਰਿਵਾਜ ਦਾ ਰੂਪ ਵੀ ਜ਼ਰੂਰ ਬਦਲਿਆ ਹੈ। ਪਹਿਲਾਂ ਸੰਧਾਰਾ ਹੱਥੀਂ ਬਣੀਆਂ ਮੱਠੀਆਂ, ਘਰ ਦੇ ਬਣਾਏ ਬਿਸਕੁਟ, ਸੂਟ ਅਤੇ ਰਵਾਇਤੀ ਚੀਜ਼ਾਂ ਦਾ ਹੁੰਦਾ ਸੀ, ਪਰ ਅੱਜ ਇਸ ਵਿੱਚ ਤਿਆਰ ਕੱਪੜੇ, ਮਠਿਆਈਆਂ, ਹੋਰ ਘਰੇਲੂ ਉਪਕਰਨ ਜਿਸ ਦੀ ਲੜਕੀ ਨੂੰ ਜ਼ਰੂਰਤ ਹੋਵੇ ਜਾਂ ਨਕਦ ਰਕਮ ਜਾਂ ਹੋਰ ਆਧੁਨਿਕ ਤੋਹਫ਼ੇ ਆਦਿ ਵੀ ਸ਼ਾਮਲ ਹੋ ਗਏ ਹਨ। ਸੰਧਾਰੇ ਦੇ ਰੂਪ ਵਿੱਚ ਚਾਹੇ ਸਮੇਂ ਦੇ ਨਾਲ ਬਦਲਾਅ ਆ ਗਏ ਹਨ, ਪਰ ਫਿਰ ਵੀ ਇਸ ਦੀ ਰੂਹ ਵਿੱਚ ਧੀ ਪ੍ਰਤੀ ਪਿਆਰ ਅਤੇ ਸਨੇਹ ਉਹੀ ਹੈ। ਅੱਜ ਦੇ ਤੇਜ਼-ਰਫ਼ਤਾਰ ਜੀਵਨ ਵਿੱਚ ਭਾਵੇਂ ਕਈ ਪੁਰਾਣੀਆਂ ਰਸਮਾਂ ਮੱਧਮ ਪੈ ਰਹੀਆਂ ਹਨ, ਪਰ ਸੰਧਾਰਾ ਦੇਣ ਦੀ ਪਰੰਪਰਾ ਅਜੇ ਵੀ ਪੰਜਾਬੀ ਪਰਿਵਾਰਾਂ ਵਿੱਚ ਜਿਉਂ ਦੀ ਤਿਉਂ ਬਰਕਰਾਰ ਹੈ। ਇਹ ਰਿਵਾਜ ਸਾਨੂੰ ਯਾਦ ਦਿਵਾਉਂਦਾ ਹੈ ਕਿ ਧੀਆਂ ਵੀ ਘਰ ਦਾ ਮਾਣ ਹੁੰਦੀਆਂ ਹਨ ਅਤੇ ਉਨ੍ਹਾਂ ਨਾਲ ਪਿਆਰ ਅਤੇ ਸਤਿਕਾਰ ਦਾ ਰਿਸ਼ਤਾ ਹਮੇਸ਼ਾ ਕਾਇਮ ਰਹਿਣਾ ਚਾਹੀਦਾ ਹੈ। ਧੀਆਂ ਨੂੰ ਸੰਧਾਰਾ ਦੇਣ ਦਾ ਰਿਵਾਜ ਪੰਜਾਬ ਦੀ ਲੋਕ-ਸੱਭਿਆਚਾਰਕ ਵਿਰਾਸਤ ਦਾ ਇੱਕ ਅਨਮੋਲ ਹਿੱਸਾ ਹੈ। ਇਹ ਰਿਸ਼ਤਿਆਂ ਦੇ ਨਿੱਘ, ਪਰਿਵਾਰਕ ਏਕਤਾ ਅਤੇ ਧੀ ਪ੍ਰਤੀ ਅਟੁੱਟ ਮੋਹ ਦਾ ਪ੍ਰਤੀਕ ਹੈ। ਅਜਿਹੀਆਂ ਪਰੰਪਰਾਵਾਂ ਨੂੰ ਸੰਭਾਲਣਾ ਅਤੇ ਅਗਲੀ ਪੀੜ੍ਹੀ ਤੱਕ ਪਹੁੰਚਾਉਣਾ ਸਾਡੀ ਸਭ ਦੀ ਜ਼ਿੰਮੇਵਾਰੀ ਹੈ ਕਿਉਂਕਿ ਇਹੋ ਜਿਹੇ ਰੀਤੀ ਰਿਵਾਜਾਂ ਵਿੱਚ ਹੀ ਪੰਜਾਬੀ ਸੱਭਿਆਚਾਰ ਦੀ ਅਸਲ ਰੂਹ ਵੱਸਦੀ ਹੈ।

ਬਰਜਿੰਦਰ ਕੌਰ ਬਿਸਰਾਓ






# ਖੀਰ-ਪੂੜੇ ਅਤੇ ਸਾਉਣ



ਸਮੇਂ ਨੇ ਅਜਿਹੀ ਕਰਵਟ ਬਦਲੀ ਹੈ ਕਿ ਜਿੱਥੇ ਆਦਮੀ ਦਾ ਰਹਿਣ-ਸਹਿਣ ਬਦਲਿਆ ਹੈ, ਉੱਥੇ ਉਸ ਦੇ ਖਾਣ-ਪੀਣ ਵਿੱਚ ਹੈਰਾਨੀਜਨਕ ਤਬਦੀਲੀ ਆ ਗਈ ਹੈ। ਜੀਵਨ ਵਿਚਲੀ ਸਾਦਗੀ ਅਤੇ ਸਾਦੇ ਖਾਣੇ ਬੀਤੇ ਸਮੇਂ ਦੀਆਂ ਗੱਲਾਂ ਬਣਦੀਆਂ ਜਾ ਰਹੀਆਂ ਹਨ। ਅੱਜ ਤਕਰੀਬਨ ਹਰ ਬੰਦਾ ਕੋਈ ਨਾ ਕੋਈ ਸਰੀਰਕ ਮਰਜ਼ ਨਾਲ ਜੂਝ ਰਿਹਾ ਹੈ। ਇਹ ਸਭ ਜੀਵਨ ਸ਼ੈਲੀ ਦੇ ਵਿਗਾੜ ਕਾਰਨ ਵਾਪਰ ਰਿਹਾ ਹੈ।

ਇੱਕ ਸਮਾਂ ਸੀ ਜਦੋਂ ਹਰ ਤਿੱਥ ਤਿਉਹਾਰ 'ਤੇ ਘਰਾਂ ਵਿੱਚ ਹੀ ਸਾਦੇ, ਸ਼ੁੱਧ ਤੇ ਸਿਹਤ ਵਰਧਕ ਖਾਣੇ ਤਿਆਰ ਕੀਤੇ ਜਾਂਦੇ ਸਨ। ਅੱਜ ਭਾਂਤ-ਭਾਂਤ ਦੇ ਖਾਣਿਆਂ ਅਤੇ ਇਨ੍ਹਾਂ ਵਿਚਲੀ ਗੁਣਵੱਤਾ ਦੀ ਘਾਟ ਨੂੰ ਦੇਖਦਿਆਂ ਚੇਤਿਆਂ ਵਿੱਚ ਕਈ ਦਹਾਕੇ ਪਹਿਲਾਂ ਘਰਾਂ ਵਿੱਚ ਬਣਾਏ ਜਾਂਦੇ ਸਾਦੇ ਤੇ ਸ਼ੁੱਧ ਪਕਵਾਨਾਂ ਦੀ ਤਸਵੀਰ ਸਾਕਾਰ ਹੋ ਉੱਠਦੀ ਹੈ। ਅਸੀਂ ਬਰਸਾਤਾਂ ਦੇ ਦਿਨਾਂ ਖ਼ਾਸ ਕਰਕੇ ਸਾਉਣ ਮਹੀਨੇ ਨੂੰ ਬੜੀ ਬੇਸਬਰੀ ਨਾਲ ? ਉਡੀਕਦੇ ਸੀ ਕਿਉਂਕਿ ਪਤਾ ਹੁੰਦਾ ਸੀ ਕਿ ਇਸ ਮਹੀਨੇ ਖਾਣ ਨੂੰ ਖੀਰ-ਪੂੜੇ, ਗੁਲਗੁਲੇ, ਮੱਠੀਆਂ, ਬਿਸਕੁਟ ਆਦਿ ਮਿਲਣਗੇ। ਉਦੋਂ ਮੀਂਹ ਬਹੁਤ ਪੈਂਦੇ ਸੀ। ਕਈ-ਕਈ ਦਿਨ ਝੜੀ ਲੱਗੀ ਰਹਿੰਦੀ ਸੀ। ਹੁੰਮਸ ਭਰੀ ਗਰਮੀ ਤੋਂ ਰਾਹਤ ਮਿਲਦੀ ਤਾਂ ਮੌਸਮ ਖ਼ੁਸ਼ਗਵਾਰ ਤੇ ਠੰਢਾ ਹੋ ਜਾਂਦਾ। ਬਸ ਫਿਰ ਕੀ ਹੁੰਦਾ ਚਾਰੇ ਪਾਸਿਉਂ ਗੁਲਗੁਲੇ, ਪੂੜਿਆਂ ਦੀਆਂ ਮਹਿਕਾਂ ਆਉਣ ਲੱਗਦੀਆਂ। ਮੌਸਮ ਤੇ ਖ਼ੁਰਾਕ ਦੇ ਸੁਮੇਲ ਨੂੰ ਬਿਆਨ ਕਰਦੀਆਂ ਇਹ ਸਤਰਾਂ ਅਕਸਰ ਬੋਲੀਆਂ ਜਾਂਦੀਆਂ;

**ਚੜ੍ਹ ਕਾਲੀਆਂ ਘਟਾਵਾਂ ਆਈਆਂ**
**ਮੌਸਮ ਹੋਇਆ ਫ਼ਕੀਰ।**
**ਛੱਡੋ ਸਾਰੇ ਰੁਝੇਵੇਂ ਆਓ**
**ਖਾਈਏ ਗੁਲਗੁਲੇ, ਪੂੜੇ, ਖੀਰ।**

ਮੈਨੂੰ ਯਾਦ ਹੈ ਕਿ ਸਾਡੀ ਮਾਂ ਜਦੋਂ ਪੂੜਿਆਂ ਲਈ ਆਟਾ ਘੋਲ ਰਹੀ ਹੁੰਦੀ ਸੀ ਤਾਂ ਸਾਨੂੰ ਅੱਚਵੀ (ਕਾਹਲੀ) ਲੱਗੀ ਰਹਿੰਦੀ ਕਿ ਕਦੋਂ ਛੇਤੀ ਪੂੜੇ ਬਣਨ ਤੇ ਖਾਈਏ। ਮਾਂ ਨੇ ਕਹਿਣਾ ਜਾਓ ਪਿੱਪਲ ਦੇ ਪੱਤੇ ਤੋੜ ਕੇ ਲਿਆਓ। ਸਾਡੇ ਘਰ ਦੇ ਸਾਹਮਣੇ ਖੇੜੇ 'ਤੇ ਵੱਡਾ ਸਾਰਾ ਪਿੱਪਲ ਸੀ ਜੋ ਹੁਣ ਵੀ ਹੈ, ਅਸੀਂ ਫਟਾਫਟ ਸਾਫ਼-ਸਾਫ਼ ਕਈ ਪੱਤੇ ਤੋੜ ਲਿਆਉਂਦੇ ਸੀ। ਮਾਂ ਦੋ ਪੱਤਿਆਂ ਨੂੰ ਦੂਹਰੇ ਕਰਕੇ ਇਨ੍ਹਾਂ ਦਾ ਛਪੇਤਲਾ ਖ਼ੁਰਚਣੇ ਨੁਮਾ ਇੱਕ ਯੰਤਰ ਬਣਾ ਲੈਂਦੀ। ਤਵੇ 'ਤੇ ਪਾਏ ਆਟੇ ਦੇ ਘੋਲ ਨੂੰ ਇਸ ਨਾਲ ਫੈਲਾ ਕੇ ਤਕਰੀਬਨ ਤਵੇ ਜਿੱਡਾ ਹੀ ਪੂੜਾ ਵਾਹ ਲਿਆ ਜਾਂਦਾ। ਸਾਡੀਆਂ ਨਜ਼ਰਾਂ ਟਿਕੀਆਂ ਰਹਿੰਦੀਆਂ ਕਿ ਛੇਤੀ ਪੱਕੇ ਤੇ ਸਾਡੀ ਪਲੇਟ ਵਿੱਚ ਟਿਕ ਜਾਵੇ। ਮੈਂ ਸਾਡੇ ਪਰਿਵਾਰ ਵਿੱਚ ਸਭ ਤੋਂ ਛੋਟਾ ਸੀ। ਮਾਂ-ਬਾਪ ਆਪਣੇ

**ਲਾਭ ਸਿੰਘ ਸ਼ੇਰਗਿੱਲ**

ਸਾਰੇ ਬੱਚਿਆਂ ਨੂੰ ਪਿਆਰ ਕਰਦੇ ਹਨ, ਪਰ ਛੋਟਾ ਬੱਚਾ ਜ਼ਿਆਦਾ ਲਾਡਲਾ ਹੁੰਦਾ ਹੈ। ਉਸ ਦੀ ਖ਼ਾਹਿਸ਼ ਪਹਿਲਾਂ ਪੂਰੀ ਕੀਤੀ ਜਾਂਦੀ ਹੈ, ਇਸ ਕਰਕੇ ਪਹਿਲਾ ਪੂੜਾ ਮੈਨੂੰ ਹੀ ਮਿਲਦਾ ਸੀ। ਗੁੜ ਦੇ ਇਹ ਪੂੜੇ ਇੰਨੇ ਸਵਾਦ ਲੱਗਦੇ ਸਨ ਕਿ ਅਸੀਂ ਖੀਰ ਨਾਲ ਕਈ-ਕਈ ਖਾ ਜਾਂਦੇ ਸੀ।

ਗੱਲ ਜਦੋਂ ਪਿਛਲੇ ਸਮਿਆਂ ਦੀ ਕਰਦੇ ਹਾਂ ਤਾਂ ਉਦੋਂ ਪਿੰਡ ਸ਼ਹਿਰਾਂ ਨਾਲੋਂ ਇੱਕ ਤਰ੍ਹਾਂ ਨਾਲ ਟੁੱਟੇ ਹੀ ਹੋਏ ਸਨ ਕਿਉਂਕਿ ਸੰਪਰਕ ਲਈ ਲੋੜੀਂਦੀਆਂ ਸੜਕਾਂ ਵੀ ਨਹੀਂ ਸਨ ਅਤੇ ਰੋਜ਼ ਦਾ ਆਉਣਾ ਜਾਣਾ ਨਹੀਂ ਸੀ ਹੁੰਦਾ। ਇਨ੍ਹਾਂ ਬਰਸਾਤ ਦੇ ਦਿਨਾਂ ਵਿੱਚ ਅਜਿਹੀਆਂ ਸ਼ੁੱਧ ਘਰ ਦੀਆਂ ਬਣੀਆਂ ਖ਼ੁਰਾਕਾਂ ਹੀ ਖਾਧੀਆਂ ਜਾਂਦੀਆਂ ਸਨ। ਗੁੜ ਤੇ ਆਟੇ ਤੋਂ ਬਣੇ ਗੁਲਗੁਲੇ ਅਤੇ ਪੂੜੇ ਸਿਹਤ ਨੂੰ ਆਇਰਨ, ਖਣਿਜ ਤੇ ਐਂਟੀਆਕਸੀਡੈਂਟ ਆਦਿ ਲੋੜੀਂਦੇ ਖ਼ੁਰਾਕੀ ਤੱਤ ਦਿੰਦੇ ਸਨ। ਪਿੱਪਲ ਦੇ ਪੱਤਿਆਂ ਨਾਲ ਤਵੇ 'ਤੇ ਆਟੇ ਦੇ ਘੋਲ ਨੂੰ ਫੈਲਾਉਂਦੇ ਸਮੇਂ ਇਨ੍ਹਾਂ ਪੱਤਿਆਂ ਦੇ ਔਸ਼ਧੀ ਗੁਣ ਵੀ ਇਨ੍ਹਾਂ ਵਿੱਚ ਸ਼ਾਮਲ ਹੋ ਜਾਂਦੇ ਸਨ। ਬਰਸਾਤਾਂ ਦੇ ਦਿਨਾਂ ਵਿੱਚ ਹੁੰਮਸ ਤੇ ਨਮੀ ਕਾਰਨ ਪਾਚਨ ਕਿਰਿਆ ਕਮਜ਼ੋਰ ਹੋਣ ਲੱਗਦੀ ਹੈ, ਇਸ ਲਈ ਗੁਲਗੁਲੇ ਤੇ ਪੂੜਿਆਂ ਵਿੱਚ ਪੈਣ ਵਾਲੀ ਸੌਂਫ ਪਾਚਨ ਕਿਰਿਆ ਨੂੰ ਦਰੁਸਤ ਕਰਨ ਦਾ ਕੰਮ ਕਰਦੀ ਹੈ। ਸਾਉਣ ਮਹੀਨੇ ਇਨ੍ਹਾਂ ਖਾਧ ਪਦਾਰਥਾਂ ਨੂੰ ਬਣਾਉਣਾ ਪੰਜਾਬੀ ਪਰੰਪਰਾ ਹੈ, ਪਰ ਅੱਜ ਸਾਡੇ ਘਰਾਂ ਵਿੱਚੋਂ ਇਨ੍ਹਾਂ ਦੇਸੀ ਤੇ ਸ਼ੁੱਧ ਘਰੇਲੂ ਪਕਵਾਨਾਂ ਦੀਆਂ ਖ਼ੁਸ਼ਬੂਆਂ ਗਾਇਬ ਹੋ ਰਹੀਆਂ ਹਨ। ਇਨ੍ਹਾਂ ਦੀ ਥਾਂ ਨਵੀਂ ਪੀੜ੍ਹੀ ਪੀਜ਼ਾ, ਬਰਗਰ, ਪਾਸਤਾ, ਮਨਚੂਰੀਅਨ ਆਦਿ ਖਾਣਿਆਂ ਦੀ ਸ਼ੌਕੀਨ ਹੈ। ਦੂਸਰੇ ਪਾਸੇ ਹੁਣ ਘਰਾਂ ਵਿੱਚ ਖੁੱਲ੍ਹੀਆਂ ਰਸੋਈਆਂ ਦੀ ਥਾਂ ਆਧੁਨਿਕ ਤਰੀਕਿਆਂ ਨਾਲ ਲੈਸ ਕਿਚਨ ਬਣ ਗਈਆਂ ਹਨ ਜਿੱਥੇ ਫਾਲਤੂ ਧੂੰਆਂ ਅਤੇ ਅਜਿਹੇ ਪਕਵਾਨਾਂ ਦੀ ਮਹਿਕ ਨਵੀਂ ਪੀੜ੍ਹੀ ਨੂੰ ਪਸੰਦ ਨਹੀਂ, ਨਾ ਹੀ ਉਹ ਇਨ੍ਹਾਂ ਖਾਣਿਆਂ ਨੂੰ ਪਸੰਦ ਕਰਦੇ ਹਨ। ਇਸ ਵਿੱਚ ਸ਼ਾਇਦ ਉਨ੍ਹਾਂ ਦਾ ਕਸੂਰ ਨਹੀਂ, ਇਹ ਛੇਤੀ ਤੇ ਬਣੇ ਬਣਾਏ ਪਦਾਰਥਾਂ ਦੀ ਆਦਤ ਅਸੀਂ ਹੀ ਉਨ੍ਹਾਂ ਨੂੰ ਪਾ ਰਹੇ ਹਾਂ। ਹੋਰ ਤਾਂ ਹੋਰ ਬੱਚਿਆਂ ਦੇ ਨਾਲ ਹੌਲੀ-ਹੌਲੀ ਅਸੀਂ ਇਨ੍ਹਾਂ ਦੇ ਆਦੀ ਹੁੰਦੇ ਜਾਂਦੇ ਹਾਂ ਜੋ ਕਿ ਸਾਡੀ ਸਿਹਤ ਲਈ ਕਿਸੇ ਵੀ ਤਰ੍ਹਾਂ ਅਨੁਕੂਲ ਨਹੀਂ।

ਅੱਜ ਕੋਈ ਵਿਰਲਾ ਜਾਂ ਭਾਗਾਂ ਵਾਲਾ ਘਰ ਹੀ ਹੋਵੇਗਾ ਜਿਸ ਵਿੱਚ ਘਰ ਦੇ ਸਾਰੇ ਜੀਅ ਬਿਲਕੁਲ ਤੰਦਰੁਸਤ ਹਨ, ਨਹੀਂ ਤਾਂ ਆਮ ਕਰਕੇ ਹਰ ਘਰ ਵਿੱਚ ਦਵਾਈਆਂ ਨਾਲ ਭਰੇ ਲਿਫ਼ਾਫ਼ੇ ਜ਼ਰੂਰ ਮਿਲਣਗੇ। ਮੁੱਕਦੀ ਗੱਲ ਇਹ ਹੈ ਕਿ ਜੇਕਰ ਅਸੀਂ ਆਪਣਾ ਪਰਿਵਾਰ ਤੇ ਨਵੀਂ ਪੀੜ੍ਹੀ ਨੂੰ ਸਿਹਤਮੰਦ ਤੇ ਤੰਦਰੁਸਤ ਰੱਖਣਾ ਹੈ ਤਾਂ ਬਾਜ਼ਾਰੀ ਖਾਣਿਆਂ ਨੂੰ ਆਪਣੀ ਜੀਵਨ ਸ਼ੈਲੀ ਵਿੱਚੋਂ ਹਰ ਹੀਲੇ ਘੱਟ ਜਾਂ ਮਨਫੀ ਕਰਨਾ ਹੋਵੇਗਾ। ਲੋਕ ਅੱਜ ਪੈਸੇ ਦੀ ਅੰਨ੍ਹੀ ਦੌੜ ਵਿੱਚ ਮੌਤ ਦੇ ਵਪਾਰੀ ਬਣ ਕੇ ਖੇਡ ਰਹੇ ਹਨ। ਮਾਇਆ ਦੇ ਲਾਲਚ ਵੱਸ ਲੋਕਾਂ ਨੂੰ ਬਿਮਾਰੀਆਂ ਵੰਡਣ ਵਿੱਚ ਕਿਸੇ ਤਰ੍ਹਾਂ ਦਾ ਵੀ ਗੁਰੇਜ਼ ਨਹੀਂ ਕਰਦੇ। ਬਹੁਤਾਤ ਬਾਜ਼ਾਰੀ ਚੀਜ਼ਾਂ ਗੁਣਵੱਤਾ ਦੀ ਕਸਵੱਟੀ 'ਤੇ ਖਰਾ ਨਹੀਂ ਉਤਰਦੀਆਂ। ਇਨ੍ਹਾਂ ਦੇ ਸੇਵਨ ਨਾਲ ਆਦਮੀ ਤਰ੍ਹਾਂ-ਤਰ੍ਹਾਂ ਦੀਆਂ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਰਿਹਾ ਹੈ।

ਚੰਗੇ ਤੇ ਸਿਹਤਮੰਦ ਸਮਾਜ ਲਈ ਲੋੜ ਹੈ ਆਪ ਅਤੇ ਹੋਰਨਾਂ ਨੂੰ ਜਾਗਰੂਕ ਕਰਨ ਦੀ। ਘਟੀਆ ਕਿਸਮ ਦੇ ਘਿਉ ਤੇ ਤੇਲਾਂ ਵਿੱਚ ਬਣੇ ਪਕਵਾਨਾਂ ਵੱਲ ਆਕਰਸ਼ਿਤ ਹੋਣ ਦੀ ਬਜਾਇ ਆਪਣੇ ਘਰਾਂ ਵਿੱਚ ਸਾਦੇ ਤੇ ਸ਼ੁੱਧ ਖਾਣੇ ਖਾਣ ਦੀ ਆਪਣੇ ਬੱਚਿਆਂ ਨੂੰ ਆਦਤ ਪਾਈਏ ਤਾਂ ਹੀ ਸਿਹਤਾਂ ਦਾ ਬਚਾਅ ਹੋ ਸਕਦਾ ਹੈ। ਇਸ ਸਭ ਦੇ ਨਾਲ ਹੀ ਸਿਆਣਿਆਂ ਦੀ ਆਖੀ ਇਹ ਗੱਲ ਯਾਦ ਰੱਖੀਏ ਕਿ 'ਸਿਹਤ ਹੀ ਸਭ ਤੋਂ ਵੱਡੀ ਨਿਆਮਤ ਹੈ।'

# ਅੱਖਾਂ ਹੇਠ ਕਾਲੇ ਘੇਰਿਆਂ ਨੂੰ ਇਕ ਹਫ਼ਤੇ 'ਚ ਇੰਝ ਕਰੋ ਦੂਰ

## ਸੌਣ ਤੋਂ ਪਹਿਲਾਂ ਰੂੰ ਨੂੰ ਗੁਲਾਬ ਦੇ ਪਾਣੀ ਵਿਚ ਡੁਬੋ ਕੇ ਥੋੜ੍ਹੀ ਦੇਰ ਤਕ ਅੱਖਾਂ 'ਤੇ ਲਗਾਉ



ਅੱਖਾਂ ਦੇ ਹੇਠਾਂ ਕਾਲੇ ਘੇਰੇ ਦੀ ਸਮੱਸਿਆ ਲੋਕਾਂ ਵਿਚ ਹੁਣ ਆਮ ਹੈ। ਇਹ ਸਮੱਸਿਆ ਮੁੱਖ ਤੌਰ 'ਤੇ ਔਰਤਾਂ ਵਿਚ ਵੇਖੀ ਜਾਂਦੀ ਹੈ। ਇਸ ਸਥਿਤੀ ਵਿਚ, ਤੁਹਾਡੀ ਰੋਜ਼ ਦੀ ਰੁਟੀਨ ਵਿਚ ਚਮੜੀ ਦੀ ਚੰਗੀ ਦੇਖਭਾਲ ਨਾ ਕਰਨ ਕਾਰਨ, ਚਮੜੀ ਵਿਚ ਗੰਦਗੀ ਜਮ ?ਹਾਂ ਹੋ ਜਾਂਦੀ ਹੈ। ਨਾਲ ਹੀ, ਦੇਰ ਰਾਤ ਤੱਕ ਨੀਂਦ ਨਾ ਆਉਣਾ, ਤਣਾਅ ਅਤੇ ਥਕਾਵਟ, ਪੌਸ਼ਟਿਕ ਚੀਜ਼ਾਂ ਨਾ ਲੈਣ ਨਾਲ ਇਸ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਆਉ ਜਾਣਦੇ ਹਾਂ ਕਾਲੇ ਘੇਰੇ ਦੇ ਪਿੱਛੇ ਲੁਕਵੇਂ ਕਾਰਨਾਂ ਦੇ ਨਾਲ-ਨਾਲ ਇਸ ਤੋਂ ਬਚਣ ਦੇ ਤਰੀਕਿਆਂ ਬਾਰੇ:

ਅੱਖਾਂ ਦੇ ਹੇਠਾਂ ਆਏ ਕਾਲੇ ਘੇਰੇ ਦੇ ਕਾਰਨ: ਕੰਮ ਦੇ ਵਧੇਰੇ ਤਣਾਅ ਦੇ ਕਾਰਨ, ਤੁਹਾਨੂੰ ਕਾਲੇ ਘੇਰੇ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਦੇਰ ਰਾਤ ਜਾਗਣ ਅਤੇ ਨੀਂਦ ਨਾ ਆਉਣ ਕਾਰਨ ਚਮੜੀ ਪੀਲੀ ਹੋਣੀ ਸ਼ੁਰੂ ਹੋ ਜਾਂਦੀ ਹੈ ਜਿਸ ਕਾਰਨ ਕਾਲੇ ਘੇਰੇ ਸਾਫ਼ ਦਿਖਾਈ ਦਿੰਦੇ ਹਨ। ਚਾਹ ਅਤੇ ਕੌਫੀ ਦਾ ਸੇਵਨ ਕਰਨ ਨਾਲ ਵੀ ਕਾਲੇ ਘੇਰੇ ਹੋ ਜਾਂਦੇ ਹਨ। ਮੈਕਅੱਪ ਉਤਾਰੇ ਬਿਨਾਂ ਸੌਂ ਜਾਣ ਤੇ, ਸਾਰੀ ਰਾਤ ਚਿਹਰੇ 'ਤੇ ਗੰਦਗੀ ਰਹਿੰਦੀ ਹੈ ਜਿਸ ਕਾਰਨ ਅੱਖਾਂ ਦੇ ਕਾਲੇ ਘੇਰੇ ਹੋ ਜਾਂਦੇ ਹਨ। ਗਰਭ ਅਵਸਥਾ ਅਤੇ ਪੀਰੀਅਡ ਦੇ ਸਮੇਂ, ਸਰੀਰ ਅੰਦਰ ਹਾਰਮੋਨਲ ਤਬਦੀਲੀਆਂ ਦੇ ਕਾਰਨ ਕਾਲੇ ਘੇਰੇ ਹੋ ਜਾਂਦੇ ਹਨ।

**ਅੱਖਾਂ ਦੇ ਹੇਠਾਂ ਕਾਲੇ ਘੇਰਿਆਂ ਤੋਂ ਬਚਣ ਦੇ ਉਪਾਅ:** ਸੌਣ ਤੋਂ ਪਹਿਲਾਂ ਮੈਕਅੱਪ ਨੂੰ ਹਟਾਉ। ਰੂੰ ਨੂੰ ਗੁਲਾਬ ਦੇ ਪਾਣੀ ਵਿਚ ਡੁਬੋ ਕੇ ਥੋੜ੍ਹੀ ਦੇਰ ਤਕ ਅੱਖਾਂ 'ਤੇ ਲਗਾਉ। ਹਰੀ ਚਾਹ ਨੂੰ ਅੱਖਾਂ ਦੇ ਉਪਰ 5-10 ਮਿੰਟ ਲਈ ਰੱਖਣ ਨਾਲ ਕਾਲੇ ਘੇਰੇ ਅਤੇ ਥਕਾਵਟ ਦੂਰ ਹੁੰਦੀ ਹੈ। ਵਿਟਾਮਿਨ ਈ ਕੈਪਸੂਲ ਦੇ ਜੈੱਲਾਂ ਨਾਲ ਅੱਖਾਂ ਦੀ ਮਾਲਿਸ਼ 5-6 ਮਿੰਟ ਲਈ ਕਰੋ। ਸੌਣ ਦਾ ਸਮਾਂ ਠੀਕ ਕਰੋ ਅਤੇ ਰੋਜ਼ਾਨਾ 7-8 ਘੰਟੇ ਦੀ ਨੀਂਦ ਲਉ। ਰੋਜ਼ਾਨਾ ਸਵੇਰੇ 25-30 ਮਿੰਟ ਲਈ ਯੋਗਾ ਕਰਨ ਨਾਲ, ਕਾਲੇ ਘੇਰੇ ਘਟਦੇ ਹਨ ਅਤੇ ਚਿਹਰੇ 'ਤੇ ਚਮਕ ਆਉਂਦੀ ਹੈ। ਪੌਸ਼ਟਿਕ ਚੀਜ਼ਾਂ ਖਾਉ ਜਿਵੇਂ ਹਰੀਆਂ ਸਬਜ਼ੀਆਂ, ਦਾਲਾਂ, ਜੂਸ, ਅਨਾਜ ਆਦਿ।


R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment
e-file

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO • HOME • TRUCK • BUSINESS • LIFE • MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Uscipp Insurance Services
650 N WILMA AVE STE A, RIPON CA 95366

TRUCK INSURANCE
TRUCK TAX IFTA

Amarjit S Bir
amarjit@uscipp.org
Lic#0I15593CA
Ph: (925)318-1247

## ਦੋ ਕਵਿਤਾਵਾਂ

ਸੁਣਿਆਂ ਹੋਇਆ ਬੜ੍ਹਾ ਕਹਿਰ ਏ,
ਜੋ ਕੱਲ੍ਹ ਹੋਇਆ ਤੇਰੇ ਸ਼ਹਿਰ ਏ,

ਇਹ ਕੈਸਾ ਜ਼ਿੰਦਗੀ ਦਾ ਪਹਿਰ ਏ,
ਸਮਾਂ ਗਿਆ ਠਹਿਰ ਏ,

ਸੱਪਾਂ ਨਾਲੋਂ ਵੱਧ ਗਿਆ ਹੁਣ,
ਬੰਦਿਆਂ ਵਿਚ ਜ਼ਹਿਰ ਏ,

ਚਾਰੇ ਪਾਸੇ ਵਗਦੀ ਪਈ ,
ਹਬਸੀਆਂ ਦੀ ਨਹਿਰ ਏ,

ਕਿੰਨਾ ਪ੍ਰਦੂਸ਼ਿਤ ਵਾਤਾਵਰਨ ਹੈ ,
ਹਰ ਤਰਫ ਚੜ੍ਹੀ ਗੰਧਲੀ ਗਹਿਰ ਏ,

ਨਾਂ ਕਿਤੇ ਮਾਸੂਮਾਂ ਤੇ ਰੱਬਾ ਤੇਰੀ ਮਿਹਰ ਏ,
ਹਵਸ ਦੀ ਸੂਲੀ ਚੜ੍ਹਿਆ,

ਇਕ ਮਾਸੂਮ, ਕੈਸਾ ਕਹਿਰ ਏ,
ਜ਼ਹਿਰ ਏ, ਜ਼ਹਿਰ ਏ, ਜ਼ਹਿਰ ਏ,

ਸੁਣਿਆ ਹੋਇਆ ਬੜ੍ਹਾ ਕਹਿਰ ਏ,
ਜੋ ਕੱਲ੍ਹ ਹੋਇਆ ਤੇਰੇ ਸ਼ਹਿਰ ਏ।

– ਗੁਰਪ੍ਰੀਤ ਕੌਰ
7696209932

## ਅੰਬਾਂ ਦੀ ਰੁੱਤ ਕਦੇ ਨਾ ਜਾਵੇ

ਗਰਮੀ ਦੀ ਰੁੱਤ ਜਦ ਵੀ ਆਵੇ,
ਨਾਲ ਅੰਬਾਂ ਦਾ ਤੋਹਫ਼ਾ ਲਿਆਵੇ।
ਤਰ੍ਹਾਂ ਤਰ੍ਹਾਂ ਦੇ ਅੰਬ ਵੇਖ ਕੇ,
ਸਭਨਾਂ ਦਾ ਫਿਰ ਮਨ ਲਲਚਾਵੇ।

ਲਾਲੀ ਭਰਿਆ ਅੰਬ ਸੰਧੂਰੀ,
ਰੇਹੜੀਆਂ ਉੱਤੋਂ ਝਾਤੀਆਂ ਪਾਵੇ।
ਚਾਰੇ ਪਾਸੇ ਅੰਬ ਵੇਖ ਕੇ,
ਮਹਿਕ ਇਨ੍ਹਾਂ ਦੀ ਮਨ ਨੂੰ ਭਾਵੇ।

ਲੰਗੜਾ ਅੰਬ ਵੀ ਬੜਾ ਨਿਆਰਾ,
ਜੋ ਵੇਖੇ ਬਲਿਹਾਰੇ ਈ ਜਾਵੇ।
ਰੰਗ ਭਾਵੇਂ ਇਹਦਾ ਹਰਾ ਈ ਹੁੰਦਾ,
ਮਿਠਾਸ ਇਹਦੀ ਨਾ ਮੂੰਹ 'ਚੋਂ ਜਾਵੇ।

ਦੁਸਹਿਰੀ ਦੀ ਕੀ ਗੱਲ ਸੁਣਾਵਾਂ,
ਅੰਬਾਂ ਦਾ ਸਿਰਤਾਜ ਕਹਾਵੇ।
ਲੰਮੀ ਫਾੜੀ, ਪਤਲੀ ਗੁੱਠਲੀ,
ਖਾਣ ਵਾਲੇ ਨੂੰ ਮਜ਼ਾ ਲਿਆਵੇ।

ਚੌਸਾ ਜਦੋਂ ਬਾਜ਼ਾਰ 'ਚ ਆਉਂਦਾ,
ਇਹ ਵੀ ਆਪਣਾ ਜੋਸ਼ ਦਿਖਾਵੇ।
ਸ਼ਹਿਦ ਤੋਂ ਮਿੱਠਾ ਰਸਾ ਇਸ ਵਿੱਚ,
ਚੂਪਣ ਦਾ ਫਿਰ ਮਜ਼ਾ ਆ ਜਾਵੇ।

ਕਲਮੀ ਅੰਬ ਦੀ ਸ਼ਾਨ ਹੀ ਵੱਖਰੀ,
ਕੱਟ ਕੱਟ ਹਰ ਕੋਈ ਇਸ ਨੂੰ ਖਾਵੇ।
ਅੰਬਾਂ ਦੀਆਂ ਤਾਂ ਬਹੁਤ ਹੀ ਕਿਸਮਾਂ,
ਹਰ ਇੱਕ ਕਿਸਮ ਮਿਠਾਸ ਵਧਾਵੇ।

ਮੋਟੇ ਪਤਲੇ ਲਾਲ ਪੀਲੇ ਸਭ,
ਸਭ ਦਾ ਮੈਂਗੋਸ਼ੇਕ ਬਣ ਜਾਵੇ।
ਹਰ ਕੋਈ ਆਖੇ ਬੱਲੇ ਬੱਲੇ,
ਅੰਬਾਂ ਦੀ ਰੁੱਤ ਕਦੇ ਨਾ ਜਾਵੇ।

- ਓਮਕਾਰ ਸੂਦ ਬਹੋਨਾ

## ਬਦਲ ਗਏ

ਪਿੰਡਾਂ ਵਿੱਚੋਂ ਗਾਇਬ ਹੋ ਗਏ,
ਕੁੱਪ, ਕੁੜੀਆਂ ਅਤੇ ਗੁਹਾਰੇ।
ਪੇਂਡੂ ਸੱਭਿਆਚਾਰ ਸੀ ਸਾਡੇ,
ਮੁੜ ਕੇ ਨਹੀਂ ਇਹ ਲੱਭਣੇ ਸਾਰੇ।

ਗਾਵਾਂ-ਮੱਝਾਂ ਕਿੱਥੇ ਗਈਆਂ,
ਦਿਸਣ ਖਾਲੀ ਪਸ਼ੂਆਂ ਦੇ ਵਾੜੇ।
ਮੱਕੀ, ਨਰਮਾ ਨਾ ਦਿਸੇ ਬਾਜਰਾ,
ਪਤਾ ਨਹੀਂ ਗਏ ਕਿੱਧਰ ਸਾਰੇ।

ਗਲੀਆਂ ਵਿੱਚ ਨਾ ਖੇਡਣ ਬੱਚੇ,
ਮਸਤ ਮੋਬਾਈਲਾਂ ਵਿੱਚ ਨੇ ਸਾਰੇ।
ਨੌਜਵਾਨ ਕਿਸੇ ਘਰ ਨਹੀਂ ਦਿਸਦੇ,
ਦਿਹਾੜੀਆਂ ਕਰਨ ਵਿਦੇਸ਼ੀਂ ਸਾਰੇ।

ਕਿਸੇ ਪਾਸੇ ਵੀ ਰੌਣਕ ਹੈ ਨ੍ਹੀਂ,
ਸੱਥਾਂ ਬੇਲੇ ਹੁਣ ਸੁੰਨੇ ਸਾਰੇ।
'ਖੁਡਾਲ' ਪੰਜਾਬ ਦਾ ਕੀ ਬਣੂਗਾ,
ਬਦਲੇ ਗਏ ਨੇ ਲੋਕੀਂ ਸਾਰੇ।

-ਐਡਵੋਕੇਟ ਗੁਰਤੇਜ ਸਿੰਘ ਖੁਡਾਲ

## ਕੌਣ ਸਮਝਾਵੇ ਟਰੰਪ ਨੂੰ

ਜੰਗ ਵਿੱਚ ਨਾ ਕਦੇ ਜਿੱਤ ਹਾਰ ਹੋਵੇ,
ਹੋਵੇ ਦੋਵੇਂ ਪਾਸੇ ਨੁਕਸਾਨ ਮੀਆਂ।
ਇਮਾਰਤਾਂ ਢਹਿਣ, ਮਨੁੱਖਤਾ ਮਰ ਜਾਂਦੀ,
ਬੇਦੋਸ਼ਿਆਂ ਦੀ ਜਾਵੇ ਜਾਨ ਮੀਆਂ।

ਸਦੀਆਂ ਤੱਕ ਨਾ ਘਾਟੇ ਹੋਣ ਪੂਰੇ,
ਸੁਹਾਗ ਬਾਝੋਂ ਰਹੇ ਰਕਾਨ ਮੀਆਂ।
ਸੁਹਾਗ ਰਹਿਣ ਬਿਨ ਸੁਹਾਗਣਾਂ ਦੇ,
ਕਿੱਥੋਂ ਵੱਸਣੇ ਫਿਰ ਮਕਾਨ ਮੀਆਂ।

ਮਹਿੰਗਾਈ, ਬੇਰੁਜ਼ਗਾਰੀ ਵਧ ਜਾਂਦੀ,
ਦੁੱਖ ਭੁੱਖ ਦਾ ਆਵੇ ਤੂਫ਼ਾਨ ਮੀਆਂ।
ਕੀ ਖੱਟਣਾ, ਜੇ ਪੁੱਛੋ ਟਰੰਪ ਕੋਲੋਂ ?
ਉੱਜੜੇ ਆਪ ਨਾਲੇ ਇਰਾਨ ਮੀਆਂ।

ਹੋਰ ਲੱਭਦੇ ਨੇ, ਕੋਲੋਂ ਗੁਆ ਦਿੱਤਾ,
ਨਾਲੇ ਹੋਇਆ ਵਾਧੂ ਬਦਨਾਮ ਮੀਆਂ।
ਕੌਣ ਸਮਝਾਵੇ ਟਰੰਪ ਵਿਚਾਰੇ ਨੂੰ,
ਬਿੰਦੇ ਝੱਟੇ ਬਦਲੇ ਬਿਆਨ ਮੀਆਂ।

ਹੋਛਾ ਬੰਦਾ 'ਪੱਤੋ' ਜੇ ਹੋਵੇ ਆਗੂ,
ਪਰਦਾ ਚੁੱਕੇ ?, ਵਿੱਚ ਜਹਾਨ ਮੀਆਂ।

-ਹਰਪ੍ਰੀਤ ਪੱਤੋ

## ਨੈਣਾਂ ਦਾ ਸਮੁੰਦਰ

ਹੱਸੀਆਂ ਕਬਰਾਂ,
ਵੇਖ ਢਲਦੀਆਂ ਉਮਰਾਂ।
ਗਏ ਤੁਰ, ਕਿੱਥੇ ਠੱਠੇ ?
ਪਾ ਝੋਲੀਆਂ 'ਚ ਸਾਹ ਮੱਠੇ।

ਫੜ ਹੁਣ ਡੰਗੋਰੀ,
ਕਰਦੇ ਦਿਸੇ ਜੀ ਹਜ਼ੂਰੀ।
ਉਹੀਓ ਸਨ ਹੱਥ,
ਮਾਰਦੇ ਤਾੜੀ ਜੋ ਬੈਠ ਸੱਥ।

ਕਿੰਨਾ ਅਤੇ ਕਿਉਂ ?
ਸਮਾਂ ਗਿਆ ਮੂੰਹ ਸਿਉਂ।
ਬਗ਼ੈਰ ਕੁਝ ਵੀ ਦੱਸੇ,
ਮਿਟਾ ਪਰ ਅਣਗਿਣਤ ਸੰਸੇ।

ਗਇਆ ਵਲੂੰਧਰ,
ਨੈਣਾਂ ਦਾ ਦੇਖ ਸਮੁੰਦਰ।
ਲੈ ਡਾਢਾ ਚੱਲਿਆ,
ਜਿਸ ਨੇ ਕਦੇ, ਵੇਖ ਘੱਲਿਆ।

ਨਹੀਓਂ ਜ਼ੋਰ ਕੋਈ,
ਚੱਲੇ, ਪਾਏ ਕਫ਼ਨ, ਲੋਈ।
ਤੋੜਦਾ ਚਾਹੇ ਕਸਮਾਂ,
'ਗਿੱਲ' ਨਿਭਾਏ ਜੱਗ ਰਸਮਾਂ।

- ਨਵਨੀਤ ਗਿੱਲ

## ਪਰਵਾਸੀ ਦਾ ਗਰਾਈਂ ਨੂੰ ਖ਼ਤ

ਦੋਸਤਾ!
ਮੈਂ ਪੂਰੇ ਚਾਲੀ ਸਾਲ
ਵਿਦੇਸ਼ੀ ਧਰਤੀ 'ਤੇ
ਖ਼ੂਨ-ਪਸੀਨਾ ਵਹਾਇਆ ਹੈ।
ਪਤਨੀ, ਬੱਚੇ, ਕੋਠੀ, ਕਾਰ
ਅਤੇ ਹੋਰ ਐਸ਼ੋ-ਇਸ਼ਰਤ ਦੇ
ਸਾਮਾਨ ਨਾਲ ਘਰ ਭਰਿਆ ਹੈ।
ਹਾਂ ਦੋਸਤ, ਇਹ ਸਭ ਕੁਝ ਹੁੰਦਿਆਂ ਵੀ
ਅੰਦਰੋਂ ਖਾਲੀ ਖਾਲੀ
ਥੋਥਾ ਜਿਹਾ ਹੋਇਆ ਪਿਆ ਹਾਂ।

ਵਤਨ ਦੀ ਮਿੱਟੀ!
ਘਰ ਦੇ ਵਿਹੜੇ ਦੀ ਰੌਣਕ!
ਮਾਂ ਦੀਆਂ ਪਾਣੀ-ਹੱਥ ਦੀਆਂ ਰੋਟੀਆਂ!
'ਤੇ ਨੱਕੋ -ਨੱਕ ਭਰਿਆ ਦੁੱਧ ਦਾ ਛੰਨਾ!
ਜਦੋਂ ਮਾਂ ਪੀਣ ਲਈ ਦਿੰਦੀ
ਤਾਂ ਉਹਦੇ ਨੈਣਾਂ 'ਚ ਮੋਹ ਦਾ ਸਮੁੰਦਰ
ਛਲਕਦਾ ਸੀ।

ਬਾਪੂ ਦੇ 'ਮੇਰਾ ਸ਼ੇਰ ਪੁੱਤ'
ਕਹਿ ਕੇ ਬੁਲਾਉਣ ਵੇਲੇ
ਇੰਜ ਲਗਦਾ ਸੀ
ਜਿਵੇਂ ਜ਼ਿੰਦਗੀ ਦੇ ਚਾਵਾਂ 'ਤੇ
ਡਾਢਾ ਹੁਸਨ ਚੜ੍ਹ ਗਿਆ ਹੋਵੇ।

ਤੇਰੇ ਵਰਗੇ ਹਾਣੀਆਂ ਕੋਲ ਬਹਿ ਕੇ
ਕੀਤੀਆਂ ਮਨ ਦੀਆਂ ਗੱਲਾਂ
ਰਹਿ ਰਹਿ ਕੇ ਚੇਤੇ ਆਉਂਦੀਆਂ ਨੇ!
ਬੜੀ ਵਾਰ ਦਿਲ ਕੀਤੈ
ਇੱਥੋਂ ਸਾਰਾ ਕੁਝ ਵੇਚ ਵੱਟ ਕੇ
ਪਿੰਡ ਪਰਤ ਆਵਾਂ।
ਇਕੱਠੀ ਕੀਤੀ ਪੂੰਜੀ ਨਾਲ ਖੇਤ ਵਿੱਚ
ਵੱਡੀ ਫੈਕਟਰੀ ਲਾ ਕੇ
ਇਲਾਕੇ ਦੇ ਮੁੰਡਿਆਂ ਨੂੰ
ਰੁਜ਼ਗਾਰ 'ਤੇ ਲਾਵਾਂ।

ਬਜ਼ੁਰਗ ਮਾਂ-ਬਾਪ ਦੀਆਂ
ਅਸੀਸਾਂ ਦੇ ਵਰ੍ਹਦੇ ਮੀਂਹ ਵਿੱਚ
ਭਿੱਜਣ ਨੂੰ ਵੀ
ਬੜਾ ਦਿਲ ਕਰਦੈ।
ਪਿੰਡ ਦੀ ਸੱਥ ਵਿੱਚ
ਹਾਣੀਆਂ ਨਾਲ ਬਹਿ ਕੇ
ਕਹਿਕਹਿਆਂ ਦੀ ਫ਼ਸਲ
ਬੀਜਣ ਨੂੰ ਵੀ ਸਿਸਕ ਰਿਹਾ ਹਾਂ।
ਪਰ ਦੋਸਤ!
ਵਤਨ ਵੱਲੋਂ ਆਉਂਦੀ ਗਰਮ ਹਵਾ ਨੇ
ਮੇਰੇ ਪੈਰ ਰੋਕ ਲਏ ਨੇ।

ਸੁਣਿਐ, ਇੱਥੇ ਤਾਂ
ਫੈਕਟਰੀ ਲਾਉਣ ਵੇਲੇ ਵੀ
ਕੁਝ ਸਿਆਸਤਦਾਨ
ਮੁਫ਼ਤੋ-ਮੁਫ਼ਤੀ
ਹਿੱਸੇ-ਪੱਤੀ ਦੀ
ਗੱਲ ਨਾ ਮੰਨਣ 'ਤੇ
ਅੜਿੱਕੇ ਦਰ ਅੜਿੱਕੇ
ਖੜ੍ਹੇ ਕਰਦੇ ਨੇ।

ਫਿਰੌਤੀਆਂ, ਧਮਕੀਆਂ,
ਗੋਲੀਆਂ ਦੀ ਵਾਛੜ ਦਾ ਵੀ
ਸਾਹਮਣਾ ਕਰਨਾ ਪੈ ਸਕਦੈ।
ਜਵਾਨ ਪੁੱਤਾਂ 'ਤੇ
ਨਸ਼ੇ ਦਾ ਕਾਲਾ ਪਰਛਾਵਾਂ ਹੈ।
ਭਲਾ, ਅਜਿਹੇ ਹਾਲਾਤ ਵਿੱਚ
ਕਿੰਜ ਵਤਨ ਪਰਤਾਂ ?
ਸੱਚੀਂ ਦੋਸਤ
ਜਲਾਵਤਨੀ ਦੀ
ਸਜ਼ਾ ਭੁਗਤਦਿਆਂ
ਘਰ ਪਰਤਣ ਨੂੰ
ਬੜਾ ਦਿਲ ਕਰਦੈ।
ਪਰ ਤੂੰ ਹੀ ਦੱਸ
ਇੱਥੇ ਆ ਕੇ
ਖ਼ੌਫ਼ ਦੀਆਂ
ਦੀਵਾਰਾਂ ਵਿੱਚ ਘਿਰ ਕੇ
ਕਿਵੇਂ ਸੌਂ ਸਕਾਗਾਂ ਮੈਂ, ਚੈਨ ਦੀ ਨੀਂਦ।

-ਮੋਹਨ ਸ਼ਰਮਾ

## ਕਾਂਗਰਸ ਦਾ ਕਲੇਸ਼

ਪੰਜੇ ਵਾਲੇ ਪਾਰਟੀ 'ਚ ਬੈਠੇ ਨੇ ਮਚਾਈ ਯੁੱਧ
ਧੜਿਆਂ ਦੇ ਵਿੱਚ ਕਰੀ ਜਾਂਦੇ ਨੇ ਸਟਿੰਗ ਜੀ।
ਹੁਣੇ ਅੱਖ ਰੱਖੀ ਬੈਠੇ ਸੀ.ਐੱਮ ਦੇ ਅਹੁਦੇ ਉੱਤੇ
ਇੱਕ ਦੂਜੇ ਦੀ ਹੀ ਵੱਖੀ ਮਾਰਦੇ ਐ ਸਿੰਗ ਜੀ।
ਚੰਨੀ ਕਿਆਂ ਦਾ ਵੀ ਚੰਨ ਚੜ੍ਹਦਾ ਨਾ ਜਾਪਦਾ ਏ
ਹਾਈਕਮਾਂਡ ਅੱਗੇ ਜਾ ਕੇ ਦੇਖਿਆ ਅੜਿੰਗ ਜੀ।
ਚਾਹੁੰਦਾ ਏ ਰਾਹੁਲ ਸਿੱਧੀ ਕਰ ਦੇਵਾਂ ਪਾਰਟੀ ਨੂੰ
ਕੱਢਣੇ ਉਹ ਚਾਹੁੰਦਾ ਪਏ ਹੋਏ 'ਵਲ-ਵਿੰਗ' ਜੀ।
ਮੰਗਦਾ ਵਿਰੋਧੀ ਧੜਾ ਜਦੋਂ ਅਸਤੀਫਾ ਉਹਤੋਂ
ਮੱਥੇ ਤਿਊੜੀ ਪਾਵੇ ਬਹੁਤ ਲੱਗਦਾ ਤੜਿੰਗ ਜੀ।
ਬੈਠ ਕੇ 'ਬਘੇਲ' ਲਾਗੇ 'ਸ਼ੇਰ' ਬਣ ਬੋਲਦਾ ਏ
ਰਹਿਣਾ ਭਰਦਾਨ ਮੈਂ ਹੀ ਆਖਦਾ ਵੜਿੰਗ ਜੀ।



-ਤਰਲੋਚਨ ਸਿੰਘ ਦੁਪਾਲ ਪੁਰ
001-408-905-5517

## ਪਿਆਸਾ ਸਾਵਣ

ਕਿਣ ਮਿਣ ਕਿਣ ਮਿਣ, ਪੈਂਦੀਆਂ ਕਣੀਆਂ,
ਰਿਮ ਝਿੰਮ ਰਿਮ ਝਿੰਮ, 'ਕੱਠੀਆਂ ਜਣੀਆਂ'
ਘਟਾ ਘਨਘੋਰ ਹੈ ਛਾਈ,
ਛੰਮ ਛੰਮ ਛਹਿਬਰ ਵੇ,
ਛਹਿਬਰ ਸਾਵਣ ਲਾਈ।

ਰੁਣ ਝੁਣ ਰੁਣ ਝੁਣ, ਬਾਗ਼ੀਂ ਮੋਰਾਂ ਹੈ ਲਾਈ
ਪੀਹੂ ਪੀਹੂ ਪੀਹੂ ਪੀਹੂ,ਦੇਵੇ ਪਪੀਹਾ ਸੁਣਾਈ,
ਸਾਵੰਤੀ ਬੂੰਦ ਨ 'ਥਿਆਈ,
ਮੈਂ ਮਰ ਗਈ ਪਿਆਸੀ ਵੇ,
ਬਿਰਹਣ ਪਾਵਾਂ ਦੁਹਾਈ।

ਠਾਹ ਠਾਹ ਠਾਹ ਠਾਹ, ਤੀਆਂ ਪਾਣ ਪਟਾਕੇ,
ਵਾਹ ਵਾਹ ਵਾਹ ਵਾਹ, ਕੁੜੀਆਂ ਲਾਣ ਠਹਾਕੇ,
ਅਸਮਾਨੀ ਹੈ ਪੀਂਘ ਚੜ੍ਹਾਈ,
ਰੋਵਾਂ ਮੈਂ ਛਮ ਛਮ ਵੇ,
ਯਾਦ ਤੇਰੀ ਚੰਨਾਂ ਆਈ।

ਬਿੱਟ ਬਿੱਟ ਬਿੱਟ ਬਿੱਟ, ਸਈਆਂ ਵੱਲ ਤੱਕਾਂ,
ਛੁਪ ਛੁਪ ਛੁਪ ਛੁਪ, ਮਾਹੀਆ ਬੂਹੇ ਨੂੰ ਤੱਕਾਂ,
ਕਦੇ ਤੇਰੀ ਬਿੜਕ ਨਾ ਆਈ,
ਮੈਂ ਕਮਲੀ ਹੋ ਗਈ ਵੇ,
ਨਾ ਪ੍ਰੀਤ ਜ਼ਾਲਮਾਂ ਨਿਭਾਈ।

- ਸੇਵਾ ਸਿੰਘ "ਨੂਰਪੁਰੀ"

## ਕੰਮ ਦੀਆਂ ਗੱਲਾਂ

ਠੱਗੀਆਂ ਚੋਰੀਆਂ ਦਾ ਹੈ ਦੌਰ ਅੱਜਕੱਲ੍ਹ,
ਜਿੰਨਾ ਡਰੋਗੇ ਓਨਾ ਹੀ ਡੰਗ ਵੱਜਦੇ।
ਸਮਾਂ ਰਿਹਾ ਨਹੀਂ ਭੇਤ ਬਤਾਉਣ ਵਾਲਾ,
ਜਿੰਨਾ ਦੱਸੋਗੇ ਓਨਾ ਹੀ ਸੇਕ ਲੱਗਦੇ।

ਪਹਿਲੇ ਸਮਿਆਂ ਦੇ ਬੰਦੇ ਸਨ ਬਹੁਤ ਚੰਗੇ,
ਹੁਣ ਤਾਂ ਖੱਬੇ ਨੂੰ ਸੱਜਾ ਹੀ ਹੱਥ ਠੱਗਦੇ।
'ਦੱਦਾਹੂਰ' ਵਾਲਾ ਕਹੇ ਵੀਰ ਰਹੋ ਬਚ ਕੇ,
ਹਰ ਤੀਜੇ ਬੰਦੇ ਪਿੱਛੇ ਇੱਕ ਚੋਰ ਲੱਗਦੇ।

ਸਮਾਂ ਮਾੜਾ ਹੈ ਬਚਣ ਦੀ ਲੋੜ ਹੈ ਜੀ,
ਅੱਜਕੱਲ੍ਹ ਕਿਸੇ ਦਾ ਕੋਈ ਇਤਬਾਰ ਹੈਨੀ।
ਦਿਲ ਦੀ ਡੂੰਘਾਈ 'ਚੋਂ ਬਣਾ ਲਓ ਯਾਰ ਕਿੰਨੇ,
ਪਰ ਕ੍ਰਿਸ਼ਨ-ਸੁਦਾਮੇ ਵਰਗਾ ਪਿਆਰ ਹੈਨੀ।

ਘਰ ਦਾ ਭੇਤ ਵੀ ਕਿਸੇ ਨੂੰ ਨਹੀਂ ਦੇਣਾ,
ਇੱਥੇ ਕੋਈ ਵੀ ਤੁਹਾਡਾ ਮਦਦਗਾਰ ਹੈਨੀ।
'ਦੱਦਾਹੂਰੀਆ' ਤੂੰ ਦਾਮਨ ਬਚਾ ਆਪਣਾ,
ਫਿਰ ਤੇਰੇ ਵਰਗਾ ਕੋਈ ਸਮਝਦਾਰ ਹੈਨੀ।

-ਜਸਵੀਰ ਸ਼ਰਮਾ ਦੱਦਾਹੂਰ

## ਗ਼ਜ਼ਲ

ਕਬਰ ਕਿਸੇ ਦੀ ਪੁੱਟ ਕੇ ਚੱਲੇ ਨੇ,
ਘਰ ਗ਼ਰੀਬ ਦਾ ਲੁੱਟ ਕੇ ਚੱਲੇ ਨੇ,
ਸ਼ੌਕ ਸੀ ਜਿਹਨੂੰ ਨਾਲ ਤੁਰਨ ਦਾ,
ਅੱਧ ਵਿਚਕਾਰ ਸੁੱਟ ਕੇ ਚੱਲੇ ਨੇ।

ਮਿਹਨਤ ਨਾਲ ਜੋ ਕਰਦਾ ਤਰੱਕੀ,
ਰਾਹਾਂ ਵਿੱਚ ਟੋਏ ਪੁੱਟ ਕੇ ਚੱਲੇ ਨੇ,
ਸੱਚ ਬੋਲਣ ਦੀ ਜੋ ਕਰਦਾ ਹਿੰਮਤ,
ਆਵਾਜ਼ ਸੀਨੇ 'ਚ ਘੁੱਟ ਕੇ ਚੱਲੇ ਨੇ।

ਮੋਹ ਨਾਲ ਦਿਲ ਜਿਨ੍ਹਾਂ ਦੇ ਭਰੇ,
ਕੱਚ ਵਾਂਗ ਦਿਲ ਟੁੱਟ ਕੇ ਚੱਲੇ ਨੇ।
ਲੋਭ ਦੇ ਪਿੰਜਰੇ 'ਚ ਜੋ ਕੈਦੀ 'ਸੋਹੀ'
ਮਿੱਠੀ ਜੇਲ੍ਹ ਤੋਂ ਉਹ ਛੁੱਟ ਕੇ ਚੱਲੇ ਨੇ।

-ਗੁਰਮੀਤ ਸਿੰਘ ਸੋਹੀ

# ਏਆਈ ਦੀ ਅਸਲ ਚੁਣੌਤੀ: ਭਾਰਤ ਦੀਆਂ ਅਦਿੱਖ ਮਹਿਲਾ ਕਾਮਿਆਂ ਨੂੰ ਸਸ਼ਕਤ ਬਣਾਉਣਾ



ਕ੍ਰਿਤ੍ਰਿਮ ਬੁੱਧੀ ਦੁਨੀਆ ਭਰ ਵਿੱਚ ਕੰਮ ਕਰਨ ਦੇ ਢੰਗ, ਉਦਯੋਗਾਂ ਅਤੇ ਆਰਥਿਕ ਵਿਕਾਸ ਨੂੰ ਤੇਜ਼ੀ ਨਾਲ ਬਦਲ ਰਹੀ ਹੈ। ਸਿਹਤ, ਸਿੱਖਿਆ, ਖੇਤੀਬਾੜੀ, ਬੈਂਕਿੰਗ ਅਤੇ ਉਦਯੋਗ ਵਰਗੇ ਖੇਤਰਾਂ ਵਿੱਚ ਏਆਈ ਨਵੀਆਂ ਸੰਭਾਵਨਾਵਾਂ ਪੈਦਾ ਕਰ ਰਹੀ ਹੈ। ਭਾਰਤ ਵੀ ਏਆਈ ਦੇ ਖੇਤਰ ਵਿੱਚ ਤੇਜ਼ੀ ਨਾਲ ਅੱਗੇ ਵੱਧ ਰਿਹਾ ਹੈ। ਪਰ ਇੱਕ ਮਹੱਤਵਪੂਰਨ ਸਵਾਲ ਇਹ ਹੈ ਕਿ ਕੀ ਏਆਈ ਦੇ ਲਾਭ ਭਾਰਤ ਦੀਆਂ ਉਨ੍ਹਾਂ ਲੱਖਾਂ ਮਹਿਲਾਵਾਂ ਤੱਕ ਵੀ ਪਹੁੰਚਣਗੇ ਜੋ ਗੈਰ-ਸੰਗਠਿਤ ਖੇਤਰ ਵਿੱਚ ਕੰਮ ਕਰਦੀਆਂ ਹਨ ਅਤੇ ਜਿਨ੍ਹਾਂ ਦਾ ਯੋਗਦਾਨ ਅਕਸਰ ਅਣਦੇਖਿਆ ਰਹਿ ਜਾਂਦਾ ਹੈ ?

ਭਾਰਤ ਦੀ ਲਗਭਗ 90 ਫ਼ੀਸਦੀ ਕਾਮਕਾਜੀ ਆਬਾਦੀ ਗੈਰ-ਸੰਗਠਿਤ ਖੇਤਰ ਨਾਲ ਜੁੜੀ ਹੋਈ ਹੈ। ਇਸ ਵਿੱਚ ਕਰੋੜਾਂ ਮਹਿਲਾਵਾਂ ਘਰੇਲੂ ਸਹਾਇਕਾਂ, ਖੇਤ ਮਜ਼ਦੂਰਾਂ, ਸੜਕ ਵਿਕਰੇਤਾਵਾਂ, ਘਰਾਂ ਵਿੱਚ ਕੱਪੜੇ ਸਿਲਣ ਵਾਲੀਆਂ, ਹੱਥ ਕਲਾ ਨਾਲ ਜੁੜੀਆਂ ਕਾਰੀਗਰਾਂ, ਕੂੜਾ ਇਕੱਠਾ ਕਰਨ ਵਾਲੀਆਂ, ਆਂਗਣਵਾੜੀ ਅਤੇ ਦੇਖਭਾਲ ਸੇਵਾਵਾਂ ਦੇਣ ਵਾਲੀਆਂ ਕਰਮਚਾਰੀਆਂ ਅਤੇ ਛੋਟੇ-ਮੋਟੇ ਕਾਰੋਬਾਰ ਕਰਨ ਵਾਲੀਆਂ ਦੇ ਰੂਪ ਵਿੱਚ ਕੰਮ ਕਰਦੀਆਂ ਹਨ। ਉਹ ਦੇਸ਼ ਦੀ ਅਰਥਵਿਵਸਥਾ ਵਿੱਚ ਵੱਡਾ ਯੋਗਦਾਨ ਪਾਉਂਦੀਆਂ ਹਨ, ਪਰ ਉਨ੍ਹਾਂ ਦਾ ਕੰਮ ਨਾ ਤਾਂ ਪੂਰੀ ਤਰ੍ਹਾਂ ਦਰਜ ਹੁੰਦਾ ਹੈ ਅਤੇ ਨਾ ਹੀ ਉਨ੍ਹਾਂ ਨੂੰ ਸਮਾਜਿਕ ਸੁਰੱਖਿਆ, ਸਥਿਰ ਆਮਦਨ ਜਾਂ ਤਕਨੀਕੀ ਸਹੂਲਤਾਂ ਮਿਲਦੀਆਂ ਹਨ।

ਇਨ੍ਹਾਂ ਮਹਿਲਾਵਾਂ ਨੂੰ 'ਅਦਿੱਖ ਕਾਮੇ' ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਉਨ੍ਹਾਂ ਦੀ ਮਿਹਨਤ ਅਕਸਰ ਅੰਕੜਿਆਂ, ਨੀਤੀਆਂ ਅਤੇ ਵਿਕਾਸ ਯੋਜਨਾਵਾਂ ਵਿੱਚ ਨਜ਼ਰ ਨਹੀਂ ਆਉਂਦੀ। ਉਨ੍ਹਾਂ ਕੋਲ ਡਿਜ਼ੀਟਲ ਸਾਧਨਾਂ, ਇੰਟਰਨੈੱਟ, ਸਿੱਖਿਆ, ਵਿੱਤੀ ਸੇਵਾਵਾਂ ਅਤੇ ਤਕਨੀਕੀ ਸਿਖਲਾਈ ਦੀ ਘਾਟ ਹੁੰਦੀ ਹੈ। ਜੇਕਰ ਏਆਈ ਦਾ ਵਿਕਾਸ ਸਿਰਫ਼ ਸੰਗਠਿਤ ਖੇਤਰ ਤੱਕ ਸੀਮਿਤ ਰਿਹਾ ਤਾਂ ਇਹ ਡਿਜ਼ੀਟਲ ਅਸਮਾਨਤਾ ਨੂੰ ਹੋਰ ਵਧਾ ਸਕਦਾ ਹੈ।

ਪਰ ਜੇ ਸਹੀ ਨੀਤੀਆਂ ਅਪਣਾਈਆਂ ਜਾਣ ਤਾਂ ਏਆਈ ਇਨ੍ਹਾਂ ਮਹਿਲਾਵਾਂ ਲਈ ਬਦਲਾਅ ਦਾ ਵੱਡਾ ਸਾਧਨ ਬਣ ਸਕਦੀ ਹੈ। ਖੇਤੀਬਾੜੀ ਵਿੱਚ ਏਆਈ ਆਧਾਰਿਤ ਮੌਸਮ ਪੇਸ਼ਗੋਈ, ਕੀੜਿਆਂ ਦੀ ਪਛਾਣ ਅਤੇ ਮੰਡੀ ਭਾਅ ਦੀ ਜਾਣਕਾਰੀ ਮਹਿਲਾ ਕਿਸਾਨਾਂ ਨੂੰ ਵਧੀਆ ਫ਼ੈਸਲੇ ਲੈਣ ਵਿੱਚ ਮਦਦ ਕਰ ਸਕਦੀ ਹੈ। ਘਰੇਲੂ ਉਦਯੋਗਾਂ ਨਾਲ ਜੁੜੀਆਂ ਕਾਰੀਗਰ ਮਹਿਲਾਵਾਂ ਏਆਈ ਦੀ ਮਦਦ ਨਾਲ ਨਵੇਂ ਡਿਜ਼ਾਈਨ ਤਿਆਰ ਕਰ ਸਕਦੀਆਂ ਹਨ, ਆਪਣੀਆਂ ਵਸਤਾਂ ਨੂੰ ਆਨਲਾਈਨ ਵੇਚ ਸਕਦੀਆਂ ਹਨ ਅਤੇ ਦੇਸ਼-ਵਿਦੇਸ਼ ਦੇ ਗਾਹਕਾਂ ਤੱਕ ਪਹੁੰਚ ਸਕਦੀਆਂ ਹਨ।



ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ


ਸਿਹਤ ਦੇ ਖੇਤਰ ਵਿੱਚ ਵੀ ਏਆਈ ਮਹੱਤਵਪੂਰਨ ਭੂਮਿਕਾ ਨਿਭਾ ਸਕਦੀ ਹੈ। ਮੋਬਾਈਲ ਐਪਲੀਕੇਸ਼ਨਾਂ ਰਾਹੀਂ ਗਰਭਵਤੀ ਮਹਿਲਾਵਾਂ ਨੂੰ ਸਿਹਤ ਸਲਾਹ, ਟੀਕਾਕਰਨ ਦੀ ਜਾਣਕਾਰੀ, ਪੋਸ਼ਣ ਸਬੰਧੀ ਸੁਝਾਅ ਅਤੇ ਟੈਲੀਮੈਡੀਸਨ ਸੇਵਾਵਾਂ ਆਸਾਨੀ ਨਾਲ ਮਿਲ ਸਕਦੀਆਂ ਹਨ। ਇਸ ਨਾਲ ਪੇਂਡੂ ਅਤੇ ਦੂਰ-ਦਰਾਜ਼ ਖੇਤਰਾਂ ਦੀਆਂ ਮਹਿਲਾਵਾਂ ਨੂੰ ਵੱਡਾ ਲਾਭ ਹੋ ਸਕਦਾ ਹੈ।

ਵਿੱਤੀ ਸਮਾਵੇਸ਼ ਵੀ ਇੱਕ ਅਹਿਮ ਖੇਤਰ ਹੈ। ਬਹੁਤ ਸਾਰੀਆਂ ਮਹਿਲਾਵਾਂ ਕੋਲ ਬੈਂਕ ਖਾਤੇ, ਰਸਮੀ ਕਰਜ਼ੇ ਜਾਂ ਬੀਮਾ ਸਹੂਲਤਾਂ ਨਹੀਂ ਹਨ। ਏਆਈ ਦੀ ਮਦਦ ਨਾਲ ਬੈਂਕ ਅਤੇ ਵਿੱਤੀ ਸੰਸਥਾਵਾਂ ਵਿਕਲਪਕ ਅੰਕੜਿਆਂ ਦੇ ਆਧਾਰ 'ਤੇ ਕਰਜ਼ਾ ਦੇਣ ਦੇ ਨਵੇਂ ਮਾਡਲ ਵਿਕਸਿਤ ਕਰ ਸਕਦੀਆਂ ਹਨ। ਸਥਾਨਕ ਭਾਸ਼ਾਵਾਂ ਵਿੱਚ ਵੌਇਸ-ਅਧਾਰਿਤ ਡਿਜ਼ੀਟਲ ਸੇਵਾਵਾਂ ਮਹਿਲਾਵਾਂ ਨੂੰ ਬਚਤ, ਨਿਵੇਸ਼ ਅਤੇ ਵਿੱਤੀ ਯੋਜਨਾਬੰਦੀ ਬਾਰੇ ਜਾਣਕਾਰੀ ਦੇ ਸਕਦੀਆਂ ਹਨ।

ਸਿੱਖਿਆ ਅਤੇ ਹੁਨਰ ਵਿਕਾਸ ਤੋਂ ਬਿਨਾਂ ਏਆਈ ਦਾ ਲਾਭ ਹਰ ਕਿਸੇ ਤੱਕ ਨਹੀਂ ਪਹੁੰਚ ਸਕਦਾ। ਗੈਰ-ਸੰਗਠਿਤ ਖੇਤਰ ਦੀਆਂ ਬਹੁਤ ਸਾਰੀਆਂ ਮਹਿਲਾਵਾਂ ਡਿਜ਼ੀਟਲ ਸਾਖਰਤਾ ਤੋਂ ਵਾਂਝੀਆਂ ਹਨ। ਏਆਈ ਆਧਾਰਿਤ ਸਿੱਖਿਆ ਪਲੇਟਫ਼ਾਰਮ ਸਥਾਨਕ ਭਾਸ਼ਾਵਾਂ ਵਿੱਚ ਸਿੱਖਣ, ਵੌਇਸ ਸਹਾਇਤਾ ਅਤੇ ਵਿਅਕਤੀਗਤ ਸਿਖਲਾਈ ਦੀ ਸਹੂਲਤ ਦੇ ਕੇ ਉਨ੍ਹਾਂ ਨੂੰ ਨਵੇਂ ਹੁਨਰ ਸਿਖਾ ਸਕਦੇ ਹਨ। ਇਸ ਨਾਲ ਉਹ ਬਦਲਦੇ ਰੋਜ਼ਗਾਰ ਬਾਜ਼ਾਰ ਲਈ ਆਪਣੇ ਆਪ ਨੂੰ ਤਿਆਰ ਕਰ ਸਕਣਗੀਆਂ।

ਹਾਲਾਂਕਿ ਏਆਈ ਕੁਝ ਚੁਣੌਤੀਆਂ ਵੀ ਲੈ ਕੇ ਆਉਂਦੀ ਹੈ। ਆਟੋਮੇਸ਼ਨ ਕਾਰਨ ਕੁਝ ਰਵਾਇਤੀ ਕੰਮ ਘੱਟ ਹੋ ਸਕਦੇ ਹਨ। ਜੇਕਰ ਏਆਈ ਪ੍ਰਣਾਲੀਆਂ ਪੱਖਪਾਤੀ ਡਾਟੇ 'ਤੇ ਆਧਾਰਿਤ ਹੋਣ ਤਾਂ ਉਹ ਸਮਾਜਿਕ ਅਤੇ ਲਿੰਗ ਅਸਮਾਨਤਾਵਾਂ ਨੂੰ ਹੋਰ ਵਧਾ ਸਕਦੀਆਂ ਹਨ। ਜਿਨ੍ਹਾਂ ਮਹਿਲਾਵਾਂ ਕੋਲ ਸਮਾਰਟਫੋਨ, ਇੰਟਰਨੈੱਟ ਜਾਂ ਡਿਜ਼ੀਟਲ ਹੁਨਰ ਨਹੀਂ ਹਨ, ਉਹ ਏਆਈ ਕ੍ਰਾਂਤੀ ਤੋਂ ਪਿੱਛੇ ਰਹਿ ਸਕਦੀਆਂ ਹਨ।

ਇਸ ਲਈ ਸਰਕਾਰਾਂ ਨੂੰ ਪੇਂਡੂ ਖੇਤਰਾਂ ਵਿੱਚ ਡਿਜ਼ੀਟਲ ਬੁਨਿਆਦੀ ਢਾਂਚਾ ਮਜ਼ਬੂਤ ਕਰਨਾ, ਸਸਤਾ ਇੰਟਰਨੈੱਟ ਉਪਲਬਧ ਕਰਵਾਉਣਾ ਅਤੇ ਮਹਿਲਾਵਾਂ ਲਈ ਵਿਸ਼ੇਸ਼ ਡਿਜ਼ੀਟਲ ਅਤੇ ਏਆਈ ਸਿਖਲਾਈ ਪ੍ਰੋਗਰਾਮ ਸ਼ੁਰੂ ਕਰਨੇ ਚਾਹੀਦੇ ਹਨ। ਤਕਨਾਲੋਜੀ ਕੰਪਨੀਆਂ ਨੂੰ ਵੀ ਅਜਿਹੇ ਏਆਈ ਹੱਲ ਤਿਆਰ ਕਰਨੇ ਚਾਹੀਦੇ ਹਨ ਜੋ ਸਥਾਨਕ ਭਾਸ਼ਾਵਾਂ, ਘੱਟ ਪੜ੍ਹੇ-ਲਿਖੇ ਉਪਭੋਗਤਾਵਾਂ ਅਤੇ ਪੇਂਡੂ ਲੋੜਾਂ ਨੂੰ ਧਿਆਨ ਵਿੱਚ ਰੱਖਣ।

ਸਵੈ-ਸਹਾਇਤਾ ਸਮੂਹ, ਗੈਰ-ਸਰਕਾਰੀ ਸੰਸਥਾਵਾਂ ਅਤੇ ਸਥਾਨਕ ਭਾਈਚਾਰੇ ਵੀ ਏਆਈ ਨੂੰ ਲੋਕਾਂ ਤੱਕ ਪਹੁੰਚਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ। ਜਦੋਂ ਮਹਿਲਾਵਾਂ ਤਕਨਾਲੋਜੀ ਦੇ ਵਿਕਾਸ ਅਤੇ ਵਰਤੋਂ ਵਿੱਚ ਭਾਗੀਦਾਰ ਬਣਨਗੀਆਂ ਤਾਂ ਏਆਈ ਹੋਰ ਸਮਾਵੇਸ਼ੀ ਅਤੇ ਪ੍ਰਭਾਵਸ਼ਾਲੀ ਬਣੇਗੀ।

ਭਾਰਤ ਦੀ ਅਸਲ ਤਾਕਤ ਉਸ ਦੀਆਂ ਕਰੋੜਾਂ ਮਹਿਲਾਵਾਂ ਹਨ ਜੋ ਹਰ ਰੋਜ਼ ਖੇਤਾਂ, ਘਰਾਂ, ਛੋਟੇ ਉਦਯੋਗਾਂ ਅਤੇ ਸੜਕਾਂ 'ਤੇ ਮਿਹਨਤ ਕਰਕੇ ਪਰਿਵਾਰਾਂ ਅਤੇ ਦੇਸ਼ ਦੀ ਅਰਥਵਿਵਸਥਾ ਨੂੰ ਮਜ਼ਬੂਤ ਬਣਾਉਂਦੀਆਂ ਹਨ। ਉਨ੍ਹਾਂ ਨੂੰ ਏਆਈ ਨਾਲ ਜੋੜਨਾ ਸਿਰਫ਼ ਸਮਾਜਿਕ ਨਿਆਂ ਦਾ ਸਵਾਲ ਨਹੀਂ, ਸਗੋਂ ਆਰਥਿਕ ਵਿਕਾਸ ਦੀ ਵੀ ਲੋੜ ਹੈ। ਜੇਕਰ ਏਆਈ ਇਨ੍ਹਾਂ ਅਦਿੱਖ ਮਹਿਲਾ ਕਾਮਿਆਂ ਨੂੰ ਸਸ਼ਕਤ ਬਣਾਉਂਦੀ ਹੈ ਤਾਂ ਭਾਰਤ ਦੀ ਤਕਨੀਕੀ ਕ੍ਰਾਂਤੀ ਸੱਚੇ ਅਰਥਾਂ ਵਿੱਚ ਸਮਾਵੇਸ਼ੀ ਅਤੇ ਸਫ਼ਲ ਮੰਨੀ ਜਾਵੇਗੀ। ਭਾਰਤ ਵਿੱਚ ਏਆਈ ਦੀ ਅਸਲ ਸਫ਼ਲਤਾ ਸਿਰਫ਼ ਨਵੇਂ ਸਟਾਰਟਅਪਾਂ, ਆਧੁਨਿਕ ਮਸ਼ੀਨਾਂ ਜਾਂ ਵੱਡੇ ਨਿਵੇਸ਼ਾਂ ਨਾਲ ਨਹੀਂ ਮਾਪੀ ਜਾਵੇਗੀ। ਇਸਦੀ ਕਾਮਯਾਬੀ ਇਸ ਗੱਲ ਨਾਲ ਤੈਅ ਹੋਵੇਗੀ ਕਿ ਕੀ ਇੱਕ ਖੇਤ ਮਜ਼ਦੂਰ, ਇੱਕ ਘਰੇਲੂ ਕਾਮੀ, ਇੱਕ ਸੜਕ ਵਿਕਰੇਤਾ ਜਾਂ ਇੱਕ ਛੋਟੇ ਪਿੰਡ ਦੀ ਕਾਰੀਗਰ ਮਹਿਲਾ ਵੀ ਏਆਈ ਦੀ ਮਦਦ ਨਾਲ ਆਪਣੀ ਆਮਦਨ, ਸਿੱਖਿਆ, ਸਿਹਤ ਅਤੇ ਜੀਵਨ ਪੱਧਰ ਵਿੱਚ ਸੁਧਾਰ ਕਰ ਸਕਦੀ ਹੈ। ਜਦੋਂ ਤਕਨਾਲੋਜੀ ਸਮਾਜ ਦੇ ਸਭ ਤੋਂ ਅਦਿੱਖ ਵਰਗ ਤੱਕ ਪਹੁੰਚੇਗੀ, ਤਦੋਂ ਹੀ ਭਾਰਤ ਦੀ ਏਆਈ ਕ੍ਰਾਂਤੀ ਸੱਚਮੁੱਚ ਸਭ ਲਈ ਹੋਵੇਗੀ।

# ਦਿਲ ਦੇ ਰੋਗਾਂ ਦੀ ਰੋਕਥਾਮ ਵਿੱਚ ਸੰਤੁਲਿਤ ਖ਼ੁਰਾਕ ਦੀ ਭੂਮਿਕਾ

ਅਜੋਕੇ ਯੁੱਗ ਵਿੱਚ ਦਿਲ ਅਤੇ ਖ਼ੂਨ ਦੀਆਂ ਨਾੜੀਆਂ ਨਾਲ ਸੰਬੰਧਿਤ ਬਿਮਾਰੀਆਂ ਵਿਸ਼ਵ ਪੱਧਰ 'ਤੇ ਸਭ ਤੋਂ ਵੱਡੀਆਂ ਸਿਹਤ ਚੁਣੌਤੀਆਂ ਵਿੱਚੋਂ ਇੱਕ ਬਣ ਚੁੱਕੀਆਂ ਹਨ। ਹਰ ਸਾਲ ਲੱਖਾਂ ਲੋਕ ਦਿਲ ਦੇ ਦੌਰੇ, ਸਟਰੋਕ, ਉੱਚ ਖ਼ੂਨ ਦਬਾਅ ਅਤੇ ਹੋਰ ਦਿੱਲ ਨਾਲ ਸਬੰਧਤ ਬਿਮਾਰੀਆਂ ਕਾਰਨ ਆਪਣੀ ਜਾਨ ਗੁਆ ਬੈਠਦੇ ਹਨ। ਭਾਵੇਂ ਆਧੁਨਿਕ ਸਿਹਤ ਵਿਗਿਆਨ ਨੇ ਇਨ੍ਹਾਂ ਰੋਗਾਂ ਦੀ ਜਾਂਚ ਅਤੇ ਇਲਾਜ ਵਿੱਚ ਬੇਮਿਸਾਲ ਤਰੱਕੀ ਕੀਤੀ ਹੈ, ਪਰ ਇੱਕ ਅਹਿਮ ਸੱਚਾਈ ਅੱਜ ਵੀ ਸਾਡੇ ਸਾਹਮਣੇ ਹੈ ਕਿ ਦਿਲ ਦੀਆਂ ਬਹੁਤੀਆਂ ਬਿਮਾਰੀਆਂ ਨੂੰ ਸ਼ੁਰੂ ਤੋਂ ਹੀ ਰੋਕਿਆ ਜਾ ਸਕਦਾ ਹੈ। ਇਸ ਮਹਾਂਮਾਰੀ ਵਿਰੁੱਧ ਸਭ ਤੋਂ ਪ੍ਰਭਾਵਸ਼ਾਲੀ ਹਥਿਆਰ ਮਹਿੰਗੀਆਂ ਦਵਾਈਆਂ ਜਾਂ ਆਧੁਨਿਕ ਹਸਪਤਾਲ ਨਹੀਂ, ਸਗੋਂ ਉਹ ਭੋਜਨ ਹੈ ਜੋ ਅਸੀਂ ਹਰ ਰੋਜ਼ ਆਪਣੀ ਥਾਲੀ ਵਿੱਚ ਪਰੋਸਦੇ ਹਾਂ।

ਪਿਛਲੇ ਕੁਝ ਦਹਾਕਿਆਂ ਵਿੱਚ ਸਾਡੀਆਂ ਖਾਣ-ਪੀਣ ਦੀਆਂ ਆਦਤਾਂ ਵਿੱਚ ਵੱਡਾ ਬਦਲਾਅ ਆਇਆ ਹੈ। ਤਾਜ਼ੇ ਅਨਾਜ, ਸਬਜ਼ੀਆਂ, ਫਲਾਂ ਅਤੇ ਦਾਲਾਂ ਨਾਲ ਤਿਆਰ ਕੀਤੇ ਜਾਣ ਵਾਲੇ ਰਵਾਇਤੀ ਭੋਜਨ ਦੀ ਥਾਂ ਹੁਣ ਪ੍ਰੋਸੈਸਡ ਅਤੇ ਫਾਸਟ ਫੂਡ ਨੇ ਲੈ ਲਈ ਹੈ, ਜਿਸ ਵਿੱਚ ਸੰਤ੍ਰਿਪਤ ਚਰਬੀ (Saturated Fat), ਟਰਾਂਸ ਫੈਟ, ਵੱਧ ਖੰਡ ਅਤੇ ਲੂਣ ਦੀ ਮਾਤਰਾ ਹੁੰਦੀ ਹੈ। ਸੁਵਿਧਾ ਦੇ ਨਾਮ 'ਤੇ ਅਪਣਾਈ ਗਈ ਇਹ ਖ਼ੁਰਾਕ ਅੱਜ ਮੋਟਾਪੇ, ਸ਼ੂਗਰ, ਉੱਚ ਖ਼ੂਨ ਦਬਾਅ ਅਤੇ ਉੱਚ ਕੋਲੇਸਟ ?ਰੋਲ ਵਰਗੀਆਂ ਸਮੱਸਿਆਵਾਂ ਨੂੰ ਜਨਮ ਦੇ ਰਹੀ ਹੈ, ਜੋ ਦਿੱਲ ਦੇ ਰੋਗਾਂ ਦੇ ਮੁੱਖ ਕਾਰਕ ਹਨ। ਇਸ ਦਾ ਬੋਝ ਨਾ ਸਿਰਫ਼ ਵਿਅਕਤੀਆਂ ਅਤੇ ਪਰਿਵਾਰਾਂ 'ਤੇ ਪੈ ਰਿਹਾ ਹੈ, ਸਗੋਂ ਪੂਰੀ ਸਿਹਤ ਪ੍ਰਣਾਲੀ ਲਈ ਵੀ ਇਹ ਵੱਡੀ ਚੁਣੌਤੀ ਬਣ ਗਿਆ ਹੈ।

ਹੁਣ ਇਹ ਗੱਲ ਸਿਰਫ਼ ਇੱਕ ਧਾਰਨਾ ਨਹੀਂ ਰਹੀ ਕਿ ਖ਼ੁਰਾਕ ਦਾ ਦਿੱਲ ਦੀ ਸਿਹਤ ਨਾਲ ਡੂੰਘਾ ਸੰਬੰਧ ਹੈ। ਦਹਾਕਿਆਂ ਦੀ ਵਿਗਿਆਨਕ ਖੋਜ ਨੇ ਸਪੱਸ਼ਟ ਕੀਤਾ ਹੈ ਕਿ ਗੈਰ-ਸਿਹਤਮੰਦ ਭੋਜਨ ਖ਼ੂਨ ਦੀਆਂ ਨਾੜੀਆਂ ਨੂੰ ਨੁਕਸਾਨ ਪਹੁੰਚਾਉਂਦਾ ਹੈ, ਮਾੜੇ ਕੋਲੇਸਟ੍ਰੋਲ (LDL) ਨੂੰ ਵੱਧਾਉਂਦਾ ਹੈ, ਸਰੀਰ ਵਿੱਚ ਲੰਬੇ ਸਮੇਂ ਦੀ ਸੋਜ਼ਿਸ਼ ਪੈਦਾ ਕਰਦਾ ਹੈ, ਖ਼ੂਨ ਦਾ ਦਬਾਅ ਵੱਧਾਉਂਦਾ ਹੈ ਅਤੇ ਨਾੜੀਆਂ ਵਿੱਚ ਚਰਬੀ ਜਮ੍ਹਾਂ ਹੋਣ ਦੀ ਪ੍ਰਕਿਰਿਆ (ਐਥੀਰੋਸਕਲੇਰੋਸਿਸ) ਨੂੰ ਤੇਜ਼ ਕਰਦਾ ਹੈ। ਇਹ ਤਬਦੀਲੀਆਂ ਸਾਲਾਂ ਤੱਕ ਚੁੱਪਚਾਪ ਸਰੀਰ ਵਿੱਚ ਹੁੰਦੀਆਂ ਰਹਿੰਦੀਆਂ ਹਨ ਅਤੇ ਇੱਕ ਦਿਨ ਅਚਾਨਕ ਦਿਲ ਦੇ ਦੌਰੇ ਜਾਂ ਸਟ੍ਰੋਕ ਦੇ ਰੂਪ ਵਿੱਚ ਸਾਹਮਣੇ ਆਉਂਦੀਆਂ ਹਨ।



ਦੂਜੇ ਪਾਸੇ, ਵਿਗਿਆਨਕ ਅਧਿਐਨ ਇਹ ਵੀ ਸਾਬਤ ਕਰਦੇ ਹਨ ਕਿ ਸਹੀ ਖ਼ੁਰਾਕ ਅਪਣਾ ਕੇ ਦਿਲ ਦੀਆਂ ਬਿਮਾਰੀਆਂ ਦੇ ਖ਼ਤਰੇ ਨੂੰ ਕਾਫ਼ੀ ਹੱਦ ਤੱਕ ਘਟਾਇਆ ਜਾ ਸਕਦਾ ਹੈ। ਫਲ, ਹਰੀਆਂ ਸਬਜ਼ੀਆਂ, ਸਾਬਤ ਅਨਾਜ, ਦਾਲਾਂ, ਸੁੱਕੇ ਮੇਵੇ, ਬੀਜ ਅਤੇ ਸਿਹਤਮੰਦ ਚਰਬੀਆਂ ਨਾਲ ਭਰਪੂਰ ਸੰਤੁਲਿਤ ਭੋਜਨ ਸਰੀਰ ਨੂੰ ਰੇਸ਼ਾ (ਫਾਈਬਰ), ਐਂਟੀ-ਆਕਸੀਡੈਂਟ, ਵਿਟਾਮਿਨ ਅਤੇ ਖਣਿਜ ਪ੍ਰਦਾਨ ਕਰਦਾ ਹੈ। ਇਹ ਤੱਤ ਕੋਲੇਸਟ ?ਰੋਲ ਘਟਾਉਣ, ਖ਼ੂਨ ਦੇ ਦਬਾਅ ਨੂੰ ਨਿਯੰਤਰਿਤ ਕਰਨ, ਖ਼ੂਨ ਵਿੱਚ ਸ਼ੂਗਰ ਦੀ ਮਾਤਰਾ ਸੰਤੁਲਿਤ ਰੱਖਣ, ਸੋਜ਼ਿਸ਼ ਘਟਾਉਣ ਅਤੇ ਸਰੀਰ ਦਾ ਭਾਰ ਕੰਟਰੋਲ ਵਿੱਚ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

ਅੱਜ ਦੇ ਸਮੇਂ ਵਿੱਚ ਸਭ ਤੋਂ ਵੱਡੀ ਪੋਸ਼ਣ ਸੰਬੰਧੀ ਸਮੱਸਿਆ ਲੂਣ ਦੀ ਬੇਹੱਦ ਵਰਤੋਂ ਹੈ। ਪ੍ਰੋਸੈਸਡ ਭੋਜਨ ਵਿੱਚ ਛੁਪੇ ਸੋਡੀਅਮ ਦੀ ਵੱਧ ਮਾਤਰਾ ਉੱਚ ਖ਼ੂਨ ਦਬਾਅ ਨੂੰ ਵੱਧਾਉਂਦੀ ਹੈ, ਜੋ ਦਿਲ ਦੇ ਦੌਰੇ ਅਤੇ ਸਟ੍ਰੋਕ ਦਾ ਮੁੱਖ ਕਾਰਨ ਹੈ। ਇਸੇ ਤਰ੍ਹਾਂ ਮਿੱਠੇ ਪਦਾਰਥ, ਸਾਫਟ ਡਰਿੰਕਸ ਅਤੇ ਵੱਧ ਖੰਡ ਵਾਲੇ ਪ੍ਰੋਸੈਸਡ ਸਨੈਕਸ ਸਰੀਰ ਨੂੰ ਸਿਰਫ਼ ਖਾਲੀ ਕੈਲੋਰੀਆਂ ਦਿੰਦੇ ਹਨ, ਜਦਕਿ ਮੋਟਾਪੇ ਅਤੇ ਟਾਈਪ-2 ਸ਼ੂਗਰ ਦੇ ਖ਼ਤਰੇ ਨੂੰ ਕਈ ਗੁਣਾ ਵੱਧਾ ਦਿੰਦੇ ਹਨ। ਇਹ ਸਿਰਫ਼ ਗਲਤ ਖ਼ੁਰਾਕ ਨਹੀਂ, ਸਗੋਂ ਇੱਕ ਅਜਿਹਾ ਖ਼ਤਰਾ ਹੈ ਜਿਸ ਤੋਂ ਸਹੀ ਜਾਣਕਾਰੀ ਅਤੇ ਜਾਗਰੂਕਤਾ ਰਾਹੀਂ ਬਚਿਆ ਜਾ ਸਕਦਾ ਹੈ।

ਖ਼ੁਰਾਕ ਵਿੱਚ ਚਰਬੀ ਦੀ ਕਿਸਮ ਵੀ ਉਤਨੀ ਹੀ ਮਹੱਤਵਪੂਰਨ ਹੈ ਜਿੰਨੀ ਉਸਦੀ ਮਾਤਰਾ। ਸੰਤ੍ਰਿਪਤ ਅਤੇ ਟਰਾਂਸ ਫੈਟ ਨਾੜੀਆਂ ਵਿੱਚ ਚਰਬੀ ਜਮ੍ਹਾਂ ਕਰਕੇ ਮਾੜੇ ਕੋਲੇਸਟ੍ਰੋਲ ਨੂੰ ਵਧਾਉਂਦੀਆਂ ਹਨ, ਜਦਕਿ ਜੈਤੂਨ ਦਾ ਤੇਲ, ਸਰ੍ਹੋਂ ਦਾ ਤੇਲ, ਮੂੰਗਫਲੀ, ਅਖਰੋਟ, ਬਦਾਮ, ਬੀਜ ਅਤੇ ਚਰਬੀ ਵਾਲੀਆਂ ਮੱਛੀਆਂ ਵਿੱਚ ਪਾਈ ਜਾਣ ਵਾਲੀ ਅਸੰਤ੍ਰਿਪਤ ਚਰਬੀ ਦਿਲ ਦੀ ਰੱਖਿਆ ਕਰਦੀ ਹੈ। ਇਸੇ ਤਰ੍ਹਾਂ ਮੈਦੇ ਅਤੇ ਰਿਫਾਈਨਡ ਕਾਰਬੋਹਾਈਡਰੇਟ ਦੀ ਥਾਂ ਸਾਬਤ ਅਨਾਜ ਦੀ ਵਰਤੋਂ ਖ਼ੂਨ ਵਿੱਚ ਸ਼ੂਗਰ ਅਤੇ ਕੋਲੇਸਟ ?ਰੋਲ ਨੂੰ ਸੰਤੁਲਿਤ ਰੱਖਣ ਵਿੱਚ ਮਦਦ ਕਰਦੀ ਹੈ।

ਨਿਸ਼ਚਿਤ ਤੌਰ 'ਤੇ ਕੇਵਲ ਖ਼ੁਰਾਕ ਹੀ ਦਿਲ ਦੀਆਂ ਸਾਰੀਆਂ ਬਿਮਾਰੀਆਂ ਨੂੰ ਨਹੀਂ ਰੋਕ ਸਕਦੀ। ਨਿਯਮਿਤ ਸਰੀਰਕ ਕਸਰਤ, ਤੰਬਾਕੂ ਤੋਂ ਦੂਰ ਰਹਿਣਾ, ਸ਼ਰਾਬ ਦਾ ਸੇਵਨ, ਤਣਾਅ ਦਾ ਪ੍ਰਬੰਧਨ, ਪੂਰੀ ਨੀਂਦ ਅਤੇ ਸਮੇਂ-ਸਮੇਂ 'ਤੇ ਸਿਹਤ ਜਾਂਚ ਵੀ ਉਤਨੇ ਹੀ ਮਹੱਤਵਪੂਰਨ ਹਨ। ਪਰ ਇਹ ਵੀ ਸੱਚ ਹੈ ਕਿ ਕੋਈ ਵੀ ਦਵਾਈ ਸਾਲਾਂ ਤੱਕ ਰਹੀਆਂ ਗਲਤ ਖਾਣ-ਪੀਣ ਦੀਆਂ ਆਦਤਾਂ ਦੀ ਭਰਪਾਈ ਨਹੀਂ ਕਰ ਸਕਦੀ।

ਅਫ਼ਸੋਸ ਦੀ ਗੱਲ ਹੈ ਕਿ ਬਹੁਤ ਸਾਰੇ ਲੋਕ ਅੱਜ ਵੀ ਇਹ ਮੰਨਦੇ ਹਨ ਕਿ ਸਿਹਤਮੰਦ ਭੋਜਨ ਮਹਿੰਗਾ ਹੁੰਦਾ ਹੈ। ਅਸਲ ਵਿੱਚ ਦਾਲਾਂ, ਛੋਲੇ, ਰਾਜਮਾਂਹ, ਮੌਸਮੀ ਫਲ, ਸਥਾਨਕ ਸਬਜ਼ੀਆਂ, ਸਾਬਤ ਅਨਾਜ ਅਤੇ ਘਰ ਦਾ ਬਣਿਆ ਰਵਾਇਤੀ ਭੋਜਨ ਨਾ ਸਿਰਫ਼ ਪੌਸ਼ਟਿਕ ਹੈ, ਸਗੋਂ ਹਰ ਪਰਿਵਾਰ ਦੀ ਪਹੁੰਚ ਵਿੱਚ ਵੀ ਹੈ। ਸਮੱਸਿਆ ਮਹਿੰਗਾਈ ਦੀ ਨਹੀਂ, ਸਗੋਂ ਜਾਗਰੂਕਤਾ ਅਤੇ ਸਹੀ ਚੋਣ ਦੀ ਹੈ।

ਦਿਲ ਦੀਆਂ ਬਿਮਾਰੀਆਂ ਨਾਲ ਨਜਿੱਠਣਾ ਸਿਰਫ਼ ਵਿਅਕਤੀ ਦੀ ਜ਼ਿੰਮੇਵਾਰੀ ਨਹੀਂ, ਸਗੋਂ ਸਰਕਾਰਾਂ, ਸਿੱਖਿਆ ਸੰਸਥਾਵਾਂ, ਸਿਹਤ ਕਰਮਚਾਰੀਆਂ ਅਤੇ ਖ਼ੁਰਾਕ ਉਦਯੋਗ ਦੀ ਵੀ ਸਾਂਝੀ ਜ਼ਿੰਮੇਵਾਰੀ ਹੈ। ਸਕੂਲਾਂ ਵਿੱਚ ਬਚਪਨ ਤੋਂ ਹੀ ਪੋਸ਼ਣ ਸੰਬੰਧੀ ਸਿੱਖਿਆ ਦਿੱਤੀ ਜਾਣੀ ਚਾਹੀਦੀ ਹੈ। ਖ਼ੁਰਾਕ ਨਿਰਮਾਤਾਵਾਂ ਨੂੰ ਆਪਣੇ ਉਤਪਾਦਾਂ ਵਿੱਚ ਲੂਣ, ਖੰਡ ਅਤੇ ਗੈਰ-ਸਿਹਤਮੰਦ ਚਰਬੀ ਦੀ ਮਾਤਰਾ ਘੱਟਾਉਣੀ ਚਾਹੀਦੀ ਹੈ ਅਤੇ ਭੋਜਨ 'ਤੇ ਸਪੱਸ਼ਟ ਪੋਸ਼ਣ ਸੰਬੰਧੀ ਜਾਣਕਾਰੀ ਲਿਖਣੀ ਚਾਹੀਦੀ ਹੈ ਤਾਂ ਜੋ ਖਪਤਕਾਰ ਸਹੀ ਫ਼ੈਸਲੇ ਲੈ ਸਕਣ।

ਦਿਲ ਦੀਆਂ ਬਿਮਾਰੀਆਂ ਨੂੰ ਸਿਰਫ਼ ਸਿਹਤ ਸਮੱਸਿਆ ਸਮਝਣਾ ਗਲਤ ਹੋਵੇਗਾ। ਇਹ ਸਮਾਜਿਕ, ਆਰਥਿਕ ਅਤੇ ਪੋਸ਼ਣ ਸੰਬੰਧੀ ਚੁਣੌਤੀ ਵੀ ਹਨ। ਅੱਜ ਖਾਧਾ ਗਿਆ ਹਰ ਗੈਰ-ਸਿਹਤਮੰਦ ਭੋਜਨ ਕੱਲ੍ਹ ਦੀ ਬਿਮਾਰੀ ਦਾ ਕਾਰਨ ਬਣ ਸਕਦਾ ਹੈ, ਜਦਕਿ ਹਰ ਸੰਤੁਲਿਤ ਭੋਜਨ ਇੱਕ ਤੰਦਰੁਸਤ ਭਵਿੱਖ ਵਿੱਚ ਕੀਤਾ ਗਿਆ ਨਿਵੇਸ਼ ਹੈ। ਇਸ ਲਈ ਰੋਕਥਾਮ ਨੂੰ ਨਿੱਜੀ ਨਹੀਂ, ਸਗੋਂ ਰਾਸ਼ਟਰੀ ਤਰਜੀਹ ਬਣਾਉਣ ਦੀ ਲੋੜ ਹੈ।

ਮਨੁੱਖ ਦਾ ਦਿਲ ਦਿਨ ਵਿੱਚ ਲਗਭਗ ਇੱਕ ਲੱਖ ਵਾਰ ਧੜਕਦਾ ਹੈ ਅਤੇ ਬਿਨਾਂ ਰੁਕੇ ਸਾਰੀ ਉਮਰ ਆਪਣਾ ਫ਼ਰਜ਼ ਨਿਭਾਉਂਦਾ ਹੈ। ਅਜਿਹੇ ਅਦਭੁੱਤ ਅੰਗ ਦੀ ਸੁਰੱਖਿਆ ਲਈ ਮਹਿੰਗੀਆਂ ਤਕਨੀਕਾਂ ਦੀ ਨਹੀਂ, ਸਗੋਂ ਸਾਡੀ ਥਾਲੀ ਵਿੱਚ ਕੀ ਪਰੋਸਿਆ ਜਾਂਦਾ ਹੈ, ਇਸ ਬਾਰੇ ਸਹੀ ਫ਼ੈਸਲੇ ਲੈਣ ਦੀ ਲੋੜ ਹੈ।

ਅੱਜ ਜਦੋਂ ਦਿਲ ਦੀਆਂ ਬਿਮਾਰੀਆਂ ਵਿਸ਼ਵ ਭਰ ਵਿੱਚ ਕਰੋੜਾਂ ਜ਼ਿੰਦਗੀਆਂ ਨੂੰ ਪ੍ਰਭਾਵਿਤ ਕਰ ਰਹੀਆਂ ਹਨ, ਤਾਂ ਇਹ ਸੰਦੇਸ਼ ਪਹਿਲਾਂ ਨਾਲੋਂ ਵੱਧ ਸਪੱਸ਼ਟ ਅਤੇ ਮਹੱਤਵਪੂਰਨ ਹੈ ਕਿ ਭੋਜਨ ਸਿਰਫ਼ ਪੇਟ ਭਰਨ ਦਾ ਸਾਧਨ ਨਹੀਂ, ਸਗੋਂ ਸਭ ਤੋਂ ਪ੍ਰਭਾਵਸ਼ਾਲੀ ਰੋਕਥਾਮੀ ਦਵਾਈ ਵੀ ਹੈ। ਇੱਕ ਤੰਦਰੁਸਤ ਸਮਾਜ ਹੋਰ ਹਸਪਤਾਲ ਬਣਾ ਕੇ ਨਹੀਂ, ਸਗੋਂ ਹਰ ਘਰ ਵਿੱਚ ਸਿਹਤਮੰਦ ਖਾਣ-ਪੀਣ ਦੀ ਸੰਸਕ੍ਰਿਤੀ ਵਿਕਸਿਤ ਕਰਕੇ ਬਣਾਇਆ ਜਾ ਸਕਦਾ ਹੈ। ਮਜ਼ਬੂਤ ਦਿਲਾਂ, ਲੰਬੀ ਉਮਰ ਅਤੇ ਸਿਹਤਮੰਦ ਸਮਾਜ ਵੱਲ ਜਾਣ ਵਾਲਾ ਰਸਤਾ ਆਪਰੇਸ਼ਨ ਥੀਏਟਰਾਂ ਤੋਂ ਨਹੀਂ, ਸਗੋਂ ਸਾਡੀਆਂ ਰਸੋਈਆਂ, ਬਾਜ਼ਾਰਾਂ ਅਤੇ ਆਖ਼ ?ਰਕਾਰ ਸਾਡੀਆਂ ਥਾਲੀਆਂ ਤੋਂ ਸ਼ੁਰੂ ਹੁੰਦਾ ਹੈ।


ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।

Dosanjh Family AUTO GROUP

Cadillac CHEVROLET INFINITI KIA NISSAN BUICK

GMC LIVERMORE TOYOTA HYUNDAI Fremont Hyundai TOYOTA Ford ACURA

DUBLIN CHEVOLET
FREMONT CHEVROLET
CONCORD CHEVROLET

DUBLIN CADILLAC
FREMONT CADILLAC
ACURA OF CONCORD

DUBLIN BUICK GMC
FREMONT BUICK GMC
CONCORD NISSAN

DUBLIN KIA
STEVENS CREEK CHEVROLET
LIVERMORE TOYOTA

DUBLIN NISSAN
STEVENS CREEK CADILLAC
FREMONT FORD

DUBLIN INFINITI
FREMONT HYUNDAI